Digitized by Arya Samaj Foundation Chennai and eGangotri

ਲੋਕਯਾਤਰਾ

ਬਲਬੀਰ ਸਿੰਘ ਪੂਨੀ

CC-0. In Public Domain. Gurukul Kangri Collection, Haridwar

ਲੋਕਯਾਤਰਾ

ਬਲਬੀਰ ਸਿੰਘ ਪੁਰੀ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

0385

DONATION

Published at Price of Cost, and with the Compliments of Deptt of Education, Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਧਾਰਾ
[Folklore]

8385

DONATION

Published free of Cost, and with the Compliments of Deptt. of Education, Govt. of India, New Delhi.

ਬਲਬੀਰ ਸਿੰਘ ਪੂਨੀ
ਪੀਐਚ.ਡੀ

ਵਾਰਿਸ ਸ਼ਾਹ ਫ਼ਾਉਂਡੇਸ਼ਨ
ਅੰਮ੍ਰਿਤਸਰ - ੧੪੩ ੦੦੨

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

LOKDHARA [Folklore]

by

Dr. Balbir Singh Pooni

1993

ਪ੍ਰਕਾਸ਼ਕ :
ਵਾਰਿਸ ਸ਼ਾਹ ਫ਼ਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ,
ਡਾਕ. ਖਾਲਸਾ ਕਾਲਜ, ਅੰਮ੍ਰਿਤਸਰ - 143 002

ਛਾਪਕ :
ਐਸਕਾਰਟ ਪ੍ਰੈਸ
ਜੀ.ਟੀ. ਰੋਡ, ਨਜਦੀਕ ਗੰਗਾ ਬਿਲਡਿੰਗ
ਡਾਕ. ਖਾਲਸਾ ਕਾਲਜ, ਅੰਮ੍ਰਿਤਸਰ - 143 002

ਮੁੱਲ : 100 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਲੋਕਧਾਰਾ : ਸਿਧਾਂਤਕ ਅਧਿਐਨ	9
ਪੰਜਾਬੀ ਲੋਕਧਾਰਾ : ਵਿਹਾਰਕ ਪੱਖ	34
ਲੋਕ ਧਰਮ ਅਤੇ ਉਪਾਸਨਾ ਵਿਧੀਆਂ	118
ਲੋਕ ਵਿਸ਼ਵਾਸ ਤੇ ਰਹੁ ਰੀਤਾਂ	133
ਪੰਜਾਬੀ ਲੋਕ ਕਲਾਵਾਂ	149
ਮੇਲੇ ਤੇ ਤਿਉਹਾਰ	180

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

ਸਭਿਆਚਾਰ
ਲੋਕਧਾਰਾ
ਪੰਜਾਬੀ ਲੋਕਧਾਰਾ ਅਤੇ ਸਭਿਆਚਾਰ
ਕਿੱਸਾ ਕਾਵਿ : ਇਤਿਹਾਸਕ ਅਤੇ ਕਾਵਿ ਮੁੱਲਾਂਕਣ
ਕਿੱਸਾ ਪਰੰਪਰਾ
ਪੰਜਾਬੀ ਕਿੱਸਾ ਕਾਵਿ ਦੀ ਅਧੋਗਤੀ
ਦੁੱਗਲ ਦੀ ਗਲਪ ਚੇਤਨਾ
ਸਿੰਘਾਂ ਤੇ ਅੰਗ੍ਰੇਜਾਂ ਦੀ ਲੜਾਈ [ਸ਼ਾਹ ਮੁਹੰਮਦ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਧਾਰਾ : ਸਿਧਾਂਤਕ ਅਧਿਐਨ

(ੳ) ਲੋਕਧਾਰਾ

ਲੋਕਧਾਰਾ ਅੰਗਰੇਜ਼ੀ ਦੇ ਸ਼ਬਦ 'ਫੋਕਲੋਰ' ਦਾ ਸਮਾਨਾਰਥਕ ਹੈ। 'ਫੋਕਲੋਰ' ਸ਼ਬਦ ਦੀ ਪਹਿਲੀ ਵੇਰ ਵਰਤੋਂ 1846 ਈ. ਵਿਚ ਇਕ ਅੰਗਰੇਜ਼ ਵਿਦਵਾਨ ਵਿਲੀਅਮ ਜਾਨ ਥਾਮਸ ਨੇ ਕੀਤੀ। ਇਕ ਗਿਆਨ ਦੇ ਨਵੇਂ ਖੇਤਰ ਦੇ ਰੂਪ ਵਿਚ ਲੋਕਧਾਰਾ ਦਾ ਉਦਗਮ ਜਰਮਨ ਭਰਾਵਾਂ ਜੈਕੁਬ ਅਤੇ ਵਿਲੀਅਮ ਗਰਿਮ ਦੁਆਰਾ ਮੌਖਿਕ ਬਿਰਤਾਂਤਾਂ ਦੇ ਇਕਤ੍ਰੀਕਰਨ, ਸੰਕਲਨ ਅਤੇ ਮਿਥਿਹਾਸ ਦੇ ਅਧਿਐਨ ਤੇ ਆਧਾਰਿਤ ਪ੍ਰਭਾਵਸ਼ਾਲੀ ਪੁਸਤਕਾਂ ਦੀ ਪ੍ਰਕਾਸ਼ਨਾਂ ਨਾਲ ਹੋਇਆ। ਉਨੀਂਵੀਂ ਸਦੀ ਵਿਚ ਪੱਛਮ ਵਿਚ ਲੋਕਧਾਰਾ ਅਧਿਐਨ ਲਈ ਵਿਭਿੰਨ ਅਧਿਐਨ ਪ੍ਰਣਾਲੀਆਂ ਦਾ ਵਿਕਾਸ ਹੋਣਾ ਆਰੰਭ ਹੋ ਗਿਆ।

ਪੰਜਾਬੀ ਵਿਚ ਇਸ ਨਵੇਂ ਗਿਆਨ ਦੇ ਅਧਿਐਨ ਦੀ ਪਿਰਤ ਬਦੇਸ਼ੀ ਪੁਰਾਤੱਤਵ, ਮਾਨਵ-ਸ਼ਾਸਤ੍ਰੀਆਂ ਦੇ ਕੁਲ-ਵਿਗਿਆਨੀਆਂ ਨੇ ਪਾਈ, ਜਿਨ੍ਹਾਂ ਵਿਚੋਂ ਸਰ ਜਾਰਜ ਕਨਿੰਘਮ, ਸਰ ਰਿਚਰਡ ਟੈਂਪਲ, ਗਰੀਅਰਸਨ, ਇਬੈਟਸਨ ਤੇ ਵਿਲੀਅਮ ਕਰੁਕ ਆਦਿ ਦੇ ਨਾਂ ਵਰਣਨਯੋਗ ਹਨ। ਪੱਛਮੀ ਵਿਦਵਾਨਾਂ ਦੀ ਲੀਹ ਤੇ ਚਲਦਿਆਂ ਹੋਇਆਂ ਪਹਿਲਾਂ ਪਹਿਲ ਰਾਮ ਸ਼ਰਨਦਾਸ, ਦੇਵਿੰਦਰ ਸਤਿਆਰਥੀ, ਹਰਜੀਤ ਸਿੰਘ, ਮਹਿੰਦਰ ਸਿੰਘ ਰੰਧਾਵਾ, ਸ਼ੇਰ ਸਿੰਘ ਸ਼ੇਰ, ਗਿਆਨੀ ਗੁਰਦਿੱਤ ਸਿੰਘ, ਅੰਮ੍ਰਿਤਾ ਪ੍ਰੀਤਮ, ਵਣਜਾਰਾ ਬੇਦੀ, ਅਵਤਾਰ ਸਿੰਘ ਦਲੇਰ, ਕਰਤਾਰ ਸਿੰਘ ਸ਼ਮਸ਼ੇਰ, ਸੰਤੋਖ ਸਿੰਘ ਧੀਰ ਆਦਿ ਅਤੇ ਫਿਰ ਨਾਹਰ ਸਿੰਘ, ਇਕਬਾਲ ਕੌਰ, ਬਿਕਰਮ ਸਿੰਘ ਘੁੰਮਣ, ਸੁਭਾਗ ਸੋਹੀ, ਹਰਬੰਸ ਕੌਰ ਭੁੱਲਰ, ਕੁਲਵੰਤ ਸਿੰਘ ਔਲਖ, ਕਰਮਜੀਤ ਸਿੰਘ ਆਦਿ ਵਿਦਵਾਨਾਂ ਵਲੋਂ ਲੋਕ ਗੀਤ ਤੇ ਲੋਕ ਕਹਾਣੀਆਂ ਨੂੰ ਇਕੱਤਰ ਕਰਕੇ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਗਿਆ।

ਪੰਜਾਬੀ ਵਿਚ ਫੋਕਲੋਰ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਬਾਵਾ ਬੁੱਧ ਸਿੰਘ ਨੇ ਕੀਤੀ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, 'ਰਾਜਾ ਰਸਾਲੂ' ਵਿਚ ਬਾਵਾ ਬੁੱਧ ਸਿੰਘ ਨੇ 'ਫੋਕਲੋਰ' ਸ਼ਬਦ ਦੀ ਵਰਤੋਂ ਤਿੰਨ ਵਾਰ ਕੀਤੀ, ਇਕ ਵਾਰ ਤਾਂ ਫੋਕਲੋਰ ਨੂੰ ਤੱਤਸਮ ਰੂਪ ਵਿਚ ਹੀ ਵਰਤ ਕੇ ਕੰਮ ਸਾਰ ਲਿਆ ਹੈ, ਪਰ ਦੂਜੀ ਤੇ ਤੀਜੀ ਵਾਰ ਫੋਕਲੋਰ ਦਾ ਪੰਜਾਬੀ ਅਨੁਵਾਦ ''ਕਹਾਣੀ'' ਕੀਤਾ।[1] ਵਣਜਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦੀ ਨੇ ਫੋਕਲੋਰ ਦਾ ਪੰਜਾਬੀ ਸਮਾਨਾਰਥਕ ਸ਼ਬਦ ਲੋਕਧਾਰਾ, ਹਰਿਭਜਨ ਸਿੰਘ ਨੇ ਲੋਕਵੇਦ, ਪ੍ਰਿੰਸੀਪਲ ਤੇਜਾ ਸਿੰਘ ਨੇ ਲੋਕ ਪਰੰਪਰਾ ਅਤੇ ਪਾਕਿਸਤਾਨੀ ਲੇਖਕ ਲੋਕ ਵਿਰਸਾ ਸ਼ਬਦ ਦੀ ਵਰਤੋਂ ਕਰਦੇ ਹਨ। ਡਾ: ਕਰਨੈਲ ਸਿੰਘ ਥਿੰਦ ਨੇ ਇਸ ਦਾ ਸਮਾਨਾਰਥਕ ਸ਼ਬਦ ਲੋਕਯਾਨ ਘੜਿਆ ਹੈ। ਪਰ ਪੰਜਾਬੀ ਮੁਹਾਵਰੇ ਅਨੁਸਾਰ ''ਲੋਕਧਾਰਾ'' ਸ਼ਬਦ ਵਧੇਰੇ ਢੁੱਕਵਾਂ ਤੇ ਠੀਕ ਹੈ।

ਪਰਿਭਾਸ਼ਾ : ਲੋਕਧਾਰਾ ਦੀਆਂ ਵਿਭਿੰਨ ਵਿਦਵਾਨਾਂ ਨੇ ਵਿਭਿੰਨ ਪਰਿਭਾਸ਼ਾਵਾਂ ਦਿੱਤੀਆਂ ਹਨ। ਹਰ ਇਕ ਦਾ ਆਪਣਾ ਦ੍ਰਿਸ਼ਟੀਕੋਣ ਹੈ। **ਇਨਸਾਈਕਲੋਪੀਡੀਆ ਬਰਟੇਨਿਕਾ** ਵਿਚ ਲੋਕਧਾਰਾ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, ''ਲੋਕਧਾਰਾ ਆਮ ਲੋਕਾਂ ਦੇ ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ-ਭਰਮਾਂ, ਸ੍ਰਿਸ਼ਟਾਚਾਰਾਂ, ਰਸਮਾਂ-ਰੀਤਾਂ ਤੇ ਕਰਮ ਕਾਂਡਾਂ ਲਈ ਵਰਗਗਤ ਨਾਂ ਦੇ ਰੂਪ ਵਿਚ ਵਰਤਿਆ ਜਾਂਦਾ ਹੈ, ਜੋ ਆਦਿ-ਯੁੱਗ ਤੋਂ ਚਲੇ ਆ ਰਹੇ ਹਨ ਅਤੇ ਸਮਕਾਲੀ ਗਿਆਨ ਤੇ ਧਰਮ ਦੇ ਸਥਾਪਿਤ ਪੈਟਰਨਾਂ ਤੋਂ ਬਾਹਰ ਅਜੇ ਵੀ ਖੰਡਿਤ, ਸੁਧਰੇ ਪਰ ਨਿਸਬਤਨ ਬਦਲਦੇ ਰੂਪ ਵਿਚ ਆਧੁਨਿਕ ਯੁਗ ਤੀਕ ਦੀ ਹੋਂਦ ਕਾਇਮ ਰਖਦੇ ਹਨ''।[2]

ਮਾਰੀਉਮ ਬਾਰਬੋ ਦਾ ਵਿਚਾਰ ਹੈ, ''ਲੋਕਧਾਰਾ ਦਾ ਅਰਥ ਉਹ ਸਭ ਕੁਝ ਹੈ ਜੋ ਕਿ ਪੁਰਾਣੇ ਸਮਿਆਂ ਤੋਂ ਅੱਜ ਤੀਕ ਮਨੁੱਖੀ ਸਭਿਆਚਾਰ ਦਾ ਹਿੱਸਾ ਬਣਦਾ ਰਿਹਾ ਹੈ। ਉਸ ਨੇ ਸਭ ਤੋਂ ਵੱਧ ਬਲ ਇਸ ਤੱਥ ਤੇ ਦਿੱਤਾ ਹੈ ਕਿ ਇਸ ਦਾ ਸੰਚਾਰ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਤਕ ਬਿਨਾਂ ਕਿਸੇ ਪੁਸਤਕ, ਪ੍ਰਕਾਸ਼ਨਾਂ ਜਾਂ ਸਕੂਲ-ਅਧਿਆਪਕ ਦੇ ਹੁੰਦਾ ਹੈ।''[3]

ਲੋਕਧਾਰਾ ਸ਼ਾਸਤ੍ਰੀ ਆਰਚਰ ਟੇਲਰ ਨੇ ਲੋਕਧਾਰਾ ਦੀ ਇਹ ਪਰਿਭਾਸ਼ਾ ਦਿੱਤੀ ਹੈ:''ਲੋਕਧਾਰਾ ਅਜਿਹੀ ਸਾਮਗ੍ਰੀ ਹੈ ਜੋ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਜ਼ਬਾਨੀ ਰੂਪ ਵਿਚ ਲੋਕ ਗੀਤਾਂ, ਲੋਕ ਕਹਾਣੀਆਂ, ਬੁਝਾਰਤਾਂ, ਅਖੌਤਾਂ ਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾਂ ਸੁਰੱਖਿਅਤ ਕੀਤੀ ਜਾਂਦੀ ਹੈ। ਇਹ ਰੀਤਾਂ-ਰਿਵਾਜਾਂ ਜਾਂ ਕੰਮ-ਧੰਦਿਆਂ ਦੇ ਰੂਪ ਵਿਚ ਵੀ ਮਿਲਦੀ ਹੈ।''[4]

ਪੰਜਾਬੀ ਲੋਕਧਾਰਾ ਦੇ ਵਿਸ਼ੇਸ਼ਗ ਵਣਜਾਰਾ ਬੇਦੀ ਨੇ ਫੋਕਲੋਰ ਦੀ ਥਾਂ ਲੋਕਧਾਰਾ ਸ਼ਬਦ ਵਰਤਿਆ ਹੈ। ਉਹ ਲੋਕਧਾਰਾ ਬਾਰੇ ਚਰਚਾ ਕਰਦੇ ਆਖਦੇ ਹਨ, ''ਲੋਕਧਾਰਾ ਲੋਕ ਸੰਸਕ੍ਰਿਤੀ ਦਾ ਪਾਸਾਰ ਅਤੇ ਲੋਕ ਮਨ ਦੀ ਸਹਿਜ ਅਭਿਵਿਅਕਤੀ ਹੋਣ ਕਰਕੇ ਕਿਸੇ ਜਾਤੀ ਦੀ ਸੰਸਕ੍ਰਿਤੀ ਦਾ ਮੂਲ ਸੱਚ ਹੈ।''[5]

ਪਿਆਰ ਸਿੰਘ ਅਨੁਸਾਰ ''ਇਹ ਕਿਸੇ ਵੀ ਜਾਤੀ ਦੀ ਸੰਸਕ੍ਰਿਤੀ ਦਾ ਉਹ ਅੰਗ ਹੈ, ਜਿਸ ਵਿਚ ਇਸਦੇ ਘੜਨਹਾਰਿਆਂ ਦਾ ਅਲਿਖਤ ਇਤਿਹਾਸ, ਉਨ੍ਹਾਂ ਦੀਆਂ ਆਸ਼ਾਵਾਂ ਨਿਰਾਸ਼ਾਵਾਂ, ਰੁਚੀਆਂ, ਵਿਸ਼ਵਾਸਾਂ, ਭਰਮਾਂ, ਪ੍ਰਾਪਤੀਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਪ੍ਰਾਪਤੀਆਂ, ਰੋੜਕਾ ਅਰੜਕਾਂ, ਘੋਲਾਂ ਸੰਘਰਸ਼ਾਂ, ਤੇ ਜ਼ਿੰਦਗੀ ਸੰਬੰਧੀ ਕਦਰਾਂ ਕੀਮਤਾਂ ਦੀ ਕਹਾਣੀ ਪ੍ਰਤਿਬਿੰਬਿਤ ਹੁੰਦੀ ਹੈ।''[6]

ਕਰਨੈਲ ਸਿੰਘ ਥਿੰਦ ਨੇ ਲੋਕਧਾਰਾ ਦੀ ਪਰਿਭਾਸ਼ਾ ਇਸ ਪ੍ਰਕਾਰ ਨਿਸਚਿਤ ਕੀਤੀ ਹੈ, ''ਪਰੰਪਰਾਗਤ ਰੂਪ ਵਿਚ ਪ੍ਰਾਪਤ, ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ ਸਮੂਹ ਦਾ ਉਹ ਗਿਆਨ, ਜਿਸ ਵਿਚ ਲੋਕ ਮਾਨਸ਼ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅਗੇ ਤੋਰੇ, ਲੋਕਯਾਨ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ, ਕਿੱਤੇ, ਮਨੋਰੰਜਨ, ਆਦਿ ਲੋਕ-ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਾਮਗ੍ਰੀ ਸ਼ਾਮਿਲ ਹੋ ਸਕਦੀ ਹੈ।''[7]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਲੋਕਧਾਰਾ ਲੋਕਾਂ ਦੇ ਇਕ ਸਮੂਹ ਦੀ ਰਚਨਾ ਹੈ ਜੋ ਉਸ ਦੇ ਜ਼ਬਾਨੀ ਗਿਆਨ ਤੇ ਵਰਤਾਰੇ ਦਾ ਸਮੂਹ ਹੈ ਜਿਸ ਦਾ ਸੰਬੰਧ ਲੋਕ ਸਭਿਆਚਾਰ ਤੇ ਪਰੰਪਰਾ ਨਾਲ ਹੈ।

ਲੋਕਧਾਰਾ ਦੇ ਤੱਤ

1. ਮੌਖਿਕਤਾ
2. ਪਰੰਪਰਾ
3. ਲੋਕ ਮਾਨਸ
4. ਲੋਕ ਸੰਸਕ੍ਰਿਤੀ
5. ਲੋਕ ਪ੍ਰਵਾਨਗੀ

1. ਮੌਖਿਕਤਾ

ਜੇਕਰ ਲੋਕਧਾਰਾ ਦੀ ਪਰਿਭਾਸ਼ਾ ਤੇ ਵਿਚਾਰ ਕਰੀਏ ਤਾਂ ''ਮੌਖਿਕਤਾ'' ਦਾ ਤੱਤ ਵਧੇਰੇ ਮਹੱਤਵਪੂਰਨ ਜਾਪਦਾ ਹੈ। ਜਿਸ ਸਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ, ਉਸ ਵਿਚ ਲੱਗਭਗ ਸਾਰਾ ਸੰਚਾਰ ਮੌਖਿਕ ਰੂਪ ਵਿਚ ਹੀ ਕੀਤਾ ਜਾਂਦਾ ਹੈ। ਪਰੰਤੂ ਐਲਨ ਡੰਡੀਜ਼ ਦਾ ਵਿਚਾਰ ਹੈ ਕਿ ਇਸ ਮਾਪ ਦੰਡ ਨੂੰ ਅਪਨਾਉਣ ਨਾਲ ਸਿਧਾਂਤਕ ਪੱਧਰ ਤੇ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਜਿਸ ਸਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ (ਜਿਸ ਨੂੰ ਮਾਨਵ-ਵਿਗਿਆਨੀ ਨਿਰ-ਅੱਖਰ ਸਭਿਆਚਾਰ ਕਹਿੰਦੇ ਹਨ।) ਉਸ ਵਿਚ ਲੱਗ ਭਗ ਸਾਰਾ ਸੰਚਾਰ ਮੌਖਿਕ ਰੂਪ ਵਿਚ ਹੀ ਕੀਤਾ ਜਾਂਦਾ ਹੈ ਅਤੇ ਅਜਿਹੇ ਸਭਿਆਚਾਰਾਂ ਵਿਚ ਭਾਸ਼ਾ, ਸ਼ਿਕਾਰ ਦੀਆਂ ਵਿਧੀਆਂ ਜਾਂ ਵਿਆਹ ਦੇ ਨੇਮ, ਆਦਿ ਪੁਸ਼ਤ ਦਰ ਪੁਸ਼ਤ ਮੌਖਿਕ ਰੂਪ ਵਿਚ ਹੀ ਤੁਰਦੇ ਹਨ, ਪਰ ਸ਼ਾਇਦ ਹੀ ਕੋਈ ਲੋਕਧਾਰਾ ਸ਼ਾਸਤ੍ਰੀ ਇਸ ਤਰ੍ਹਾਂ ਦੀ ਸਭਿਆਚਾਰਕ ਸਾਮਗ੍ਰੀ ਨੂੰ ਲੋਕਧਾਰਾ ਵਿਚ ਸ਼ਾਮਿਲ ਕਰਨ ਲਈ ਤਿਆਰ ਹੋਵੇ। ਦੂਸਰੀ ਗੱਲ ਇਹ ਹੈ ਕਿ ਲੋਕਧਾਰਾ ਦੇ ਬਹੁਤ ਸਾਰੇ ਰੂਪ ਮੌਖਿਕ ਦੇ ਉਲਟ ਕੇਵਲ ਲਿਖਤੀ ਰੂਪ ਵਿਚ ਹੀ ਵਿਅਕਤ ਤੇ ਸੰਚਾਰਿਤ ਹੁੰਦੇ ਹਨ, ਜਿਵੇਂ ਆਟੋਗ੍ਰਾਫ ਪੁਸਤਕ ਵਾਲੇ ਕਾਵਿ-ਬੰਦ, ਹਾਸ਼ੀਆ ਟਿੱਪਣੀਆਂ ਅਤੇ ਪਰੰਪਰਾਗਤ ਚਿੱਠੀਆਂ ਆਦਿ। ਪੇਸ਼ਾਵਰ ਲੋਕਧਾਰਾ-ਸ਼ਾਸਤ੍ਰੀ ਕਿਸੇ ਲੋਕ ਕਹਾਣੀ ਜਾਂ ਕਾਵਿ-ਗਾਥਾ ਨੂੰ ਸਿਰਫ ਇਸ ਕਰਕੇ ਲੋਕਧਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਖੇਤਰ ਵਿਚੋਂ ਬਾਹਰ ਨਹੀਂ ਕੱਢਦਾ ਕਿ ਇਸ ਦਾ ਕਦੇ ਨਾ ਕਦੇ ਪ੍ਰਕਾਸ਼ਿਤ ਜਾਂ ਲਿਖਤੀ ਰੂਪ ਵਿਚ ਸੰਚਾਰ ਹੋਇਆ ਹੈ। ਮੌਖਿਕ ਸੰਚਾਰ ਵਾਲੇ ਮਾਪ-ਦੰਡ ਸੰਬੰਧੀ ਤੀਸਰੀ ਸਮੱਸਿਆ ਇਹ ਹੈ ਕਿ ਲੋਕਧਾਰਾ ਦੇ ਕੁਝ ਰੂਪ ਸਰੀਰਕ ਹਰਕਤਾਂ ਤੇ ਨਿਰਭਰ ਹੁੰਦੇ ਹਨ, ਅਰਥਾਤ ਇਹ ਗੱਲ ਸੰਦੇਹ ਵਾਲੀ ਹੈ ਕਿ ਲੋਕ ਨਾਚ, ਖੇਡਾਂ ਤੇ ਇਸ਼ਾਰੇ ਮੌਖਿਕ ਰੂਪ ਵਿਚ ਅਗੇ ਤੁਰਦੇ ਹਨ। ''ਭਾਵੇਂ ਮੌਖਿਕ ਨੂੰ ਲਿਖਿਤ ਪਰੰਪਰਾ ਨਾਲੋਂ ਅੱਡ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ ਪਰ ਫਿਰ ਵੀ ਲੋਕਧਾਰਾ ਨੂੰ ਆਮ ਤੌਰ ਤੇ ਮੌਖਿਕ ਪਰੰਪਰਾ ਦੇ ਸੰਕਲਪ ਨਾਲ ਹੀ ਸੰਬੰਧਤ ਕੀਤਾ ਗਿਆ ਹੈ। ਲੋਕਧਾਰਾ ਦੀ ਸਾਮਗ੍ਰੀ ਮੁੱਖ ਤੌਰ ਤੇ ਲੋਕਾਂ ਦੇ ਬੋਲ ਅਤੇ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਤੋਂ ਇਕੱਠੀ ਕੀਤੀ ਜਾਂਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਨੂੰ ਨਸ਼ਟ ਹੋਣ ਤੋਂ ਪਹਿਲਾਂ ਛੇਤੀ ਤੋਂ ਛੇਤੀ ਯੋਗ ਢੰਗ ਨਾਲ ਸੰਭਾਲ ਲਿਆ ਜਾਵੇ।''

2. ਪਰੰਪਰਾ

ਪਰੰਪਰਾ ਲੋਕਧਾਰਾ ਦਾ ਮਹੱਤਵਪੂਰਨ ਤੱਤ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾ ਲੋਕਧਾਰਾ ਜੀਵੰਤ ਹੀ ਨਹੀਂ ਰਹਿ ਸਕਦੀ। ਪਰੰਪਰਾ ਵਿਚ ਉਹੀ ਪੱਖ ਆਉਂਦੇ ਹਨ ਜੋ ਪੁਸ਼ਤ ਦਰ ਪੁਸ਼ਤ ਅਗੇ ਚਲੇ ਆਉਂਦੇ ਹਨ। ਪਰ ਟੀ.ਐਸ. ਏਲੀਅਟ ਇਸ ਗੱਲ ਨਾਲ ਸਹਿਮਤ ਨਹੀਂ ਹੈ। ਉਹ ਪਰੰਪਰਾ ਨੂੰ ਇਕ ਮਹੱਤਵਪੂਰਨ ਤੱਤ ਤਾਂ ਮੰਨਦਾ ਹੈ ਪਰ ਇਸ ਦੀ ਅੰਧਾ ਧੁੰਧ ਪੈਰਵੀ ਨੂੰ ਠੀਕ ਨਹੀਂ ਮੰਨਦਾ। ਉਸ ਅਨੁਸਾਰ, ''ਪਰੰਪਰਾ ਇਕ ਬਹੁਤ ਹੀ ਵਿਆਪਕ ਮਹੱਤਾ ਦੀ ਚੀਜ਼ ਹੈ। ਇਹ ਵਿਰਾਸਤ ਵਿਚ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਅਤੇ ਜੇ ਕਿਸੇ ਨੇ ਇਸ ਨੂੰ ਪ੍ਰਾਪਤ ਕਰਨਾ ਹੀ ਹੈ ਤਾਂ ਅਜਿਹਾ ਕਰਨ ਲਈ ਚੋਖੀ ਘਾਲਣਾ ਅਤੇ ਲਗਾਤਾਰ ਸਿਰੜ ਦੀ ਲੋੜ ਹੋਵੇਗੀ। ਇਸ ਦੀ ਪ੍ਰਾਪਤੀ ਲਈ ਇਤਿਹਾਸਕ ਸੂਝ ਆਵੱਸ਼ਕ ਹੈ।''[8] ਇਤਿਹਾਸ ਗਵਾਹ ਹੈ ਕਿ ਕੋਈ ਵੀ ਸਮਾਜ ਆਪਣੀ ਪਰੰਪਰਾ ਨੂੰ ਭੁੱਲ ਨਹੀਂ ਸਕਦਾ। ਲੋਕ ਸਮੂਹ ਦੇ ਗਿਆਨ ਵਿਚ ਪਰੰਪਰਾ ਦੇ ਅੰਸ਼ਾਂ ਦੀ ਹੋਂਦ ਹੀ ਲੋਕਧਾਰਾ ਹੈ। ਵਣਜਾਰਾ ਬੇਦੀ ਅਨੁਸਾਰ, ''ਲੋਕ ਸੰਸਕ੍ਰਿਤੀ ਦੀ ਯਾਤ੍ਰਾ ਸਦਾ ਪਰੰਪਰਾ ਮੁਖ ਰਹੀ ਹੈ ਅਤੇ ਇਸ ਯਾਤ੍ਰਾ ਦਾ ਸਾਰਾ ਅਡੰਬਰ ਲੋਕ ਧਾਰਾ ਦਾ ਹੀ ਸਾਕਾਰ ਹੈ।''[9] ਫੋਕਲੋਰ ਸੁਸਾਇਟੀ ਲੰਡਨ ਦੁਆਰਾ ਲੋਕਧਾਰਾ ਦੀ ਪਰਿਭਾਸ਼ਾ ਹੀ ਇਹ ਨਿਸ਼ਚਿਤ ਕੀਤੀ ਗਈ ਹੈ ਕਿ ਲੋਕਧਾਰਾ ਪਰੰਪਰਾ ਦੀ ਸਾਇੰਸ ਹੈ। ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਪਰੰਪਰਾਗਤ ਤੱਤਾਂ ਦਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਉਹ ਵੀ ਲੋਕਧਾਰਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਇਸ ਲਈ ਲੋਕਧਾਰਾ ਵਿਚ ਲੋਕ ਜੀਵਨ ਦੀਆਂ ਪਰੰਪਰਾਵਾਂ ਨੂੰ ਹੀ ਦੇਖਿਆ ਜਾਂਦਾ ਹੈ।

3. ਲੋਕਮਾਨਸ

ਲੋਕਧਾਰਾ ਦਾ ਤੀਜਾ ਵਿਸ਼ੇਸ਼ ਤੱਤ ਲੋਕਮਾਨਸ ਹੈ ਜੋ ਲੋਕਧਾਰਾ ਵਾਂਗ ਹੀ ਸਮਾਜ ਤੇ ਵਿਅਕਤੀਆਂ ਨੂੰ ਪਰੰਪਰਾ ਵਾਂਗ ਪੁਸ਼ਤ ਦਰ ਪੁਸ਼ਤ ਪ੍ਰਾਪਤ ਹੁੰਦਾ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, ''ਲੋਕ ਸੰਸਕ੍ਰਿਤੀ ਦੀ ਜੜ੍ਹ ਮਾਨਸਿਕ ਤੇ ਭੌਤਿਕ ਪ੍ਰਕ੍ਰਿਆ ਦੇ ਵੇਗ ਦਾ ਮੂਲ ਸਰੋਤ ਸਾਮੂਹਿਕ ਚਿੱਤ ਹੁੰਦਾ ਹੈ। ਇਸੇ ਸਾਮੂਹਿਕ ਚਿੱਤ ਨੂੰ ਲੋਕ ਮਨ ਕਿਹਾ ਜਾਂਦਾ ਹੈ। ਲੋਕ ਮਨ ਸਦਾ ਜਾਗ੍ਰਤ ਜੋਤ ਹੈ ਜੋ ਆਦਿ ਜੁਗਾਦਿ ਤੋਂ ਹਰ ਮਨ ਵਿਚ ਪ੍ਰਕਾਸ਼ਮਾਨ ਚਲੀ ਆ ਰਹੀ ਹੈ। ਇਹ ਧੁੰਧਲੀ ਤਾਂ ਪੈ ਜਾਂਦੀ ਹੈ, ਪਰ ਕਦੇ ਕਿਸੇ ਮਨ ਵਿਚੋਂ ਬੁਝਦੀ ਨਹੀਂ।''[10] ਇਸ ਤਰ੍ਹਾਂ ਲੋਕਧਾਰਾ ਨੂੰ ਜਨਮ ਦੇਣ ਵਾਲਾ ਮੂਲ ਤੱਤ ''ਲੋਕ ਮਾਨਸ ਹੈ ਜੋ ਆਪਣੇ ਇਤਿਹਾਸਕ ਅਤੇ ਭੂਗੋਲਿਕ ਚੌਗਿਰਦੇ ਵਿਚ ਵਿਕਸਿਤ ਹੁੰਦਾ ਰਹਿੰਦਾ ਹੈ ਅਤੇ ਕਿਤੇ ਵੀ ਆਪਣੇ ਰੂੜ੍ਹੀਗਤ ਤੱਤਾਂ ਤੇ ਸੀਮਾਵਾਂ ਦਾ ਗਿਆਨ ਨਹੀਂ ਕਰਦਾ।''[11] ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਲੋਕ ਮਾਨਸ ਦੇ ਸਮਾਨਾਰਥਕ ਵਜੋਂ ਲੋਕ ਚਿੱਤ ਦਾ ਉਪਯੋਗ ਕਰਦਿਆਂ ਹੋਇਆਂ ਲਿਖਦਾ ਹੈ ਕਿ, ''ਲੋਕ ਚਿੱਤ ਤੋਂ ਭਾਵ ਉਸ ਜਨਤਾ ਦੇ ਚਿੱਤ ਤੋਂ ਹੈ ਜਿਹੜਾ ਪਰੰਪਰਾ ਪ੍ਰਥਿਤ, ਬੋਧਿਕ ਵਿਵੇਚਨਾ-ਪੁਰਕ ਸ਼ਾਸਤ੍ਰਾਂ ਅਤੇ ਉਨ੍ਹਾਂ ਉਤੇ ਕੀਤੀਆਂ ਗਈਆਂ ਟੀਕਾ-ਟਿੱਪਣੀਆਂ ਤੋਂ ਅਪਰਿਚਿਤ ਹੁੰਦਾ ਹੈ। ਜਿਹੜੀ ਚੀਜ਼ ਲੋਕ ਚਿੱਤ ਤੋਂ ਉਤਪੰਨ ਹੁੰਦੀ ਹੈ ਅਤੇ ਸਰਵਸਾਧਾਰਨ ਨੂੰ ਅੰਦੋਲਿਤ ਤੇ ਪ੍ਰਭਾਵਿਤ ਕਰਦੀ ਹੈ, ਉਹ ਲੋਕ ਸਾਹਿਤ, ਲੋਕ ਸ਼ਿਲਪ, ਲੋਕ ਨਾਟ, ਲੋਕ ਕਥਾਨਕ ਨਾਵਾਂ ਨਾਲ ਪੁਕਾਰੀ ਜਾ ਸਕਦੀ ਹੈ।''[12] ਲੋਕ ਮਾਨਸ ਨੂੰ ਕਿਸੇ ਵਿਸ਼ੇਸ਼ ਜਾਤੀ ਨਾਲ ਸੰਬੰਧਿਤ ਨਹੀਂ ਮੰਨਿਆ ਗਿਆ। ਲੋਕ ਮਾਨਸ ਦਾ ਕਾਰਜ ਖੇਤਰ ਸਮੁੱਚਾ ਮਨੁੱਖੀ ਵਿਉਹਾਰ ਹੈ। ਇਸ ਲਈ ਇਸ ਵਿਚ ਸਾਹਿਤ ਤੇ ਕਲਾ ਦੇ ਸਾਰੇ ਰੂਪ ਸ਼ਾਮਿਲ ਹੁੰਦੇ ਹਨ।

ਅੱਜ ਦੇ ਵਿਗਿਆਨ ਯੁੱਗ ਵਿਚ ਵੀ ਕਈ ਅਜੇਹੇ ਲੋਕ ਵਿਸ਼ਵਾਸ ਪ੍ਰਚਲਤ ਹਨ ਜਿਨ੍ਹਾਂ ਦੀ ਕੋਈ ਵਿਗਿਆਨਕ ਵਿਆਖਿਆ ਨਹੀਂ ਹੋ ਸਕਦੀ। ਕਈ ਲੋਕ ਕਹਾਣੀਆਂ ਲੋਕ ਮਨ ਨੂੰ ਰਸ ਦੇਂਦੀਆਂ ਹਨ। ਇਹ ਸਭ ਲੋਕ ਮਨ ਦੀ ਹਾਜ਼ਰੀ ਅਤੇ ਕਾਰਜਸ਼ੀਲਤਾ ਦਾ ਪਤਾ ਦੇਂਦੀਆਂ ਹਨ।

ਲੋਕ ਮਾਨਸ ਦਾ ਮੁੱਖ ਲੱਛਣ ਇਸ ਦਾ ਤਰਕ ਰਹਿਤ ਹੋਣਾ ਅਤੇ ਦੂਜਾ ਇਸ ਦਾ ਰਹੱਸਮਈ ਹੋਣਾ ਹੈ। ਇਹ ਪਰਾਸਰੀਰਕ ਸ਼ਕਤੀਆਂ ਪਾਸੋਂ ਅਣਹੋਣੇ ਕੰਮ ਜੋ ਸਾਧਾਰਨ ਹਾਲਤ ਵਿਚ ਨਹੀਂ ਹੋ ਸਕਦੇ, ਕਰਾਉਣਾ ਚਾਹੁੰਦਾ ਹੈ। ਲੋਕ ਮਾਨਸ ਦਾ ਕਾਰਜ ਖੇਤਰ ਸਮੁੱਚਾ ਮਨੁੱਖੀ ਵਿਵਹਾਰ ਹੈ। ਇਸ ਵਿਚ ਕਲਾ ਤੇ ਸਾਹਿਤ ਦੇ ਸਾਰੇ ਰੂਪ ਸ਼ਾਮਲ ਹੁੰਦੇ ਹਨ। ਲੋਕ ਮਾਨਸ ਹਮੇਸ਼ਾਂ ਕਾਰਜਸ਼ੀਲ ਰਹਿੰਦਾ ਹੈ। ਲੋਕ ਮਾਨਸ ਨੂੰ ਚਾਰ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ।

(i) ਅਨੋਖਾ ਕਲਪਨਾ ਚਿੰਤਨ (Fantasy Thinking) : ਲੋਕ ਮਨ ਨੂੰ ਕਲਪਨਾ ਅਤੇ ਵਾਸਤਵਿਕਤਾ ਵਿਚ ਕੋਈ ਅੰਤਰ ਦਿਖਾਈ ਨਹੀਂ ਦਿੰਦਾ ਹੈ। ਲੋਕ ਮਨ ਦਾ ਵਾਸਤਵਿਕਤਾ ਦਾ ਸੰਕਲਪ ਵਿਗਿਆਨੀ ਮਨ ਨਾਲੋਂ ਵੱਖਰਾ ਹੁੰਦਾ ਹੈ। ਲੋਕ ਮਨ ਲਈ ਉਹ ਸਭ ਕੁਝ ਵਾਸਤਵਿਕ ਹੈ ਜੋ ਕਲਪਿਆ ਜਾ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਲਈ ਹੋਣੀ ਅਣਹੋਣੀ ਦਾ ਕੋਈ ਅੰਤਰ ਨਹੀਂ ਹੈ। ਜੋ ਕਲਪਨਾ ਵਿਚ ਆ ਸਕਦਾ ਹੈ ਉਹ ਸੰਭਵ ਹੈ, ਜੋ ਸੰਭਵ ਹੈ ਉਹ ਅਸਲੀਅਤ ਹੈ। ਲੋਕ ਮਨ ਲਈ ਕਲਪਨਾ ਅਤੇ ਇਤਿਹਾਸ ਵਿਚ ਵੀ ਕੋਈ ਅੰਤਰ ਨਹੀਂ। ਕਿਸੇ ਵੀ ਇਤਿਹਾਸਕ ਵਿਅਕਤੀ ਨਾਲ ਕੋਈ ਵੀ ਕਰਾਮਾਤ ਜੋੜੀ ਜਾ ਸਕਦੀ ਹੈ। ਕੋਈ ਵੀ ਕਲਪਿਤ ਸਾਮਗ੍ਰੀ ਅਤੇ ਰੂੜ੍ਹੀ ਕਿਸੇ ਵੀ ਇਤਿਹਾਸਕ ਵਿਅਕਤੀ ਨਾਲ ਜੋੜ ਦਿੱਤੀ ਜਾਂਦੀ ਹੈ, ਜੇ ਉਹ ਪਰੰਪਰਾ ਨੇ ਅਪਣਾ ਲਈ ਤਾਂ ਉਹ ਲੋਕ ਸੱਤ ਹੈ। ਜਨ ਸਾਖੀਆਂ, ਮਸਲੇ ਆਦਿ ਭਾਵੇਂ ਇਤਿਹਾਸਕ ਵਿਅਕਤੀਆਂ ਦੇ ਜੀਵਨ ਨਾਲ ਸੰਬੰਧਿਤ ਪ੍ਰਸੰਗ ਹਨ। ਪਰ ਉਨ੍ਹਾਂ ਦੇ ਜੀਵਨ ਨਾਲ ਜੋੜੀਆਂ ਕਰਾਮਾਤਾਂ ਤੇ ਚਮਤਕਾਰ ਲੋਕ ਸੱਚ ਹਨ। ਗੁਰੂ ਨਾਨਕ ਦੇਵ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਗੁਰਦਿੱਤਾ ਜੀ ਦੇ ਜੀਵਨ ਨਾਲ ਅਨੇਕਾਂ ਕਰਾਮਾਤਾਂ ਜੋੜੀਆਂ ਗਈਆਂ ਹਨ। ਉਹ ਲੋਕ ਮਨ ਲਈ ਸੱਚ ਹਨ।

(ii) ਜਾਦੂ ਟੂਣਾ ਚਿੰਤਨ : ਸ਼ੁਰੂ ਤੋ ਹੀ ਲੋਕ ਮਾਨਸ ਵਿਚ ਕੁਦਰਤੀ ਸ਼ਕਤੀਆਂ ਉਪਰ ਕਾਬੂ ਪਾਉਣ ਤੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਆਪਣੀ ਇੱਛਾ ਮੁਤਾਬਕ ਕਰਨ ਦੀ ਬੜੀ ਪ੍ਰਬਲ ਇੱਛਾ ਰਹੀ ਹੈ। ਲੋਕ ਮਾਨਸ ਦਾ ਇਹ ਵਿਸ਼ਵਾਸ ਬਣ ਗਿਆ ਹੈ ਕਿ ਉਹ ਜਾਦੂ ਟੂਣੇ, ਮੰਤਰ, ਜੰਤਰ ਨਾਲ ਅਸੰਭਵ ਕੰਮਾਂ ਨੂੰ ਸੰਭਵ ਬਣਾ ਸਕਦਾ ਹੈ। ਉਹ ਇਸ ਨੂੰ ਕੁਦਰਤੀ ਸ਼ਕਤੀ ਦੇ ਇਕ ਵਿਕਾਸ ਦੇ ਰੂਪ ਵਿਚ ਹੀ ਪ੍ਰਵਾਨ ਕਰਦਾ ਹੈ। ਇਸ ਸ਼ਕਤੀ ਨਾਲ ਕੁਦਰਤ ਉਪਰ ਵੀ ਅਧਿਕਾਰ ਪ੍ਰਾਪਤ ਕੀਤਾ ਜਾ ਸਕਦਾ ਹੈ। ਮਾਨਸਿਕ ਸਾਧਨਾਂ ਨਾਲ ਅਜੇਹੀ ਸਥਿਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਸ ਨਾਲ ਕੁਝ ਵੀ ਹੁੰਦਾ ਵਿਖਾਇਆ ਜਾ ਸਕਦਾ ਹੈ। ਵਣਜਾਰਾ ਬੇਦੀ ਅਨੁਸਾਰ ਜਾਦੂ ਇਕ ਕਲਾ ਹੈ, ਜੋ ਇਹ ਗੱਲ ਮਿਥ ਕੇ ਤੁਰਦੀ ਹੈ ਕਿ ਪ੍ਰਾਕ੍ਰਿਤੀ ਵਿਚ ਹਰੇਕ ਘਟਨਾ ਕਿਸੇ ਦੈਵੀ ਜਾਂ ਅਧਿਆਤਮਕ ਸ਼ਕਤੀ ਦੇ ਦਖਲ ਦੇਣ ਨਾਲ ਆਪਣੇ ਆਪ ਸਹਿਜ ਰੂਪ ਵਿਚ ਹੀ ਵਾਪਰਦੀ ਹੈ। ਇਸ ਲਈ ਮੰਤਰਾਂ ਕਰਮ ਕਾਂਡਾਂ ਤੇ ਰੀਤਾਂ ਨਾਲ ਉਹ ਵਸਤੂ ਜਾਂ ਸਥਿਤੀ ਉਤੇ ਕਾਬੂ ਪਾ ਲੈਣ ਜਾ ਕਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਸੱਚਮੁੱਚ ਹੀ ਵੱਸ ਵਿਚ ਹੋ ਜਾਂਦੀ ਹੈ। ਜਾਦੂ ਟੂਣੇ ਦੇ ਮਾਹਰ ਵਿਅਕਤੀ ਨੂੰ ਸਿਆਣਾ ਜਾਂ ਚੇਲਾ ਆਖਿਆ ਜਾਂਦਾ ਹੈ। ਇਹ ਲੋਕ ਧਰਮ ਦਾ ਇਕ ਅਨਿੱਖੜ ਅੰਗ ਹੈ। ਧਰਮ ਅਤੇ ਜਾਦੂ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।

(iii) ਚੇਤਨਵਾਦੀ ਚਿੰਤਨ (Animistic Thinking) : ਇਸ ਵਿਚ ਲੋਕ ਮਾਨਸ ਦਾ ਉਹ ਪੱਖ ਆਉਂਦਾ ਹੈ ਜਿਸ ਵਿਚ ਉਹ ਜੀਵ ਅਤੇ ਨਿਰਜੀਵ ਵਸਤਾਂ ਨੂੰ ਮਨੁੱਖੀ ਜਾਮੇ ਵਿਚ ਪ੍ਰਸਤੁਤ ਕਰਦਾ ਹੈ। ਲੋਕ ਮਾਨਸ ਦਾ ਇਹ ਵਿਸ਼ਵਾਸ ਹੈ ਕਿ ਜਿਸ ਵਸਤੂ ਦਾ ਨਾਂ ਹੈ ਉਸ ਦੀ ਸ਼ਕਲ ਹੈ। ਜਿਸ ਦਾ ਸਰੀਰ ਹੈ ਉਸ ਵਿਚ ਜਾਨ ਵੀ ਹੈ ਕਿਉਂਕਿ ਆਤਮਸ਼ੀਲ ਚਿੰਤਕ ਅਨੁਸਾਰ ਜੜ੍ਹ ਵਿਚ ਚੇਤੰਨਤਾ ਹੈ। ਵਣਜਾਰਾ ਬੇਦੀ ਅਨੁਸਾਰ ਨੀਤੀ ਕਥਾਵਾਂ ਵਿਚ ਤਾਂ ਜੜ੍ਹ-ਚੇਤਨ ਅਤੇ ਭਾਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਚਕ ਸਭ ਵਸਤੂਆਂ ਕਾਇਆਧਾਰੀ ਹਨ। ਲੋਕ ਮਾਨਸ ਨਾ ਸਿਰਫ਼ ਕਾਇਆ ਅਤੇ ਪ੍ਰਣ ਤੱਤ ਪ੍ਰਦਾਨ ਕਰਦਾ ਹੈ, ਸਗੋਂ ਉਸ ਵਿਚ ਮਨੁੱਖੀ ਵਿਅਕਤਿਵ ਅਤੇ ਨਿੱਜ ਦੀ ਪ੍ਰਛਾਈ ਵੇਖਦਾ ਹੈ। ਦੋਵੇਂ ਇਕ ਦੂਜੇ ਦੇ ਪੂਰਕ ਰੂਪ ਵਿਚ ਪੇਸ਼ ਹੁੰਦੇ ਹਨ। ਲੋਕ-ਮਨ ਅਦ੍ਰਿਸ਼ਟ ਦੁਨੀਆਂ ਨੂੰ ਦ੍ਰਿਸ਼ਟ ਦੇ ਪ੍ਰਤਿਰੂਪ ਵਿਚ ਕਲਪਦਾ ਹੈ।

(iv) ਰੀਤ ਚਿੰਤਨ (Ritual Thinking) :ਇਹ ਕਿਸੇ ਖਾਸ ਸਮੇਂ ਤੇ ਕਿਸੇ ਚੀਜ ਦੀ ਪ੍ਰਾਪਤੀ ਲਈ ਕੀਤੀਆਂ ਜਾਂਦੀਆਂ ਹਨ। ਲੋਕ ਮਾਨਸ ਦਾ ਇਹ ਪੱਕਾ ਯਕੀਨ ਹੈ ਕਿ ਮਨ ਇਛਿਤ ਫ਼ਲ ਦੀ ਪ੍ਰਾਪਤੀ ਲਈ ਕਿਸੇ ਨਾ ਕਿਸੇ ਕਰਮ ਕਾਂਡ ਦੀ ਲੋੜ ਹੁੰਦੀ ਹੈ। ਲੌਕਿਕ ਅਤੇ ਅਧਿਆਤਮਕ ਖੇਤਰ ਵਿਚ ਕਈ ਤਰ੍ਹਾਂ ਦੀਆਂ ਰੀਤਾਂ ਵਿਚ ਵਿਸ਼ਵਾਸ ਰਖਿਆ ਜਾਂਦਾ ਹੈ। ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ, ਬਿਮਾਰੀ ਦੂਰ ਕਰਨ ਲਈ ਅਨੇਕਾਂ ਰੀਤਾਂ ਕੀਤੀਆਂ ਜਾਂਦੀਆਂ ਹਨ।

ਲੋਕ ਮਾਨਸ ਪਰੰਪਰਾਗਤ ਜੀਵਨ ਢੰਗ ਨੂੰ ਅਪਣਾਉਂਦਾ ਹੈ। ਮਨੁੱਖ ਚਾਹੇ ਕਿਤਨਾ ਵੀ ਪੜ੍ਹ ਲਿਖ ਕਿਉਂ ਨਾ ਜਾਵੇ ਉਸ ਵਿਚ ਪਰੰਪਰਾਗਤ ਸੰਸਕਾਰ ਅਚੇਤ/ਸੁਚੇਤ ਰੂਪ ਵਿਚ ਵਿਚਰਦੇ ਰਹਿੰਦੇ ਹਨ। ਲੋਕ ਮਨ ਦਾ ਯਥਾਰਥ, ਵਿਗਿਆਨ ਦੇ ਯਥਾਰਥ ਨਾਲੋਂ ਵੱਖਰਾ ਹੁੰਦਾ ਹੈ। ਵਿਗਿਆਨਕ ਮਨ ਭਾਵੇ ਉਸ ਨੂੰ ਮਿਥ ਆਖੇ ਜਾਂ ਗੈਰ-ਸਭਿਅਕ ਆਖੇ ਪਰ ਲੋਕ ਮਨ ਉਸਨੂੰ ਯਥਾਰਥ ਰੂਪ ਵਿਚ ਸਵੀਕਾਰ ਕਰਦਾ ਹੈ। ਲੋਕ ਮਨ ਸਮੇਂ ਸਥਾਨ ਦੇ ਬੰਧਨ ਨੂੰ ਯਥਾਰਥ ਨਹੀਂ ਮੰਨਦਾ ਹੈ। ਉਹ ਇਸ ਦੀਆਂ ਹੱਦਾਂ ਬੰਨੇ ਇਸ ਤਰ੍ਹਾਂ ਟੱਪ ਜਾਂਦਾ ਹੈ ਜਿਵੇਂ ਕਿਸੇ ਕੰਧ ਨੂੰ ਟੱਪ ਗਿਆ ਹੁੰਦਾ ਹੈ।

4. ਲੋਕ ਸੰਸਕ੍ਰਿਤੀ

ਲੋਕ ਸੰਸਕ੍ਰਿਤੀ ਵੀ ਇਕ ਮਹੱਤਵਪੂਰਨ ਤੱਤ ਹੈ। ਲੋਕਧਾਰਾ ਵਿਚ ਲੋਕ ਸਭਿਆਚਾਰ ਦੇ ਪ੍ਰਾਚੀਨ ਸਭਿਆਚਾਰ ਸੰਬੰਧੀ ਪੱਖ ਮੌਜੂਦ ਹੁੰਦੇ ਹਨ। ਇਸ ਦੇ ਵਿਸ਼ਾ ਵਸਤੂ ਅਤੇ ਸਰੂਪ ਵਿਚ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਦੀ ਉਪਸਥਿਤੀ ਨੂੰ ਮੰਨਣਾ ਅਸੰਭਵ ਹੈ।[13]

ਲੋਕ ਸੰਸਕ੍ਰਿਤੀ ਲੋਕ ਜੀਵਨ ਦੀ ਆਤਮਾ ਹੈ ਅਤੇ ਇਸੇ ਦੁਆਰਾ ਲੋਕ ਜੀਵਨ ਦੇ ਉਨ੍ਹਾਂ ਸਾਰੇ ਸੰਸਕਾਰਾਂ ਦਾ ਬੋਧ ਹੁੰਦਾ ਹੈ, ਜਿਨ੍ਹਾਂ ਰਾਹੀਂ 'ਲੋਕ' ਆਪਣੇ ਸਾਮੂਹਿਕ ਤੇ ਸਮਾਜਕ ਜੀਵਕ ਢੰਗ ਦਾ ਨਿਰਣਾ ਕਰਦੇ ਹਨ। ਲੋਕ ਸੰਸਕ੍ਰਿਤੀ ਦੀ ਉਪਜ ਸਹਿਜ ਸੁਭਾ ਹੁੰਦੀ ਹੈ। ਆਪਣੇ ਆਪ ਪੈਦਾ ਹੋਣ ਵਾਲੀ ਸੰਸਕ੍ਰਿਤੀ ਲੋਕਧਾਰਾ ਵਿਚ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਦੀ ਭਰਮਾਰ ਨੂੰ ਮੁੱਖ ਰੱਖ ਕੇ ਹੀ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ ਲੋਕਧਾਰਾ ਨੂੰ ਲੋਕ ਸੰਸਕ੍ਰਿਤੀ ਦਾ ਨਾਂ ਦਿੱਤਾ ਹੈ। ਵਣਜਾਰਾ ਬੇਦੀ ਅਨੁਸਾਰ ਲੋਕ ਸੰਸਕ੍ਰਿਤੀ ਕੁਝ ਜੀਵਨ ਵਿਧੀਆਂ, ਅਚਾਰਾਂ, ਵਿਵਹਾਰਾਂ, ਪੈਟਰਨਾਂ, ਚਰਿਤ੍ਰ ਲੱਛਣਾਂ, ਅਤੇ ਪਰੰਪਰਾਗਤ ਤੌਰ ਤਰੀਕਿਆਂ ਦਾ ਜੋੜ ਹੈ ਜੋ ਬੁਨਿਆਦੀ ਤੌਰ ਤੇ ਲੋਕਧਾਰਾ ਦੀਆਂ ਸੰਜੀਵ ਰੂੜ੍ਹੀਆਂ ਹਨ।[14] ਜਿਥੇ ਮਾਨਵ ਵਿਗਿਆਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਧਾਰਾ ਨੂੰ ਮਨੁੱਖੀ ਸਭਿਆਚਾਰ ਦਾ ਇਕ ਭਾਗ ਸਮਝਦੇ ਹਨ ਉਥੇ ਲੋਕਧਾਰਾ-ਸ਼ਾਸਤ੍ਰੀਆਂ ਅਨੁਸਾਰ ਲੋਕ ਸੰਸਕ੍ਰਿਤੀ ਲੋਕਧਾਰਾ ਦਾ ਵਿਸ਼ੇਸ਼ ਤੱਤ ਹੈ।[15] ਇਹ ਦੋਵੇਂ ਵਿਚਾਰ ਲੋਕ ਸੰਸਕ੍ਰਿਤੀ ਦੀ ਮਹੱਤਾ ਨੂੰ ਦਰਸਾਉਂਦੇ ਹਨ। ਕਰਨੈਲ ਸ਼ਿੰਘ ਥਿੰਦ ਦੇ ਵਿਚਾਰ ਅਨੁਸਾਰ ''ਭਾਰਤੀ ਲੋਕ ਜੀਵਨ ਦੀ ਆਪਣੀ ਇਕ ਵਿਸ਼ਾਲ ਤੇ ਵਿਸ਼ੇਸ਼ ਪਰੰਪਰਾ ਹੈ। ਇਥੋਂ ਦੀਆਂ ਪੁਰਾਣ ਕਥਾਵਾਂ, ਲੋਕ ਕਹਾਣੀਆਂ, ਤੀਰਥ ਅਸਥਾਨਾਂ, ਵਰਤਾਂ, ਉਤਸਵਾਂ ਆਦਿ ਰਾਹੀਂ ਲੋਕ ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤਿਬਿੰਬਿਤ ਹੁੰਦੀ ਹੈ। ਲੋਕਯਾਨ ਦੇ ਵੱਖ ਵੱਖ ਵਿਭਾਗਾਂ ਲੋਕ ਸਾਹਿਤ, ਲੋਕ ਕਲਾ, ਅਨੁਸ਼ਠਾਨਾਂ, ਵਿਸ਼ਵਾਸਾਂ ਦੁਆਰਾ ਲੋਕ ਸੰਸਕ੍ਰਿਤੀ ਦੀ ਪੂਰੀ ਤਰ੍ਹਾਂ ਸੰਪਾਦਨਾ ਹੁੰਦੀ ਰਹੀ ਹੈ ਅਤੇ ਲੋਕ ਸੰਸਕ੍ਰਿਤੀ ਦੀ ਆਤਮਾ ਹਿਮਾਲਾ ਪਰਬਤ ਤੋਂ ਲੈ ਕੇ ਕੰਨਿਆਕੁਮਾਰੀ ਤਕ ਵਸ ਰਹੇ ਜੰਗਲੀ ਪੇਂਡੂ ਅਤੇ ਸ਼ਹਿਰੀ ਲੋਕਾਂ ਵਿਚ ਪੂਰੀ ਤਰ੍ਹਾਂ ਵਿਦਵਾਨ ਹਨ।"[16] ਉਪਰੋਕਤ ਵਿਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਲੋਕ ਸੰਸਕ੍ਰਿਤੀ ਲੋਕਧਾਰਾ ਦਾ ਮਹੱਤਵਪੂਰਨ ਤੱਤ ਹੈ ਅਤੇ ਕੋਈ ਵੀ ਸਾਹਿਤਕਾਰ ਆਪਣੀ ਪਰੰਪਰਾਗਤ ਸੰਸਕ੍ਰਿਤੀ ਤੋਂ ਟੁੱਟ ਕੇ ਮਹਾਨ ਸਾਹਿਤਕਾਰ ਨਹੀਂ ਬਣ ਸਕਦਾ।

5. ਲੋਕ ਪ੍ਰਵਾਨਗੀ

ਲੋਕਧਾਰਾ ਦਾ ਇਕ ਪ੍ਰਮੁੱਖ ਤੱਤ ਲੋਕ ਪ੍ਰਵਾਨਗੀ ਹੈ। ਲੋਕਧਾਰਾ ਯਤਨਾਂ ਦੁਆਰਾ ਘੜੀ ਨਹੀਂ ਜਾਂਦੀ, ਇਸ ਦੀ ਉਪਜ ਸਹਿਜ ਸੁਭਾ ਹੁੰਦੀ ਹੈ। ਡੈਨਿਸ਼ ਭਾਸ਼ਾ ਵਿਗਿਆਨੀ ਜੈਸਪਰਸਨ ਦਾ ਵਿਚਾਰ ਹੈ ਕਿ ਕਿਸੇ ਵੀ ਪ੍ਰਕਾਰ ਦੇ ਲੋਕ ਸਾਹਿਤ ਦੀ ਰਚਨਾ ਕੇਵਲ ਇਕ ਵਿਅਕਤੀ ਹੀ ਕਰਦਾ ਹੈ, ਪਿਛੋਂ ਅਦਲਾ ਬਦਲੀ ਭਾਵੇਂ ਸਾਰਾ ਸਮਾਜ ਕਰਦਾ ਹੈ।[17] ਇਸ ਦਾ ਮਤਲਬ ਇਹ ਹੋਇਆ ਕਿ ਕੋਈ ਲੋਕ ਗੀਤ, ਲੋਕ ਕਥਾ ਜਾਂ ਕੋਈ ਲੋਕ ਕਹਾਣੀ ਕਿਸੇ ਇਕ ਵਿਅਕਤੀ ਦੀ ਰਚਨਾ ਹੰਦੀ ਹੈ, ਪਿਛੋਂ ਲੋਕ ਉਸ ਵਿਚ ਸਮੇਂ ਸ਼ਮੇਂ ਬਦਲੀ ਕਰਦੇ ਰਹਿੰਦੇ ਹਨ ਅਤੇ ਉਸ ਨੂੰ ਪ੍ਰਵਾਨਗੀ ਦੇ ਕੇ ਅਗੇ ਤੋਰਦੇ ਰਹਿੰਦੇ ਹਨ। ਰੂਸੀ ਲੋਕਧਾਰਾ ਸ਼ਾਸਤ੍ਰੀ ਸੋਕੋਲਫ ਦਾ ਵੀ ਇਹੀ ਮੱਤ ਹੈ ਕਿ ਕਿਸੇ ਕਲਾ ਕ੍ਰਿਤ ਦੇ ਉਪਜਾਉਣ ਦੀ ਸਮਰੱਥਾ ਬਹੁਤ ਘੱਟ ਲੋਕਾਂ ਵਿਚ ਹੋਣ ਕਾਰਨ ਲੋਕ ਸਾਹਿਤ ਦੀ ਉਤਪੱਤੀ ਵਿਚ ਆਮ ਲੋਕਾਂ ਦਾ ਬਹੁਤ ਹੱਥ ਨਹੀਂ ਹੁੰਦਾ ਇਹ ਅਨੁਭਵੀ, ਭਾਵਕ ਅਤੇ ਹੰਢੇ ਵਰਤੇ ਲੋਕਾਂ ਦੀ ਰਚਨਾ ਹੁੰਦਾ ਹੈ।[18] ਪਰ ਲੋਕਧਾਰਾ ਦੀ ਸਾਮਗ੍ਰੀ ਵਿਚ ਬਹੁਤ ਕੁਝ ਲੋਕ ਸਮੂਹ ਦੁਆਰਾ ਹੀ ਹੋਂਦ ਵਿਚ ਆਉਂਦਾ ਹੈ। ਕੋਈ ਰਚਨਾ ਜੋ ਭਾਵੇਂ ਕਿਸੇ ਇਕ ਵਿਅਕਤੀ ਦੀ ਹੈ ਜਾਂ ਕਿ ਸਾਮੂਹਿਕ ਮੰਡਲੀ ਦੀ ਹੈ, ਜਦੋਂ ਤਕ ਲੋਕ ਸਮੂਹ ਉਸਨੂੰ ਪ੍ਰਵਾਨਗੀ ਦੇ ਕੇ ਅਗੇ ਨਹੀਂ ਤੋਰਦਾ, ਉਹ ਪੁਸ਼ਤ ਦਰ ਪੁਸ਼ਤ ਅਗੇ ਜਾਣ ਵਾਲੀ ਚੀਜ਼ ਨਹੀਂ ਬਣੇਗੀ, ਨਾ ਹੀ ਉਸ ਵਿਚ ਪਰੰਪਰਾ ਦੇ ਅੰਸ਼ ਸ਼ਾਮਿਲ ਹੋ ਸਕਣਗੇ। ਇਹ ਗੱਲ ਪੱਕੀ ਹੋ ਚੁੱਕੀ ਹੈ ਕਿ ਲੋਕਧਾਰਾ ਦੇ ਬਹੁਤੇ ਤੱਤ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਮੌਖਿਕ ਰੂਪ ਵਿਚ ਚਲਦੇ ਆਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਧਾਰਾਈ ਸਾਮਗ੍ਰੀ ਦਾ ਵਰਗੀਕਰਣ

ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਦੀ ਸਾਮਗ੍ਰੀ ਸਾਹਿਤ, ਕਲਾ, ਠੋਸ ਵਸਤਾਂ ਦੇ ਰੂਪ ਵਿਚ ਜੰਮਣ ਤੋਂ ਮਰਨ ਤਕ ਦੇ ਲੋਕ ਵਿਸ਼ਵਾਸ, ਰੀਤੀ ਰਿਵਾਜ ਤੇ ਜਾਦੂ ਟੂਣੇ ਆਦਿ ਦੇ ਰੂਪ ਵਿਚ ਮਿਲਦੀ ਹੈ। ਲੋਕਧਾਰਾ ਸਾਮਗ੍ਰੀ ਵਿਚ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਵੰਨ ਸੁਵੰਨਤਾ ਹੈ। ਲੋਕਧਾਰਾ ਸਾਮਗ੍ਰੀ ਦਾ ਵਰਗੀਕਰਣ ਵੱਖ ਵੱਖ ਲੋਕਧਾਰਾ ਸ਼ਾਸਤ੍ਰੀਆਂ ਨੇ ਵੱਖ ਵੱਖ ਤਰ੍ਹਾਂ ਕੀਤਾ ਹੈ। ਰੀਵਰ ਅਤੇ ਬੌਸਵੈਲ[19] ਨੇ ਲੋਕਧਾਰਾ ਸਾਮਗ੍ਰੀ ਨੂੰ ਵਿਸ਼ੈ ਅੰਤੇ ਰੂਪ ਦੋਂਹਾਂ ਪੱਖਾਂ ਤੋਂ ਇਸ ਤਰ੍ਹਾਂ ਵਰਗੀਕਰਣ ਕੀਤਾ ਹੈ:

1. ਕਾਰਜ ਖੇਤਰ
2. ਸਾਹਿਤ ਖੇਤਰ
3. ਭਾਸ਼ਾ ਖੇਤਰ
4. ਵਿਗਿਆਨਿਕ ਖੇਤਰ

ਇਸ ਵਰਗੀਕਰਣ ਵਿਚ ਇਕ ਤਰੁੱਟੀ ਇਹ ਹੈ ਕਿ ਇਸ ਵਿਚ ਸਾਹਿਤ ਖੇਤਰ ਅਤੇ ਭਾਸ਼ਾ ਖੇਤਰ ਵਿਚ ਕੋਈ ਹੱਦ ਮਿਥਣੀ ਔਖੀ ਹੈ। ਸੋਫੀਆ[20] ਬਰਨ ਨੇ ਲੋਕਧਾਰਾਈ ਸਾਮਗ੍ਰੀ ਦਾ ਵਰਗੀਕਰਣ ਇਸ ਤਰ੍ਹਾਂ ਕੀਤਾ ਹੈ:

1. ਵਿਸ਼ਵਾਸ

ਇਸ ਵਿਚ ਧਰਤੀ, ਆਕਾਸ਼, ਬਨਸਪਤੀ, ਮਨੁੱਖ, ਪਸ਼ੂ, ਆਤਮਾ, ਦੇਵੀ ਦੇਵਤੇ, ਸ਼ਗਨ, ਅਪਸ਼ਗਨ, ਭਵਿੱਖ ਬਾਣੀ, ਆਕਾਸ਼ ਬਾਣੀ, ਜਾਦੂ ਟੂਣੇ, ਟੋਟਕੇ ਆਦਿ ਸੰਬੰਧੀ ਲੋਕ ਵਿਸ਼ਵਾਸ ਆ ਜਾਂਦੇ ਹਨ।

2. ਰੀਤੀ ਰਿਵਾਜ

ਇਸ ਵਿਚ ਸਮਾਜਕ ਤੇ ਵਿਅਕਤੀਗਤ ਰਸਮਾਂ ਸੰਸਕਾਰ, ਧੰਧੇ, ਉਦਯੋਗ, ਥਿਤਾਂ, ਰੁੱਤਾਂ, ਵਰਤ, ਤਿਉਹਾਰ, ਖੇਡਾਂ, ਮਨੋਰੰਜਨ ਆਦਿ ਆਉਂਦੇ ਹਨ।

3. ਲੋਕ ਸਾਹਿਤ

ਇਸ ਵਿਚ ਲੋਕ ਸਾਹਿਤ ਦੇ ਵੱਖ ਵੱਖ ਰੂਪ ਜਿਵੇਂ ਬਾਤਾਂ, ਗੀਤ, ਕਹਾਵਤਾਂ ਆਦਿ ਆ ਜਾਂਦੇ ਹਨ।

ਸੋਫੀਆ ਬਰਨ ਦੀ ਇਸ ਵਰਗਵੰਡ ਵਿਚ ਵੀ ਬਹੁਤ ਸਾਰੀਆਂ ਤਰੁੱਟੀਆਂ ਰਹਿ ਗਈਆਂ ਹਨ। ਲੋਕਧਾਰਾ ਦੀ ਬਹੁਤ ਸਾਰੀ ਸਾਮਗ੍ਰੀ ਇਸ ਵਲੋਂ ਨਿਰਧਾਰਿਤ ਖੇਤਰ ਤੋਂ ਬਾਹਰ ਰਹਿ ਗਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਕਰਨੈਲ ਸਿੰਘ ਥਿੰਦ ਨੇ ਲੋਕਧਾਰਾ ਸਾਮਗ੍ਰੀ ਦੀ ਵੰਡ ਇਸ ਤਰ੍ਹਾਂ ਕੀਤੀ ਹੈ:

1. ਲੋਕ ਸਾਹਿਤ 2. ਲੋਕ ਕਲਾ 3. ਅਨੁਸ਼ਠਾਨ (ਰੀਤ)
4. ਲੋਕ ਧਰਮ 5. ਇਸ਼ਾਰੇ ਆਦਿ।

ਜਿਵੇਂ ਕਿ ਅਸੀਂ ਪਹਿਲਾਂ ਹੀ ਇਹ ਕਹਿ ਆਏ ਹਾਂ ਕਿ ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ ਅਤੇ ਇੰਸ ਦੀ ਸਾਮਗ੍ਰੀ ਵਿਚ ਵਿਸ਼ੇ ਅਤੇ ਰੂਪ ਵਿਚ ਵੰਨ ਸੁਵੰਨਤਾ ਹੈ। ਪੱਛਮੀ ਵਿਦਵਾਨ ਵੀ ਇਸ ਦੀ ਕੋਈ ਸਾਂਝੀ ਪਰਿਭਾਸ਼ਾ ਨਹੀਂ ਬਣਾ ਸਕੇ ਹਨ। ਅਤੇ ਨਾ ਹੀ ਉਹ ਇਸ ਦੇ ਖੇਤਰ ਸੰਬੰਧੀ ਇਕੋ ਮੱਤ ਬਣਾ ਸਕੇ ਹਨ। ਕੋਈ ਵੀ ਵਿਅਕਤੀ ਏਨੀ ਵਿਸ਼ਾਲ ਸਾਮਗ੍ਰੀ ਦਾ ਖੇਤਰ ਪੱਕੇ ਤੌਰ ਤੇ ਨਿਸਚਿਤ ਨਹੀਂ ਕਰ ਸਕਦਾ ਅਤੇ ਨਾ ਹੀ ਉਸ ਦੁਆਰਾ ਕੀਤੀ ਵਰਗਵੰਡ ਨੂੰ ਅੰਤਿਮ ਨਿਰਣਾ ਮੰਨ ਲੈਣਾ ਚਾਹੀਦਾ ਹੈ।

ਲੋਕਧਾਰਾ ਦੇ ਘੇਰੇ ਅੰਦਰ ਬਹੁਤ ਕੁਝ ਨਵਾਂ ਆਉਂਦਾ ਰਹਿੰਦਾ ਹੈ ਅਤੇ ਕੁਝ ਵਿਸਰਦਾ ਰਹਿੰਦਾ ਹੈ। ਇਸ ਲਈ ਇਸ ਦਾ ਕੋਈ ਸਥਿਰ ਖੇਤਰ ਨਿਸਚਿਤ ਕੀਤਾ ਹੀ ਨਹੀਂ ਜਾ ਸਕਦਾ। ਵਿਅਕਤੀਗਤ ਯਤਨ ਸ਼ਲਾਘਾਯੋਗ ਹਨ ਅੰਤਿਮ ਨਹੀਂ। ਹੁਣ ਤੱਕ ਪ੍ਰਾਪਤ ਸਾਮਗ੍ਰੀ ਦਾ ਇਸ ਤਰ੍ਹਾਂ ਵਰਗੀਕਰਣ ਕੀਤਾ ਜਾ ਸਕਦਾ ਹੈ:

1. ਲੋਕ ਸਾਹਿਤ

ਲੋਕ ਸਾਹਿਤ ਵਿਚ ਕਿਸੇ ਜਾਤੀ ਦਾ ਸਭਿਆਚਾਰ ਮੂਲ ਪ੍ਰਵਿਰਤੀਆਂ, ਸਮਾਜਕ ਪਰਪੰਚ ਤੇ ਜਾਤੀ ਚਰਿੱਤਰ ਪੂਰੀ ਤਰ੍ਹਾਂ ਰੂਪਮਾਨ ਹੁੰਦਾ ਹੈ। ਲੋਕ ਸਾਹਿਤ ਦਾ ਅਗੇ ਵਰਗੀਕਰਣ ਕੀਤਾ ਜਾ ਸਕਦਾ ਹੈ:

(ੳ) ਲੋਕ ਕਾਵਿ: ਇਸ ਵਿਚ ਲੋਕ ਗੀਤਾਂ ਦੇ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਵੰਨ ਸੁਵੰਨਤਾ ਹੁੰਦੀ ਹੈ। ਇਸ ਨੂੰ ਅਗੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

(I) ਖੁਲ੍ਹੇ ਕਾਵਿ ਰੂਪ: ਜਿਨ੍ਹਾਂ ਵਿਚ ਸਮੇਂ ਸਥਿਤੀ ਮੁਤਾਬਕ ਅਦਲ ਬਦਲ ਕੀਤਾ ਜਾ ਸਕਦਾ ਹੈ।

(II) ਬੰਦ ਕਾਵਿ ਰੂਪ: ਜਿਨ੍ਹਾਂ ਵਿਚ ਕੋਈ ਤਬਦੀਲੀ ਸੰਭਵ ਨਹੀਂ ਹੋ ਸਕਦੀ ਹੈ (ਇਸ ਦਾ ਵਿਸਥਾਰ ਨਾਲ ਵਰਣਨ ਲੋਕ ਕਾਵਿ ਦੇ ਅਧਿਆਏ ਵਿਚ ਕੀਤਾ ਜਾਵੇਗਾ)।

(ਅ) ਲੋਕ ਬਾਤਾਂ: ਇਸ ਵਿਚ ਦੇਵ ਕਥਾ, ਰੀਤ ਕਥਾ, ਨੀਤੀ ਕਥਾ, ਪਰੀ ਕਥਾ, ਪਸ਼ੂ ਕਹਾਣੀਆਂ, ਭੂਤਾਂ ਪ੍ਰੇਤਾਂ ਆਦਿ ਸੰਬੰਧੀ ਬਾਤਾਂ ਆਦਿ।

(ਏ) ਇਸ ਤੋਂ ਇਲਾਵਾ ਲੋਕ ਸਾਹਿਤ ਦੇ ਹੋਰ ਰੂਪ ਜਿਵੇਂ ਲੋਕ ਗਾਥਾ, ਮੁਹਾਵਰੇ ਤੇ ਅਖਾਣ, ਪਹੇਲੀਆਂ ਆਦਿ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਲੋਕ ਵਿਸ਼ਵਾਸ ਅਤੇ ਵਹਿਮ ਭਰਮ

ਜਦੋਂ ਵਿਅਕਤੀ ਵੱਖ ਵੱਖ ਕੁਦਰਤੀ ਸ਼ਕਤੀਆਂ ਤੋਂ ਡਰਨ ਲੱਗਾ ਤਾਂ ਉਸ ਨੇ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਅਨੇਕਾਂ ਪੂਜਾ ਵਿਧੀਆਂ ਨੂੰ ਅਪਨਾਉਣਾ ਸ਼ੁਰੂ ਕੀਤਾ ਜਿਸ ਨਾਲ਼ ਵੱਖੋ ਵੱਖਰੇ ਵਹਿਮ ਭਰਮ ਅਤੇ ਲੋਕ ਵਿਸ਼ਵਾਸ ਪ੍ਰਚਲਿਤ ਹੋ ਗਏ ਜਿਵੇਂ ਜਨਮ, ਵਿਆਹ ਅਤੇ ਮੌਤ ਸੰਬੰਧੀ, ਗ੍ਰਹਿ ਸੰਬੰਧੀ, ਸੂਰਜ ਚੰਦ ਅਤੇ ਤਾਰਿਆਂ, ਦਿਸ਼ਾਵਾਂ, ਦਿਨ ਮਹੀਨੇ, ਜੀਵ ਜੰਤੂ ਤੇ ਪਸ਼ੂਆਂ ਸੰਬੰਧੀ, ਸਰੀਰਕ ਅੰਗਾਂ ਸੰਬੰਧੀ, ਨਜ਼ਰ ਸੰਬੰਧੀ, ਨਿੱਛ ਸੰਬੰਧੀ, ਜਾਦੂ ਟੂਣੇ, ਮੰਤਰ, ਜੰਤਰ, ਤਵੀਜ਼, ਸ਼ਗਨ, ਅਪਸ਼ਗਨ ਸੰਬੰਧੀ ਅਨੇਕਾਂ ਲੋਕ ਵਿਸ਼ਵਾਸ ਹਨ ਜੋ ਅਜ ਲੋਕ ਮਾਨਸ ਦੇ ਸੰਸਕਾਰਾਂ ਵਿਚ ਰਚੇ ਹੋਏ ਹਨ। ਉਹ ਲੋਕ ਮਾਨਸ ਵਿਚ ਅਚੇਤ/ਸੁਚੇਤ ਰੂਪ ਵਿਚ ਗਤੀਮਾਨ ਹਨ।

3. ਲੋਕ ਕਲਾਵਾਂ

ਲੋਕ ਸੰਗੀਤ, ਲੋਕ ਨਾਟ, ਲੋਕ ਨਾਚ, ਚਿੱਤਰਕਾਰੀ, ਮੂਰਤੀਕਾਰੀ, ਬੁੱਤਕਾਰੀ, ਇਮਾਰਤਸਾਜ਼ੀ ਆਦਿ ਲੋਕ ਕਲਾਵਾਂ ਦੇ ਘੇਰੇ ਵਿਚ ਆਉਂਦੇ ਹਨ।

4. ਰੀਤਾਂ (Ritual)

(ੳ) ਰਿਵਾਜ : ਜਨਮ, ਵਿਆਹ, ਮੌਤ ਸੰਬੰਧੀ, ਕੰਮ ਧੰਧਿਆਂ, ਮਕਾਨ ਉਸਾਰੀ ਆਦਿ ਸੰਬੰਧੀ ਕਈ ਰਸਮਾਂ ਕੀਤੀਆਂ ਜਾਂਦੀਆਂ ਹਨ।

(ਅ) ਵਰਤ ਤੇ ਪੂਜਾ ਵਿਧੀਆਂ: ਲੋਕ ਵਿਸ਼ਵਾਸਾਂ ਦੇ ਪ੍ਰਭਾਵ ਅਧੀਨ ਕਈ ਤਰ੍ਹਾਂ ਦੇ ਵਰਤ ਆਦਿ ਰਖੇ ਜਾਂਦੇ ਹਨ। ਸੰਤਾਂ, ਪੀਰਾਂ ਆਦਿ ਦੇ ਸੁਖਨਾ ਸੁਖੀਆਂ ਜਾਂਦੀਆਂ ਹਨ ਜਿਵੇਂ ਹੈਦਰ ਪੀਰ ਦੀ ਸੁਖਨਾ ਆਦਿ। ਲੱਛਮੀ, ਗੁੱਗਾ ਪੀਰ, ਸਾਂਝੀ ਮਾਈ ਆਦਿ ਦੀ ਪੂਜਾ ਅਨੇਕਾਂ ਤਿੱਥਾਂ ਤਿਉਹਾਰਾਂ ਨੂੰ ਕੀਤੀ ਜਾਂਦੀ ਹੈ। ਲੋਕ ਧਰਮ ਦੇ ਪ੍ਰਭਾਵ ਅਧੀਨ ਵਿਸ਼ਿਸ਼ਟ ਧਰਮ ਦੇ ਅਨੁਆਈ ਹੋਣ ਦੇ ਬਾਵਜੂਦ ਵੀ ਉਹ ਸ਼ਾਂਝੇ ਪੀਰਾਂ ਫਕੀਰਾਂ, ਮੇਲੇ ਅਤੇ ਤਿਉਹਾਰਾਂ ਨੂੰ ਸਾਂਝੇ ਤੌਰ ਤੇ ਮਨਾਉਂਦੇ ਹਨ ਕਿਉਂਕਿ ਅਜੇਹੀ ਸੁਖਨਾਂ ਉਨ੍ਹਾਂ ਨੂੰ ਸਰੀਰਕ ਸੁਖ ਦੇਂਦੀ ਹੈ। ਲੋਕ ਉਨ੍ਹਾਂ ਪੀਰਾਂ ਫਕੀਰਾਂ ਨੂੰ ਖੁਸ਼ ਕਰਨ ਲਈ ਅਨੇਕਾਂ ਪੂਜਾ ਵਿਧੀਆਂ ਦਾ ਪ੍ਰਯੋਗ ਕਰਦੇ ਹਨ।

(ਇ) ਮੇਲੇ ਤੇ ਤਿਉਹਾਰ: ਰਿਵਾਇਤੀ ਮੇਲੇ ਅਤੇ ਤਿਉਹਾਰ ਜਿਵੇਂ ਵਿਸਾਖੀ, ਨਿਰਜਲਾ ਅਕਾਦਸ਼ੀ, ਰੱਖੜ ਪੁੰਨਿਆਂ, ਦੁਸਹਿਰਾ, ਦੀਵਾਲੀ, ਸ਼ਰਾਧ, ਗੁਰਪੁਰਬ, ਲੋਹੜੀ ਆਦਿ।

5. ਲੋਕ ਸ਼ਬਦ-ਵਿਉਂਤਪਤੀ ਤੇ ਲੋਕ ਭਾਸ਼ਾ

ਲੋਕਧਾਰਾ ਲੋਕ-ਸ਼ਬਦ-ਵਿਉਂਤਪਤੀ ਵਿਚ ਨਿੱਗਰ ਵਾਧਾ ਕਰਦੀ ਹੈ। ਵੱਖੋ-ਵੱਖ ਕਿੱਤਿਆਂ ਦੇ ਲੋਕ ਵੱਖੋ-ਵੱਖਰੀ ਭਾਸ਼ਾ ਦੀ ਵਰਤੋਂ ਕਰਦੇ ਹਨ। ਇਨ੍ਹਾਂ ਦੇ ਹੱਡਾਂ ਵਿਚ ਉਪ-ਭਾਸ਼ਾ ਸਮਾਈ ਹੁੰਦੀ ਹੈ ਜਿਸ ਦੀ ਉਹ ਅਚੇਤ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੀ ਵਰਤੋਂ ਕਰਦੇ ਹਨ। ਜਿਵੇਂ ਲੋਕ ਕਥਨ ਤੇ ਬੋਲੀ, ਧੰਧਿਆਂ ਦੀ ਬੋਲੀ, ਨਿਹੰਗ ਸਿੰਘਾਂ ਦੇ ਬੋਲੇ, ਟਿੱਚਰ, ਵਿਸ਼ੇਸ਼ ਆਵਾਜ਼ਾਂ ਤੇ ਚੀਕਾਂ ਜੋ ਪਸ਼ੂ ਪੰਛੀਆਂ ਦੇ ਬੁਲਾਉਣ ਤੇ ਸਿਖਾਉਣ ਲਈ ਵਰਤੀਆਂ ਜਾਂਦੀਆਂ ਹਨ। ਜਿਵੇਂ ਕਿਸਾਨ ਆਪਣੇ ਪਸ਼ੂ ਨੂੰ ਪਾਣੀ ਪਿਲਾਉਣ ਲਈ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਾ ਹੈ 'ਛੀਓ, ਛੀਓ' ਜੇਕਰ ਪਸ਼ੂ ਨੂੰ ਪਿੱਛੇ ਮੋੜਨਾ ਹੋਵੇ ਤਾਂ ਉਹ 'ਡੀਓ, ਡੀਓ' ਬੋਲਦਾ ਹੈ।

6. ਲੋਕ ਕਿੱਤੇ

ਲੋਕ ਲੋਹਾਰਾ ਤਰਖਾਣਾ ਕੰਮ, ਠਠਿਆਰ, ਸੁਨਿਆਰਾ, ਸਲਾਈ-ਕਢਾਈ, ਰੰਗ ਸਾਜ਼, ਬਾਜ਼ੀਗਰ, ਆਜੜੀ, ਟੱਪਰੀ ਵਾਸ ਆਦਿ ਆਪਣੇ ਪਰੰਪਰਾਗਤ ਕਿੱਤਿਆਂ ਨੂੰ ਅਪਣਾਉਂਦੇ ਹਨ। ਇਸ ਸਾਮਗ੍ਰੀ ਤੋਂ ਬਿਨਾਂ ਲੋਕ ਮਨੋਰੰਜਨ, ਲੋਕ ਸਾਜ਼ ਆਦਿ ਲੋਕਧਾਰਾ ਦੀ ਸਾਮਗ੍ਰੀ ਹੈ।

ਸਚਮੁੱਚ ਲੋਕਧਾਰਾ ਦਾ ਘੇਰਾ ਬਹੁਤ ਵਿਸ਼ਾਲ ਹੈ। ਵਿਸ਼ੇ ਬਹੁਭਾਂਤੀ ਹਨ ਅਤੇ ਰੂਪ ਵਿਚ ਵੰਨਗੀ ਹੈ। ਲੋਕ ਜੀਵਨ ਦੀ ਪ੍ਰਗਤੀ ਤੇ ਇਸ ਦਾ ਪ੍ਰਵਾਹ ਬੇਰੋਕ ਚਲਦਾ ਹੈ। ਸੰਖੇਪ ਵਿਚ ਕਹਿ ਸਕਦੇ ਹਾਂ ਕਿ ਲੋਕਧਾਰਾਂ ਲੋਕਾਂ ਦੇ ਰੀਤੀ ਰਿਵਾਜ਼ਾਂ, ਵਿਸ਼ਵਾਸਾਂ, ਸੱਧਰਾਂ ਅਤੇ ਉਮੰਗਾਂ ਦਾ ਮੌਖਿਕ ਇਤਿਹਾਸ ਹੈ।

(ਅ) ਲੋਕਧਾਰਾ ਸ਼ਾਸਤ੍ਰ

ਲੋਕਧਾਰਾ ਵੀ ਆਪਣੇ ਆਪ ਵਿਚ ਇਕ ਸ਼ਾਸਤ੍ਰ ਹੈ। ਸੰਸਾਰ ਦੀਆਂ ਕਈ ਯੂਨੀਵਰਸਿਟੀਆਂ ਵਿਚ ਭਾਵੇਂ ਇਸ ਨੂੰ ਉਚੇਚੇ ਅਧਿਐਨ ਅਧਿਆਪਨ ਲਈ ਕਾਫੀ ਸਮਾਂ ਪਹਿਲਾਂ ਮਾਨਤਾ ਪ੍ਰਾਪਤ ਹੋ ਚੁੱਕੀ ਸੀ, ਪਰੰਤੂ ਪੰਜਾਬ ਵਿਚ ਇਸ ਨੂੰ ਇਕ ਸੁਤੰਤਰ ਅਨੁਸ਼ਾਸਨ ਵਜੋਂ ਮਾਨਤਾ ਪ੍ਰਾਪਤ ਕਰਨ ਦੇ ਰਸਤੇ ਵਿਚ ਬਹੁਤ ਸਾਰੀਆਂ ਰੁਕਾਵਟਾਂ ਸਨ, ਜਿਨ੍ਹਾਂ ਵਿਚੋਂ ਹੁਣ ਬਹੁਤ ਸਾਰੀਆਂ ਦੂਰ ਹੋ ਚੁੱਕੀਆਂ ਹਨ ਅਤੇ ਇਸ ਨੂੰ ਇਕ ਸੁਤੰਤਰ ਅਨੁਸ਼ਾਸਨ ਦੇ ਤੌਰ ਤੇ ਮਾਨਤਾ ਪ੍ਰਾਪਤ ਹੋਣ ਲੱਗ ਪਈ ਹੈ।

ਇਸ ਦੇ ਰਸਤੇ ਵਿਚ ਸਭ ਤੋਂ ਪਹਿਲੀ ਸਮੱਸਿਆ ਇਹ ਸੀ ਕਿ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿਚ ਇਸ ਦੇ ਅਧਿਆਪਨ ਦਾ ਪ੍ਰਬੰਧ ਨਹੀਂ ਸੀ ਅਤੇ ਨਾ ਹੀ ਕੋਈ ਵੱਖਰਾ ਵਿਭਾਗ ਕਾਇਮ ਹੋਇਆ ਸੀ। ਪਰੰਤੂ, ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬ, ਅਤੇ ਪੰਜਾਬੀ ਯੂਨੀਵਰਸਿਟੀ ਵਿਚ ਐਮ.ਏ ਪੰਜਾਬੀ ਤੇ ਐਮ.ਫਿਲ ਦੇ ਪਾਠਕ੍ਰਮ ਵਿਚ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਨੂੰ ਬਤੌਰ ਕੋਰਸ ਨਿਸਚਿਤ ਕਰ ਦਿੱਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੀ ਵੱਡੀ ਸਮੱਸਿਆ ਇਸ ਦੇ ਅਧਿਐਨ ਅਤੇ ਵਰਗੀਕਰਣ ਸੰਬੰਧੀ ਇਸ ਦੀ ਅਭਿਧਾਰਨਾ ਬਾਰੇ ਅਸਪੱਸ਼ਟਤਾ ਜਾਂ ਧੁੰਧਲਾਪਨ ਹੈ। ਪੱਛਮੀ ਵਿਦਵਾਨਾਂ ਦੇ ਵਿਚਾਰ ਭਾਵੇਂ ਇਸ ਬਾਰੇ ਵੱਖੋ ਵੱਖਰੇ ਹਨ ਪਰ ਬਹੁਤੇ ਭਾਰਤੀ ਮਾਹਿਰਾਂ ਦੀ ਲੋਕਧਾਰਾ ਸੰਬੰਧੀ ਧਾਰਨਾ ਬੜੀ ਸਪੱਸ਼ਟ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ, "ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰਪੂਰ, ਪਰੰਪਰਾਗਤ ਰੂਪ ਵਿਚ ਪ੍ਰਾਪਤ ਅਜੇਹੀ ਸਾਮਗ੍ਰੀ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਰੇ ਅਤੇ ਜਿਸ ਨੂੰ ਲੋਕ ਸਮੂਹ ਨੇ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅਗੇ ਤੋਰਿਆ ਹੋਵੇ, ਉਸ ਨੂੰ ਲੋਕਧਾਰਾ ਮੰਨ ਲੈਣਾ ਚਾਹੀਦਾ ਹੈ"[21] ਇਸ ਤਰ੍ਹਾਂ ਲੋਕਧਾਰਾ ਨੂੰ ਸਾਮਗ੍ਰੀ ਤਕ ਸੀਮਿਤ ਕਰਕੇ ਲੋਕਧਾਰਾ ਦੇ ਅਧਿਐਨ ਲਈ 'ਲੋਕਧਾਰਾ ਵਿਗਿਆਨ' ਪਦ ਨੂੰ ਅਪਣਾ ਲੈਣਾ ਚਾਹੀਦਾ ਹੈ।

ਲੋਕਧਾਰਾ ਦੇ ਅਧਿਐਨ ਸੰਬੰਧੀ ਇਕ ਹੋਰ ਸਮੱਸਿਆ ਪਰਿਭਾਸ਼ਕ ਸ਼ਬਦਾਵਲੀ ਦੀ ਹੈ। ਪੰਜਾਬੀ ਵਿਚ ਤਕਨੀਕੀ ਸ਼ਬਦਾਂ ਦੀ ਬਹੁਤ ਘਾਟ ਹੈ। ਇਸ ਸੰਬੰਧ ਵਿਚ ਯੋਗ ਤਕਨੀਕੀ ਸ਼ਬਦਾਂ ਦੀ ਵਰਤੋਂ ਤੱਤਸਮ ਅਤੇ ਤਦਭਵ ਰੂਪ ਵਿਚ ਕਰ ਲੈਣੀ ਚਾਹੀਦੀ ਹੈ। ਜਿਨ੍ਹਾਂ ਸ਼ਬਦਾਂ ਦਾ ਸਮਾਨਾਰਥਕ ਸ਼ਬਦ ਪੰਜਾਬੀ ਵਿਚ ਨਹੀਂ ਮਿਲਦਾ ਉਸ ਦੀ ਥਾਂ ਅੰਗਰੇਜ਼ੀ ਤੱਤਸਮ ਸ਼ਬਦ ਦੀ ਵਰਤੋਂ ਕਰ ਲੈਣੀ ਚਾਹੀਦੀ ਹੈ, ਕਿਉਂਕਿ ਬਹੁਤ ਸਾਰੇ ਤਕਨੀਕੀ ਸ਼ਬਦ ਅੰਗਰੇਜ਼ੀ ਤੋਂ ਪੰਜਾਬੀ ਵਿਚ ਤੱਤਸਮ ਰੂਪ ਵਿਚ ਪ੍ਰਚਲਿਤ ਹੋ ਚੁੱਕੇ ਹਨ। ਜੇਕਰ ਲੋਕਧਾਰਾ ਦੀ ਤਕਨੀਕੀ ਸ਼ਬਦਾਵਲੀ ਵਿਚ ਵੀ ਇਹ ਕਰ ਲਿਆ ਜਾਵੇ ਤਾਂ ਬਹੁਤੀ ਹਰਜ਼ ਵਾਲੀ ਗੱਲ ਨਹੀਂ ਹੈ।

8385

ਸਮਾਜ-ਵਿਗਿਆਨ, ਮਾਨਵ ਵਿਗਿਆਨ, ਭਾਸ਼ਾ ਵਿਗਿਆਨ, ਇਤਿਹਾਸ, ਸਾਹਿਤ, ਸਭਿਆਚਾਰ ਅਤੇ ਧਰਮ ਆਦਿ ਦੇ ਖੇਤਰ ਅਤੇ ਲੋਕਧਾਰਾ ਦੀ ਸਾਮਗ੍ਰੀ ਇਕ ਦੂਜੇ ਦੇ ਇੰਨੀ ਨੇੜੇ ਹੈ ਕਿ ਇਨ੍ਹਾਂ ਦਾ ਨਿਖੇੜਾ ਕਰਨਾ ਮੁਸ਼ਕਿਲ ਹੈ। ਪਰ ਇਸ ਸਮੱਸਿਆ ਦਾ ਹੱਲ ਇਹ ਹੈ ਕਿ ਹਰ ਵਿਸ਼ੈ ਦਾ ਮਾਹਿਰ ਆਪਣੇ ਵਿਸ਼ੈ ਦੀ ਸਾਮਗ੍ਰੀ ਅਨੁਸਾਰ ਹੀ ਉਸ ਦਾ ਵਿਸ਼ਲੇਸ਼ਣ ਕਰੇ।

ਲੋਕਧਾਰ ਦੇ ਅਧਿਐਨ ਲਈ ਕੁਝ ਵਿਧੀਆਂ ਅਪਣਾਈਆਂ ਜਾ ਸਕਦੀਆਂ ਹਨ:

1. ਇਤਿਹਾਸਕ ਭੂਗੋਲਿਕ 2. ਸੰਰਚਨਾਵਾਦੀ 3. ਮਾਨਵ-ਵਿਗਿਆਨਕ

4. ਸਮਾਜ ਵਿਗਿਆਨ 5. ਮਿਥਿਕ 6. ਰੀਤਾਂ
7. ਮਨੋ-ਵਿਸ਼ਲੇਸ਼ਣਾਤਮਕ 8. ਕਾਰਜਾਤਮਕ 9. ਲੋਕ ਸਭਿਆਚਾਰਕ

ਇਸ ਸੰਬੰਧ ਵਿਚ ਪੱਛਮੀ ਵਿਦਵਾਨਾਂ ਦੀਆਂ ਪਾਈਆਂ ਲੀਹਾਂ ਤੇ ਵੀ ਤੁਰਿਆ ਜਾ ਸਕਦਾ ਹੈ। ਪੰਜਾਬੀ ਲੋਕਧਾਰਾ ਦੇ ਅਧਿਐਨ ਤੇ ਅਧਿਆਪਨ ਨੂੰ ਵਿਗਿਆਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਧਾਰ ਉਪਰ ਤੋਰਨਾ ਚਾਹੀਦਾ ਹੈ ਤਾਂ ਹੀ ਇਹ ਇਕ ਸੁਤੰਤਰ ਅਨੁਸ਼ਾਸਨ ਦੇ ਤੌਰ ਤੇ ਕੰਮ ਕਰ ਸਕਣ ਯੋਗ ਹੋ ਸਕੇਗੀ।

(ਏ) ਲੋਕਧਾਰਾ ਤੇ ਸਾਹਿਤ

ਲੋਕਧਾਰਾ ਅਤੇ ਸਾਹਿਤ ਦਾ ਅਟੁੱਟ ਸੰਬੰਧ ਹੈ। ਦੋਹਾਂ ਨੂੰ ਇਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਲੋਕਧਾਰਾ ਨੇ ਹੀ ਜੀਵਨ ਦੀਆਂ ਕਈ ਅਮਰ ਰੂੜ੍ਹੀਆਂ ਦੀ ਸਿਰਜਨਾ ਕੀਤੀ ਹੈ। ਕੋਈ ਸਾਹਿਤ ਲੋਕਧਾਰਾ ਦੇ ਪ੍ਰਭਾਵ ਤੋਂ ਅਛੋਹ ਨਹੀਂ ਰਹਿ ਸਕਦਾ ਹੈ। ਲੋਕਧਾਰਾ ਦਾ ਹਰ ਖੇਤਰ ਸਾਹਿਤ ਨੂੰ ਪ੍ਰਭਾਵਿਤ ਕਰਨ ਦੀਆਂ ਸੰਭਾਵਨਾਵਾਂ ਰਖਦਾ ਹੈ। ਇਸੇ ਲਈ ਰੂਸੀ ਸਾਹਿਤਕਾਰ ਗੋਰਕੀ ਨੇ ਸਾਹਿਤਕਾਰਾਂ ਨੂੰ ਲੋਕਧਾਰਾ ਦਾ ਡੂੰਘਾ ਅਧਿਐਨ ਕਰਨ ਦੀ ਸਲਾਹ ਦਿੱਤੀ ਹੈ। ਉਹ ਕਲਾ ਤੇ ਸਾਹਿਤ ਦੀ ਚਰਚਾ ਕਰਦਿਆਂ ਲਿਖਦਾ ਹੈ: ''ਸ਼ਬਦ ਕਲਾ ਦਾ ਮੁੱਢ ਲੋਕਧਾਰਾ ਤੋਂ ਬੱਝਿਆ ਹੈ; ਆਪਣੇ ਲੋਕਧਾਰਾ ਦਾ ਸੰਕਲਨ ਕਰੋ, ਇਸ ਦਾ ਅਧਿਐਨ ਕਰੋ, ਖੋਜ ਕਰੋ। ਲੋਕਧਾਰਾ ਤੋਂ ਸਾਨੂੰ ਕਾਫੀ ਸਾਰੀ ਸਾਮਗ੍ਰੀ ਪ੍ਰਾਪਤ ਹੋਵੇਗੀ। ਅਤੀਤ ਨੂੰ ਜਿਤਨੀ ਚੰਗੀ ਤਰ੍ਹਾਂ ਅਸੀਂ ਸਮਝਾਂਗੇ, ਉਤਨੀ ਹੀ ਸੁਖੈਨਤਾ, ਡੂੰਘਾਈ ਤੇ ਆਨੰਦ ਨਾਲ ਅਸੀਂ ਉਸ ਵਰਤਮਾਨ ਦੀ ਸਾਰਥਕਤਾ ਨੂੰ ਸਮਝ ਸਕਾਂਗੇ ਜਿਸ ਦੀ ਸਿਰਜਨਾ ਅਸੀਂ ਸਾਰੇ ਕਰ ਰਹੇ ਹਾਂ;''[22] ਲੋਕਧਾਰਾ ਦੀਆਂ ਰੂੜ੍ਹੀਆਂ ਇਤਨੀਆਂ ਸਾਰਥਕ ਤੇ ਗੌਰਵਮਈ ਹਨ ਕਿ ਇਨ੍ਹਾਂ ਤੋਂ ਮੁਕਤ ਹੋ ਕੇ ਕੋਈ ਮਹਾਨ ਸਾਹਿਤਕ ਸਿਰਜਨਾ ਕੀਤੀ ਹੀ ਨਹੀਂ ਜਾ ਸਕਦਾ। ਲੋਕਧਾਰਾ ਸਾਡੀ ਸੋਚ, ਕਲਾ, ਸਾਹਿਤ ਤੇ ਚਿੰਤਨ ਦੀਆਂ ਰੂੜ੍ਹੀਆਂ ਹਨ।

ਸ਼ਬਦ ਰੂਪੀ ਸੁੰਦਰ ਰਚਨਾ ਨੂੰ ਸਾਹਿਤ ਆਖਦੇ ਹਨ। ਇਹ ਪਦ ਜਾਂ ਗਦ ਦਾ ਰੂਪ ਧਾਰ ਕੇ ਸੁਹਜ ਸੁਆਦ ਦੇਂਦਾ ਹੈ। ਮਨੁੱਖੀ ਭਾਵਾਂ ਨੂੰ ਹਿਲੂਣਾ ਦੇਣ ਦੀ ਸ਼ਕਤੀ ਰਖਦਾ ਹੈ। ਪਾਠਕ ਸਰੋਤੇ ਦੇ ਗਿਆਨ ਵਿਚ ਵਾਧਾ ਕਰਕੇ ਉਸ ਦੇ ਮਨ ਤੇ ਸੁੰਦਰਤਾ ਦਾ ਪ੍ਰਭਾਵ ਪਾਉਂਦਾ ਹੈ। ਪਦ ਅਤੇ ਗੱਦ ਦੇ ਅਨੇਕਾਂ ਸਾਹਿਤ ਰੂਪ ਹਨ ਜਿਵੇਂ ਮਹਾਂ ਕਾਵਿ, ਕਿੱਸਾ, ਵਾਰ, ਗੀਤ ਕਾਵਿ, ਨਾਵਲ, ਨਾਟਕ ਆਦਿ। ਇਨ੍ਹਾਂ ਸਾਹਿਤਕ ਰੂਪਾਂ ਦੀ ਸਿਰਜਨਾ ਵਿਚ ਲੋਕਧਾਰਾਈ ਸਾਮਗ੍ਰੀ ਦਾ ਵੱਡਾ ਹੱਥ ਹੈ ਜਿਸ ਦਾ ਵਿਸਥਾਰ ਨਾਲ ਵਰਣਨ ਅੱਗੇ ਕਰਦੇ ਹਾਂ:

ਲੋਕਧਾਰਾਈ ਸਾਮਗ੍ਰੀ ਦੀ ਸਾਹਿਤ ਨੂੰ ਦੇਣ

ਸਾਹਿਤ ਵਿਚ ਲੋਕ ਸਾਹਿਤ ਦੇ ਬਹੁਤ ਸਾਰੇ ਤੱਤ ਉਸ ਨੂੰ ਪ੍ਰਭਾਵਿਤ ਕਰਦੇ ਹਨ। ਸਾਹਿਤ ਦੇ ਵਿਭਿੰਨ ਰੂਪ, ਮੁੱਢਲੀਆਂ ਕਾਵਿ ਸ਼ੈਲੀਆਂ, ਕਾਵਿ ਦੇ ਬੁਨਿਆਦੀ ਤੱਤ, ਲੈਅ, ਤਾਲ, ਛੰਦ ਤੇ ਅਲੰਕਾਰ ਆਦਿ ਸਭ ਲੋਕਧਾਰਾ ਵਿਚੋਂ ਉਪਜੇ ਹਨ। ਸਤੇਂਦ੍ਰ ਦਾ ਵਿਚਾਰ ਹੈ ਕਿ ਵਿਸ਼ਿਸ਼ਟ ਸਾਹਿਤ ਦੀ ਸਿਰਜਨਾ ਵਿਚ ਲੋਕਧਾਰਾ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਰੇ ਖੇਤਰਾਂ ਵਿਚੋਂ ਲੋਕ ਸਾਹਿਤ ਦੇ ਭਿੰਨ ਭਿੰਨ ਅੰਗਾਂ ਦਾ ਭਾਗ ਸਭ ਨਾਲੋਂ ਵਧੇਰੇ ਪ੍ਰਗਟ ਹੁੰਦਾ ਹੈ। ਲੋਕ ਸਾਹਿਤ ਵਿਸ਼ਿਸਟ ਸਾਹਿਤ ਦੀ ਸਿਰਜਨਾ ਲਈ ਸ੍ਰੋਤ ਦਾ ਕੰਮ ਦੇਂਦਾ ਹੈ ਅਤੇ ਸਾਹਿਤਕਾਰ ਇਸ ਦੇ ਵਸਤੂ ਤੋਂ ਪ੍ਰਤੀਕ ਲੈ ਕੇ ਉਸ ਨੂੰ ਸਾਹਿਤ ਰਚਨਾ ਦਾ ਆਧਾਰ ਬਣਾਉਂਦੇ ਹਨ।[23] ਸਾਡੇ ਬਹੁਤ ਸਾਰੇ ਸਾਹਿਤਕਾਰ ਲੋਕ ਸਾਹਿਤ ਦੀ ਸਾਮਗ੍ਰੀ ਦੀ ਵਰਤੋਂ ਕਰਦੇ ਹਨ। ਗੁਰੂ ਨਾਨਕ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ, ਗੋਰਕੀ, ਮਹਾਤਮਾ ਟੈਗੋਰ ਆਦਿ ਨੇ ਇਸ ਸਾਮਗ੍ਰੀ ਦੀ ਵਰਤੋਂ ਕੀਤੀ ਹੈ। ਕਾਵਿ ਰੂਪਾਂ ਦੀ ਉਤਪਤੀ ਹਮੇਸ਼ਾਂ ਲੋਕਧਾਰਾ ਵਿਚੋਂ ਹੁੰਦੀ ਆਈ ਹੈ। ਮੱਧਕਾਲੀ ਕਾਵਿ ਦਾ ਚਰਿਤ੍ਰ ਲੋਕ ਕਾਵਿ ਨਾਲ ਮਿਲਣਾਂ ਤਾਂ ਸੁਭਾਵਕ ਹੀ ਸੀ, ਆਧੁਨਿਕ ਵਿਚਾਰਾਂ ਨੂੰ ਵੀ ਕਈ ਕਵੀਆਂ ਨੇ ਲੋਕ ਕਾਵਿ ਰੂਪਾਂ ਵਿਚ ਪੇਸ਼ ਕੀਤਾ ਹੈ।

ਲੋਕ ਕਲਾ ਦੇ ਤੱਤ ਵਿਸ਼ਿਸ਼ਟ ਸਾਹਿਤ ਵਿਚ ਪਾਏ ਜਾਂਦੇ ਹਨ। ਵਿਸ਼ਿਸ਼ਟ ਸਾਹਿਤ ਨੂੰ ਪ੍ਰਭਾਵਿਤ ਕਰਨ ਵਿਚ ਲੋਕ ਸੰਗੀਤ ਦੀਆਂ ਧੁਨੀਆਂ, ਤਰਜ਼ਾਂ ਅਤੇ ਧਾਰਣਾਵਾਂ, ਲੋਕ ਚਿਤ੍ਰਾਂ ਦੇ ਪ੍ਰਤੀਕ, ਲੋਕ ਨਾਚ ਅਤੇ ਲੋਕ ਨਾਟਕਾਂ ਦੀਆਂ ਰੂੜ੍ਹੀਆਂ ਹਿੱਸਾ ਪਾਉਂਦੀਆਂ ਹਨ।

ਸਾਹਿਤ ਨੂੰ ਸਮਾਜ ਦਾ ਦਰਪਣ ਆਖਿਆ ਗਿਆ ਹੈ। ਸਾਹਿਤ ਦਾ ਜੀਵਨ ਨਾਲ ਬਹੁਤ ਨੇੜੇ ਦਾ ਸੰਬੰਧ ਹੈ। ਇਸ ਕਾਰਨ ਕੋਈ ਵੀ ਲੇਖਕ ਲੋਕਧਾਰਾ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਦਾ। ਕਿਸੇ ਵੀ ਸਾਹਿਤਕਾਰ ਨੂੰ ਜਦ ਵੀ ਜਨਤਾ ਦੇ ਨੇੜੇ ਜਾਣ ਦੀ ਲੋੜ ਪਈ ਉਸ ਦੀਆਂ ਕਲਾ ਕਿਰਤਾਂ ਵਿਚ ਸਹਿਜ ਸੁਭਾਅ ਲੋਕਧਾਰਾਈ ਸਾਮਗ੍ਰੀ ਵਰਤੀ ਗਈ। ਸਾਹਿਤ ਵਿਚ ਲੋਕ ਵਿਸ਼ਵਾਸਾਂ, ਰੀਤੀ ਰਿਵਾਜਾਂ, ਵਹਿਮ ਭਰਮ, ਸ਼ਗਨ-ਅਪਸ਼ਗਨ ਆਦਿ ਦੀ ਵਰਤੋਂ ਕੀਤੀ ਮਿਲਦੀ ਹੈ। ਸਾਡੇ ਮੱਧਕਾਲੀਨ ਸਾਹਿਤ ਦੀਆਂ ਮੁੱਖ ਧਾਰਾਵਾਂ ਕਿੱਸਾ ਕਾਵਿ, ਸੂਫ਼ੀ ਕਾਵਿ, ਗੁਰਮਤਿ ਕਾਵਿ ਵਿਚ ਲੋਕਧਾਰਾਈ ਤੱਤਾਂ ਦਾ ਅਥਾਹ ਭੰਡਾਰ ਹੈ। ਹਰ ਵਿਸ਼ਵਾਸ ਆਪਣੇ ਆਪ ਵਿਚ ਲੋਕ ਤੱਤ ਹੈ।

ਸਾਹਿਤ ਵਿਚ ਲੋਕ ਜੀਵਨ ਨਾਲ ਸੰਬੰਧ ਕੰਮ ਧੰਦੇ, ਮਨੋਰੰਜਨ, ਲੋਕ ਬੋਲੀ ਆਦਿ ਦਾ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਉਲੇਖ ਕੀਤਾ ਹੈ।

ਲੋਕਧਾਰਾਈ ਸਾਮਗ੍ਰੀ ਨੇ ਸਾਹਿਤ ਦੀ ਸਿਰਜਨਾ ਵਿਚ ਅਦੁੱਤੀ ਯੋਗਦਾਨ ਪਾਇਆ ਹੈ ਅਤੇ ਪਾ ਰਿਹਾ ਹੈ। ਕੋਈ ਵੀ ਸਾਹਿਤਕਾਰ ਆਪਣੀ ਰਚਨਾ ਲੋਕਧਾਰਾ ਦੀ ਸਾਮਗ੍ਰੀ ਤੋਂ ਬਿਨਾਂ ਸੰਪੂਰਨ ਅਤੇ ਪ੍ਰਭਾਵਸ਼ਾਲੀ ਨਹੀਂ ਬਣਾ ਸਕਦਾ। ਹਰ ਸਮੇਂ ਸਾਹਿਤ ਵਿਚ ਲੋਕਧਾਰਾ ਦਾ ਸੰਚਾਰ ਉਸੇ ਰੂਪ ਵਿਚ ਮਿਲਦਾ ਹੈ ਜਿਵੇਂ ਬਜ਼ੁਰਗਾਂ ਦਾ ਖ਼ੂਨ ਉਨ੍ਹਾਂ ਦੀ ਔਲਾਦ ਵਿਚ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਵਿਚ ਲੋਕਧਾਰਾਈ ਸਾਮਗ੍ਰੀ ਦੀ ਵਰਤੋਂ

ਹੁਣ ਸਮੱਸਿਆ ਇਹ ਪੈਦਾ ਹੁੰਦੀ ਹੈ ਕਿ ਸਾਹਿਤਕਾਰ ਲੋਕਧਾਰਾਈ ਸਾਮਗ੍ਰੀ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਕਿਵੇਂ ਕਰੇ? ਇਸ ਸੰਬੰਧੀ ਪੱਛਮੀ ਵਿਦਵਾਨਾਂ ਦੀ ਰਾਇ ਵੱਖ ਵੱਖ ਹੈ।[24] ਹੌਟਮੈਨ ਨੇ ਲੋਕ ਤੱਤਾਂ ਨੂੰ ਸਾਹਿਤ ਵਿਚ ਵਰਤਣ ਦੇ ਤਿੰਨ ਢੰਗ ਦਰਸਾਏ ਹਨ:

1. ਉਸ ਦਾ ਉਦੇਸ਼ ਅਤੇ ਰੂਪ ਉਸੇ ਪ੍ਰਕਾਰ ਰਹੇ।
2. ਪਰੰਪਰਾਗਤ ਰੂਪ ਸਥਾਈ ਰਹੇ, ਇਸ ਦਾ ਕਰੱਤਵ ਜ਼ਬਾਨੀ ਰੂਪ ਭਾਵੇਂ ਖ਼ਤਮ ਹੋ ਚੁੱਕਾ ਹੋਵੇ।
3. ਰੂਪ ਬਦਲ ਕੇ ਅੰਤਰਮੁਖੀ ਭਾਵ ਨੂੰ ਪ੍ਰਸਤੁਤ ਕਰੇ।

ਕਰਨੈਲ ਸਿੰਘ ਥਿੰਦ[25] ਨੇ ਬੈਨਿਟ ਦੇ ਦਸੇ ਢੰਗਾਂ ਵਿਚ ਸੋਧ ਕਰਕੇ ਲੋਕਧਾਰਾਈ ਸਾਮਗ੍ਰੀ ਦੀ ਵਰਤੋਂ ਸੰਬੰਧੀ ਹੇਠ ਲਿਖੇ ਢੰਗ ਨਿਸ਼ਚਿਤ ਕੀਤੇ ਹਨ:

1. ਸਿੱਧੇ ਰੂਪ ਵਿਚ ਪ੍ਰਯੋਗ
2. ਬਦਲਵੇਂ ਰੂਪ ਵਿਚ ਵਰਤੋਂ।
3. ਸੰਕੇਤ ਅਥਵਾ ਪ੍ਰਤੀਕ ਰੂਪ ਵਿਚ ਉਲੇਖ।
4. ਲੋਕ ਰੂੜ੍ਹੀਆਂ ਦੀ ਵਰਤੋਂ।

1. ਸਿੱਧੇ ਰੂਪ ਵਿਚ ਪ੍ਰਯੋਗ

ਲੋਕਧਾਰਾਈ ਸਾਮਗ੍ਰੀ ਦਾ ਸਿੱਧੇ ਰੂਪ ਵਿਚ ਪ੍ਰਯੋਗ ਕੀਤਾ ਜਾ ਸਕਦਾ ਹੈ, ਜਦੋਂ ਸਾਹਿਤਕਾਰ ਸਾਮੂਹਿਕ ਗਿਆਨ ਜੋ ਉਸ ਨੇ ਸਮਾਜ, ਸਭਿਆਚਾਰ, ਭੂਗੋਲ ਜਾਂ ਕੰਮ ਧੰਧਿਆਂ ਦੁਆਰਾ ਪ੍ਰਾਪਤ ਕੀਤਾ ਹੈ, ਨੂੰ ਆਪਣੀਆਂ ਰਚਨਾਵਾਂ ਫਿਰ ਸ਼ਾਮਿਲ ਕਰ ਲੈਂਦਾ ਹੈ। ਉਦਾਹਰਣ ਵਜੋਂ ਦੇਵ ਕਥਾ ਦੇ ਪਲਾਟ, ਘਟਨਾਵਾਂ ਅਤੇ ਪਾਤਰ ਸਿਧੇ ਰੂਪ ਵਿਚ ਸਾਹਿਤਕ ਰਚਨਾਵਾਂ ਦਾ ਆਧਾਰ ਬਣਦੇ ਹਨ। ਇਸੇ ਤਰ੍ਹਾਂ ਲੋਕ ਵਿਸ਼ਵਾਸ, ਰਸਮ ਰਿਵਾਜ, ਮੁਹਾਵਰੇ ਅਤੇ ਅਖੌਤਾਂ ਆਦਿ ਬਿਨਾਂ ਕਿਸੇ ਤਬਦੀਲੀ ਦੇ ਸਾਹਿਤਕਾਰਾਂ ਦੀਆਂ ਸਾਹਿਤਕ ਰਚਨਾਵਾਂ ਵਿਚ ਆਉਂਦੇ ਹਨ। ਗੁਰੂ ਗੋਬਿੰਦ ਸਿੰਘ ਦੀ 'ਚੰਡੀ ਦੀ ਵਾਰ' ਵਿਚ ਦੇਵੀ, ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਦਾ ਵਰਣਨ ਇਸ ਦੀ ਇਕ ਮਿਸਾਲ ਹੈ। ਲੋਕਧਾਰਾ ਸਾਮਗ੍ਰੀ ਦੀ ਵਰਤੋਂ ਜਦੋਂ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਕਰਦਾ ਹੈ ਤਾਂ ਇਸ ਨੂੰ ਨਕਲ ਨਹੀਂ ਆਖਿਆ ਜਾ ਸਕਦਾ, ਕਿਉਂਕਿ ਸਾਹਿਤਕਾਰ ਵੀ ਲੋਕ ਸਮੂਹ ਦਾ ਇਕ ਅੰਗ ਹੈ ਅਤੇ ਲੋਕਧਾਰਾਈ ਸਾਮਗ੍ਰੀ ਲੋਕ ਸਮੂਹ ਦਾ ਵਿਰਸਾ ਹੈ। ਸਾਹਿਤਕਾਰ ਦੀ ਸ਼ਖ਼ਸੀਅਤ ਦਾ ਪ੍ਰਭਾਵ ਅਜੇਹੀਆਂ ਰਚਨਾਵਾਂ ਤੇ ਸਪਸ਼ਟ ਦਿਖਾਈ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਬਦਲਵੇਂ ਰੂਪ ਵਿਚ ਵਰਤੋਂ

ਸਾਹਿਤਕਾਰ ਲੋਕਧਾਰਾਈ ਸਾਮਗ੍ਰੀ ਦਾ ਨਵੀਨੀਕਰਨ ਕਰਕੇ ਇਸ ਦੀ ਵਰਤੋਂ ਆਪਣੀਆਂ ਰਚਨਾਵਾਂ ਵਿਚ ਕਰਦਾ ਹੈ। ਉਹ ਪਲਾਟ, ਘਟਨਾਵਾਂ ਅਤੇ ਪਾਤਰਾਂ ਵਿਚ ਥੋੜ੍ਹੀ ਤਬਦੀਲੀ ਕਰਕੇ ਆਪਣੀ ਵਿਅਕਤੀਗਤ ਛੋਹ ਨਾਲ ਇਸ ਨੂੰ ਨਵਾਂ ਰੂਪ ਦੇ ਦਿੰਦਾ ਹੈ। ਪੰਜਾਬੀ ਕਿੱਸਾ ਕਾਵਿ ਦੇ ਪਲਾਟ ਪੰਜਾਬ ਦੀਆਂ ਲੋਕ ਗਾਥਾਵਾਂ ਹੀਰ ਰਾਂਝਾ, ਸੱਸੀ ਪੰਨੂੰ, ਮਿਰਜ਼ਾ ਸਾਹਿਬਾਂ ਆਦਿਕ ਵਿਚੋਂ ਲਏ ਗਏ ਹਨ। ਪਰ ਕਿੱਸਾਕਾਰਾਂ ਨੇ ਆਪਣੀਆਂ ਵਿਅਕਤੀਗਤ ਪ੍ਰਤਿਭਾ ਨਾਲ ਇਨ੍ਹਾਂ ਵਿਚ ਤਬਦੀਲੀਆਂ ਕਰਕੇ ਇਨ੍ਹਾਂ ਨੂੰ ਨਵਾਂ ਰੂਪ ਦਿੱਤਾ ਹੈ। ਇਸੇ ਤਰ੍ਹਾਂ ਰਾਮਾਇਣ ਅਤੇ ਮਹਾਂ ਭਾਰਤ ਦੀ ਮੂਲ ਕਹਾਣੀ ਲੋਕਧਾਰਾ ਵਿਚੋਂ ਲਈ ਗਈ ਹੈ ਜਿਸ ਨੂੰ ਵੱਖਰੇ ਵੱਖਰੇ ਸਾਹਿਤਕਾਰਾਂ ਨੇ ਆਪਣੀ ਪ੍ਰਤਿਭਾ ਨਾਲ ਵੱਖਰਾ ਵੱਖਰਾ ਰੂਪ ਦਿੱਤਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਵੀ ਸੰਤ ਸਿੰਘ ਨੇ ਨਾਟਕ 'ਕਲਾਕਾਰ' ਵਿਚ ਇੰਦਰ, ਚੰਦਰਮਾ, ਗੌਤਮ ਅਹੱਲਿਆ, ਆਦਿ ਪਾਤਰ ਦੇਵ-ਕਥਾਵਾਂ ਵਿਚੋਂ ਲਏ ਗਏ ਹੋਣ ਦੇ ਬਾਵਜੂਦ ਸਾਹਿਤਕਾਰ ਦੀ ਪ੍ਰਤਿਭਾ ਅਨੁਸਾਰ ਨਵੇਂ ਅਰਥ ਪ੍ਰਦਾਨ ਕਰਦੇ ਹਨ।

3. ਸੰਕੇਤ ਰੂਪ ਵਿਚ ਉਲੇਖ

ਸਾਡੇ ਸਾਹਿਤਕਾਰਾਂ ਨੇ ਬਹੁਤ ਸਾਰੀ ਲੋਕਧਾਰਾਈ ਸਾਮਗ੍ਰੀ ਦਾ ਉਲੇਖ ਸੰਕੇਤ ਰੂਪ ਵਿਚ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਜਿਥੇ ਕਿਤੇ ਰਚਨਾ ਪ੍ਰਕ੍ਰਿਆ ਵਿਚ ਇਕ ਖਿਆਲ ਕਿਸੇ ਦੂਜੇ ਵਿਚਾਰ ਲਈ ਪੇਸ਼ ਕੀਤਾ ਜਾਂਦਾ ਹੈ ਉਥੇ ਪ੍ਰਤੀਕਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਮਿਸਾਲ ਵਜੋਂ 'ਰਾਂਝਾ' ਹੀਰ ਦੇ ਆਸ਼ਕ ਦੇ ਰੂਪ ਵਿਚ ਆਧਾਰ ਤੱਥ ਹੈ, ਪਰੰਤੂ 'ਪਰਮਾਤਮਾ' ਦੇ ਰੂਪ ਵਿਚ ਇਸ ਦਾ ਉਪਯੋਗ ਇਸ ਦਾ ਗ੍ਰਹਿਤ ਰੂਪ ਹੈ। 'ਗੁਰੂ ਗ੍ਰੰਥ ਸਾਹਿਬ' ਵਿਚ ਪਿਤਾ, ਕੰਤ, ਮਿੱਤਰ, ਸਾਗਰ ਆਦਿ ਪ੍ਰਤੀਕਾਂ ਦਾ ਗ੍ਰਹਿਤ ਰੂਪ 'ਪਰਮਾਤਮਾ' ਹੈ। ਲੋਕ ਵਿਸ਼ਵਾਸਾਂ, ਰਸਮਾਂ ਰਿਵਾਜਾਂ, ਸ਼ਗਨਾਂ ਤੇ ਅਪਸ਼ਗਨਾਂ ਦਾ ਸੰਕੇਤਾਂ ਦੀ ਦ੍ਰਿਸ਼ਟੀ ਤੋਂ ਖਾਸ ਮਹੱਤਵ ਹੈ। ਲੋਕਧਾਰਾ ਸਾਮਗ੍ਰੀ ਵਿਚੋਂ ਲਏ ਗਏ ਪ੍ਰਤੀਕਾਂ ਨੂੰ ਲੇਖਕ ਆਪਣੀ ਅੰਤਰਮੁਖੀ ਭਾਵਨਾ ਨੂੰ ਪ੍ਰਗਟਾਉਣ ਲਈ ਵਰਤਦੇ ਹਨ।

4. ਲੋਕ ਰੂੜ੍ਹੀਆਂ ਦੀ ਵਰਤੋਂ

ਸਾਹਿਤਕਾਰ ਲੋਕਧਾਰਾ ਸਾਮਗ੍ਰੀ ਦੀ ਵਰਤੋਂ ਲੋਕ ਰੂੜ੍ਹੀਆਂ ਰਾਹੀਂ ਵੀ ਕਰਦੇ ਹਨ। ਜਿਵੇਂ ਗੁਰਮਤਿ ਕਾਵਿ ਵਿਚ ਗੁਰੂ ਸਾਹਿਬਾਨ ਵਲੋਂ ਵਰਤੀਆਂ ਗਈਆਂ ਲੋਕ ਰੂੜ੍ਹੀਆਂ ਤੇ ਲੋਕ ਕਾਵਿ ਦੀ ਵਰਤੋਂ ਗੁਰਮਤਿ ਸਾਹਿਤ ਨੂੰ ਆਮ ਲੋਕਾਂ ਵਿਚ ਮਕਬੂਲ ਕਰਦੀ ਹੈ। ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਬਹੁਤ ਸਾਰੀਆਂ ਲੋਕ ਰੂੜ੍ਹੀਆਂ ਦੀ ਵਰਤੋਂ ਕੀਤੀ ਮਿਲਦੀ ਹੈ, ਜਿਵੇਂ ਮਤਰੇਈ ਮਾਂ, ਜ਼ਾਲਮ ਸੱਸ, 12 ਸਾਲ, 360 ਸਹੇਲੀਆਂ, ਜਾਦੂ ਦੀ ਟੋਪੀ, ਹੁਸੀਨ ਪਰੀਆਂ, ਪਸ਼ੂ ਪੰਛੀਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲਣਾ ਆਦਿ। ਗੰਗਾ, ਜਮਨਾ, ਰਾਮ, ਕ੍ਰਿਸ਼ਨ ਆਦਿ ਧਾਰਮਿਕ ਮਰਯਾਦਾ ਤੋਂ ਉਤਪੰਨ ਰੂੜ੍ਹੀਆਂ ਹਨ।

ਸਾਹਿਤ ਵਿਚ ਲੋਕਧਾਰਾਈ ਸਾਮਗ੍ਰੀ ਦੀ ਵਰਤੋਂ ਪ੍ਰਾਚੀਨਤਾ ਦਾ ਨਵੀਨੀਕਰਨ ਕਰਦੀ ਹੈ। ਗੁਰੂ ਸਾਹਿਬਾਨ ਅਤੇ ਕਿੱਸਾਕਾਰਾਂ ਨੇ ਅਜਿਹੇ ਨਵੀਨੀਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਪੁਰਾਣੇ ਕਥਾਨਕ ਲੈ ਕੇ ਉਨ੍ਹਾਂ ਵਿਚ ਨਵੀਨਤਾ ਲਿਆਂਦੀ ਹੈ। ਵਿਸ਼ਿਸ਼ਟ ਸਾਹਿਤ ਅਤੇ ਲੋਕ ਸਾਹਿਤ ਵਿਚ ਭਾਵੇਂ ਕਾਫ਼ੀ ਸਾਂਝ ਹੈ ਪਰ ਇਨ੍ਹਾਂ ਵਿਚ ਵਿਸ਼ੇ ਅਤੇ ਸ਼ੈਲੀ ਪੱਖੋਂ ਵੱਖਰਤਾ ਹੈ। ਆਰਚਰ ਟੇਲਰ ਦੇ ਵਿਚਾਰ ਅਨੁਸਾਰ, ''ਜਿਥੇ ਲੋਕਧਾਰਾ (ਲੋਕ ਸਾਹਿਤ) ਰਵਾਇਤੀ, ਰੂੜ੍ਹੀਵਾਦੀ ਵਿਸ਼ਿਆਂ ਅਤੇ ਢੰਗਾਂ ਦੀ ਵਰਤੋਂ ਕਰਦਾ ਹੈ, ਉਥੇ (ਵਿਸ਼ਿਸ਼ਟ) ਸਾਹਿਤ ਰੂਪ ਅਤੇ ਵਿਸ਼ੇ ਦੁਆਰਾ ਮਰਯਾਦਾ ਨੂੰ ਲਾਹ ਦੇਣ ਦੀ ਕੋਸ਼ਿਸ਼ ਕਰਦਾ ਹੈ।''[26]

ਨਿਰਸੰਦੇਹ ਲੋਕਧਾਰਾ ਅਤੇ ਸਾਹਿਤ ਵਿਚ ਅਟੁੱਟ ਸੰਬੰਧ ਹਨ। ਲੋਕਧਾਰਾ ਹਰ ਸਮੇਂ ਭਾਸ਼ਾ ਅਤੇ ਸਾਹਿਤ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਭਾਵਿਤ ਕਰਦਾ ਆਈ ਹੈ। ਇਸ ਤੋਂ ਸਪਸ਼ੱਟ ਹੁੰਦਾ ਹੈ ਕਿ ਕੋਈ ਵੀ ਸਾਹਿਤ ਲੋਕਧਾਰਾਈ ਸਾਮਗ੍ਰੀ ਦੀ ਵਰਤੋਂ ਕੀਤੇ ਬਗ਼ੈਰ ਅਧੂਰਾ ਹੈ।

ਲੋਕਧਾਰਾ ਦੀ ਸਾਮਗ੍ਰੀ ਨੂੰ ਸਾਹਿਤ ਵਿਚ ਵਰਤਣ ਦੀ ਵਿਧੀ, ਸੁਚੇਤ ਅਤੇ ਅਚੇਤ ਰੂਪ ਦੋਹਾਂ ਹਾਲਤਾਂ ਵਿਚ ਕੀਤੀ ਜਾਂਦੀ ਹੈ। ਸਾਹਿਤਕਾਰ ਲੋਕਧਾਰਾ ਦੀ ਵਰਤੋਂ ਸਾਹਿਤ ਵਿਚ ਨਵੇਂ ਸੰਦਰਭ ਵਿਚ ਕਰਦਾ ਹੈ ਨਾ ਕਿ ਸਿਰਫ ਪੁਰਾਣੀ ਚੀਜ਼ ਉਤੇ ਨਵਾਂ ਲੇਬਲ ਲਾਉਂਦਾ ਹੈ। ਕਿੱਸਾਕਾਰਾਂ, ਸੂਫ਼ੀ ਕਵੀਆਂ, ਗੁਰੂ ਸਾਹਿਬਾਨ ਨੇ ਪੁਰਾਣੇ ਕਾਵਿ ਰੂਪਾਂ ਵਿਚ ਨਵੇਂ ਵਿਸ਼ੈ ਅਤੇ ਵਿਚਾਰਾਂ ਨੂੰ ਪ੍ਰਸਤੁਤ ਕੀਤਾ ਹੈ। ਲੋਕਧਾਰਾ ਹਰ ਸਮੇਂ ਅਤੇ ਹਰ ਭਾਸ਼ਾ ਤੇ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕਰਦੀ ਰਹੀ ਹੈ। ਹਰ ਸਾਹਿਤ ਦੀਆਂ ਜਨ-ਪ੍ਰਿਅ ਰਚਨਾਵਾਂ ਲੋਕਧਾਰਾ ਤੋਂ ਪ੍ਰਭਾਵਿਤ ਹੋਈਆਂ ਹਨ ਜਿਵੇਂ ਮਹਾਭਾਰਤ, ਰਮਾਇਣ, ਯੂਨਾਨੀ ਰਚਨਾ 'ਇਲੀਅਡ' ਆਦਿ। ਦੁਨੀਆਂ ਦੀ ਕਿਸੇ ਵੀ ਬੋਲੀ ਦਾ ਸਾਹਿਤ ਲੋਕਧਾਰਾਈ ਸਾਮਗ੍ਰੀ ਲਏ ਬਿਨਾਂ ਲੋਕਾਂ ਵਿਚ ਏਨਾਂ ਮਕਬੂਲ ਤੇ ਪ੍ਰਸਿੱਧ ਨਹੀਂ ਹੋ ਸਕਦਾ। ਹਰ ਸਾਹਿਤਕਾਰ ਆਪਣੇ ਦੇਸ਼ ਦੀ ਲੋਕਧਾਰਾ ਦਾ ਅਭਾਰੀ ਹੈ।

(ਸ) ਲੋਕਧਾਰਾ ਅਤੇ ਸਭਿਆਚਾਰ

ਲੋਕਧਾਰਾ ਦਾ ਇਕ ਮੁੱਖ ਪੱਖ ਸਭਿਆਚਾਰ ਹੈ। ਲੋਕਧਾਰਾ ਵਿਚ ਲੋਕ ਸਭਿਆਚਾਰ ਤੇ ਪ੍ਰਾਚੀਨ ਸਭਿਆਚਾਰ ਦੇ ਪੱਖ ਮੌਜੂਦ ਹੁੰਦੇ ਹਨ। ਲੋਕ ਸਭਿਆਚਾਰ ਲੋਕ ਜੀਵਨ ਦਾ ਦਰਪਣ ਹੈ। ਲੋਕਧਾਰਾ ਸਾਨੂੰ ਉਨ੍ਹਾਂ ਪਰੰਪਰਾਵਾਂ ਨਾਲ ਜੋੜਦੀ ਹੈ, ਜੋ ਸਦੀਆਂ ਤੋਂ ਸਾਡੇ ਜੀਵਨ ਵਿਚੋਂ ਉਮਾਹ ਵਾਂਗ ਫੁੱਟਦੀਆਂ ਹਨ। ਇਸ ਵਿਚ ਕਿਸੇ ਜਾਤੀ ਦਾ ਸਭਿਆਚਾਰ, ਮੂਲ ਪ੍ਰਵਿਰਤੀਆਂ, ਸਮਾਜਕ ਪਰਪੰਚ ਤੇ ਜਾਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਰਿਤਰ ਪੂਰੀ ਤਰ੍ਹਾਂ ਚਿਤਰਿਤ ਹੁੰਦਾ ਹੈ। ਪੰਜਾਬੀ ਸਭਿਆਚਾਰ ਮੂਲ ਤੌਰ ਤੇ ਕੁਝ ਕੁ ਲੋਕ ਸੰਸਕ੍ਰਿਤੀਆਂ ਦਾ ਹੀ ਸਮੂਹ ਹੈ। ਇਨ੍ਹਾਂ ਦੇ ਆਪਸੀ ਸੰਬੰਧ ਕਾਰਨ ਜਿਥੇ ਮਾਨਵ ਵਿਗਿਆਨੀ ਲੋਕਧਾਰਾ ਨੂੰ ਮਨੁੱਖੀ ਸਭਿਆਚਾਰ ਦਾ ਅੰਗ ਸਮਝਦੇ ਹਨ ਉਥੇ ਲੋਕਧਾਰਾ-ਸ਼ਾਸਤ੍ਰੀ, ਲੋਕ-ਸਭਿਆਚਾਰ ਨੂੰ ਲੋਕਧਾਰਾ ਦਾ ਇਕ ਵਿਸ਼ੇਸ਼ ਤੱਤ ਮੰਨਦੇ ਹਨ।

ਸਭਿਆਚਾਰ ਦੇ ਸੰਬੰਧ ਵਿਚ ਲੋਕਧਾਰਾ ਦੇ ਮਹੱਤਵ ਦਾ ਵਰਣਨ ਕਰਦੇ ਕ੍ਰਨੈਲ ਸਿੰਘ ਥਿੰਦ 'ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ' ਦੇ ਹਵਾਲੇ ਨਾਲ ਲਿਖਦਾ ਹੈ, ''ਲੋਕਯਾਨ ਸ਼ਾਸਤ੍ਰ ਪ੍ਰਾਪਤ ਸਾਮਗ੍ਰੀ ਦੀ ਖੋਜ ਰਾਹੀਂ ਮਨੁੱਖੀ ਸੰਸਕ੍ਰਿਤੀ ਦਾ ਇਤਿਹਾਸ ਰੂਪਮਾਨ ਕਰਦਾ ਹੈ, ਜਿਹੜਾ ਲੋਕਮਾਨਸ ਦੀ ਸਾਮੂਹਿਕ ਭਾਵਨਾ ਵਿਚੋਂ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਲੋਕਯਾਨ ਸਮਾਜ ਵਿਗਿਆਨ ਦੇ ਖੇਤਰ ਵਿਚ ਲੋਕ ਚਿੱਤ ਅਤੇ ਅਭਿਆਸ ਨਾਲ ਸੰਬੰਧਿਤ ਇਕ ਅਜਿਹਾ ਸ਼ਾਸਤ੍ਰ ਹੈ ਜੋ ਸਭਿਅਤਾ ਅਤੇ ਇਤਿਹਾਸ ਦਾ ਅਧਿਐਨ ਵੀ ਕਰਦਾ ਹੈ ਤੇ ਵਿਆਖਿਆ ਵੀ''[27]। ਇਸੇ ਕਾਰਨ ਪ੍ਰਸਿੱਧ ਲੋਕਧਾਰਾ ਸ਼ਾਸਤ੍ਰੀ ਏ. ਐਚ.ਕੂਪੇ ''ਲੋਕਧਾਰਾ ਨੂੰ ਇਕ ਇਤਿਹਾਸਕ ਵਿਗਿਆਨ ਮੰਨਦਾ ਹੈ, ਕਿਉਂ ਜੋ ਇਸ ਦੀ ਵੱਡੀ ਦੇਣ ਮਨੁੱਖੀ ਜੀਵਨ ਦੀ ਵਿਆਖਿਆ ਅਤੇ ਇਤਿਹਾਸ ਦੀ ਜਾਣਕਾਰੀ ਹੈ।''[28]

ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੀਆਂ ਮੂਲ ਧਾਰਨਾਵਾਂ ਨੂੰ ਇਥੋਂ ਦੀਆਂ ਭੂਗੋਲਿਕ ਅਤੇ ਭੌਤਿਕ ਵਿਸ਼ੇਸ਼ਤਾਵਾਂ ਪ੍ਰਭਾਵਿਤ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਪੰਜਾਬ ਖੇਤੀ ਪ੍ਰਧਾਨ ਖਿਤਾ ਹੈ। ਪਰ ਸਿੰਚਾਈ ਦੀਆਂ ਜ਼ਿਆਦਾ ਸਹੂਲਤਾਂ ਦੇ ਨਾ ਹੋਣ ਕਾਰਨ ਬਹੁਤੇ ਹਿੱਸੇ ਵਿਚ ਮਾਰੂ ਖੇਤੀ ਹੀ ਹੁੰਦੀ ਰਹੀ ਹੈ। ਇਸ ਲਈ ਪੰਜਾਬ ਦੀ ਲੋਕਧਾਰਾ ਵਿਚ ਖੁਸ਼ਕੀ ਪੌਂਦਿਆਂ ਦਾ ਵਧੇਰੇ ਵਰਣਨ ਹੈ। ਬਹੁਤ ਸਾਰੀਆਂ ਲੋਕ ਕਹਾਣੀਆਂ, ਲੋਕ ਗੀਤ, ਅਖੌਤਾਂ, ਬਦਲਾਂ ਨਾਲ ਸੰਬੰਧਿਤ ਹਨ। ਮਿਸਾਲ ਵਜੋਂ, 'ਧਰਤੀ ਘੁੰਗਟਾ ਓੜ ਤਰਲੇ ਕਰ ਰਹੀ, ਵਰਸ ਕਦੇ ਤਾਂ ਬੱਦਲਾਂ 'ਚ, ਮੈਂ ਮਰ ਰਹੀ' ਦੇ ਅਖਾਣ ਅਨੁਸਾਰ ਧਰਤੀ ਦੀ ਤ੍ਰਿਪਤੀ ਕੇਵਲ ਸਾਉਣ ਦੇ ਮਹੀਨੇ ਹੀ ਹੁੰਦੀ ਹੈ। ਉਸ ਸਮੇਂ ਜ਼ਮੀਨ ਵਿਚ ਬੀਜੀ ਹਰ ਸ਼ੈਅ ਉਗ ਸਕਦੀ ਹੈ। ਕਈ ਵਾਰੀ ਵਧੇਰੇ ਵਰਖਾ ਫ਼ਸਲਾਂ ਦਾ ਨੁਕਸਾਨ ਕਰ ਦਿੰਦੀ ਹੈ। ਹੜ੍ਹਾਂ ਦੇ ਮਾਰੇ ਲੋਕਾਂ ਲਈ ਵਰਖਾ ਵਰ ਦੀ ਬਜਾਏ ਸਰਾਪ ਬਣ ਜਾਂਦੀ ਹੈ। ਅਜਿਹੀ ਹਾਲਤ ਵਿਚ ਜਦੋਂ ਅਸਮਾਨ ਤੇ ਮੁੜ ਬੱਦਲ ਛਾਉਂਦੇ ਹਨ ਤਾਂ ਸੂਝਵਾਨ ਕਿਰਸਾਨ ਇਸ ਨੂੰ ਨੁਕਸਾਨ ਦੇਹ ਮੰਨਦਾ ਹੈ। ਅਜਿਹੇ ਸਮੇਂ ਉਸ ਦੀ ਸੋਚਣੀ ਸੱਚ ਦੇ ਕਿਤਨੀ ਨੇੜੇ ਹੈ:

ਅਤਿ ਭਲਾ ਨਾ ਮੇਘਲਾ
ਅਤਿ ਭਲੀ ਨਾ ਧੁੱਪ
ਅਤਿ ਭਲਾ ਨਾ ਬੋਲਣਾ
ਅਤਿ ਭਲੀ ਨਾ ਚੁੱਪ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਖੇਤੀ ਬਾੜੀ ਨਾਲ ਸੰਬੰਧਿਤ ਅਨੇਕਾਂ ਲੋਕਾਂ ਅਖਾਣ ਹਨ ਜਿਵੇਂ:

1. ਕਣਕ ਕਮਾਦੀ, ਛੱਲੀਆਂ, ਹੋਰ ਜੋ ਖੇਤੀ ਕੁੱਲ।
   ਰੂੜੀ ਬਾਝ ਨਾ ਹੁੰਦੀਆਂ, ਤੂੰ ਨਾ ਜਾਈਂ ਭੁੱਲ।
2. ਤਿਲ ਵਿਰਲੇ ਜੌਂ ਸੰਘਣੇ, ਵਿਥੋ ਵਿਥ ਕਪਾਹ।
   ਲੇਫ ਦੀ ਬੁੱਕਲ ਮਾਰ ਕੇ, ਮੱਕੀ ਵਿਚ ਦੀ ਜਾਹ।
3. ਕਣਕ ਪਤਲੀ, ਤਿਲ ਸੰਘਣੇ, ਖੂਹ ਪੁਰਾਣੀ ਲੱਠ।
   ਮੁਢ ਪਵਾਏ ਖੇਤਰੀ, ਚਾਰੇ ਚੌੜ ਚਪੱਟ।

ਲੋਕਧਾਰਾ, ਸਭਿਆਚਾਰ ਦਾ ਹੀ ਇਕ ਚਲਦਾ ਫਿਰਦਾ ਰੂਪ ਹੈ ਅਤੇ ਇਸ ਦੇ ਅਧਿਐਨ ਰਾਹੀਂ ਲੋਕ ਜੀਵਨ ਦੇ ਸਭਿਆਚਾਰ ਬਾਰੇ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਇਸ ਦੇ ਮਿਥ ਅਤੇ ਧਰਮ ਪੱਖ ਵਿਚ ਸਾਨੂੰ ਲੋਕ ਸਮੂਹ ਦੀ ਸਮੁੱਚੀ ਜੀਵਨ ਸਥਿਤੀ ਅਤੇ ਇਸ ਜੀਵਨ ਸਥਿਤੀ ਤੇ ਉਸਰੀ ਮਨੋ-ਸਥਿਤੀ ਦੀ ਝਲਕ ਦਿੱਸ ਆਉਂਦੀ ਹੈ। ਲੋਕਧਾਰਾ ਸਭਿਆਚਾਰ ਦੇ ਵਿਸ਼ਾਲ ਖੇਤਰ ਵਿਚੋਂ ਆਪਣੀ ਸਾਮਗ੍ਰੀ ਦੀ ਚੋਣ ਕਰਦੀ ਹੈ। ਲੋਕ ਗੀਤ, ਲੋਕ ਨਾਚ, ਲੋਕ ਖੇਡਾਂ, ਲੋਕ ਤਮਾਸ਼ੇ, ਲੋਕ ਗਾਥਾਵਾਂ, ਦੰਤ ਕਥਾਵਾਂ ਆਦਿਕ ਸਾਮਗ੍ਰੀ ਲੋਕਯਾਨ ਦਾ ਕਾਰਜ ਖੇਤਰ ਬਣਦੀ ਹੈ। ਲੋਕ ਗੀਤਾਂ ਵਿਚ ਲੋਕਾਂ ਦਾ ਜੀਵਨ ਵਧੇਰੇ ਸੱਪਸ਼ਟ ਰੂਪ ਵਿਚ ਚਿਤਰਿਤ ਹੋਇਆ ਹੈ। ਲੋਕ ਗੀਤਾਂ ਦਾ ਮਹੱਤਾ ਦਾ ਵਰਣਨ ਕਰਦਾ ਵਣਜਾਰਾ ਬੇਦੀ ਲਿਖਦਾ ਹੈ, ''ਕਿਸੇ ਜਾਤੀ ਦੇ ਸਭਿਆਚਾਰ ਦੇ ਨੈਣ ਨਕਸ਼, ਉਸ ਦੀ ਰਹਿਤ ਬਹਿਤ, ਸੋਚਾਂ, ਮਨੌਤਾਂ ਅਤੇ ਵਿਵਹਾਰ ਆਪਣੇ ਸੱਚੇ ਸੁੱਚੇ ਰੂਪ ਵਿਚ ਲੋਕ ਗੀਤਾਂ ਵਿਚ ਉਭਰਦੀਆਂ ਸੁਰਾਂ ਦੀ ਕਿਸੇ ਜਾਤੀ ਦੇ ਅਚੇਤ ਮਨ ਦਾ ਸੰਸਕਾਰ ਬਣਦੀਆਂ ਹਨ। ਇਸ ਪੱਖੋਂ ਕਿਸੇ ਸਭਿਆਚਾਰ ਵਿਚ ਬਿਖਰੇ ਹਰ ਤਰ੍ਹਾਂ ਦੇ ਉਹ ਗੀਤ, ਭਾਵੇਂ ਉਹਨਾਂ ਵਿਚ ਸਾਹਿਤਿਕ ਰੰਗ ਪਤਲਾ ਹੋਵੇ ਜਾਂ ਸੰਘਣਾ-ਮਹੱਤਵ-ਪੂਰਨ ਭੂਮਿਕਾ ਨਿਭਾ ਰਹੇ ਹੁੰਦੇ ਹਨ। ਇਹ ਕਿਸੇ ਸਭਿਆਚਾਰ ਦੀ ਰੂੜ੍ਹੀ ਨੂੰ ਆਪਣੇ ਅੰਦਰ ਸਮੋਈ ਰਖਦੇ ਹਨ।''[29]

ਅਤੀਤ ਵਿਚ ਜੋ ਕੁਝ ਮਨੁੱਖ ਸੀ ਤਾਂ ਜੋ ਵਰਤਮਾਨ ਵਿਚ ਮਨੁੱਖ ਹੈ ਅਤੇ ਇਸ ਤੋਂ ਵੱਧ ਜੋ ਮਨੁੱਖ ਹੋਵੇਗਾ ਸਭ ਸਭਿਆਚਾਰ ਦੀ ਸਿਰਜਣਾ ਹੈ। ਵਿਅਕਤੀ ਅਤੇ ਸਭਿਆਚਾਰ ਦੀ ਹੋਂਦ ਸਮਅਰਥੀ ਹੈ। 'ਮਨੁੱਖ ਦੀ ਕਲਪਨਾ' ਸਭਿਆਚਾਰ ਤੋਂ ਬਿਨਾਂ ਕਲਪੀ ਹੀ ਨਹੀਂ ਜਾ ਸਕਦੀ। ਮਨੁੱਖ ਦੀ ਹਰ ਸਾਂਝ ਸਭਿਆਚਾਰ ਤੇ ਆਧਾਰਿਤ ਹੈ। ਇਸ ਲਈ ਲੋਕਧਾਰਾ ਦਾ ਯਥਾਰਥ ਪਿੜ ਕਿਸੇ ਸਮੂਹ ਦਾ ਸਭਿਆਚਾਰ ਹੀ ਹੁੰਦਾ ਹੈ। ਲੋਕ ਸਾਹਿਤ ਪਦਾਰਥਕ ਹਾਲਤਾਂ ਦੀ ਕੁੱਖ ਵਿਚੋਂ ਉਪਜੀ ਸਾਮੂਹਿਕ ਪ੍ਰਤਿਕਿਰਿਆ ਅਤੇ ਹੁੰਗਾਰੇ ਦਾ ਕਲਾਤਮਕ ਭਾਸ਼ਾਈ ਪ੍ਰਗਟਾ-ਮਾਧਿਅਮ ਹੋਣ ਕਰਕੇ ਇਸ ਵਿਚੋਂ ਲੋਕ ਸਮੂਹ ਦੀ ਸਹੀ ਯਥਾਰਥਕ, ਇਕਾਗਰ ਅਤੇ ਇਕ ਸੁਰ ਸਾਮੂਹਿਕ ਮਾਨਸਿਕਤਾ ਨੂੰ ਪਹਿਚਾਣਿਆ ਜਾ ਸਕਦਾ ਹੈ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ''ਲੋਕ ਸਾਹਿਤ ਦਾ ਅਧਿਐਨ ਵਿਸ਼ੇਸ਼ ਸਭਿਆਚਾਰ ਦੇ ਲੋਕ ਸਮੂਹ ਦੀ ਮਾਨਸਿਕ ਦਸ਼ਾ ਅਤੇ ਦਿਸ਼ਾ ਨੂੰ ਸਮਝਣ ਲਈ ਅਤਿਅੰਤ ਸਾਰਥਕ ਹੈ। ਲੋਕ ਮਨ ਦਾ ਸਦੀਵੀ ਮਨੁੱਖੀ ਸੰਕਟਾਂ ਲੋੜਾਂ, ਜਜ਼ਬਿਆਂ ਪ੍ਰਤਿ ਹੁੰਗਾਰਾ ਮਨੋ-ਕਲਪਣਾ, ਮੂਲ ਸਰੋਕਾਰ ਮਾਨਸਿਕ ਬਣਤਰ, ਮਨੋ ਅਵਸਥਾ ਦਾ ਮਨੋ-ਵਿਗਿਆਨਕ, ਵਿਸ਼ਲੇਸ਼ਣ ਅਤੇ ਮੁੱਲਾਂਕਣ ਲੋਕ-ਸਾਹਿਤ ਅਧਿਐਨ ਦੇ ਪ੍ਰਮੁੱਖ ਪਹਿਲੂ ਹਨ।''[30] ਕਈ ਵਾਰ ਤਾਂ ਇਕ ਹੀ ਲੋਕ ਗੀਤ ਵਿਚ ਸਭਿਆਚਾਰ ਨਾਲ ਜੁੜੇ ਬਹੁਤ ਸਾਰੇ ਪੱਖ ਚਿਤਰਿਤ ਹੁੰਦੇ ਵੇਖੇ ਹਨ। ਜਿਵੇਂ ਹੇਠ ਲਿੱਖੇ ਗੀਤ ਦੇ ਅਧਿਐਨ ਨਾਲ ਉਪਰੋਕਤ ਕਥਨ ਦੀ ਪੁਸ਼ਟੀ ਹੋ ਸਕੇਗੀ:

ਦਿਉਰ ਭਾਬੀਆਂ ਲੱਖ ਲੱਖ ਹੱਸਦੇ
ਕੀ ਗੋਲੀ ਸੀ ਮਾਰੀ।
ਜੇ ਹੱਸਦੇ ਨੇ ਕਰ ਲਈ ਮਸ਼ਕਰੀ
ਤੂੰ ਕੀ ਹੋ ਗਈ ਮਾੜੀ।
ਹਾੜੀ ਸੁਧੇ ਵੰਡਾ ਲਊ ਸਾਉਣੀ
ਭੋਂ ਵੰਡਾ ਲਊ ਸਾਰੀ।
ਫੇਰ ਵੰਡਾ ਲਊ ਟੁੰਬਾਂ ਛੱਲੇ
ਆਹ ਬੂਥਾ ਨਹੀਂ ਰਹਿਣਾ।
ਮੈਂ ਸਮਝਾ ਦੂੰਗਾ
ਤੂੰ ਕੀ ਬੋਲ ਕੇ ਲੈਣਾ।

ਉਪਰੋਕਤ ਗੀਤ ਵਿਚ ਪਤੀ ਆਪਣੀ ਪਤਨੀ ਨੂੰ ਸਮਝਾਉਂਦਾ ਹੈ ਕਿ ਜੇ ਉਸ ਦੇ ਦਿਉਰ ਨੇ ਮਸ਼ਕਰੀ ਕਰ ਲਈ ਤਾਂ ਕੋਈ ਅਲੋਕਾਰੀ ਗੱਲ ਨਹੀਂ ਹੋ ਗਈ। ਜੇ ਉਸ ਨਾਲ ਲੜਿਆ ਗਿਆ ਤਾਂ ਆਰਥਿਕ ਪੱਖ ਤੋਂ ਨੁਕਸਾਨ ਹੋ ਸਕਦਾ ਹੈ। ਉਹ ਜ਼ਮੀਨ ਵੰਡਾ ਲਵੇਗਾ ਤਾਂ ਉਹ ਇੱਕਲਾ ਘਰ ਦਾ ਆਰਥਿਕ ਬੋਝ ਨਹੀਂ ਝੱਲ ਸਕੇਗਾ। ਇਸ ਕਰਕੇ ਉਹ ਪਤਨੀ ਨੂੰ ਸਮਝਾਉਂਦਾ ਹੈ ਕਿ ਜਿਵੇਂ ਘਰ ਦੀ ਗੱਡੀ ਚਲਦੀ ਹੈ ਚਲਣ ਦੇਵੇ। ਇਸ ਤੋਂ ਇਕ ਗੱਲ ਹੋਰ ਸਪਸ਼ਟ ਹੁੰਦੀ ਹੈ ਕਿ ਘਰੇਲੂ ਆਰਥਕ ਹਾਲਤ ਨੂੰ ਸੰਤੁਲਨ ਵਿਚ ਰਖਣ ਲਈ ਉਹ ਉਸ ਨੂੰ ਦਿਉਰ ਦੇ ਅਸ਼ਲੀਲ ਮਜ਼ਾਕ ਨੂੰ ਸਹਿਨ ਕਰਨ ਦਾ ਇਸ਼ਾਰਾ ਕਰਦਾ ਹੈ। ਘਰ ਦਾ ਤੋਰਾ ਤੋਰਨ ਲਈ ਉਹ ਦਿਉਰ ਦੀਆਂ ਕਾਮੁਕ ਸ਼ਰਾਰਤਾਂ ਨੂੰ ਸਹਿਨ ਕਰਦੀ ਚਲੀ ਜਾਂਦੀ ਹੈ।

ਸਭਿਆਚਾਰ ਵਿਕਾਸਸ਼ੀਲ ਹੈ। ਇਸ ਵਿਚ ਕਦੇ ਖੜੋਤ ਨਹੀਂ ਆਉਂਦੀ। ਇਹ ਨਿਰੰਤਰ ਵਿਕਾਰ ਕਰ ਰਿਹਾ ਹੈ। ਗ਼ਲਤ ਨੂੰ ਛੱਡ ਕੇ ਠੀਕ ਨੂੰ ਚੁਣਨਾ, ਅਸਭਿਅਤਾ ਨੂੰ ਪਿੱਛੇ ਛੱਡ ਕੇ ਸਭਿਅਤਾ ਨੂੰ ਅਪਨਾਉਣਾ ਸਭਿਆਚਾਰ ਦਾ ਵਿਸ਼ੇਸ਼ ਲੱਛਣ ਹੈ। ਜੇ ਅਜਿਹਾ ਨਾ ਹੁੰਦਾ ਤਾਂ ਮਨੁੱਖੀ ਵਿਕਾਸ ਵਿਚ ਖੜੋਤ ਆ ਜਾਣੀ ਸੀ। ਇਸ ਲਈ ਸਾਨੂੰ ਸਭਿਆਚਾਰ ਅਤੇ ਲੋਕਧਾਰਾ ਦਾ ਸੰਕਲਨ ਕਰਨ ਸਮੇਂ ਪੈਮਾਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਮੂਹਿਕ ਮਨ ਦੇ ਵਰਤਣੇ ਚਾਹੀਦੇ ਹਨ। ਲੋਕ ਸਮੂਹ ਦਾ ਸੱਚ ਉਹੀ ਹੁੰਦਾ ਹੈ, ਜਿਹੜਾ ਉਹ ਆਪਣੇ ਸਭਿਆਚਾਰ ਦੀ ਅਮੀਰੀ ਲਈ ਚੁਣਦਾ ਹੈ। ਸਭਿਆਚਾਰ ਦਾ ਸੱਚ ਹੀ ਲੋਕਧਾਰਾ ਦਾ ਸੱਚ ਹੁੰਦਾ ਹੈ। ਲੋਕਧਾਰਾ ਵਿਚ ਇਹ ਸੱਚ ਹੌਲੀ ਹੌਲੀ ਜ਼ਾਹਰ ਹੁੰਦਾ ਹੈ। ਲੋਕਧਾਰਾ ਵਿਚ ਇਸ ਦੀ ਗਤੀ ਦੀ ਚਾਲ ਉਹੋ ਹੀ ਹੁੰਦੀ ਹੈ ਜੋ ਇਕ ਡੋਡੀ ਨੂੰ ਫੁੱਲ ਬਣਨ ਤਕ ਸਮਾਂ ਲਗਦਾ ਹੈ।

ਭਾਸ਼ਾ ਵਾਂਗ ਹੀ ਲੋਕਧਾਰਾ ਨੂੰ ਸਭਿਆਚਾਰ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਲੋਕਧਾਰਾ ਵਿਚ ਮੌਜੂਦ ਰਸਮਾਂ ਰੀਤਾਂ, ਵਹਿਮਾਂ-ਭਰਮਾਂ, ਅਨੁਸ਼ਗਨ ਅਤੇ ਵਿਸ਼ਵਾਸਾਂ ਆਦਿ ਤੋਂ ਸਭਿਆਚਾਰਕ ਜੀਵਨ ਦੀ ਪੂਰੀ ਝਲਕ ਨਜ਼ਰ ਆ ਜਾਂਦੀ ਹੈ। ਇਸ ਤਰ੍ਹਾਂ ਲੋਕਧਾਰਾ ਦਾ ਇਕ ਜ਼ਰੂਰੀ ਪੱਖ ਸਭਿਆਚਾਰਕ ਜੀਵਨ ਢੰਗ ਦੀ ਤਸਵੀਰ ਹੈ। ਲੋਕਧਾਰਾ ਤੋਂ ਸਾਨੂੰ ਪੁਰਾਣੀਆਂ ਘਟਨਾਵਾਂ ਤੇ ਰਿਵਾਜ਼ਾਂ ਦਾ ਪਤਾ ਲੱਗਦਾ ਹੈ ਕਿ ਲੋਕ, ਸਭਿਆਚਾਰਕ ਤੌਰ ਤੇ ਕਿਹੜੇ ਜੀਵਨ ਢੰਗਾਂ ਨੂੰ ਅਪਣਾ ਰਹੇ ਸਨ। ਇਹ ਸੂਚਨਾ ਕਿਸੇ ਹੋਰ ਸੋਮੇ ਤੋਂ ਪ੍ਰਾਪਤ ਹੋਣੀ ਬਹੁਤ ਮੁਸ਼ਕਲ ਹੁੰਦੀ ਹੈ। ਲੋਕਧਾਰਾ ਤੋਂ ਸਾਨੂੰ ਸਭਿਆਚਾਰ ਦੇ ਸਾਰੇ ਤੱਤਾਂ ਦਾ ਪਤਾ ਲੱਗ ਜਾਂਦਾ ਹੈ। ਲੋਕਾਂ ਦੇ ਵਿਵਹਾਰ, ਮੰਤਵ ਅਤੇ ਕਦਰ-ਕੀਮਤਾਂ ਦਾ ਪ੍ਰਗਟਾ ਹੁੰਦਾ ਹੈ। ਪੰਜਾਬੀ ਲੋਕਧਾਰਾ ਦੇ ਅਧਿਐਨ ਰਾਹੀਂ ਪੰਜਾਬੀ ਸਭਿਆਚਾਰਕ ਜੀਵਨ ਦੀ ਝਲਕ ਨਜ਼ਰ ਪੈਂਦੀ ਹੈ।

ਇਹਨਾਂ ਦੇ ਆਪਸੀ ਸੰਬੰਧਾਂ ਵਿਚ ਅੰਤਰ ਵੀ ਦਿਖਾਈ ਦੇਂਦਾ ਹੈ। ਲੋਕਧਾਰਾ ਵਿਚ ਕਈ ਅਜਿਹੀਆਂ ਗੱਲਾਂ ਕੀਤੀਆਂ ਹੋਈਆਂ ਦਿਖਾਈ ਦੇ ਜਾਂਦੀਆਂ ਹਨ, ਜੋ ਉੱਝ ਸਭਿਆਚਾਰਕ ਜੀਵਨ ਵਿਚ ਮਨ੍ਹਾਂ ਹੁੰਦੀਆਂ ਹਨ। ਇਹ ਗੱਲਾਂ ਸਾਡੇ ਸਮਾਜਕ ਤੇ ਸਭਿਆਚਾਰਕ ਰਿਸ਼ਤਿਆਂ ਵਿਚ ਖ਼ਾਸ ਤੌਰ ਤੇ ਦਿਖਾਈ ਦੇਂਦੀਆਂ ਹਨ। ਸਭਿਆਚਾਰਕ ਜੀਵਨ ਅਤੇ ਲੋਕਧਾਰਾ ਦੇ ਇਨ੍ਹਾਂ ਅੰਤਰਾਂ ਨੂੰ ਬੜੇ ਗਹੁ ਨਾਲ ਵਿਚਾਰਨਾ ਚਾਹੀਦਾ ਹੈ। ਅਜਿਹੇ ਅੰਤਰ ਦੇ ਪੱਖਾਂ ਲਈ ਸਾਨੂੰ ਮਾਨਸਿਕ ਵਿਸ਼ਲੇਸ਼ਣ ਕਾਫ਼ੀ ਮੱਦਦ ਦੇ ਸਕਦਾ ਹੈ।[31] ਜਿਵੇਂ ਇਕ ਆਦਮੀ ਦੀਆਂ ਬਹੁਤ ਸਾਰੀਆਂ ਸ਼ਾਦੀਆਂ ਜਾਂ ਇਕ ਔਰਤ ਦੀਆਂ ਬਹੁਤੀਆਂ ਸ਼ਾਦੀਆਂ। ਇਸੇ ਤਰ੍ਹਾਂ ਜੰਮਦੇ ਬੱਚੇ ਨੂੰ ਸੁੱਟ ਦੇਣਾ ਜਾਂ ਕਿਸੇ ਦਾ ਆਤਮਘਾਤ ਕਰ ਲੈਣਾ। ਅਜਿਹੇ ਸਮੇਂ ਲੋਕਧਾਰਾ ਸਾਡੇ ਸਭਿਆਚਾਰ ਦਾ ਸਹੀ ਬਿੰਬ ਨਹੀਂ ਹੁੰਦਾ। ਲੋਕਧਾਰਾ ਅਤੇ ਸਭਿਆਚਾਰ ਦੇ ਸੰਬੰਧ ਵਿਚ ਅਜੇਹੇ ਅੰਤਰ ਵਾਲੇ ਪੱਖ ਉੱਝ ਬੜੇ ਮਹੱਤਵਪੂਰਨ ਹੁੰਦੇ ਹਨ। ਇਨ੍ਹਾਂ ਵਿਚ ਮਨੁੱਖੀ ਜੀਵਨ ਦੀਆਂ ਕਈ ਕਮਜ਼ੋਰੀਆਂ ਵੱਖਰੇ ਵੱਖਰੇ ਰੂਪ ਧਾਰ ਕੇ ਪ੍ਰਗਟ ਹੋਈਆਂ ਹੁੰਦੀਆਂ ਹਨ ਅਤੇ ਗੁੰਝਲਾਂ ਹਲ ਹੋਈਆਂ ਮਿਲਦੀਆਂ ਹਨ। ਇਹਨਾਂ ਤੋਂ ਉਪਜੀਆਂ ਦੇਵ ਕਥਾਵਾਂ ਤੇ ਦੰਦ-ਕਥਾਵਾਂ ਦੀ ਨਵੇਕਲੀ ਮਹੱਤਾ ਹੈ।

ਲੋਕਧਾਰਾ ਅਤੇ ਸਭਿਆਚਾਰ ਦੇ ਸੰਕਲਨ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ ਕਿਉਂਕਿ ਲੋਕਧਾਰਾ ਸਭਿਆਚਾਰ ਦੀ ਤਸਵੀਰ ਮੁੱਖ ਤੌਰ ਤੇ ਮੌਖਿਕ ਹੀ ਪ੍ਰਸਤੁਤ ਕਰਦਾ ਆ ਰਿਹਾ ਹੈ। ਇਸ ਕਰਕੇ ਇਨ੍ਹਾਂ ਦੋਹਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਕਲਨਾਂ ਵਿਚ ਕੁਝ ਸਮੱ ਸਿਆਵਾਂ ਪੇਸ਼ ਆਉਂਦੀਆਂ ਹਨ। ਲੋਕਧਾਰਾ ਦੇ ਸੰਕਲਨ ਨਾਲ ਸੰਬੰਧਿਤ ਸਮੱਸਿਆਵਾਂ ਪ੍ਰਮੁੱਖ ਤੌਰ ਤੇ ਚਾਰ ਕਿਸਮ ਦੀਆਂ ਹਨ। ਪਹਿਲੀ ਅਧਿਐਨ ਕਰਤਾ, ਅਧਿਐਨ ਟੋਲੀ ਦੀ ਪ੍ਰਤਿਭਾ, ਸਿਖਲਾਈ, ਸੰਬੰਧਿਤ ਸਭਿਆਚਾਰਕ ਪਰੰਪਰਾ ਨਾਲ ਅਪਣੱਤ, ਸਾਂਝ ਅਤੇ ਉਹਨਾਂ ਦੀਆਂ ਹੋਰ ਵਿਅਕਤੀਗਤ ਸੰਭਾਵਨਾਵਾਂ ਨਾਲ ਸੰਬੰਧਿਤ ਹੈ। ਇਨ੍ਹਾਂ ਤੋਂ ਬਿਨਾਂ ਲੋਕਧਾਰਾ ਦਾ ਸੰਕਲਨ ਸੰਭਵ ਹੀ ਨਹੀਂ। ਦੂਜੀ ਲੋਕਧਾਰਾ ਦੇ ਪ੍ਰਤੀਨਿਧ, ਉਚਿਤ ਅਤੇ ਸਹੀ ਸੋਮਿਆਂ ਦੀ ਜਾਣਕਾਰੀ ਅਤੇ ਪ੍ਰਾਪਤੀ/ਇੱਕਤਰਤਾ ਦੀ ਯੋਗ ਵਿਉਂਤ ਹੈ। ਹਰੇਕ ਲੋਕ ਸਾਹਿਤਕ ਰੂਪ ਉਸ ਸਭਿਆਚਾਰਕ ਵਰਤਾਰੇ ਵਿਚ ਜ਼ਿੰਦਗੀ ਦੇ ਵਿਸ਼ੇਸ਼ ਅਨੁਭਵ ਅਤੇ ਅਮਲ ਨਾਲ ਅਨਿੱਖੜ ਤੌਰ ਤੇ ਜੁੜਿਆ ਹੁੰਦਾ ਹੈ। ਮਿਸਾਲ ਵਜੋਂ ਸੁਹਾਗ, ਘੋੜੀਆਂ ਦੀ ਇਕੱਤਰਤਾ ਵਿਆਹ ਦੇ ਮੌਕੇ ਗਾਉਂਦੀਆਂ ਮੁਟਿਆਰਾਂ ਪਾਸੋਂ ਹੀ, ਜਾਂ ਅਲਾਹੁਣੀਆਂ ਦੀ ਇਕੱਤਰਤਾ ਮਕਾਣਾਂ ਸਮੇਂ ਬੁੱਢੀਆਂ ਇਸਤ੍ਰੀਆਂ ਜਾਂ ਨਾਇਣ ਪਾਸੋਂ ਹੀ ਸੰਭਵ ਤੇ ਉਚਿਤ ਢੰਗ ਨਾਲ ਹੋ ਸਕਦੀ ਹੈ। ਇਹਨਾਂ ਜਟਿਲ ਅਤੇ ਬਹੁ-ਰੂਪੀ ਵਿਵਹਾਰਕ ਸਮੱ ਸਿਆਵਾਂ ਨੂੰ ਸਮਝਣ ਅਤੇ ਨਜਿੱਠਣ ਦੀ ਸਮਰੱਥਾ ਲੋਕਧਾਰਾ ਕਰਤਾ ਲਈ ਜ਼ਰੂਰੀ ਹੈ। ਤੀਜੀ ਸਮੱ ਸਿਆਂ ਲੋਕ ਸਾਹਿਤ ਦੇ ਮੂਲ ਪਾਠ ਦੀ ਹੈ। ਠੀਕ ਪਾਠ ਇਕੱਤਰ ਕਰਨ ਲਈ ਟੇਪ-ਰਿਕਾਰਡ, ਕੈਮਰਾ ਆਦਿ ਦੀ ਵਰਤੋਂ ਜ਼ਰੂਰੀ ਹੈ। ਐਲਨ ਡੰਡੀਜ਼ ਅਨੁਸਾਰ ਸੰਗ੍ਰਹਿ ਕਰਤਾ ਨੂੰ ਪਾਠ, ਬਣਤਰ ਅਤੇ ਪ੍ਰਸੰਗ ਤਿੰਨਾਂ ਪੱਖਾਂ ਨੂੰ ਹੀ ਸੁਹਿਰਦਤਾ ਨਾਲ ਇਕੱਤਰ ਕਰਨਾ ਚਾਹੀਦਾ ਹੈ ਕਿਉਂਕਿ ਬਣਤਰ ਤੇ ਪ੍ਰਸੰਗ ਤੋਂ ਬਿਨਾਂ ਕਿਸੇ ਵੀ ਲੋਕ-ਸਾਹਿਤਕ ਪਾਠ ਦੀ ਵਿਸ਼ੇਸ਼ ਸਮਾਜਕ ਸਥਿਤੀ ਵਿਚ ਵਰਤੋਂ, ਪੇਸ਼ਕਾਰੀ ਦੀ ਵਿਧੀ ਅਤੇ ਭਾਸ਼ਾਈ, ਸਭਿਆਚਾਰਕ ਮੁਹਾਵਰੇ ਦਾ ਗੰਭੀਰ ਅਤੇ ਸਹੀ ਅਧਿਐਨ ਅਤੇ ਵਿਸ਼ਲੇਸ਼ਣ ਸੰਭਵ ਨਹੀਂ।[32] ਵਿਸਥਾਰ ਲਈ ਵੇਖੋ: ''ਲੋਕਧਾਰਾ ਅਧਿਐਨ ਵਿਧੀਆਂ'', **ਪੰਜਾਬੀ ਲੋਕਗੀਤ** (ਬਿਕਰਮ ਸਿੰਘ ਘੁੰਮਣ), ਪੰਨੇ 13-22.

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਅਤੇ ਸਭਿਆਚਾਰ ਵਿਚ ਕੁਝ ਅੰਤਰ ਹੁੰਦੇ ਹੋਏ ਵੀ ਨਿਕਟਵਰਤੀ ਸਾਂਝ ਹੈ। ਲੋਕਧਾਰਾ ਜਿਥੇ ਸਭਿਆਚਾਰਕ ਕਾਰਨਾਂ ਤੋਂ ਪ੍ਰਭਾਵਿਤ ਹੁੰਦਾ ਹੈ, ਉਥੇ ਸਭਿਆਚਾਰ ਨੂੰ ਪ੍ਰਭਾਵਿਤ ਵੀ ਕਰਦਾ ਹੈ। ਲੋਕਧਾਰਾ ਤੋਂ ਕਿਸੇ ਜਾਤੀ ਦੇ ਅੰਦਰਲੇ ਘੋਲਾਂ, ਲੋੜਾਂ ਤੇ ਪ੍ਰਾਪਤੀਆਂ ਦਾ ਪ੍ਰਤਿਬਿੰਬ ਉਘੜਦਾ ਹੈ।

ਹਵਾਲੇ ਅਤੇ ਟਿੱਪਣੀਆਂ

1 ਵਣਜਾਰਾ ਬੇਦੀ, **ਲੋਕਧਾਰਾ ਅਤੇ ਸਾਹਿਤ**, ਪੰਨੇ, 28-29

2 **ਲੋਕਯਾਨ ਅਧਿਐਨ** (ਸੰਪ ਕਰਨੈਲ ਸਿੰਘ ਥਿੰਦ), ਪੰਨਾ 5 13

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. **ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ, ਮਾਈਥਾਲੋਜੀ ਐਂਡ ਲੀਜੈਂਡ,** ਪੰਨਾ 393
4. ''ਫੋਕਲੋਰ ਐਂਡ ਦੀ ਸਟੂਡੈਂਟ ਆਫ ਲਿਟਰੇਚਰ,'' **ਦੀ ਸਟਡੀ ਆਫ ਫੋਕਲੋਰ**, ਪੰਨਾ 34
5. ''ਦੋ ਸ਼ਬਦ'', **ਲੋਕਧਾਰਾ ਅਤੇ ਸਾਹਿਤ।**
6. ''ਸ਼ੁਭ ਆਗਮਨ'', **ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ**, ਪੰਨਾ 7
7. ਉਹੀ ਪੁਸਤਕ, ਪੰਨੇ 25-26
8. ''ਟ੍ਰਾਡੀਸ਼ਨ ਐਂਡ ਦੀ ਇੰਡਿਵਿਜੂਅਲ ਟੇਲੈਂਟ'', **ਸਿਲੇਕਟਿਡ ਐਸੇਜ਼**, ਪੰਨਾ 14
9. **ਲੋਕਧਾਰਾ ਅਤੇ ਸਾਹਿਤ**, ਪੰਨਾ 9
10. ਉਹੀ।
11. ਸਤਯੇਂਦ੍ਰ, **ਮਧਯੁਗੀਨ ਹਿੰਦੀ ਸਾਹਿਤਯ ਦਾ ਲੋਕ ਤਾਤਵਿਕ ਅਧਯਯਨ**, ਪੰਨਾ 34
12. **ਵਿਚਾਰ ਔਰ ਵਿਰਤਕ**, ਪੰਨਾ 206
13. ਕਰਨੈਲ ਸਿੰਘ ਥਿੰਦ, **ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ,** ਪੰਨਾ 24 ਦੁਆਰਾ ਉਧਰਿਤ।
14. ''ਲੋਕ ਤੇ ਲੋਕ ਸੰਸਕ੍ਰਿਤੀ'', **ਲੋਕ ਪਰੰਪਰਾ ਅਤੇ ਸਾਹਿਤ**, ਪੰਨੇ 173-74
15. ਉਹੀ ਰਚਨਾ, ਪੰਨਾ 24
16. ਉਹੀ, ਪੰਨੇ, 24-25
17. **ਹਿੰਦੀ ਸਾਹਿਤਯ ਕੋਸ਼**, ਪੰਨਾ 690
18. **ਰਸ਼ੀਅਨ ਫੋਕਲੋਰ**, ਪੰਨਾ 17
19. **ਫੰਡਾਮੈਂਟਲਜ਼ ਆਫ ਫੋਕ ਲਿਟੇਰੇਚਰ**, ਪੰਨਾ 12
20. **ਏ ਹੈਂਡ ਬੁੱਕ ਆਫ ਫੋਕਲੋਰ,** ਪੰਨਾ 37
21. ਕਰਨੈਲ ਸਿੰਘ ਥਿੰਦ, ''ਲੋਕਯਾਨ ਦੇ ਅਧਿਐਨ ਤੇ ਅਧਿਆਪਨ ਦੀਆਂ ਸਮਸਿਆਵਾਂ, **ਖੋਜ ਦਰਪਣ**, ਜੁਲਾਈ 1979, ਪੰਨਾ 104
22. ਏ.ਐਮ, ਗੋਰਕੀ, **ਆਨ ਲਿਟੇਰੇਚਰ : ਆਰਟੀਕਲਜ਼ ਐਂਡ ਸਪੀਚਜ਼,** ਪੰਨੇ 1928-36, ਵਣਜਾਰਾ ਬੇਦੀ **ਲੋਕਧਾਰਾ ਤੇ ਸਾਹਿਤ**, ਪੰਨਾ 10 ਦੁਆਰਾ ਉਧਰਿਤ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

23. **ਲੋਕ ਸਾਹਿਤਯ ਵਿਗਿਆਨ**, ਪੰਨੇ 90-91

24. ''ਫੋਕਲੋਰ ਇਨ ਲਿਟਰੇਚਰ'' **ਜਨਰਲ ਆਫ਼ ਅਮੈਰੀਕਨ ਫੋਕਲੋਰ** ,VOl. LXX, ਪੰਨਾ 20

25. **ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ**, ਪੰਨਾ 39

26. ''ਫੋਕਲੋਰ ਐਂਡ ਸਟੂਡੈਂਟ ਆਫ ਲਿਟਰੇਚਰ'', **ਦੀ ਸਟੱਡੀ ਆਫ ਫੋਕਲੋਰ**, ਪੰਨਾ 37

27. ਉਹੀ ਰਚਨਾ, ਪੰਨਾ 26

28. ਉਧਰਿਤ ਕਰਨੈਲ ਸਿੰਘ ਥਿੰਦ, ਪੰਨਾ 26, **ਦੀ ਸਾਇੰਸ ਆਫ ਫੋਕਲੋਰ**, ਪੰਨਾ 12

29 ਵਣਜਾਰਾ ਬੇਦੀ, ''ਭੂਮਿਕਾ'', **ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ**', ਕ੍ਰਿਤ ਨਾਹਰ ਸਿੰਘ।

30. ਜਸਵਿੰਦਰ ਸਿੰਘ, **ਪੰਜਾਬੀ ਲੋਕ ਸਾਹਿਤ ਸ਼ਾਸ਼ਤ੍ਰ** , ਪੰਨਾ 19

31. ਕੰਵਲਜੀਤ ਗਰੋਵਰ, **ਲੋਕਯਾਨ ਦਰਪਣ**, ਪੰਨਾ 19

32. ਐਲਨ ਡੰਡੀਜ਼, **ਐਸੇਜ਼ ਇਨ ਫੋਕਲੋਰ**, ਪੰਨਾ 28

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਲੋਕਧਾਰਾ: ਵਿਹਾਰਕ ਪੱਖ

(ੳ) ਲੋਕ ਸਾਹਿਤ

1. ਲੋਕ ਸਾਹਿਤ ਦੀ ਪਰਿਭਾਸ਼ਾ ਤੇ ਸੰਕਲਪ

ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੁੰਦਾ ਹੈ। ਇਸ ਦੇ ਅੰਤਰਗਤ ਉਹ ਸਭ ਸਾਰਥਕ ਕਲਾਤਮਕ ਅਭਿਵਿਅਕਤੀਆਂ ਸ਼ਾਮਲ ਹਨ, ਜੋ ਮਨੁੱਖ ਨੂੰ ਸੁਹਜ-ਸਵਾਦ ਦੇਂਦੀਆਂ ਤੇ ਜੀਵਨ ਅਗਵਾਈ ਕਰਦੀਆਂ ਹਨ, ਭਾਵੇਂ ਉਨ੍ਹਾਂ ਨੇ ਲਿਖਤ ਦਾ ਜਾਮਾ ਪਹਿਨਿਆ ਹੋਵੇ ਤੇ ਭਾਵੇਂ ਨਾ।[1] ਸਾਹਿਤ ਦੇ ਦੋ ਰੂਪ ਹਨ - ਇਕ ਲਿਖਤ ਸਾਹਿਤ ਜਿਸ ਨੂੰ ਕਲਾ-ਸਾਹਿਤ ਆਖਦੇ ਹਨ ਅਤੇ ਦੂਸਰਾ ਹੈ ਮੌਖਿਕ ਸਾਹਿਤ ਜਿਸ ਦਾ ਸੰਚਾਰ ਬੋਲੀ ਰਾਹੀਂ ਹੋਇਆ ਹੋਵੇ ਅਤੇ ਜੋ ਪੁਸ਼ਤ-ਦਰ-ਪੁਸ਼ਤ ਸਮੁੱਚੀ ਜਾਤੀ ਦਾ ਸਾਂਝਾ ਹੋਣ ਕਰਕੇ ਲੋਕ-ਸਾਹਿਤ ਅਖਵਾਉਂਦਾ ਹੈ। ਇਸ ਨਾਲ ਕਿਸੇ ਵਿਸ਼ੇਸ਼ ਵਿਅਕਤੀ ਦਾ ਨਾਂ ਨਹੀਂ ਜੁੜਿਆ ਹੁੰਦਾ। ਲੋਕ ਸਾਹਿਤ ਮਨ ਤੇ ਭਾਰ ਪਾਇਆਂ ਨਹੀਂ ਸਿਰਜਿਆ ਜਾ ਸਕਦਾ, ਸਗੋਂ ਅਚੇਤ ਸਹਿਜ ਸੁਭਾ ਹੀ ਇਸ ਦੀ ਸਿਰਜਨਾ ਹੁੰਦੀ ਹੈ।

ਲੋਕ ਸਾਹਿਤ ਸਮੇਂ ਨਾਲ ਬੱਝਾ ਹੋਇਆ ਨਹੀਂ, ਸਗੋਂ ਨਿਰੰਤਰ ਚਲਦਾ ਰਹਿੰਦਾ ਹੈ। ਇਸ ਦੀ ਮੂਲ ਰਚਨਾ ਭਾਵੇਂ ਕਿਸੇ ਵਿਅਕਤੀ ਨੇ ਕੀਤੀ ਹੁੰਦੀ ਹੈ ਪਰ ਇਹ ਰਚਨਾਂ ਮੂੰਹੋਂ ਮੂੰਹ ਤੁਰਦੀ ਰੂਪ ਵਟਾਂਦੀ ਰਹਿੰਦੀ ਹੈ। ਇਹ ਮਾਂਜਿਆ ਸਵਾਰਿਆ ਜਾਂਦਾ ਹੈ ਅਤੇ ਫਿਰ ਸਮੁੱਚੀ ਜਾਤੀ ਦੀ ਕਿਰਤ ਬਣ ਜਾਂਦੀ ਹੈ। ਇਸ ਵਿਚ ਸਮੁੱਚੀ ਜਾਤੀ ਦਾ ਅਨੁਭਵ ਹੁੰਦਾ ਹੈ। ਇਹ ਸਾਮੂਹਿਕ ਕਲਾਤਮਕ ਭਾਸ਼ਾਈ ਪ੍ਰਗਟਾ ਦਾ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਲੋਕ ਆਪਣੇ ਭੂਗੋਲਿਕ ਅਤੇ ਪ੍ਰਾਕਿਰਤਿਕ ਆਲੇ ਦੁਆਲੇ ਦੇ ਅਨੁਸਾਰ ਇਤਿਹਾਸਕ ਸਾਰ ਵਿਚੋਂ ਪ੍ਰਾਪਤ ਅਨੁਭਵ ਅਤੇ ਅਮਲ ਨੂੰ ਲੋੜਾਂ, ਅਕਾਂਖਿਆਵਾਂ ਅਤੇ ਹੁੰਗਾਰਿਆਂ ਦੇ ਰੂਪ ਵਿਚ ਮੌਖਿਕ ਸਿਰਜਣਾਤਮਕ ਢੰਗ ਰਾਹੀਂ ਪ੍ਰਸਾਰਿਤ ਕਰਦੇ ਹਨ। ਵਣਜਾਰਾ ਬੇਦੀ ਦੇ ਸ਼ਬਦਾਂ ਅਨੁਸਾਰ, ਲੋਕ ਸਾਹਿਤ ਇਕ ਅਜਿਹੇ ਪ੍ਰਵਾਹ ਵਾਂਗ ਹੈ ਜਿਸ ਵਿਚ ਇਲਾਕੇ ਦੇ ਸਭੋ ਨਦੀਆਂ ਨਾਲੇ, ਕੱਸੀਆਂ, ਵੇਹੜੇ ਆਪਣੀ ਨਿੱਜੀ ਹੋਂਦ ਗੰਵਾ ਕੇ ਰਚ ਮਿਚ ਜਾਂਦੇ ਹਨ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਵਿਚ ਉਸ ਇਲਾਕੇ ਦੀ ਭੋਇੰ ਦੀ ਮਿੱਟੀ ਤੇ ਹੋਰ ਸਾਮਗ੍ਰੀ ਕਿਸੇ ਨਾ ਕਿਸੇ ਰੂਪ ਵਿਚ ਖੁਰੀ, ਘੁਲੀ ਤੇ ਰਸੀ ਹੁੰਦੀ ਹੈ। ਲੋਕ ਸਾਹਿਤ ਵਿਚ ਸਮੁੱਚੀ ਜਾਤੀ ਦੇ ਉਦਗਾਰ, ਭਾਵਨਾਵਾਂ, ਜੀਵਨ ਆਦਰਸ਼, ਮਨੌਤਾਂ, ਵਿਸ਼ਵਾਸ, ਵਿਚਾਰ ਤੇ ਕਲਾ ਰੁਚੀਆਂ ਖੁਰ ਕੇ ਸਮਾਈਆਂ ਹੁੰਦੀਆਂ ਹਨ। ਲੋਕ ਸਾਹਿਤ ਤਾਂ ਉਸ ਸ਼ੀਸ਼ੇ ਵਾਂਗ ਹੈ ਜਿਸ ਵਿਚੋਂ ਕਿਸੇ ਜਾਤੀ ਦੀ ਸਮੁੱਚੀ ਜੀਵਨ ਨੁਹਾਰ, ਨਕਸ਼ ਤੇ ਰੂਪ ਦੇ ਨਾਲ ਉਸ ਦੇ ਅੰਤਰ ਘਟ ਤੱਕ ਦੀ ਹਰ ਭਾਵਨਾ ਵੇਖੀ ਜਾ ਸਕਦੀ ਹੈ।[2] ਅਸਲ ਵਿਚ ਲੋਕ ਸਾਹਿਤ ਸਾਮੂਹਿਕ ਚਰਿੱਤਰ ਦਾਂ ਧਾਰਣੀ ਹੁੰਦਾ ਹੈ। ਲੋਕ ਆਪਣੀ ਕਿਰਤ ਤੇ ਅਮਲ ਰਾਹੀਂ ਅਤੇ ਇਸ ਦੇ ਸਮਾਨਾਂਤਰ ਸਮੁੱਚੇ ਜੀਵਨ ਵਿਵਹਾਰ ਦੇ ਵਿਭਿੰਨ ਪ੍ਰਸੰਗਾਂ ਰਾਹੀਂ ਸਭਿਆਚਾਰਕ ਸੰਗਠਨ ਉਸਾਰਦੇ ਹਨ। ਇਸੇ ਉਸਾਰੀ ਦੇ ਅਮਲ ਵਿਚੋਂ ਹੀ ਹੋਰ ਵਿਭਿੰਨ ਲੋਕ ਕਲਾਵਾਂ ਵਾਂਗ ਲੋਕ ਸਾਹਿਤ ਦੀ ਸਿਰਜਨਾ ਹੁੰਦੀ ਹੈ। ਇਸ ਵਿਚ ਜੀਵਨ ਅਨੁਭਵ ਦੀ ਸੋਚ ਬਿਨਾ ਬਨਾਵਟ ਦੇ ਪ੍ਰਸਤੁਤ ਕੀਤੀ ਜਾਂਦੀ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਲੋਕ ਸਾਹਿਤ ਸਭਿਆਚਾਰਕ ਅਨੁਭਵ ਦਾ ਜੀਵੰਤ ਮਾਨਵੀ ਹੁੰਗਾਰਾ ਹੈ। ਇਸ ਵਿਚ ਮਨੁੱਖ ਆਪਣੀ ਅਸਤਿਤਵਿਕ ਅਤੇ ਸਭਿਆਚਾਰਕ ਬਣਤਰ ਦੀ ਜੁੜਵੀਂ ਹੋਂਦ ਨੂੰ ਮੂਲ ਮਾਨਵੀ ਆਧਾਰਾਂ ਉਤੇ ਬਰਕਰਾਰ ਰੱਖਣ ਦੇ ਅਮਲ ਦੀ ਅਕਾਂਖਿਆ ਰਾਹੀਂ ਪ੍ਰਗਟਾਉਂਦਾ ਹੈ। ਇਸ ਵਿਚ ਸਾਮੂਹਿਕ ਮਾਨਵੀਂ ਪ੍ਰਸੰਗਾਂ ਅਤੇ ਨਿੱਜੀ ਅਸਤਿਤਵਿਕ ਸਰੋਕਾਰਾਂ ਨੂੰ ਵਿਸ਼ਾਲ ਸਭਿਆਚਾਰਕ ਪ੍ਰਸੰਗ ਵਿਚ ਉਚਾਰਿਆ ਅਤੇ ਸਵੀਕਾਰਿਆ ਜਾਂਦਾ ਹੈ।[3]

ਲੋਕ ਸਾਹਿਤ ਸਦੀਵੀ ਸਾਹਿਤ ਹੈ। ਇਹ ਅਮੁੱਕ ਪ੍ਰਵਾਹ ਪਰੰਪਰਾ ਤੋਂ ਪੈਂਡੇ ਮਾਰਦਾ ਨਵਾਂ ਨਰੋਆ ਉਸੇ ਚਾਲੇ ਅੱਗੇ ਤੁਰਦਾ ਹੈ। ਜਨਮ, ਮੰਗਣ, ਵਿਆਹ ਦੇ ਗੀਤ ਸਹਿਜ ਸੁਭਾ ਰਚੇ ਜਾਂਦੇ ਹਨ। ਮਰਨ ਤੇ ਸਹਿਜ ਸੁਭਾ ਵੈਣ ਪਾਏ ਜਾਂਦੇ ਹਨ। ਕਿੱਕਲੀ ਖੇਡਦੀਆਂ ਕੁੜੀਆਂ ਲੋਕ ਗੀਤਾਂ ਦੀ ਸਿਰਜਨਾ ਕਰਦੀਆਂ ਰਹਿੰਦੀਆਂ ਹਨ। ਹੱਲ ਚਲਾਉਂਦਾ ਕਿਸਾਨ ਸਹਿਜ ਸੁਭਾ ਇਨ੍ਹਾਂ ਦੀ ਸਿਰਜਨਾ ਕਰਦਾ ਰਹਿੰਦਾ ਹੈ। ਦਾਦੇ ਦਾਦੀਆਂ ਆਪਣੇ ਧੀਆਂ ਪੁੱਤਰਾਂ, ਪੋਤਿਆਂ ਪੋਤੀਆਂ ਨੂੰ ਪਰੀ ਕਹਾਣੀਆਂ ਸੁਣਾ ਕੇ ਰੁਮਾਂਚਿਕ ਦੁਨੀਆਂ ਵਿਚ ਘੁਮਾਉਂਦੇ ਰਹਿੰਦੇ ਹਨ। ਦੇਵਿੰਦਰ ਸਤਿਆਰਥੀ ਅਨੁਸਾਰ ਲੋਕ ਸਾਹਿਤ ਮਨੁੱਖ ਦੇ ਹਮੇਸ਼ਾ ਜਿਉਂਦੇ ਰਹਿਣ ਦੀ ਚੇਤਨਤਾ ਦਾ ਜੀਉਂਦਾ ਜਾਗਦਾ ਸਬੂਤ ਹੈ।[4] ਉਪਧਿਆਇ ਅਨੁਸਾਰ ਲੋਕ ਸਾਹਿਤ ਰਾਹੀਂ ਲੋਕ ਸੰਸਕ੍ਰਿਤੀ ਦਾ ਸੱਚਾ ਤੇ ਸੰਜੀਵ ਚਿਤ੍ਰ ਅਭਿਵਿਅਕਤ ਹੁੰਦਾ ਹੈ। ਕਿਸੇ ਦੇਸ਼ ਦੇ ਰਾਸ਼ਟਰੀ ਜੀਵਨ ਵਿਚ ਇਸ ਦੀ ਮਹੱਤਾ ਵੱਧ ਹੈ।[5] ਵਣਜਾਰਾ ਬੇਦੀ ਅਨੁਸਾਰ ''ਮੌਖਿਕ ਸਾਹਿਤ ਲੋਕਧਾਰਾ ਤੇ ਸੰਸਕ੍ਰਿਤੀ ਦੀ ਰੂੜੀ ਉਤੇ ਜੰਮਿਆ ਪਲਿਆ ਹੋਣ ਕਰਕੇ ਸਮਾਜਕ ਤੇ ਸਾਂਸਕ੍ਰਿਤਕ ਪੱਖ ਤੋਂ ਬੜੀ ਮਹਾਨਤਾ ਰਖਦਾ ਹੈ। ਇਸ ਵਿਚ ਜਾਤੀ ਦੀ ਲੋਕ ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੁੰਦੀ ਹੈ।''[6]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਸਾਹਿਤ ਵਿਚ ਲੋਕ ਅਭਿਵਿਅਕਤੀ ਹੁੰਦੀ ਹੈ। ਸਤੇਂਦ੍ਰ ਨੇ ਲੋਕ ਅਭਿਵਿਅਕਤੀ ਦੇ ਹੇਠ ਲਿਖੇ ਤਿੰਨ ਭੇਦ ਕੀਤੇ ਹਨ[7]

(ਉ) ਸਰੀਰ ਤੋਸ਼ਣ: ਇਸ ਅਭਿਵਿਅਕਤੀ ਵਿਚ ਜੀਵਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵਰਣਨ ਮਿਲਦੇ ਹਨ। ਜਿਵੇਂ ਖਾਣ ਪੀਣ, ਪਹਿਨਣ ਅਤੇ ਰਿਹਾਇਸ਼ ਆਦਿ ਸੰਬੰਧੀ।

(ਅ) ਮਨਤੋਸ਼ਣ: ਇਹ ਅਭਿਵਿਅਕਤੀ ਮਨ ਨਾਲ ਸੰਬੰਧਿਤ ਹੈ। ਮਨ ਦੀ ਸੰਤੁਸ਼ਟੀ ਲਈ ਕਈ ਤਰ੍ਹਾਂ ਦੇ ਭਾਵ ਤੇ ਪ੍ਰਵਿਰਤੀਆਂ ਕਾਰਜ ਕਰਦੀਆਂ ਹਨ। ਇਸ ਅਭਿਵਿਅਕਤੀ ਦਾ ਮੁੱਖ ਰੂਪ ਅਨੁਸ਼ਠਾਨ, ਜਾਦੂ ਟੂਣੇ ਆਦਿ ਨਾਲ ਸੰਬੰਧਿਤ ਹੈ।

(ਏ) ਮਨੋਮੋਦਨੀ: ਇਹ ਉਹ ਅਭਿਵਿਅਕਤੀ ਹੈ ਜਿਸ ਦਾ ਸੰਬੰਧ ਮਨੁੱਖ ਨੂੰ ਆਨੰਦ ਦੇਣ ਨਾਲ ਹੁੰਦਾ ਹੈ।

ਇਨ੍ਹਾਂ ਤਿੰਨਾਂ ਪ੍ਰਵਿਰਤੀਆਂ ਦਾ ਪ੍ਰਗਟਾਉ ਲੋਕ ਸਾਹਿਤ ਵਿਚ ਕੀਤਾ ਮਿਲਦਾ ਹੈ। ਲੋਕ ਸਾਹਿਤ ਦੇ ਹਰਮਨ ਪਿਆਰੇ ਹੋਣ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਅੱਜ ਵੀ ਪਾਠਕ/ਸਰੋਤੇ ਆਧੁਨਿਕ ਸਾਹਿਤ ਰੂਪਾਂ ਨਾਲੋਂ ਪੁਰਾਤਨ ਸਾਹਿਤ ਰੂਪਾਂ ਨੂੰ ਵਧੇਰੇ ਪਸੰਦ ਕਰਦੇ ਹਨ, ਜਿੰਨ੍ਹਾਂ ਵਿਚ ਲੋਕ ਤੱਤ ਹੋਣ। ਵਣਜਾਰਾ ਬੇਦੀ ਅਨੁਸਾਰ, ''ਲੋਕ ਸਾਹਿਤ ਦਾ ਪ੍ਰਵਾਹ ਇਕ ਵਗਦੀ ਪ੍ਰਬਲ ਧਾਰਾ ਵਾਂਙ ਹੈ ਜੋ ਸਾਡੇ ਕਣ-ਕਣ ਨੂੰ ਸਿੰਜਦਾ ਅਤੇ ਰਸ ਦੇਂਦਾ ਜਾ ਰਿਹਾ ਹੈ।''[8] ਇਹੋ ਕਾਰਨ ਹੈ ਕਿ ਪ੍ਰਸਿੱਧ ਲੇਖਕਾਂ ਦੀਆਂ ਉਹੋ ਰਚਨਾਵਾਂ ਹੀ ਲੋਕਾਂ ਵਿਚ ਕਬੂਲ ਹੋਈਆਂ ਹਨ ਜਿਨ੍ਹਾਂ ਵਿਚ ਲੋਕ ਤੱਤ ਹਨ।

ਰੂਪਕ ਪੱਖ ਤੋਂ ਲੋਕ ਸ਼ੈਲੀਆਂ ਦੀਆਂ ਸਾਰੀਆਂ ਵਿਧੀਆਂ ਤੇ ਕਲਾ ਜੁਗਤਾਂ ਦਾ ਵਿਸ਼ਿਸ਼ਟ ਸਾਹਿਤ ਵਿਚ ਨਾਪਿਆ ਹੋਇਆ ਪ੍ਰਯੋਗ ਹੈ। ਸ਼ਬਦਾਂ ਦੀਆਂ ਧੁਨੀਆਂ, ਵਾਕੰਸ਼ਾਂ ਦਾ ਦੁਹਰਾਓ ਤੇ ਖਿਆਲ ਦੀ ਘਾੜਤ, ਫ਼ਬਨ ਤੇ ਉਸਾਰੀ ਲੋਕ ਕਾਵਿ ਵਾਲੀ ਹੈ। ਛੰਦ ਚਾਲ ਤੇ ਧਾਰਨਾ ਲੋਕ ਗੀਤਾਂ ਵਾਂਗ ਸੁਭਾਵਕ ਤੇ ਟੁੰਬਵੀਂ ਹੈ। ਸ਼ਬਦਾਵਲੀ ਸਾਹਿਤਕ ਹੁੰਦਿਆਂ ਵੀ ਲੋਕ ਮੁੰਹੀਂ ਹੈ।[9]

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਲੋਕ ਸਾਹਿਤ ਵਿਚ ਕਿਸੇ ਜਾਤੀ ਦਾ ਸਭਿਆਚਾਰ, ਮੂਲ ਪ੍ਰਵਿਰਤੀਆਂ, ਸਮਾਜਕ ਪਰਪੰਚ ਤੇ ਜਾਤੀ ਚਰਿੱਤਰ ਪੂਰੀ ਤਰ੍ਹਾਂ ਰੂਪਮਾਨ ਹੁੰਦਾ ਹੈ। ਲੋਕ ਸਾਹਿਤ ਨੂੰ ਆਧੁਨਿਕ ਸਾਹਿਤ ਦੀ ਸਿਰਜਨਾ ਲਈ ਵਰਤਿਆ ਜਾ ਸਕਦਾ ਹੈ ਅਤੇ ਨਵੀਆਂ ਸੰਭਾਵਨਾਵਾਂ ਉਜਾਗਰ ਕੀਤੀਆ ਜਾ ਸਕਦੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਲੋਕ ਸਾਹਿਤ ਦੀ ਪ੍ਰਕ੍ਰਿਤੀ

(i) ਮੌਖਿਕਤਾ

ਲੋਕ ਸਾਹਿਤ ਦਾ ਸੰਚਾਰ ਮੌਖਿਕ ਰੂਪ ਵਿਚ ਹੁੰਦਾ ਹੈ। ਮੁੱਢਲੀ ਆਦਮ ਅਵਸਥਾ ਵਿਚ ਕਿਸੇ ਜਾਤੀ ਦਾ ਸਾਰਾ ਸਾਹਿਤ ਮੌਖਿਕ ਤੇ ਸਾਮੂਹਿਕ ਹੋਣ ਕਰਕੇ ਲੋਕ ਸਾਹਿਤ ਹੁੰਦਾ ਹੈ। ਇਸ ਦਾ ਸੰਚਾਰ ਸਾਮੂਹਿਕ ਹੁੰਦਾ ਹੈ। ਇਸ ਦਾ ਸੰਚਾਰ ਸਾਮੂਹਿਕ ਹੁੰਦਾ ਹੋਇਆ ਵਿਸ਼ੇਸ਼ ਰੂਪ ਵਿਚ ਦਾਇਰਾਗਤ ਵੀ ਹੁੰਦਾ ਹੈ। ਹਰ ਲੋਕ-ਸਾਹਿਤਕ ਰੂਪ ਨੂੰ ਸਾਮੂਹਿਕ ਸਭਿਆਚਾਰ ਸੰਚਾਰ ਨਹੀਂ ਕਰਦਾ ਹੈ। ਸਗੋਂ ਵੱਖੋ ਵੱਖ ਰੂਪਾਂ ਨੂੰ ਵੱਖੋ ਵੱਖਰੀ ਉਮਰ ਲਿੰਗ ਦੇ ਵਿਅਕਤੀ ਮੌਕੇ ਮੁਤਾਬਕ ਇਸ ਦਾ ਸੰਚਾਰ ਕਰਦੇ ਹਨ। ਜਿਵੇਂ ਕਿੱਕਲੀ ਦੇ ਗੀਤ ਛੋਟੀ ਉਮਰ ਦੀਆਂ ਕੁੜੀਆਂ ਉਚਾਰਦੀਆਂ ਹਨ। ਗੀਤ, ਸੁਹਾਗ, ਘੋੜੀਆਂ ਆਦਿ ਵਿਆਹ ਦੇ ਮੌਕੇ ਤੇ ਇਕ ਖਾਸ ਦਾਇਰੇ ਦੇ ਲੋਕੀਂ ਉਚਾਰਦੇ ਹਨ। ਅਖਾਣ/ਲੋਕ ਸਿਆਣਪਾਂ ਆਦਿ ਵਡੇਰੀ ਉਮਰ ਦੇ ਤਜ਼ਰਬਾਕਾਰ ਲੋਕੀਂ ਆਪਣੇ ਜੀਵਨ ਵਿਚੋਂ ਉਚਾਰਦੇ ਹਨ। ਇਹ ਸਾਰਾ ਕੁਝ ਸਹਿਜ ਸੁਭਾ ਹੁੰਦਾ ਹੈ। ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਮੌਖਿਕ ਰੂਪ ਵਿਚ ਪਹੁੰਚਦਾ ਹੈ। ਲੋਕ ਸਾਹਿਤ ਦੀ ਇਹੋ ਪ੍ਰਾਕ੍ਰਿਤੀ ਇਸ ਨੂੰ ਵਿਸ਼ਿਸ਼ਟ ਸਾਹਿਤ ਨਾਲੋਂ ਵੱਖਰਾ ਕਰਦੀ ਹੈ। ਲੋਕ ਸਾਹਿਤ ਦਾ ਮੂਲ ਸੋਮਾ ਲੋਕ ਹਨ, ਇਨ੍ਹਾਂ ਰਾਹੀਂ ਖਾਸ ਅਨੁਕੂਲ ਮੌਕਿਆਂ ਤੇ ਇਸ ਨੂੰ ਉਚਾਰਿਆ ਜਾਂਦਾ ਹੈ। ਭਾਵੇਂ ਕੁਝ ਲੋਕ ਸਾਹਿਤ ਲਿਪੀ ਅੰਤਰ ਵੀ ਕੀਤਾ ਗਿਆ ਹੈ ਪਰ ਇਹ ਆਟੇ ਵਿਚ ਲੂਣ ਬਰਾਬਰ ਹੈ।

(ii) ਲੋਕ ਪ੍ਰਵਾਨਗੀ

ਲੋਕ ਸਾਹਿਤ ਦੇ ਸਿਰਜਕ ਅਗਿਆਤ ਹੁੰਦੇ ਹਨ, ਪਰ ਕਿਸੇ ਸਮੇਂ ਕਿਸੇ ਵਿਅਕਤੀ ਵਿਸ਼ੇਸ਼ ਨੇ ਇਸ ਦੀ ਸਿਰਜਨਾ ਕੀਤੀ ਹੁੰਦੀ ਹੈ ਜਿਸ ਵਿਚ ਜੀਵਨ ਅਨੁਭਵ ਤੇ ਕਲਾ ਦੀ ਸੂਖਮ ਕਲੀ ਹੁੰਦੀ ਹੈ। ਲੋਕ ਸਾਹਿਤ ਮੂੰਹੋਂ ਮੂੰਹੀ ਤੁਰਦਾ, ਲੰਮੇ ਪਗ ਯਾਤਰਾ ਕਰਦਾ ਹੋਇਆ ਰੂਪ ਵਟਾਉਂਦਾ ਰਹਿੰਦਾ ਹੈ। ਕੋਈ ਇਸ ਦੇ ਸ਼ਬਦਾਂ ਨੂੰ ਘੜਦਾ ਮਾਂਜਦਾ ਹੈ। ਕੋਈ ਕਿਸੇ ਗੀਤ ਵਿਚ ਨਵੀਆਂ ਤੁਕਾਂ ਜੋੜ ਕੇ ਰਲਾਂਦਾ ਹੈ, ਕੋਈ ਪਹਿਲੀਆਂ ਨੂੰ ਛਾਂਗਦਾ ਹੈ ਤੇ ਆਖਰ ਵਿਚ ਰਚਨਾ ਸਮੂਹ ਜਾਤੀ ਦਾ ਅਨੁਭਵ ਆਪਣੇ ਵਿਚ ਰਚਾ ਕੇ ਇਕ ਸਾਂਝੀ ਕਿਰਤ ਬਣ ਜਾਂਦੀ ਹੈ। ਫਿਰ ਇਸ ਨੂੰ ਲੋਕ ਪ੍ਰਵਾਨਗੀ ਪ੍ਰਾਪਤ ਹੋ ਜਾਂਦੀ ਹੈ। ਇਸ ਉਪਰ ਲੋਕ ਸਮੂਹ ਜਾਂ ਉਸ ਦੀ ਬਹੁ-ਗਿਣਤੀ ਦੀ ਪ੍ਰਵਾਨਗੀ ਪ੍ਰਾਪਤ ਹੋ ਜਾਂਦੀ ਹੈ। ਇਸ ਉਪਰ ਲੋਕ ਸਮੂਹ ਜਾਂ ਉਸ ਦੀ ਬਹੁ-ਗਿਣਤੀ ਦੀ ਪ੍ਰਵਾਨਗੀ ਦੀ ਮੋਹਰ ਹੋਣੀ ਜ਼ਰੂਰੀ ਹੈ, ਕਿਉਂਕਿ ਜਿਸ ਰਚਨਾ ਨੂੰ ਲੋਕੀਂ ਕਬੂਲਣ ਹੀ ਨਾ ਉਹ ਲੋਕ ਸਾਹਿਤ ਦਾ ਹਿੱਸਾ ਨਹੀਂ ਬਣ ਸਕਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(iii) ਪਰੰਪਰਾਗਤ

ਲੋਕ ਸਾਹਿਤ ਲੋਕਧਾਰਾ ਦਾ ਇਕ ਅੰਗ ਹੈ। ਇਸ ਲਈ ਇਹ ਵੀ ਪਰੰਪਰਾਗਤ ਹੁੰਦਾ ਹੈ। ਆਮ ਲੋਕ ਵਧੇਰੇ ਰੂੜ੍ਹੀਵਾਦੀ ਤੇ ਪਰੰਪਰਾ ਪੂਜ ਹੁੰਦੇ ਹਨ। ਉਹ ਨਵੇਂ ਦੀ ਬਹੁਤ ਘੱਟ ਸਿਰਜਨਾ ਕਰਦੇ ਹਨ, ਆਮ ਤੌਰ ਤੇ ਉਹ ਪੁਰਾਣੀਆਂ ਰੂੜ੍ਹੀਆਂ ਤੇ ਤੱਤਾਂ ਦੀ ਹੀ ਘੜ-ਭੰਨ ਕਰਦੇ ਰਹਿੰਦੇ ਹਨ। ਇਸ ਲਈ ਜਿਸ ਰਚਨਾ ਵਿਚ ਲੋਕ ਪਰੰਪਰਾ ਦਾ ਅੰਸ਼ ਜ਼ਿਆਦਾ ਮਾਤਰਾ ਵਿਚ ਨਹੀਂ ਹੋਵੇਗਾ, ਉਸ ਨੂੰ ਲੋਕ ਕਦੇ ਪ੍ਰਵਾਨ ਨਹੀਂ ਕਰਨਗੇ। ਜਦ ਕੋਈ ਰਚਨਾ ਲੋਕਾਂ ਦੀ ਕਸਵੱਟੀ ਉਪਰ ਪੂਰੀ ਉਤਰਦੀ ਹੈ, ਫਿਰ ਹੀ ਲੋਕੀਂ ਉਸ ਨੂੰ ਸਿਮਰਤੀ ਵਿਚ ਸੰਭਾਲਦੇ ਹੋਏ ਪੁਸ਼ਤ-ਦਰ-ਪੁਸ਼ਤ ਅੱਗੇ ਤੋਰਦੇ ਹਨ ਅਤੇ ਇਹੋ ਮਰਯਾਦਾ ਪਹਿਲਾਂ ਤੋਂ ਚਲੀ ਆਉਂਦੀ ਹੈ ਤੇ ਅਗੋਂ ਵੀ ਚਲਦੀ ਰਹੇਗੀ।

(iv) ਲੋਕ ਮਾਨਸ ਦੀ ਅਭਿਵਿਅਕਤੀ

ਲੋਕ ਸਾਹਿਤ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੁੰਦੀ ਹੈ। ਇਹ ਲੋਕ ਮਨ ਦੀ ਨਬਜ਼ ਨਾੜੀ ਹੁੰਦੀ ਹੈ, ਜਿਸ ਤੋਂ ਜਾਤੀ ਦੇ ਅੰਦਰ ਦੀ ਹਰ ਵੇਦਨਾ ਪੀੜ ਤੇ ਭਾਵਨਾ ਜਾਣੀ ਜਾਂਦੀ ਹੈ। ਜਿਵੇਂ ਲੋਕ ਗੀਤਾਂ ਨੂੰ ਸਮੂਹ ਜਾਤੀ ਆਪਣੇ ਦਿਲ ਦੇ ਅਰਮਾਨਾਂ ਨਾਲ ਸਿੰਜਦੀ ਤੇ ਪਾਲਦੀ ਹੈ। ਲੋਕ ਸਾਹਿਤ ਜੀਵਨ ਦੀਆਂ ਮੂਲ-ਪ੍ਰਵਿਰਤੀਆਂ ਨਾਲ ਜੁੜਿਆ ਹੁੰਦਾ ਹੈ। ਇਹ ਮਨੁੱਖੀ ਮਨੋਭਾਵਾਂ ਤੇ ਅਨੁਭਵਾਂ ਨੂੰ ਦਰਸਾਉਂਦਾ ਹੈ।

(v) ਲੋਕ ਸਾਹਿਤ ਦਾ ਸੰਚਾਰ ਭਾਸ਼ਾ/ਉਪਭਾਸ਼ਾ ਰਾਹੀਂ

ਲੋਕ ਸਾਹਿਤ ਦਾ ਸੰਚਾਰ ਭਾਸ਼ਾ ਰਾਹੀਂ ਹੁੰਦਾ ਹੈ। ਲੋਕ ਸਾਹਿਤ ਦੀ ਸਹੀ ਪਛਾਣ ਇਸ ਦੀ ਭਾਸ਼ਾ ਦੇ ਸਰੂਪ ਅਤੇ ਖੇਤਰ ਤੋਂ ਹੁੰਦੀ ਹੈ। ਲੋਕ ਸਾਹਿਤ ਵਿਚ ਲੋਕ ਭਾਸ਼ਾ ਵਰਤੀ ਜਾਂਦੀ ਹੈ। ਇਸੇ ਕਰਕੇ ਇਸ ਦੀ ਭਾਸ਼ਾ ਠੇਠ, ਸਰਲ, ਸਪਸ਼ਟ ਅਤੇ ਮੁਹਾਵਰੇਦਾਰ ਹੁੰਦੀ ਹੈ। ਇਸ ਵਿਚ ਲੋਕ ਜੀਵਨ ਵਰਗੀ ਸਰਲਤਾ ਅਤੇ ਸਪਸ਼ਟਤਾ, ਖ਼ਰਵਾਪਣ ਤੇ ਬੇਬਾਕੀ ਹੁੰਦੀ ਹੈ। ਇਹ ਬਿਨਾਂ ਬਨਾਵਟ ਤੋਂ ਹੁੰਦੀ ਹੈ। ਲੋਕ ਭਾਸ਼ਾ ਹੋਣ ਦੇ ਬਾਵਜੂਦ ਇਸ ਵਿਚ ਸਾਹਿਤਕ ਭਾਸ਼ਾ ਵਾਲੇ ਗੁਣ ਸਮੋਏ ਹੁੰਦੇ ਹਨ। ਇਸ ਵਿਚ ਸਾਹਿਤਕ ਭਾਸ਼ਾ ਵਾਲੇ ਕਲਾਤਮਕ ਗੁਣ ਜਿਵੇਂ ਕਥਾ ਜੁਗਤਾਂ, ਮੋਟਿਫਾਂ, ਤੁਕਾਂਤਕ ਜੁਗਤਾਂ ਪੰਕਤੀ ਵਿਉਂਤ, ਸੰਗੀਤਾਤਮਕਤਾ, ਆਦਿ ਹੁੰਦੇ ਹਨ। ਲੋਕ ਸਾਹਿਤ ਵਿਚ ਉਪਭਾਸ਼ਾ ਦਾ ਪ੍ਰਯੋਗ ਵਧੇਰੇ ਕੀਤਾ ਜਾਂਦਾ ਹੈ। ਇਹੋ ਇਸ ਦੀ ਲੋਕ ਜੀਵਨ ਨਾਲ ਸਾਂਝ ਦਾ ਵੱਡਾ ਗੁਣ ਹੈ। ਇਸੇ ਕਾਰਨ ਲੋਕ ਸਾਹਿਤ ਦੇ ਵੱਖ ਵੱਖ ਰੂਪਾਂ ਵਿਚ ਆਪਣੇ ਖਿਤੇ ਦੀ ਉਪਭਾਸ਼ਾ ਦੀ ਮੋਹਰ ਲੱਗੀ ਹੁੰਦੀ ਹੈ। ਪਰ ਇਸ ਦਾ ਸਮੁੱਚਾ ਪ੍ਰਭਾਵ ਇਕ ਹੀ ਰਹਿੰਦਾ ਹੈ। ਬੋਲੀ ਦੇ ਸਾਦਾ ਸਰਲ ਤੇ ਸਪਸ਼ਟ ਹੋਣ ਕਾਰਨ ਹੀ ਲੋਕ-ਸਾਹਿਤ ਦੀ ਪਰੰਪਰਾ ਪੀੜ੍ਹੀਓ ਪੀੜ੍ਹੀ ਸਦੀਆਂ ਤੋਂ ਅੱਗੇ ਤੁਰੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(vi) ਕਲਾਤਮਕ ਪੱਖ

ਲੋਕ ਸਾਹਿਤ ਲੋਕਧਾਰਾ ਦੇ ਖੇਤਰ ਦਾ ਇਕ ਕਲਾ ਰੂਪ ਹੈ। ਲੋਕ ਸਾਹਿਤ ਵਿਚ ਭਾਸ਼ਾ ਰਾਹੀਂ ਮਨੁੱਖੀ ਅਨੁਭਵ ਨੂੰ ਵੱਖੋ ਵੱਖਰੇ ਕਲਾ ਰੂਪਾਂ ਅਤੇ ਜੁਗਤਾਂ ਅਤੇ ਚਿੰਨ੍ਹ-ਪ੍ਰਬੰਧਾਂ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ। ਇਸ ਕਰਕੇ ਲੋਕ ਸਾਹਿਤ ਵਿਚ ਸਦੀਵਤਾ ਦਾ ਅੰਸ਼ ਹੈ। ਲੋਕ ਸਾਹਿਤ ਦੇ ਸਿਰਜਕ ਆਪਣੇ ਭੂਗੋਲਿਕ, ਇਤਿਹਾਸਕ ਅਤੇ ਸਭਿਆਚਾਰਕ ਅਨੁਭਵਾਂ ਨੂੰ ਬੜੇ ਹੀ ਕਲਾਮਈ ਢੰਗ ਨਾਲ ਪੇਸ਼ ਕਰਦੇ ਹਨ। ਇਹ ਕਲਾਤਮਕ ਗੁਣ ਲੋਕ ਸਾਹਿਤ ਦੇ ਵੱਖ ਵੱਖ ਰੂਪਾਂ, ਜਿਵੇਂ ਲੋਕ ਗੀਤਾਂ, ਲੋਕ ਕਹਾਣੀਆਂ, ਲੋਕ ਅਖਾਣਾਂ/ਸਿਆਣਪਾਂ, ਬੁਝਾਰਤਾਂ ਦੀ ਸਿਰਜਨ ਪ੍ਰਕ੍ਰਿਆ ਵਿਚ ਵਿਦਮਾਨ ਹਨ। ਇਸ ਦੇ ਲੋਕ ਗੀਤਾਂ ਵਿਚ ਸੰਗੀਤਕਤਾ ਦਾ ਗੁਣ, ਲੋਕ ਕਹਾਣੀਆਂ ਵਿਚ ਰੌਚਕਤਾ ਦਾ ਗੁਣ ਆਦਿ ਨੇ ਭੀ ਇਸ ਲੋਕ ਸਾਹਿਤ ਪਰੰਪਰਾ ਨੂੰ ਅਗੇ ਚਲਣਾ ਜਾਰੀ ਰਖਿਆ ਹੈ। ਜਸਵਿੰਦਰ ਸਿੰਘ ਅਨੁਸਾਰ ''ਪੰਜਾਬੀ ਸਭਿਆਚਾਰ ਵਿਚ ਸੁੰਦਰਤਾ/ਕਰੂਪਤਾ, ਸੁਹਜ/ਕੁਹਜ ਦੇ ਪ੍ਰਤਿਮਾਨ, ਸ੍ਰੋਤ, ਕਾਰਜ ਅਤੇ ਵਸਤਾਂ ਵਿਅਕਤੀਆਂ ਦੇ ਮਾਰਮਿਕ ਚਿਤਰ ਲੋਕ ਸਾਹਿਤ ਵਿਚ ਵਿੱਦਮਾਨ ਹਨ। ਇਸਤਰੀ ਦੀ ਸੁੰਦਰਤਾ ਸੰਬੰਧੀ ਪੰਜਾਬੀ ਲੋਕ ਕਾਵਿ ਵਿਚ ਅਤਿਅੰਤ ਢੁੱਕਵੇਂ ਅਤੇ ਮਨਮੋਹਣੇ ਹਵਾਲੇ ਪ੍ਰਾਪਤ ਹਨ ਇਉਂ ਲੋਕ-ਸਾਹਿਤ ਕਲਾਤਮਕ ਵਿਧੀ ਰਾਹੀਂ ਮਨੁੱਖੀ ਅਨੁਭਵ ਦੇ ਸਮੁੱਚੇ ਫ਼ੈਸਲਾਕੁਨ ਪਾਸਾਰਾਂ ਸੰਕਟਾਂ ਨੂੰ ਮੂਰਤੀਮਾਨ ਕਰਨ ਦਾ ਸਦੀਵੀ, ਪ੍ਰਭਾਵਸ਼ੀਲ ਮਾਧਿਅਮ ਹੈ।''[10] ਪੰਜਾਬੀ ਸਭਿਆਚਾਰ ਵਿਚ ਪਿਆਰ ਦੀਆਂ ਲੋਰੀਆਂ ਬੜੇ ਕਲਾਤਮਕ ਢੰਗ ਨਾਲ ਪ੍ਰਸਤੁਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਮਧੁਰ ਬੋਲੀ ਰੋਂਦੇ ਬੱਚੇ ਨੂੰ ਚੁੱਪ ਕਰਾ ਦਿੰਦੀ ਹੈ। ਇਸ ਤਰ੍ਹਾਂ ਮੌਤ ਸਮੇਂ ਪਾਏ ਕੀਰਨੇ ਪੱਥਰ ਤੋਂ ਪੱਥਰ ਵਿਅਕਤੀ ਦੀਆਂ ਅੱਖਾਂ ਵਿਚ ਹੰਝੂ ਲਿਆ ਸਕਣ ਦੀ ਸ਼ਕਤੀ ਰਖਦੇ ਹਨ। ਇਹ ਸਭ ਕੁਝ ਕਲਾਤਮਕ ਢੰਗ ਰਾਹੀਂ ਪੇਸ਼ ਕਰਨ ਦੀ ਵਿਧੀ ਕਾਰਨ ਹੀ ਹੈ।

(vii) ਲੋਕ ਸਾਹਿਤ ਦਾ ਸਿਰਜਕ

ਲੋਕ ਸਾਹਿਤ ਦੇ ਸਿਰਜਕ ਬਾਰੇ ਸਾਰੇ ਭੁਲੇਖੇ ਪਾਏ ਜਾਂਦੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਲੋਕ ਸਾਹਿਤ ਦੀਆਂ ਰਚਨਾਵਾਂ ਨਾਲ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਮ ਨਹੀਂ ਜੁੜਿਆ ਹੁੰਦਾ ਹੈ। ਇਸ ਦਾ ਸਿਰਜਕ ਅਗਿਆਤ ਵਿਅਕਤੀ ਹੁੰਦਾ ਹੈ। ਪਰ ਹਰੇਕ ਲੋਕ-ਸਾਹਿਤਕ ਕ੍ਰਿਤ ਦਾ ਪਹਿਲਾ ਸਿਰਜਕ ਕੋਈ ਵਿਸ਼ੇਸ਼ ਪ੍ਰਤਿਭਾਸ਼ਾਲੀ ਵਿਅਕਤੀ ਹੁੰਦਾ ਹੈ, ਪਰ ਉਸ ਦਾ ਨਾਂ ਉਸ ਦੀ ਕ੍ਰਿਤ ਨਾਲ ਪ੍ਰਚਲਿਤ ਨਹੀਂ ਹੁੰਦਾ। ਭਾਵੇਂ ਸਮੁੱਚੀ ਜਾਤੀ ਨੇ ਲੋਕ ਸਾਹਿਤ ਦੀ ਸਿਰਜਨਾ ਵਿਚ ਕੋਈ ਵਿਸ਼ੇਸ਼ ਹਿੱਸਾ ਨਹੀਂ ਲਿਆ ਹੁੰਦਾ, ਪਰ ਇਸ ਨੂੰ ਪ੍ਰਵਾਨ ਕਰਕੇ ਸੰਭਾਲਣ ਦੀ ਜ਼ਿੰਮੇਵਾਰੀ ਸਮੁੱਚੀ ਜਾਤੀ ਉਪਰ ਹੈ। ਲੋਕ ਕਲਾਕਾਰ ਆਪਣਾ ਅਨੁਭਵ ਤੇ ਭਾਵਨਾਵਾਂ ਨੂੰ ਕਈ ਕਿਰਤਾਂ ਵਿਚ ਰੂਪਮਾਨ ਕਰਦਾ ਹੈ। ਪਰ ਲੋਕ ਕਸਵੱਟੀ ਉਪਰ ਸਾਰੀਆਂ ਪੂਰੀਆਂ ਨਹੀਂ ਉੱਤਰਦੀਆਂ ਅਤੇ ਨਾ ਹੀ ਸਾਰੀਆਂ ਦੀ ਸੰਭਾਲ ਕੀਤੀ ਜਾਂਦੀ ਹੈ। ਅਸਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸਮੁੱਚੀ ਜਾਤੀ ਲੋਕ ਕਲਾਕਾਰਾਂ ਨੂੰ ਅਜਿਹੀਆਂ ਰਚਨਾਵਾਂ ਸਿਰਜਨ ਲਈ ਪ੍ਰੇਰਦੀ ਤੇ ਮਜ਼ਬੂਰ ਕਰਦੀ ਹੈ ਜੋ ਸੁਹਜ ਸਵਾਦ ਦੇਣ ਤੋਂ ਇਲਾਵਾ ਲੋਕ-ਜਜ਼ਬਿਆਂ ਦਾ ਸਹੀ ਪ੍ਰਤੀਬਿੰਬ ਹੋਣ ਅਤੇ ਪਰੰਪਰਾਗਤ ਰੂੜ੍ਹੀਆਂ ਵਿਚੋਂ ਨਿਸਰੀਆਂ ਹੋਣ।[11] ਪਰ ਇਹ ਰਚਨਾਵਾਂ ਮੂੰਹੋਂ ਮੂਹੀਂ ਤੁਰਦੀਆਂ ਰੂਪ ਵਟਾਉਂਦੀਆਂ ਰਹਿੰਦੀਆਂ ਹਨ।

(viii) ਰੂਪਕ ਵੰਨ ਸੁਵੰਨਤਾ.

ਲੋਕ ਸਾਹਿਤ ਵਿਚ ਵੱਖੋ ਵੱਖਰੇ ਲੋਕ-ਸਾਹਿਤਕ ਰੂਪ ਹਨ। ਇਸ ਦਾ ਭੰਡਾਰਾਂ ਬਹੁਤ ਅਮੀਰ ਅਤੇ ਬਹੁ ਰੰਗਾ ਹੈ। ਹਰੇਕ ਲੋਕ-ਸਾਹਿਤਕ ਵੰਨਗੀ ਨੇ ਆਪਣੇ ਲਈ ਵਿਸ਼ੇਸ਼ ਰੂਪ, ਵਿਸ਼ੇਸ਼ ਪ੍ਰਗਟਾ ਸ਼ੈਲੀ ਅਪਣਾ ਲਈ ਹੈ। ਹਰੇਕ ਰੂਪ ਆਪਣੀ ਸੁਤੰਤਰ ਹੋਂਦ ਰਖਦਾ ਹੈ। ਲੋਕ ਸਾਹਿਤ ਦੇ ਪ੍ਰਮੁੱਖ ਰੂਪ ਇਹ ਹਨ: ਲੋਕ ਕਾਵਿ, ਲੋਕ ਕਥਾ, ਲੋਕ ਨਾਟਕ, ਬੁਝਾਰਤਾਂ, ਅਖਾਣ, ਮੁਹਾਵਰੇ ਅਤੇ ਚੁਟਕਲੇ ਆਦਿ।

(ix) ਸ਼ੁੱਧ ਪਾਠ ਤੇ ਵਿਭਿੰਨਤਾ

ਲੋਕ ਸਾਹਿਤ ਦੇ ਪਾਠ ਵਿਚ ਵਿਭਿੰਨਤਾ ਹੁੰਦੀ ਹੈ, ਕਿਉਂਕਿ ਉਹ ਵਧੇਰੇ ਉਪਭਾਸ਼ਾ ਵਿਚ ਉਚਾਰਿਆ ਜਾਂਦਾ ਰਿਹਾ ਹੈ। ਇਸ ਕਰਕੇ ਇਸ ਦਾ ਪ੍ਰਮਾਣਿਕ ਪਾਠ ਤਿਆਰ ਨਹੀਂ ਕੀਤਾ ਜਾ ਸਕਦਾ ਹੈ। ਦੂਜੇ ਇਸ ਦਾ ਸੰਚਾਰ ਵਧੇਰੇ ਸਾਮੂਹਿਕ ਤੇ ਮੌਖਿਕ ਹੁੰਦਾ ਹੈ। ਇਸ ਲਈ ਹਰੇਕ ਪੇਸ਼ ਕਰਨ ਵਾਲਾ ਇਸ ਵਿਚ ਮੌਕੇ ਮੁਤਾਬਕ ਪਰਿਵਰਤਨ ਕਰਦਾ ਰਹਿੰਦਾ ਹੈ। ਹਰੇਕ ਪਾਠ ਦੀ ਆਪਣੀ ਨਵੇਕਲੀ ਅਤੇ ਸੁਤੰਤਰ ਹੋਂਦ ਹੈ। ਵਿਸ਼ਿਸ਼ਟ ਸਾਹਿਤ ਵਾਂਗ ਇਸ ਦਾ ਇਕ ਪ੍ਰਮਾਣਿਕ ਪਾਠ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਦੇ ਪਾਠ ਵਿਚ ਵਿਭਿੰਨਤਾ ਹੀ ਇਸ ਦੇ ਰੌਚਕ ਅਤੇ ਮਨੋਰੰਜਕ ਹੋਣ ਦਾ ਕਾਰਨ ਹੈ।

3. ਲੋਕ ਸਾਹਿਤ ਦਾ ਵਰਗੀਕਰਣ

ਲੋਕ ਸਾਹਿਤ ਦੀਆਂ ਬਹੁਤ ਸਾਰੀਆਂ ਵੰਨਗੀਆਂ ਹਨ, ਜਿੰਨ੍ਹਾਂ ਵਿਚੋਂ ਪ੍ਰਮੁੱਖ ਰੂਪ ਇਹ ਹਨ:

(ੳ) ਲੋਕ ਕਾਵਿ
(ਅ) ਲੋਕ ਕਹਾਣੀਆਂ
(ੲ) ਲੋਕ ਗਾਥਾ
(ਸ) ਬੁਝਾਰਤਾਂ
(ਹ) ਅਖਾਉਤਾਂ
(ਕ) ਚੁਟਕਲੇ

(ਉਪਰੋਕਤ ਵੰਨਗੀਆਂ ਦਾ ਵਿਸਥਾਰ ਨਾਲ ਵਰਣਨ ਅਸੀਂ ਅੱਗੇ ਜਾ ਕੇ ਕਰਾਂਗੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਦਾ ਨਿਖੇੜਾਂ ਅਤੇ ਅੰਤਰ ਸੰਬੰਧ

ਸਾਹਿਤ ਮਨੁੱਖੀ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ। ਲੋਕ ਸਾਹਿਤ ਤੇ ਵਿਸ਼ਿਸ਼ਟ ਸਾਹਿਤ ਦੋਹਾਂ ਵਿਚ ਮਨੁੱਖੀ ਜਜ਼ਬੇ ਸੁਹਜਮਈ ਢੰਗ ਨਾਲ ਪ੍ਰਸਤੁਤ ਕੀਤੇ ਜਾਂਦੇ ਹਨ। ਦੋਹਾਂ ਦੀਆਂ ਜੜ੍ਹਾਂ ਮਨੁੱਖੀ ਹਿਰਦੇ ਵਿਚ ਹਨ। ਦੋਹਾਂ ਦੇ ਫੁੱਲ ਫ਼ਲ ਇਕੋ ਹਨ, ਕੇਵਲ ਫੁੱਲ ਪੱਤੀਆਂ ਦੀ ਰੰਗਤ ਤੇ ਮਹਿਕ ਵਿਚ ਹੀ ਵੱਖਰਾਪਨ ਹੈ। ਪਰ ਵਿਸ਼ਿਸ਼ਟ ਸਾਹਿਤ ਅਤੇ ਲੋਕ ਸਾਹਿਤ ਵਿਚ ਕੁਝ ਵੱਖਰੇ ਤੱਤ ਅਤੇ ਲੱਛਣ ਵੀ ਹੰਨ।

ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਦਾ ਨਿਖੇੜਾ

(i) ਸਿਰਜਕ

ਵਿਸ਼ਿਸ਼ਟ ਸਾਹਿਤ ਦੇ ਰਚਨਹਾਰੇ ਬਾਰੇ ਸਾਨੂੰ ਪਤਾ ਹੁੰਦਾ ਹੈ, ਪਰ ਲੋਕ ਸਾਹਿਤ ਦਾ ਰਚਨਹਾਰਾ ਅਗਿਆਤ ਵਿਅਕਤੀ ਹੁੰਦਾ ਹੈ। ਭਾਵੇਂ ਲੋਕ ਸਾਹਿਤ ਦਾ ਪਹਿਲਾ ਰਚਨਹਾਰਾ ਕੋਈ ਵਿਅਕਤੀ ਵਿਸ਼ੇਸ਼ ਹੀ ਹੋਵੇਗਾ। ਪਰ ਉਹ ਆਪਣੀ ਰਚਨਾ ਨਾਲ ਆਪਣੇ ਨਾਂ ਨੂੰ ਸੰਬੰਧਿਤ ਨਹੀਂ ਕਰ ਸਕਿਆ ਹੁੰਦਾ। ਅਸਲ ਵਿਚ ਲੋਕ ਸਾਹਿਤ ਇਕ ਕਿਸਮ ਨਾਲ ਲੋਕ ਸਮੂਹ ਦੀ ਰਚਨਾ ਹੀ ਹੋ ਨਿਬੜਦਾ ਹੈ। ਮੂੰਹੋਂ ਮੂੰਹੀਂ ਤੁਰੀ ਆਉਂਦੀ ਮੌਖਿਕ ਪਰੰਪਰਾ ਵਿਚ ਲੋਕ ਸਮੂਹ ਤਬਦੀਲੀ ਕਰਦਾ ਰਹਿੰਦਾ ਹੈ। ਸ਼ਾਕਿਰ ਪੁਰਸਾਰਥੀ ਲਿਖਦੇ ਹਨ ਕਿ ਲੋਕ-ਸਾਹਿਤ ਵਿਚ ਕਿਸੇ ਇਕ ਵਿਅਕਤੀ ਮਾਤਰ ਦੀ ਆਵੱਸ਼ਕਤਾ ਨਹੀਂ ਹੁੰਦੀ, ਸਗੋਂ ਸਮੁੱਚੇ ਸਮਾਜ ਦੀਆਂ ਆਵੱਸ਼ਕਤਾਵਾਂ ਮੁਖਾਤਿਬ ਹੁੰਦੀਆਂ ਹਨ। ਲੋਕ ਸਾਹਿਤ ਵਿਚ ਕਿਉਂਕਿ ਰਚਨਾ ਪ੍ਰਮੁੱਖ ਹੁੰਦੀ ਹੈ ਸਿਰਜਕ ਗੌਣ ਹੁੰਦਾ ਹੈ, ਇਸ ਕਰਕੇ ਉਹ ਸਮੇਂ ਦੀ ਧੂੜ ਵਿਚ ਹੀ ਗਵਾਚ ਜਾਂਦਾ ਹੈ। ਪਰ ਵਿਸ਼ਿਸ਼ਟ ਸਾਹਿਤ ਵਿਚ ਕਿਸੇ ਖਾਸ ਵਿਅਕਤੀ ਵਿਸ਼ੇਸ਼ ਦੀ ਰਚਨਾ ਹੋਣ ਕਰਕੇ ਉਸ ਦਾ ਨਾਂ ਉਸ ਨਾਲ ਜੁੜਿਆ ਰਹਿੰਦਾ ਹੈ।

ਇਸ ਲਈ ਵਿਸ਼ਿਸ਼ਟ ਸਾਹਿਤ ਲਈ ਜ਼ਰੂਰੀ ਨਹੀਂ ਕਿ ਉਹ ਲੋਕ ਸਮੂਹ ਦੇ ਮਨ ਦੀ ਤਰਜਮਾਨੀ ਕਰੇ। ਪਰ ਲੋਕ ਸਾਹਿਤ ਲਈ ਅਜਿਹਾ ਕਰਨਾ ਜ਼ਰੂਰੀ ਹੈ। ਵਿਸ਼ਿਸ਼ਟ ਸਾਹਿਤ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਦੀ ਲੋੜ ਨਹੀਂ ਹੁੰਦੀ ਹੈ, ਜਦੋਂ ਕਿ ਲੋਕ ਸਾਹਿਤ ਲਈ ਲੋਕ ਸਮੂਹ ਦੀ ਪ੍ਰਵਾਨਗੀ ਜ਼ਰੂਰੀ ਹੈ।

(ii) ਪ੍ਰਗਟਾ ਮਾਧਿਅਮ

ਵਿਸ਼ਿਸ਼ਟ ਸਾਹਿਤ ਅਤੇ ਲੋਕ ਸਾਹਿਤ ਦਾ ਪ੍ਰਗਟਾ ਮਾਧਿਅਮ ਭਾਵੇਂ ਭਾਸ਼ਾ ਰਾਹੀਂ ਹੀ ਹੁੰਦਾ ਹੈ। ਪਰ ਲੋਕ ਸਾਹਿਤ ਦੀ ਪਰੰਪਰਾ ਮੌਖਿਕ ਰੂਪ ਵਿਚ ਪੀੜ੍ਹੀਓ ਪੀੜ੍ਹੀ ਅੱਗੇ ਚਲਦੀ ਹੈ। ਜਦੋਂ ਕਿ ਵਿਸ਼ਿਸ਼ਟ ਸਾਹਿਤ ਦਾ ਸੰਚਾਰ ਲਿਖਤੀ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਕੀਤਾ ਜਾਂਦਾ ਹੈ। ਇਹ ਪੁਸਤਕਾਂ ਦੇ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦਾ ਹੈ ਜਦੋਂ ਕਿ ਲੋਕ ਹਿਰਦੇ ਅਤੇ ਸਿਮਰਤੀ ਰਾਹੀਂ ਮੌਖਿਕ ਰੂਪ ਵਿਚ ਅੱਗੇ ਚਲਦਾ ਹੈ। ਇਸ ਲਈ ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਵਿਚ ਬੁਨਿਆਦੀ ਅੰਤਰ ਇਨ੍ਹਾਂ ਦੀ ਅਭਿਵਿਅਕਤੀ ਲਈ ਵਰਤੇ ਗਏ ਮਾਧਿਅਮ ਦਾ ਹੈ।

(iii) ਨਿਸ਼ਚਿਤ ਅੜੇ ਅਨਿਸ਼ਚਿਤ ਪਾਠ

ਵਿਸ਼ਿਸ਼ਟ ਸਾਹਿਤ ਕਿਉਂਕਿ ਲਿਖਤੀ ਰੂਪ ਵਿਚ ਹੋਣ ਕਰਕੇ ਇਸ ਦਾ ਪਾਠ ਨਿਸ਼ਚਿਤ ਰਹਿੰਦਾ ਹੈ। ਲੋਕ ਸਾਹਿਤ ਮੂੰਹੋ ਮੂੰਹੀਂ ਅਗੇ ਚਲਣ ਕਰਕੇ ਇਸ ਦੇ ਪਾਠ ਬਦਲਦੇ ਰਹੇ ਹਨ ਜਾਂ ਗਾਉਣ ਦੀਆਂ ਲੋੜਾਂ ਮੁਤਾਬਕ ਤਬਦੀਲ ਹੁੰਦੇ ਰਹੇ ਹਨ। ਇਸ ਵੱਖਰਤਾ ਦਾ ਇਕ ਹੋਰ ਕਾਰਨ ਇਹ ਹੈ ਕਿ ਵਿਸ਼ਿਸ਼ਟ ਸਾਹਿਤ ਟਕਸਾਲੀ ਭਾਸ਼ਾ ਦੇ ਨਿਯਮਾਂ ਦੀ ਪਾਲਣਾ ਕਰਦਾ ਹੈ ਜਿਸ ਕਰਕੇ ਇਸ ਦੇ ਪਾਠ ਵਿਚ ਕਿਸੇ ਕਿਸਮ ਦੇ ਪਰਿਵਰਤਨ ਦੀ ਗੁੰਜਾਇਸ਼ ਨਹੀਂ ਰਹਿੰਦੀ ਹੈ। ਦੂਸਰੇ ਪਾਸੇ ਲੋਕ ਸਾਹਿਤ ਉਪਭਾਸ਼ਾ ਦੇ ਨਿਯਮਾਂ ਦਾ ਪਾਲਣ ਕਰਦਾ ਹੈ, ਜਿਸ ਕਰਕੇ ਉਸ ਦੇ ਪਾਠ ਵਿਚ ਵੱਖਰਤਾ ਦਾ ਹੋਣਾ ਜ਼ਰੂਰੀ ਹੈ। ਇਸ ਲਈ ਲੋਕ ਸਾਹਿਤ ਦਾ ਇਕ ਪ੍ਰਮਾਣਿਕ ਪਾਠ ਤਿਆਰ ਨਹੀਂ ਕੀਤਾ ਜਾ ਸਕਦਾ। ਜੇਕਰ ਅਜਿਹਾ ਕੀਤਾ ਜਾਵੇ ਤਾਂ ਇਹ ਅਵਿਗਿਆਨਕ ਵੀ ਹੋਵੇਗਾ। ਵਿਸ਼ਿਸ਼ਟ ਸਾਹਿਤ ਵਿਚ ਕਈ ਵਾਰ ਉਸਦੇ ਪਾਠ ਵਿਚ ਵੱਖਰਤਾ ਹੁੰਦੀ ਹੈ, ਪਰ ਉਸ ਦਾ ਇਕ ਪ੍ਰਮਾਣਿਕ ਖਰੜਾ ਜ਼ਰੂਰ ਹੁੰਦਾ ਹੈ ਜਿਥੋਂ ਸ਼ੁਧ ਪਾਠ ਤਿਆਰ ਕੀਤਾ ਜਾ ਸਕਦਾ ਹੈ।

(iv) ਸਾਮਗ੍ਰੀ ਚੋਣ

ਵਿਸ਼ਿਸ਼ਟ ਸਾਹਿਤ ਵਿਚ ਰਚਨਹਾਰਾ ਆਪਣੀ ਰਚਨਾ ਦੀ ਸਾਮਗ੍ਰੀ ਦੀ ਚੋਣ ਸਮਾਜਕ ਜੀਵਨ ਵਿਚੋਂ ਵਿਭਿੰਨ ਸਮੱਸਿਆ ਨੂੰ ਆਪਣੇ ਨਿੱਜੀ ਅਨੁਭਵ ਅਤੇ ਦ੍ਰਿਸ਼ਟੀਕੋਣ ਨੂੰ ਮੁੱਖ ਰਖਕੇ ਕਰਦਾ ਹੈ, ਇਸ ਲਈ ਉਹ ਪਰੰਪਰਾ ਨਾਲ ਬੱਝਿਆ ਹੋਇਆ ਨਹੀਂ ਹੁੰਦਾ। ਉਹ ਕਿਸੇ ਪਰੰਪਰਾ ਦਾ ਤਿਆਗ ਕਰਕੇ ਨਵੀਂ ਪਰੰਪਰਾ ਦੇ ਪ੍ਰਸੰਗ ਵਿਚ ਲਿਖ ਸਕਦਾ ਹੈ। ਜਿਵੇਂ ਅਧਿਆਤਮਕ ਕਾਵਿ ਪਰੰਪਰਾ ਦੇ ਵਿਰੋਧ ਵਿਚ ਕਿੱਸਾ ਕਾਵਿ ਪਰੰਪਰਾ ਹੋਂਦ ਵਿਚ ਆਈ। ਵਿਸ਼ਿਸ਼ਟ ਸਾਹਿਤ ਦਾ ਰਚਨਹਾਰਾ ਕਿਸੇ ਬਦੇਸ਼ੀ ਸਾਹਿਤ ਪਰੰਪਰਾ ਨੂੰ ਹੁਧਾਰ ਲੈ ਸਕਦਾ ਹੈ। ਪਰ ਲੋਕ ਸਾਹਿਤ ਨੂੰ ਸਥਾਪਿਤ ਪਰੰਪਰਾ ਤੋਂ ਅਲੱਗ ਕਰਨਾ ਮੁਸ਼ਕਲ ਹੈ।

(v) ਲੋਕ ਤੱਤ

ਇਕ ਮਹੱਤਵਸ਼ੀਲ ਤੱਤ ਜੋ ਲੋਕ ਸਾਹਿਤ ਨੂੰ ਵਿਸ਼ਿਸ਼ਟ ਸਾਹਿਤ ਤੋਂ ਨਿਖੇੜਦਾ ਹੈ, ਉਹ ਹੈ ਲੋਕ ਸਾਹਿਤ ਵਿਚ ਲੋਕ ਅੰਸ਼ਾਂ ਦੀ ਅਧਿਕਤਾ। ਇਸ ਸਾਹਿਤ ਵਿਚ ਪਰੰਪਰਾ ਦੇ ਤੱਤ ਕਾਫੀ ਮਾਤਰਾ ਵਿਚ ਰਚੇ ਹੁੰਦੇ ਹਨ। ਇਸ ਲਈ ਇਹ ਸਾਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਰੋਲ ਮਨੁੱਖੀ ਭਾਵਨਾਵਾਂ ਨੂੰ ਹੀ ਪ੍ਰਤੀਬਿੰਬਤ ਨਹੀਂ ਕਰਦਾ, ਸਗੋਂ ਲੋਕ ਵਿਸ਼ਵਾਸਾਂ, ਮਨੌਤਾਂ, ਭਰਮਾਂ ਵਹਿਮਾਂ ਤੇ ਸੰਕਲਪਾਂ ਦੀ ਰੂੜ੍ਹੀ ਉਤੇ ਉਸਰਿਆ ਹੋਣ ਕਰਕੇ ਇਸ ਦੀ ਭਾਵ ਭੂਮੀ ਵੱਖਰੀ ਹੈ। ਇਸ ਦੇ ਮੁਕਾਬਲੇ ਉਤੇ ਵਿਸ਼ਿਸ਼ਟ ਸਾਹਿਤ ਇਸ ਨਾਲੋਂ ਵੱਖਰੇ ਮੰਡਲਾਂ ਵਿਚ ਵਿਚਰਦਾ ਅਤੇ ਉਡਾਰੀਆਂ ਲਾਉਂਦਾ ਹੈ। ਇਸ ਸਾਹਿਤ ਵਿਚ ਪਰੰਪਰਾ ਅਤੇ ਲੋਕ ਤੱਤਾਂ ਨਾਲੋਂ ਮੌਲਿਕਤਾ, ਕਲਪਨਾ ਅਤੇ ਅਨੁਭਵ ਦੀਆਂ ਉੱਚੀਆਂ ਤੇ ਭਰਵੀਆਂ ਉਡਾਰੀਆਂ ਹੁੰਦੀਆਂ ਹਨ।

(vi) ਸ੍ਰੋਤ

ਵਿਸ਼ਿਸ਼ਟ ਸਾਹਿਤ ਲੋਕ ਸਾਹਿਤ ਨੂੰ ਸ੍ਰੋਤ ਵਜੋਂ ਵਰਤ ਸਕਦਾ ਹੈ ਪਰ ਲੋਕ ਸਾਹਿਤ ਵਿਸ਼ਿਸ਼ਟ ਸਾਹਿਤ ਨੂੰ ਸ੍ਰੋਤ ਵਜੋਂ ਨਹੀਂ ਵਰਤ ਸਕਦਾ ਹੈ। ਇਹੋ ਕਾਰਨ ਹੈ ਕਿ ਵਿਸ਼ਿਸ਼ਟ ਸਾਹਿਤ ਵਿਚ ਲੋਕ ਸਾਹਿਤ ਦੇ ਵਿਭਿੰਨ ਤੱਤ, ਸ਼੍ਰੇਣੀਆਂ, ਕਥਾਨਕ ਰੂੜ੍ਹੀਆਂ, ਕਲਾਤਮਕ ਰੂਪ ਸਹਿਜ ਨਾਲ ਹੀ ਪ੍ਰਵੇਸ਼ ਕਰ ਜਾਂਦੇ ਹਨ। ਵਿਸ਼ਿਸ਼ਟ ਸਾਹਿਤ ਹਮੇਸ਼ਾਂ ਲੋਕ ਸਾਹਿਤ ਨੂੰ ਸ੍ਰੋਤ ਵਜੋਂ ਵਰਤਦਾ ਰਿਹਾ ਹੈ। ਮੱਧਕਾਲੀਨ ਪੰਜਾਬੀ ਵਿਸ਼ਿਸ਼ਟ ਸਾਹਿਤ ਵਿਚ ਲੋਕ ਸਾਹਿਤ ਦੇ ਤੱਤ ਸਪਸ਼ਟ ਦਿਖਾਈ ਦਿੰਦੇ ਹਨ। ਅਜੋਕਾ ਉਹ ਹੀ ਵਿਸ਼ਿਸ਼ਟ ਸਾਹਿਤ ਲੋਕਾਂ ਵਿਚ ਵਧੇਰੇ ਹਰਮਨ ਪਿਆਰਾ ਰਿਹਾ ਹੈ ਜੋ ਲੋਕ ਸਾਹਿਤ ਦੇ ਵਧੇਰੇ ਨੇੜੇ ਰਿਹਾ ਹੈ।

ਲੋਕ ਸਾਹਿਤ ਵਿਅਕਤੀਗਤ ਭਾਵਨਾਵਾਂ ਅਤੇ ਦ੍ਰਿਸ਼ਟੀ ਦੀ ਮਿਲਾਵਟ ਨੂੰ ਸਹਿਨ ਨਹੀਂ ਕਰ ਸਕਦਾ ਹੈ। ਇਹ ਵਿਸ਼ਿਸ਼ਟ ਸਾਹਿਤ ਦਾ ਆਧਾਰ ਬਣ ਸਕਦੀਆਂ ਹਨ। ਲੋਕ ਸਾਹਿਤ ਸਮੂਹ ਤੋਂ ਵਿਅਕਤੀ ਵਲ ਅਤੇ ਵਿਸ਼ਿਸ਼ਟ ਸਾਹਿਤ ਵਿਅਕਤੀ ਤੋਂ ਸਮੂਹ ਵਲ ਦੀ ਯਾਤਰਾ ਹੈ।

ਵਿਸ਼ਿਸ਼ਟ ਸਾਹਿਤ ਦੇ ਸਾਹਿਤਕ ਰੂਪ ਸਮਾਜਕ ਮਰਯਾਦਾ ਅਤੇ ਇਤਿਹਾਸਕ ਪਰਿਸਥਿਤੀਆਂ ਦੇ ਬਦਲ ਨਾਲ ਪ੍ਰਭਾਵਿਤ ਹੁੰਦੇ ਹਨ। ਸਾਹਿਤ ਉਤਪਤੀ ਵਿਗਿਆਨ ਦੀ ਮੂਲ ਧਾਰਨਾ ਇਹ ਹੈ ਕਿ ਇਤਿਹਾਸਕ ਕਰਮ ਵਿਚ ਕੋਈ ਇਕ ਰੂਪ ਵਿਕਸਿਤ ਹੁੰਦਾ ਹੋਇਆ ਕਿਸੇ ਹੱਦ ਤਕ ਪ੍ਰਭੁੱਤਾ ਧਾਰਨ ਕਰਦਾ ਹੈ ਅਤੇ ਫਿਰ ਮੱਧਮ ਪੈ ਜਾਂਦਾ ਹੈ। ਜਿਵੇਂ ਜਾਗੀਰਦਾਰੀ ਪ੍ਰਬੰਧ ਵਿਚ ਪੰਜਾਬੀ ਕਿੱਸਾ ਕਾਵਿ ਆਪਣੀ ਸਿੱਖਰ ਤੇ ਪਹੁੰਚ ਗਿਆ ਪਰ ਵੀਹਵੀਂ ਸਦੀ ਵਿਚ ਜਾਗੀਰਦਾਰੀ ਦੀ ਥਾਂ ਪੂੰਜੀਪਤੀ ਪ੍ਰਬੰਧ ਕਾਇਮ ਹੋਣ ਨਾਲ ਕਿੱਸਾ ਕਾਵਿ ਅਧੋਗਤੀ ਨੂੰ ਪ੍ਰਾਪਤ ਹੋ ਗਿਆ ਅਤੇ ਇਸ ਦੀ ਥਾਂ ਨਾਵਲ ਅਤੇ ਹੋਰ ਵਾਰਤਕ ਰੂਪਾਂ ਨੇ ਲੈ ਲਈ। ਪਰ ਲੋਕ ਸਾਹਿਤ ਦੇ ਰੂਪ ਆਪਣੇ ਵਿਚ ਪਰਿਵਰਤਨ ਕਰਕੇ ਹਰ ਸਮਾਜਕ ਪੜਾਅ ਵਿਚ ਪ੍ਰਵੇਸ਼ ਕਰ ਜਾਂਦੇ ਹਨ।

ਉਪਰੋਕਤ ਸਮੁੱਚੀ ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਲੋਕ ਸਾਹਿਤ ਵਿਸ਼ਿਸ਼ਟ ਸਾਹਿਤ ਨੂੰ ਪ੍ਰਭਾਵਿਤ ਕਰਦਾ ਹੈ ਪਰ ਆਪ ਪ੍ਰਭਾਵਿਤ ਨਹੀਂ ਹੁੰਦਾ। ਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਦੀ ਉਪਰੋਕਤ ਵੱਖਰਤਾ ਦੇ ਹੁੰਦੇ ਹੋਏ ਵੀ ਇਨ੍ਹਾਂ ਵਿਚ ਅੰਤਰ ਸੰਬੰਧ ਹਨ ਜੋ ਹੇਠ ਲਿਖੇ ਹਨ:

ਅੰਤਰ ਸੰਬੰਧ

(i) ਦੋਹਾਂ ਦਾ ਸੰਚਾਰ ਭਾਸ਼ਾ ਰਾਹੀਂ ਹੁੰਦਾ ਹੈ। ਇਕ ਮੌਖਿਕ ਭਾਸ਼ਾ ਦੀ ਵਰਤੋਂ ਕਰਦਾ ਹੈ ਅਤੇ ਦੂਜਾ ਲਿਖਿਤ ਰੂਪ ਵਿਚ ਵਰਤੋਂ ਕਰਦਾ ਹੈ।

(ii) ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਕਲਾਤਮਕ ਰੂਪਾਂ ਦੀ ਸਿਰਜਨਾ ਕਰਦੇ ਹਨ। ਜਿਵੇਂ ਲੋਕ ਸਾਹਿਤ ਦੇ ਕਲਾਤਮਕ ਰੂਪ ਲੋਕ ਗੀਤ, ਲੋਕ ਕਹਾਣੀਆਂ, ਬੁਝਾਰਤਾਂ, ਲੋਕ ਨਾਟ, ਲੋਕ ਕਲਾਵਾਂ ਵਿਭਿੰਨ ਕਲਾ ਰੂਪ ਹਨ ਜਿਨ੍ਹਾਂ ਦੀ ਪੇਸ਼ਕਾਰੀ ਕਲਾਤਮਕ ਢੰਗ ਨਾਲ ਕੀਤੀ ਜਾਂਦੀ ਹੈ। ਇਸ ਤਰ੍ਹਾਂ ਵਿਸ਼ਿਸ਼ਟ ਸਾਹਿਤ ਦੇ ਵਿਭਿੰਨ ਕਲਾਤਮਕ ਰੂਪ ਕਵਿਤਾ, ਨਾਟਕ, ਨਾਵਲ ਆਦਿ ਹਨ ਜਿਨ੍ਹਾਂ ਦੀ ਪੇਸ਼ਕਾਰੀ ਵਿਸ਼ਿਸ਼ਟ ਸਾਹਿਤ ਦਾ ਰਚਨਹਾਰਾ ਵਿਭਿੰਨ ਕਲਾ ਜੁਗਤਾਂ ਦੀ ਵਰਤੋਂ ਨਾਲ ਕਰਦਾ ਹੈ। ਉਹ ਕਵਿਤਾ ਵਿਚ ਛੰਦ, ਅਲੰਕਾਰ, ਪ੍ਰਤੀਕ, ਕਲਪਨਾ, ਅਜਨਬੀਕਰਣ ਆਦਿ ਦੀ ਵਰਤੋਂ ਕਰਦਾ ਹੈ।

(iii) ਦੋਹਾਂ ਵਿਚ ਬਹੁਤ ਸਾਰੇ ਸਾਹਿਤ ਰੂਪ ਸਾਂਝੇ ਹਨ। ਪੰਜਾਬੀ ਸਾਹਿਤ ਵਿਚ ਵਾਰ, ਬਾਰਾਮਾਂਹ, ਆਦਿ ਅਨੇਕ ਸਾਹਿਤਕ ਰੂਪ ਲੋਕ ਸਾਹਿਤ ਵਿਚੋਂ ਹੀ ਸਾਹਿਤਕ ਖੇਤਰ ਵਿਚ ਆਏ ਹਨ।

(iv) ਲੋਕ ਸਾਹਿਤ ਵਿਸ਼ਿਸ਼ਟ ਸਾਹਿਤ ਦੀ ਪ੍ਰਕਿਰਤੀ, ਸੁਭਾ ਅਤੇ ਉਦੇਸ਼ ਵਿਚ ਭਾਵੇਂ ਕੁਝ ਵੱਖਰਤਾ ਹੈ ਫਿਰ ਵੀ ਇਨ੍ਹਾਂ ਵਿਚ ਵਧੇਰੇ ਸਾਂਝ ਸਪਸ਼ਟ ਨਜ਼ਰ ਆਉਂਦੀ ਹੈ। ਵਿਸ਼ਿਸ਼ਟ ਸਾਹਿਤ ਅਤੇ ਲੋਕ ਸਾਹਿਤ ਦੀਆਂ ਲੋਕਧਾਰਾਈ ਅਤੇ ਸਭਿਆਚਾਰਕ ਸਿਰਜਣਾਵਾਂ ਅਤੇ ਕਲਾਵਾਂ ਨੂੰ ਨਿਖੇੜੇ ਜਾਣ ਤੇ ਇਨ੍ਹਾਂ ਦੀ ਆਪਸੀ ਸਾਂਝ ਸਪਸ਼ਟ ਨਜ਼ਰੀ ਪੈਂਦੀ ਹੈ। ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਦਾ ਉਦੇਸ਼ ਮਾਨਵੀ ਕਦਰਾਂ ਕੀਮਤਾਂ ਦਾ ਪ੍ਰਗਟਾਵਾ ਕਰਨਾ ਹੈ। ਦੋਹਾਂ ਦਾ ਉਦੇਸ਼ ਜਿਥੇ ਮਾਨਵ ਦਾ ਮੰਨੋਰੰਜਨ ਕਰਨਾ ਹੈ, ਉਥੇ ਉਸ ਨੂੰ ਜੀਵਨ ਸੇਧ ਦੇਣਾ ਵੀ ਹੈ। ਦੋਵੇਂ ਸਦਾਚਾਰਕ ਕਦਰਾਂ ਕੀਮਤਾਂ ਦੀ ਸਥਾਪਤੀ ਵਿਚ ਆਪਣਾ ਯੋਗਦਾਨ ਪਾਉਂਦੇ ਹਨ।

ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਦੇ ਨਿਖੇੜ ਅਤੇ ਅੰਤਰ ਸੰਬੰਧ ਤੋਂ ਇਹ ਗੱਲ ਭਲੀ ਭਾਂਤ ਪ੍ਰਗਟ ਹੁੰਦੀ ਹੈ ਕਿ ਹਰ ਸਾਹਿਤ ਵਿਚ ਕਿਸੇ ਨਾ ਕਿਸੇ ਹੱਦ ਤੱਕ ਲੋਕ ਤੱਤਾਂ ਦਾ ਰਲਾ ਮਿਲ ਹੀ ਜਾਂਦਾ ਹੈ। ਮੱਧਕਾਲੀਨ ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ, ਕਿੱਸਾ ਕਾਵਿ, ਸੂਫ਼ੀ ਕਾਵਿ ਆਦ ਲੋਕ ਸਾਹਿਤ ਤੋਂ ਪ੍ਰਭਾਵਿਤ ਹਨ। ਆਧੁਨਿਕ ਪੰਜਾਬੀ ਕਾਵਿ ਵਿਚ ਵੀ ਲੋਕ ਤੱਤਾਂ ਦੀ ਬਹੁਲਤਾ ਹੈ। ਸ਼ਿਵ ਕੁਮਾਰ ਬਟਾਲਵੀ, ਸੰਤ ਰਾਮ ਉਦਾਸੀ ਆਦਿ ਦੇ ਗੀਤਾਂ ਵਿਚ ਲੋਕ ਤੱਤਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਧੇਰੇ ਮਾਤਰਾ ਕਰਕੇ ਹੀ ਇਹ ਲੋਕ ਮਨਾਂ ਵਿਚ ਖਿੱਚ ਦਾ ਕਾਰਨ ਬਣੇ ਹਨ। ਮਧਕਾਲੀ ਪੰਜਾਬੀ ਸਾਹਿਤ ਵਿਚ ਵਿਸ਼ੇ ਵਸਤੂ ਦੇ ਪੱਖੋਂ ਨਹੀਂ ਤਾਂ ਸ਼ੈਲੀ, ਕਾਵਿ ਰੂਪਾਂ, ਛੰਦਾਂ ਅਲੰਕਾਰਾਂ ਜਾਂ ਭਾਸ਼ਾ ਕਰਕੇ ਲੋਕ ਸਾਹਿਤ ਦੇ ਤੱਤ ਵਿਦਮਾਨ ਹਨ। ਕੋਈ ਵਿਸ਼ਿਸ਼ਟ ਸਾਹਿਤ ਲੋਕਾਂ ਦੇ ਵਧੇਰੇ ਨੇੜੇ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਵਿਚ ਲੋਕ ਤੱਤਾਂ ਦੀ ਬਹੁਲਤਾ ਹੋਵੇ।

(ਓ) ਲੋਕ ਕਾਵਿ

ਪੰਜਾਬ ਦੇ ਲੋਕ-ਸਾਹਿਤ ਦਾ ਇਕ ਅਮੀਰ ਵਿਰਸਾ ਲੋਕ ਕਾਵਿ ਹੈ। ਇਸ ਵਿਚ ਪੰਜਾਬੀਆਂ ਦੇ ਮਨੋਭਾਵ ਬਿਨਾਂ ਕਿਸੇ ਬਨਾਵਟ ਦੇ ਮਿਲਦੇ ਹਨ। ਪੰਜਾਬੀ ਵਿਚ ਲੋਕ ਸਾਹਿਤ ਦੀ ਪਛਾਣ, ਪ੍ਰਮਾਣ ਅਤੇ ਨਮੂਨੇ ਵਜੋਂ ਲੋਕ ਕਾਵਿ ਨੂੰ ਹੀ ਪੇਸ਼ ਕੀਤਾ ਜਾਂਦਾ ਹੈ। ਇਸ ਦੀਆਂ ਅੱਗੋਂ ਕਈ ਵੰਨਗੀਆਂ ਅਤੇ ਰੂਪ ਹਨ। ਲੋਕ ਕਾਵਿ ਵਿਸ਼ਿਸ਼ਟ ਸਾਹਿਤ ਦਾ ਸਰੋਤ, ਪ੍ਰੇਰਕ ਅਤੇ ਨਾਲ ਹੀ ਸਮਾਨਾਤਰਸਾਰ ਵੀ ਰਿਹਾ ਹੈ। ਪੰਜਾਬੀ ਸਾਹਿਤ ਦੇ ਬਹੁਤੇ ਕਾਵਿ ਰੂਪਾਂ ਦਾ ਮੂਲ ਸੋਮਾ ਲੋਕ ਕਾਵਿ ਹੀ ਰਿਹਾ ਹੈ। ਇਹ ਲੋਕ ਕਾਵਿ ਦੀ ਵਿਲੱਖਣਤਾ ਦਾ ਪ੍ਰਮਾਣ ਹੈ।

ਲੋਕ ਕਾਵਿ ਵਿਚ ਗੀਤ ਬਣਤਰ ਦੇ ਗੁਣ ਹਨ। ਇਸ ਲਈ ਕਈ ਵਾਰ ਸਮੁੱਚੇ ਲੋਕ ਕਾਵਿ ਨੂੰ ਲੋਕ ਗੀਤ ਮੰਨਿਆ ਗਿਆ ਹੈ ਪਰ ਲੋਕ ਗੀਤ ਲੋਕ ਕਾਵਿ ਦਾ ਇਕ ਮਹੱਤਵਪੂਰਣ ਅਤੇ ਬਹੁਤ ਪ੍ਰਸਿੱਧ ਰੂਪ ਜ਼ਰੂਰ ਹੈ ਆਪਣੇ ਕੁਝ ਨਿਵੇਕਲੇ ਲੱਛਣਾ ਕਾਰਨ। ਪਰ ਸਮੁੱਚੇ ਲੋਕ-ਕਾਵਿ ਨੂੰ ਲੋਕ ਗੀਤ ਕਹਿਣਾ ਠੀਕ ਨਹੀਂ ਹੈ।

ਲੋਕ ਕਾਵਿ ਦੀ ਉਤਪੱਤੀ ਸੰਬੰਧੀ ਵਣਜਾਰਾ ਬੇਦੀ ਦਾ ਵਿਚਾਰ ਹੈ ਕਿ ਆਦਿਮ ਕਾਵਿ ਜਦੋਂ ਪਗ-ਪ੍ਰਕਿਰਤੀ ਅਤੇ ਅਧਵੈਦਿਕ ਸੰਸਕਾਰ ਤਿਆਗ ਕੇ ਤੇ ਮਾਨਵ-ਮੁੱਖ ਹੋ ਹਰਖ ਸੋਗ ਦੇ ਜਜ਼ਬੇ ਵਿਅਕਤ ਕਰਨ ਲੱਗਾ ਤਾਂ ਲੋਕ ਕਾਵਿ ਦਾ ਉਦੈ ਹੋਇਆ। ਇਹ ਪਰੰਪਰਾ ਭਾਵੇਂ ਪੇਤਲੇ ਰੂਪ ਵਿਚ ਆਦਿਮ ਕਾਵਿ ਦੇ ਨਾਲ ਨਾਲ ਹੀ ਤੁਰਦੀ ਰਹੀ ਪਰ ਮਨੁੱਖ ਦੇ ਮਾਨਸਿਕ ਤੇ ਸਾਂਸਕ੍ਰਿਤਕ ਵਿਕਾਸ ਨਾਲ ਇਸ ਕਾਵਿ ਨੇ ਵੱਖਰਾ ਸਰੂਪ ਧਾਰ ਲਿਆ ਜਿਸ ਨਾਲ ਕਾਵਿ ਦਾ ਪਾਸਾਰਾ ਜੀਵਨ ਦੇ ਆਰ ਪਾਰ ਸਭ ਮਾਨਸਿਕ ਤੇ ਭੌਤਿਕ ਦਿਸ਼ਾਵਾਂ ਵਿਚ ਫੈਲ ਗਿਆ।[13] ਲੋਕ ਸੰਸਕ੍ਰਿਤੀ ਅਤੇ ਲੋਕ ਕਾਵਿ ਦਾ ਡੂੰਘਾ ਰਿਸ਼ਤਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਜਿੰਨੀ ਗੌਰਵਮਈ ਤੇ ਰੰਗੀਲੀ ਕੋਈ ਸੰਸਕ੍ਰਿਤੀ ਹੁੰਦੀ ਹੈ ਉਤਨਾ ਹੀ ਤੇਜਵਾਨ ਅਤੇ ਵਿਆਪਕ ਉਸ ਦਾ ਲੋਕ ਕਾਵਿ। ਅਸਲ ਵਿਚ ਲੋਕ ਕਾਵਿ ਸਾਮੂਹਿਕ ਰੂਪ ਸਿਰਜਤ, ਪ੍ਰਵਾਣਿਤ ਅਤੇ ਪ੍ਰਚਲਿਤ ਲੋਕ-ਅਨੁਭਵ ਦਾ ਉਹ ਸੱਚ ਹੈ ਜਿਹੜਾ ਮੂਲ ਮਾਨਵੀ ਸੰਕਟਾਂ, ਲੋਚਾਂ ਸਥਿਤੀਆਂ ਪ੍ਰਤਿ ਮਨੁੱਖੀ ਮਨ ਦਾ ਸਹਿਜ ਤੱਤ-ਫੱਟ ਅਤੇ ਕਲਾਤਮਕ ਹੁੰਗਾਰਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਕਾਵਿ ਦੀ ਪ੍ਰਕ੍ਰਿਤੀ ਦੇ ਅਨੁਕੂਲ ਇਸ ਦੇ ਕੁਝ ਪ੍ਰਮੁੱਖ ਲੱਛਣ ਹਨ ਸਭ ਤੋਂ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਕਾਵਿ ਵਿਚ ਸਾਂਸਕ੍ਰਿਤਕ ਤੱਤ ਤੇ ਪਰੰਪਰਾਗਤ-ਰੂੜ੍ਹੀਆਂ ਦੀ ਬਹੁਲਤਾ ਹੁੰਦੀ ਹੈ ਜੋ ਇਸ ਕਾਵਿ ਨੂੰ ਇਕ ਨਵੇਕਲੀ ਪਛਾਣ ਦਿੰਦਾ ਹੈ। ਲੋਕ ਕਾਵਿ ਦੀ ਸਿਰਜਣਾ ਭਾਵੇਂ ਅਨੁਭਵੀ ਲੋਕ ਹੀ ਕਰਦੇ ਹਨ ਪਰ ਇਕ ਤਾਂ ਉਹ ਆਪਣੇ 'ਆਪੇ' ਤੇ ਵਿਅਕਤੀ ਤੱਟ ਨੂੰ ਲੋਕਪਨ ਨੂੰ 'ਲੋਕਪਨ' ਨਾਲ ਇਕ ਸੁਰ ਕਰਕੇ 'ਪਰ' (ਲੋਕ) ਰੂਪ ਵਿਚ ਉਜਾਗਰ ਹੁੰਦੇ ਹਨ; ਦੂਜਾ ਉਸ ਰਚਨਾ ਵਿਚ ਉਨ੍ਹਾਂ ਕਾਵਿ ਰੂੜ੍ਹੀਆਂ, ਰੂਪਾਂ ਤੇ ਵਿਧੀਆਂ ਦਾ ਪ੍ਰਯੋਗ ਕਰਦੇ ਹਨ ਜੋ ਲੋਕ ਕਾਵਿ ਦਾ ਸੰਸਕਾਰ ਬਣ ਚੁੱਕੀਆਂ ਹੁੰਦੀਆਂ ਹਨ। ਤੀਜੀ ਵਿਲੱਖਣਤਾ ਇਹ ਹੈ ਕਿ ਜਾਤੀ ਇਸ ਰਚਨਾ ਵਿਚ ਮਨ-ਇੱਛਤ ਵਾਧੇ ਘਾਟੇ ਕਰਕੇ ਇਸ ਨੂੰ ਸਾਂਝੇ ਵਿਰਸੇ ਤੇ ਤੌਰ ਤੇ ਗ੍ਰਹਿਣ ਕਰਦੀ ਹੈ ਅਤੇ ਇਹ ਰਚਨਾ ਪੁਸ਼ਤ ਦਰ ਪੁਸ਼ਤ ਮੌਖਿਕ ਰੂਪ ਵਿਚ ਅੱਗੇ ਤੁਰਦੀ ਹੈ।

ਲੋਕ-ਕਾਵਿ ਲੋਕਾਂ ਦਾ ਸਾਂਝਾ ਵਿਰਸਾ ਹੈ। ਇਸ ਲਈ ਇਸ ਉੱਪਰ ਕਿਸੇ ਵਿਅਕਤੀ ਵਿਸ਼ੇਸ਼ ਦਾ ਅਧਿਕਾਰ ਨਹੀਂ ਹੁੰਦਾ ਹੈ। ਇਸ ਦਾ ਕੋਈ ਇਕ ਪ੍ਰਮਾਣਿਕ ਪਾਠ ਨਿਸ਼ਚਿਤ ਨਹੀਂ ਹੁੰਦਾ ਹੈ। ਇਸ ਵਿਚ ਵਾਧੇ ਘਾਟੇ ਹੁੰਦੇ ਰਹਿੰਦੇ ਹਨ। ਵਣਜਾਰਾ ਬੇਦੀ ਨੇ ਲੋਕ ਕਾਵਿ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ ਸੰਸਕਾਰਕ, ਧਾਰਮਿਕ ਤੇ ਮਨੋਰੰਜਨ ਕਾਵਿ। ਇਨ੍ਹਾਂ ਵਿਚੋਂ ਵਧੇਰੇ ਪ੍ਰਸਿੱਧੀ ਸੰਸਕਾਰਕ ਗੀਤਾਂ ਦੀ ਰਹੀ ਹੈ। ਨਾਹਰ ਸਿੰਘ ਨੇ ਪੰਜਾਬੀ ਲੋਕ ਕਾਵਿ ਨੂੰ ਇਨ੍ਹਾਂ ਰੂਪਾਂ ਅਨੁਸਾਰ ਵੰਡਿਆ ਹੈ:

1. ਖੁਲ੍ਹੇ ਕਾਵਿ ਰੂਪ
2. ਬੱਝਵੇਂ ਕਾਵਿ ਰੂਪ

ਜਸਵਿੰਦਰ ਸਿੰਘ ਨੇ ਲੋਕ ਕਾਵਿ ਨੂੰ ਇਸ ਦੀ ਪ੍ਰਕਿਰਤੀ ਦੇ ਪਾਸਾਰ ਪੱਖੋਂ ਮੁੱਖ ਤਿੰਨ ਵਰਗਾਂ ਵਿਚ ਰੱਖਿਆ ਹੈ:

1. ਪ੍ਰਗੀਤਕ ਲੋਕ ਕਾਵਿ
2. ਬ੍ਰਿਤਾਂਤਕ ਲੋਕ ਕਾਵਿ
3. ਅਰਧ-ਬ੍ਰਿਤਾਂਤਕ ਲੋਕ ਕਾਵਿ

ਇਸ ਤਰ੍ਹਾਂ ਵਿਦਵਾਨਾਂ ਦੁਆਰਾ ਲੋਕ-ਕਾਵਿ ਦੀ ਵਰਗਵੰਡ ਵੱਖ ਵੱਖ ਪਹਿਲੂਆਂ ਤੋਂ ਵਿਅਕਤੀਗਤ ਦ੍ਰਿਸ਼ਟੀਕੋਣ ਅਨੁਸਾਰ ਕੀਤੀ ਗਈ ਹੈ। ਇਸ ਸੰਬੰਧੀ ਕੋਈ ਅੰਤਮ ਨਿਰਣਾ ਨਹੀਂ ਲਿਆ ਜਾ ਸਕਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਲ੍ਹੇ ਕਾਵਿ ਰੂਪ

ਖੁਲ੍ਹੇ ਕਾਵਿ ਰੂਪ ਵਾਲਾ ਲੋਕ ਕਾਵਿ ਬੱਝਵੇਂ ਕਾਵਿ ਰੂਪ ਨਾਲੋਂ ਵਧੇਰੇ ਲਚਕੀਲਾ ਹੁੰਦਾ ਹੈ। ਇਨ੍ਹਾਂ ਵਿਚ ਪੁਨਰ ਸਿਰਜਨ ਦੀ ਪ੍ਰਕਿਰਿਆ, ਵਧੇਰੇ ਤੇਜ਼ੀ ਨਾਲ ਹੁੰਦੀ ਹੈ। ਇਸ ਤਰ੍ਹਾਂ ਇਕੋ ਕਾਵਿ ਰੂਪ ਵਿਭਿੰਨ ਪਾਠਾਂ ਤੇ ਰੂਪਾਂਤਰਾਂ ਵਿਚ ਪ੍ਰਚਲਿਤ ਹੋ ਜਾਂਦਾ ਹੈ। ਖੁਲ੍ਹੇ ਕਾਵਿ ਰੂਪ ਵਧੇਰੇ ਤੌਰ ਤੇ ਵਿਅਕਤੀ ਵਿਸ਼ੇਸ਼ ਦੁਆਰਾ ਉਚਾਰੇ ਜਾਂਦੇ ਹਨ ਅਤੇ ਸਮੂਹ ਸਿਰਫ ਉਸ ਦਾ ਹੁੰਗਾਰਾ ਭਰਦਾ ਹੈ। ਇਸ ਕਰਕੇ ਜਦੋਂ ਵਿਅਕਤੀ ਇਨ੍ਹਾਂ ਦਾ ਉਚਾਰ ਕਰਦਾ ਤਾਂ ਇਨ੍ਹਾਂ ਵਿਚ ਸਥਿਤੀ ਅਨੁਸਾਰ ਵਾਧੇ ਘਾਟੇ ਕਰ ਲੈਂਦਾ ਹੈ। ਖੁਲ੍ਹੇ ਕਾਵਿ ਰੂਪ ਤੇ ਗੀਤ ਵਧੇਰੇ ਕਰਕੇ ਮਰਦਾਂ ਅਤੇ ਇਸਤਰੀਆਂ ਦੇ ਸਾਂਝੇ ਹਨ। ਵੱਖੋ ਵੱਖ ਦਾਇਰਿਆਂ ਵਿਚ ਗਾਏ ਜਾਂਦੇ ਇਕੋ ਗੀਤ ਰੂਪ ਨੂੰ ਉਹ ਆਪਣੇ ਦਾਇਰੇ ਅਨੁਸਾਰ ਬਦਲ ਲੈਂਦੇ ਹਨ। ਮਲਵਈ ਬੋਲੀਆਂ ਵਿਚ ਇਹ ਆਮ ਵੇਖਿਆ ਜਾਂਦਾ ਹੈ।

ਇਸ ਸ਼੍ਰੇਣੀ ਦੇ ਕਾਵਿ ਰੂਪਾਂ ਦੀ ਕਈ ਵਾਰ ਸਿਰਜਨਾ ਤੁਰੰਤ ਲੋੜ ਅਨੁਸਾਰ ਕੀਤੀ ਜਾਂਦੀ ਹੈ। ਜਿਵੇਂ ਕੀਰਨਾ, ਅਲਾਹੁਣੀ, ਸਿਠਣੀ, ਹੇਅਰਾ, ਛੰਦ ਪਰਾਗੇ ਆਦਿ ਦੀ। ਕਈ ਵਾਰ ਕਾਵਿ ਰੂਪਾਂ ਨੂੰ ਉਚਾਰਨ ਸਮੇਂ ਸੰਬਾਦ ਚਲ ਪੈਂਦਾ ਹੈ। ਸਵਾਲ ਜਵਾਬ ਹੁੰਦੇ ਹਨ। ਇਹ ਕਾਵਿ-ਸੰਬਾਦ ਆਮ ਤੌਰ ਤੇ ਟੱਪੇ, ਬੋਲੀਆਂ, ਸਿੱਠਣੀਆਂ, ਹੇਅਰਿਆਂ ਆਦਿ ਵਿਚ ਆਰੰਭ ਹੋ ਜਾਂਦੇ ਹਨ। ਅਜਿਹੇ ਸਮੇਂ ਬੋਲੀਕਾਰ ਢੁੱਕਵਾਂ ਜਵਾਬ ਦੇਣ ਲਈ ਬੋਲੀ ਵਿਚ ਭੰਨ ਤੋੜ ਕਰ ਲੈਂਦਾ ਹੈ। ਖੁਲ੍ਹੇ ਕਾਵਿ ਰੂਪਾਂ ਦਾ ਵਧੇਰੇ ਸੰਬੰਧ ਕ੍ਰਿਤ ਨਾਲ ਹੁੰਦਾ ਹੈ। ਇਸ ਸਮੇਂ ਬੁਬਲੀਆਂ, ਕਿਲਕਾਰੀਆਂ, ਬੱਕਰੇ ਬਲਾਉਣ ਸਮੇਂ ਮਾਹੌਲ ਕਾਫੀ ਜੋਸ਼ੀਲਾ ਹੋ ਜਾਂਦਾ ਹੈ ਜਿਸ ਕਾਰਨ ਬੋਲੀਕਾਰ ਕਾਫ਼ੀ ਖੁਲ੍ਹਾਂ ਲੈ ਕੇ ਬੋਲੀਆਂ ਦੀ ਪੁਨਰ ਸਿਰਜਨਾ ਕਰਦਾ ਹੈ। ਉਪਰੋਕਤ ਸਾਰੀ ਵਿਚਾਰ ਤੋਂ ਸਪਸ਼ਟ ਹੈ ਕਿ ਖੁਲ੍ਹੇ ਲੋਕ ਕਾਵਿ ਰੂਪ ਵਧੇਰੇ ਲਚਕੀਲੇ ਹੁੰਦੇ ਹਨ, ਜਿਸ ਕਰਕੇ ਇਨ੍ਹਾਂ ਵਿਚ ਪੁਨਰ ਸਿਰਜਨ ਦੀ ਪ੍ਰਕਿਰਿਆ ਚਲਦੀ ਰਹਿੰਦੀ ਹੈ। ਮੁੱਖ ਖੁਲ੍ਹੇ ਲੋਕ ਕਾਵਿ ਰੂਪ ਇਹ ਹਨ:

1. ਕੀਰਨਾ	2. ਅਲਾਹੁਣੀ	3. ਟੱਪਾ
4. ਨਿੱਕੀ ਬੋਲੀ	5. ਲੰਮੀ ਬੋਲੀ	6. ਹੇਅਰਾ
7. ਛੰਦ ਪਰਾਗਾ	8.ਖੇਡ ਗੀਤ	9. ਨਾਚ ਗੀਤ
10. ਲੋਰੀਆਂ	11. ਸਿੱਠਣੀਆਂ	

1. ਕੀਰਨਾ

ਇਹ ਸੋਗ ਮਈ ਕਾਵਿ ਰੂਪ ਹੈ ਜੋ ਮ੍ਰਿਤਕ ਦੇ ਸੰਸਕਾਰਾਂ ਨਾਲ ਸੰਬੰਧਿਤ ਹੈ। ਕਿਸੇ ਵਿਅਕਤੀ ਦੀ ਮੌਤ ਤੇ ਇਕੱਲੀ ਇਸਤਰੀ ਕੀਰਨੇ ਦਾ ਉਚਾਰਨ ਕਰਦੀ ਹੈ। ਨਾਹਰ ਸਿੰਘ ਕੀਰਨੇ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ, ''ਕੀਰਨਾ ਹਉਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਲੋਰ ਦੇ ਅੰਤਰਗਤ ਸ਼ਿਕਾਇਤ ਦੇ ਲਹਿਜੇ ਵਿਚ ਉਚਰਿਤ ਅਜੇਹਾ ਪ੍ਰਗੀਤਕ ਗੀਤ ਰੂਪ ਹੈ ਜੋ ਥੀਮਕ ਟਕਰਾਉ ਦੀ ਕਾਵਿਕ ਜੁਗਤ ਉਤੇ ਆਧਾਰਤ 'ਮੈਂ' ਤੇ 'ਤੂੰ' ਦੇ ਇਕਾਗਰ ਸੰਬੰਧ ਪਰ ਸਵੈ-ਸੰਬੋਧਨ ਰਾਹੀਂ ਥੀਮਕ ਟਕਰਾਉ ਨੂੰ ਸਿਰਫ ਟਕਰਾਉ/ਤਨਾਉ ਦੀ ਸਥਿਤੀ ਵਿਚ ਪੇਸ਼ ਕਰਦਾ ਹੈ। ਇਸ ਵਿਚ ਬਹੁਤ ਵਾਰ ਰੂਪਕ ਸਿਰਜਨਾਂ ਤੇ ਮਾਨਵੀ ਕਰਨ ਦੀਆਂ ਕਾਵਿ-ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ।''[15]

ਵੱਖੋ ਵੱਖ ਉਮਰ ਦੇ ਵਿਅਕਤੀਆਂ ਲਈ ਵੱਖੋ ਵੱਖ ਕੀਰਨੇ ਉਚਾਰੇ ਜਾਂਦੇ ਹਨ। ਕੀਰਨਾ ਉਦੋਂ ਉਚਾਰਿਆ ਜਾਂਦਾ ਹੈ ਜਦੋਂ ਸਿਰਜਕ ਦਾ ਅੰਦਰਲਾ ਭਾਵ ਸਿੱਖਰਾਂ ਉਤੇ ਹੁੰਦਾ ਹੈ। ਮੋਏ ਵਿਅਕਤੀ ਦਾ, ਮੌਤ ਦਾ, ਉਹ ਜਿਵੇਂ ਦੁਖ ਅਨੁਭਵ ਕਰਦਾ ਹੈ ਉਹੋ ਜਿਹੀ ਵੇਦਨਾ, ਕਰੁਣਾ ਉਸ ਦੇ ਕੀਰਨੇ ਵਿਚ ਹੁੰਦੀ ਹੈ ਜਦੋਂ ਕਿਸੇ ਨੌਜਵਾਨ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੀ ਬੇਵਕਤ ਮੌਤ ਉਤੇ ਦੁੱਖ ਅਨੁਭਵ ਕੀਤਾ ਜਾਂਦਾ ਹੈ। ਕੀਰਨਾਕਾਰ ਔਰਤ ਉਸ ਰਾਹੀਂ ਉਸਦੇ ਖਾਣ ਪੀਣ ਦੀ ਉਮਰ, ਉਸ ਉਪਰ ਰੱਖੀਆਂ ਆਸਾਂ ਦਾ ਵਰਣਨ ਬੜੇ ਹੀ ਕਰੁਣਾਮਈ ਢੰਗ ਰਾਹੀਂ ਪੇਸ਼ ਕਰਦੀ ਹੈ। ਕਿਸੇ ਨੌਜਵਾਨ ਦੀ ਮੌਤ ਤੇ ਇਸ ਤਰ੍ਹਾਂ ਦਾ ਕੀਰਨਾ ਪਾਇਆ ਜਾਂਦਾ ਹੈ:

1. ਤੇਰੇ ਵਰਗੇ ਗਭਰੂ ਭੱਜੇ ਮੌਤ ਨੂੰ ਡਾਹ ਨਾ ਦਿੰਦੇ ਵੇ
   ਮੇਰੇ ਸ਼ੇਰ ਦੇ ਗਲ ਵਾਲਿਆ ਪੁੱਤਾ.....

2. ਜੇ ਤੂੰ ਪੁਤਾ ਜੰਮਿਆ ਵੇ
   ਮਾਂ ਆਪਣੀ ਦੀ ਗੋਦੀ ਪੁੱਤਾ
   ਪਿਉ ਦੇ ਆਂਗਣ ਨਾ ਖੇਲਿਆ ਵੇ....

ਮੁਟਿਆਰ ਧੀ ਦੀ ਮੌਤ ਤੇ ਮਾਂ ਇਸਤਰ੍ਹਾਂ ਕੀਰਨਾ ਪਾਉਂਦੀ ਹੈ:

ਰੰਗ ਬਰੰਗੇ ਪਹਿਨਣ ਵਾਲੀਏ ਧੀਏ,
ਚਿੱਟੀ ਚੁੰਨੀ ਲੈਂਦੀ ਦੀ ਕਿਨ ਮੱਤ ਮਾਰੀ।
ਅਜੇ ਨਾ ਤੇਰੇ ਹੱਥਾਂ ਦੀ ਮਹਿੰਦੀ ਲੱਥੀ,
ਸਿਰ ਤੋਂ ਨਾ ਲੱਥਾ ਸਾਲੂ ਧੀਏ।
ਤੂੰ ਤਾਂ ਤੁਰ ਗਈ ਜਹਾਨੋਂ,
ਨੀ ਮੇਰੀਏ ਰਾਣੀਏ ਧੀਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਢਾਪੇ ਦੀ ਮੌਤ ਨਾਲ ਸੰਬੰਧਿਤ ਕੀਰਨਿਆਂ ਵਿਚ ਸਿਆਣੇ ਪ੍ਰਤੀ ਸ਼ਰਧਾਂਜਲੀ ਭੇਟਾ ਕਰਨਾ ਅਤੇ ਉਸਦੇ ਸੁਖਾਂ ਦਾ ਮੋਹ-ਭਾਵਨਾ ਨਾਲ ਕਰੁਣਾਮਈ ਉਚਾਰਨ ਹੁੰਦਾ ਹੈ:

ਚਿੱਟੀ ਚਾਦਰ ਲੈ ਬੈਹ ਜਾਂਦਾ ਰਾਜਿਆ ਬਾਬਲਾ,
ਸਾਨੂੰ ਠਾਣੇ ਤਸੀਲੇ ਜਾਣ ਦੀ ਲੋੜ ਨਾ।
ਤੇਰੇ ਪੁੱਤ ਨਾ ਕੈਹਣਾ ਮੋੜਨ ਵੇ ਬਾਬਲਾ,
ਤੇਰੇ ਜਾਂਦੇ ਦੀ ਕਿਨ ਮੱਤ ਮਾਰੀ।

ਨੌਜਵਾਨ ਪੁੱਤਰ ਅਤੇ ਧੀ ਦੀ ਮੌਤ ਉਤੇ ਪਾਏ ਕੀਰਨੇ ਬੜੇ ਹੀ ਕਰੁਣਾਮਈ ਤੇ ਜਜ਼ਬੇ ਨਾਲ ਭਰੇ ਹੁੰਦੇ ਹਨ। ਜਦੋਂ ਅਰਥੀ ਚੁੱਕਣ ਸਮੇਂ ਅਜਿਹੇ ਕੀਰਨੇ ਪਾਏ ਜਾਂਦੇ ਹਨ ਪੱਥਰ ਦਿਲ ਦੀਆਂ ਅੱਖਾਂ ਵਿਚੋਂ ਵੀ ਅੱਥਰੂ ਕਿਰਨ ਲਗਦੇ ਹਨ। ਪਰ ਬਜ਼ੁਰਗ ਵਿਅਕਤੀ ਦੀ ਮੌਤ ਤੇ ਪਾਏ ਜਾਂਦੇ ਕੀਰਨੇ ਘੱਟ ਜਜ਼ਬਾਤੀ ਹੁੰਦੇ ਹਨ। ਇਥੇ ਹਉਕਾ ਅਤੇ ਲੋਰ ਸ਼ੁਰੂ ਅਤੇ ਅਖੀਰ ਤੇ ਹੀ ਨਿਕਲਦੇ ਹਨ।

2. ਅਲਾਹੁਣੀ

ਇਹ ਵੀ ਸੋਗ ਗੀਤ ਹੀ ਹੈ। ਪਰ ਕੀਰਨੇ ਨਾਲੋਂ ਇਸ ਦੀ ਵੱਖਰਤਾ ਇਸ ਕਰਕੇ ਹੈ ਕਿ ਕੀਰਨਾ ਇੱਕਲੀ ਇੱਕਲੀ ਔਰਤ ਵਲੋਂ ਮਿਲਣ ਤੇ ਉਚਾਰਿਆ ਜਾਂਦਾ ਹੈ। ਅਲਾਹੁਣੀ ਪੇਸ਼ਾਵਰ ਸਿਆਪਾਕਾਰ (ਨਾਇਣ ਜਾਂ ਮਿਰਾਸਣ) ਦਾ ਕਾਵਿ ਰੂਪ ਹੈ। ਇਨ੍ਹਾਂ ਦਾ ਮਰਨ ਵਾਲੇ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ ਹੈ। ਗਿਆਨੀ ਗੁਰਦਿੱਤ ਸਿੰਘ ਅਲਾਹੁਣੀਆਂ ਦੀ ਨਿਭਾਉ ਪ੍ਰਕਿਰਿਆ ਦੀ ਜਾਣ ਪਛਾਣ ਇਸ ਤਰ੍ਹਾਂ ਕਰਵਾਉਂਦੇ ਹਨ, ''ਮੂਹਰੇ ਮੂਹਰੇ ਨੈਣ ਅਲਾਹੁਣੀ ਦੀ ਇਕ ਤੁਕ ਆਖੀ ਜਾਂਦੀ ਹੈ ਅਤੇ ਨਾਲੋ ਨਾਲ ਇਸ ਵਿਚ ਸੁਰ ਮਿਲਾਉਂਦੀਆਂ ਜ਼ਨਾਨੀਆਂ ਇੱਕਲੀ ਤੁੱਕ ਉਚਾਰਦੀਆਂ ਹਨ, ਪਹਿਲੇ ਬੋਲ ਮਿਰਾਸਣ ਜਾਂ ਨਾਇਣ ਆਖਦੀ ਜਾਂਦੀ ਹੈ। ਅੰਤਲਾ ਟੱਪਾ ਨਾਲੋ ਨਾਲ ਦੋਵੇਂ ਪਾਸਿਆਂ ਦੀਆਂ ਜ਼ਨਾਨੀਆਂ ਆਖਦੀਆਂ ਹਨ।'' ਅਲਾਹੁਣੀ ਇਕੱਠੇ ਗਾਏ ਜਾਣ ਕਾਰਨ ਸਮੂਹ ਗਾਨ ਹੈ। ਉਦਾਹਰਣ ਵੇਖੋ:

ਨਾਇਣ: ਸੋਹਣੀ ਸ਼ੈਲ ਛਬੀਲੀ, ਧੀਏ ਰਾਣੀਏ।
ਸਮੂਹ: ਹਾਏ ਹਾਏ ਧੀਏ ਰਾਣੀਏ।
ਨਾਇਣ: ਤੇਰੇ ਲੰਮੇ ਲੰਮੇ ਵਾਲ ਧੀਏ ਰਾਣੀਏ।
ਸਮੂਹ : ਹਾਏ ਹਾਏ ਧੀਏ ਰਾਣੀਏ।

ਅਲਾਹੁਣੀਆਂ ਸਮੇਂ ਸਿਆਪਾ ਕਈ ਪ੍ਰਕਾਰ ਦਾ ਕੀਤਾ ਜਾਂਦਾ ਹੈ। ਪਹਿਲਾਂ ਹੱਥ ਪੁੜਪੁੜੀਆਂ ਉਤੇ, ਫੇਰ ਪੱਟਾ ਉੱਤੇ, ਮੁੜ ਫੇਰ ਪੱਟਾ ਅਤੇ ਫੇਰ ਛਾਤੀ ਜਾਂ ਗੱਲਾਂ ਉਤੇ ਜਾਂਦਾ ਹੈ। ਇਸ ਵਿਚ ਲੈਅ ਅਤੇ ਅਖੀਰ ਤੇ ਸਿਆਪਾ ਤੇਜ਼ ਹੋ ਜਾਂਦਾ ਤੇ ਤਾਲ ਲੋਕ ਨਾਚ ਵਰਗਾ ਹੀ ਹੁੰਦਾ ਹੈ। ਇਸ ਵਿਚ ਇਕਸਾਰ ਹੱਥਾਂ ਦੇ ਐਕਸ਼ਨ ਹੁੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation.Chennai and eGangotri

3. ਟੱਪਾ

ਟੱਪਾ ਇਕ ਤੁੱਕੀ ਬੋਲੀ ਨੂੰ ਕਹਿੰਦੇ ਹਨ ਜਾਂ ਇਨ੍ਹਾਂ ਨੂੰ ਇਕਾਹਿਰੀਆਂ ਬੋਲੀਆਂ ਵੀ ਕਹਿੰਦੇ ਹਨ। ਜੋ ਗਿੱਧੇ ਵਿਚ ਮੁਟਿਆਰਾਂ ਪਾਉਂਦੀਆਂ ਹਨ। ਗਿੱਧੇ ਤੋਂ ਬਿਨਾਂ ਵੀ ਸਾਡੇ ਰੋਜ਼ਾਨਾ ਜੀਵਨ ਵਿਚ ਕੰਮ ਧੰਧਾ ਕਰਦਿਆਂ ਟੱਪੇ ਗਾਏ ਜਾਂਦੇ ਹਨ ਜਿਵੇਂ ਕੰਮ ਕਰਦੇ ਨੌਜਵਾਨ, ਆਟਾ ਗੁੰਨ੍ਹਦੀਆਂ, ਕੱਤਦੀਆਂ, ਧਾਰਾਂ ਕੱਢਦੀਆਂ, ਦੁੱਧ ਰਿੜਕਦੀਆਂ ਮੁਟਿਆਰਾਂ ਆਮ ਤੌਰ ਤੇ ਟੱਪੇ ਗਾਉਂਦੀਆਂ ਹਨ। ਟੱਪਾਂ ਇਕ ਅਜਿਹਾ ਕਾਵਿ ਰੂਪ ਹੈ ਜੋ ਲੰਮੇਰੀ ਅਤੇ ਛੁਟੇਰੀ ਦੋਨੋਂ ਆਵਾਜ਼ਾਂ ਵਿਚ ਗਾਇਆ ਜਾਂਦਾ ਹੈ। ਟੱਪਾ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਸਿੱਧਾ ਸੰਬੋਧਨੀ ਅਤੇ ਦੂਜਾ ਅਸਿੱਧਾ ਸੰਬੋਧਨੀ। ਸਿੱਧਾ ਸੰਬੋਧਨੀ ਟੱਪੇ ਵਿਚ ਦੋਹਾਂ ਦੀ ਹਾਜ਼ਰੀ ਜ਼ਰੂਰੀ ਹੁੰਦੀ ਹੈ। ਇਥੇ ਇਕ ਧਿਰ ਦੂਜੀ ਨੂੰ ਸੁਣਾ ਕੇ ਕਹਿੰਦੀ ਹੈ। ਇਨ੍ਹਾਂ ਵਿਚ ਦੋਨਾਂ ਧਿਰਾਂ ਵਿਚ ਆਹਮੋ ਸਾਹਮਣੇ ਸੰਬਾਦ ਵੀ ਹੁੰਦੇ ਹਨ ਜੋ ਇਸ ਵਿਚ ਨਾਟਕੀਅਤਾ ਲਿਆਉਂਦੇ ਹਨ:

ਮਰਦ : ਬੇਰੀਆਂ ਨੂੰ ਬੇਰ ਲਗਦੇ, ਤੈਨੂੰ ਕੁਝ ਨਾ ਲੱਗੇ ਮੁਟਿਆਰੇ।
ਇਸਤਰੀ: ਬੇਰੀਆਂ ਨੂੰ ਬੇਰ ਲਗਦੇ, ਮੈਨੂੰ ਲਾਲ ਲੱਗਣ ਸਰਦਾਰਾ।

- ਰਾਹੇ ਰਾਹੇ ਜਾਣ ਵਾਲੀਏ,
  ਮੁੰਡਾ ਆਪ ਦਾ, ਮੁੜੰਗਾ ਪੈਂਦਾ ਬਾਪ ਦਾ।
- ਹਾਕਾਂ ਮਾਰਦੇ ਬੱਕਰੀਆਂ ਵਾਲੇ,
  ਨੀ ਗੋਰੀਏ ਰੁਮਾਲ ਭੁੱਲਗੀ।

ਅਸਿੱਧੇ ਟੱਪਿਆਂ ਵਿਚ ਸੰਬੋਧਕ ਤੇ ਸੰਬੋਧਤ ਇਕ ਦੂਜੇ ਦੇ ਆਹਮੋ ਸਾਹਮਣੇ ਨਹੀਂ ਹੁੰਦੇ। ਸੰਬੋਧਕ ਟੱਪਾਕਾਰ ਆਪ ਹੀ ਹੁੰਦਾ ਹੈ ਅਤੇ ਸੰਬੋਧਤ ਧਿਰ ਅਸਲ ਵਿਚ ਟੱਪਾਕਾਰ ਦਾ ਆਪਣਾ ਅੰਦਰਲਾ ਹੁੰਦਾ ਹੈ:

1. ਰੋਟੀ ਖਾ ਲੈ ਚਪਣਾ ਜਿਹਾ
   ਹਾਕਾਂ ਮਾਰਦੀ, ਗੋਭੀ ਦੇ ਫੁੱਲ ਵਰਗੀ।
2. ਕਾਲਾ ਰੰਗਾ ਚੀਕਣੀ ਮਿੱਟੀ
   ਗੋਰਾ ਰੰਗ ਟਿੱਬਿਆਂ ਦਾ ਰੇਤਾ।

3. ਰੋਟੀ ਖਾ ਜਾ ਘਰ ਆਣਕੇ,
   ਸਾਤੋਂ ਖਾਲਾ ਟੱਪਿਆ ਨਾ ਜਾਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੱਪੇ ਵਿਚ ਵੀ ਕੀਰਨੇ ਵਾਂਗ ਪੁਨਰ ਸਿਰਜਨ ਦੀ ਪ੍ਰਕਿਰਿਆ ਸਭ ਤੋਂ ਵੱਧ ਹੁੰਦੀ ਹੈ। ਕਈ ਵਾਰ ਇਸ ਵਿਚ ਸ਼ਕਤੀ ਗੁਣ ਪੈਦਾ ਕਰਨ ਲਈ ਬੱਲੇ ਬੱਲੇ ਦੇ ਸ਼ਬਦ ਵੀ ਜੋੜ ਲੈਂਦੇ ਹਨ।

4. ਨਿੱਕੀ ਬੋਲੀ

ਨਿੱਕੀ ਬੋਲੀ ਨੂੰ 'ਦੋ ਤੁਕੀਆਂ ਬੋਲੀਆਂ' ਜਾਂ 'ਦੋਹਰੇ ਟੱਪੇ' ਵੀ ਆਖਿਆ ਜਾਂਦਾ ਹੈ। ਇਹ ਦੋ ਸਤਰੀ ਹੋਣ ਕਾਰਨ ਕਈ ਕਈ ਵਾਰ ਹੇਅਰੇ, ਦੋਹਰੇ ਜਾਂ ਸਿੱਠਣੀ ਨਾਲ ਮਿਲ ਜਾਂਦੀ ਹੈ। ਪਰ ਇਸ ਦੀ ਅੰਦਰੂਨੀ ਸਿਰਜਨ ਪ੍ਰਕਿਰਿਆ ਇਨ੍ਹਾਂ ਤੋਂ ਭਿੰਨ ਹੈ। ਇਸ ਵੱਖਰਤਾ ਕਾਰਨ ਇਹ ਵੱਖਰਾ ਕਾਵਿ ਰੂਪ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਦੂਜੀ ਤੁੱਕ ਕੋਈ ਪ੍ਰਚਲਤ ਤੋੜਾ ਹੁੰਦੀ ਹੈ। ਤੋੜਾ ਅੰਤਮ ਸਤਰ ਹੁੰਦੀ ਹੈ ਜਿਸ ਨੂੰ ਦੂਜੀ, ਤੀਜੀ ਵਾਰ ਦੁਹਰਾਉਣ ਪਿਛੋਂ ਬੋਲੀ ਨੂੰ ਵਿਭਿੰਨ ਗਤੀਸ਼ੀਲ ਉਚਾਰਾਂ ਵਿਚ ਗਾ ਕੇ ਭਾਵ ਨੂੰ ਸੰਘਣਾ ਕੀਤਾ ਜਾਂਦਾ ਹੈ:

ਅੰਬ ਦੀ ਟਾਹਣੀ ਤੋਤਾ ਬੈਠਾ,
ਅੰਬ ਪੱਕਣ ਨਾ ਦੇਵੇ,
ਸੋਹਣੀ ਭਾਬੋ ਨੂੰ ਦਿਉਰ ਵੱਸਣ ਨਾ ਦੇਵੇ।

ਨਿੱਕੀ ਬੋਲੀ ਵਿਚ ਕੁਝ ਸਹਿਜ ਤੁੱਕ ਵਾਲੀਆਂ ਬੋਲੀਆਂ ਹੁੰਦੀਆਂ ਹਨ। ਅਜੇਹੀ ਬੋਲੀ ਵਿਚ ਪਹਿਲੀ ਸਤਰ ਥੀਮ ਨਾਲ ਸੰਬੰਧਿਤ ਹੁੰਦੀ ਹੈ। ਜਿਵੇ:

ਚਿੱਟਿਆਂ ਦੰਦਾਂ ਤੇ ਫਿਰਗੀ ਬਰੇਤੀ, ਡੂੰਘੇ ਪੈ ਗਏ ਘਾਸੇ
ਬਾਰਾਂ ਬਰਸ ਦੀਏ, ਤੈਨੂੰ ਵੈਦ ਕੀ ਆਖੇ....

ਨਿੱਕੀਆਂ ਬੋਲੀਆਂ ਵਿਚ ਵਧੇਰੇ ਮਾਤਰਾ ਰੂੜ੍ਹ ਤੁਕ ਵਾਲੀਆਂ ਬੋਲੀਆਂ ਦੀ ਹੈ। ਇਨ੍ਹਾਂ ਬੋਲੀਆਂ ਦਾ ਆਰੰਭ ਰੂੜ੍ਹ ਤੁਕ ਤੋਂ ਸ਼ੁਰੂ ਹੁੰਦਾ ਹੈ:

1. ਖੱਟ ਖੱਟ ਕੇ ਲਿਆਂਦੀ ਖੰਡ ਦੀ ਪੁੜੀ।
ਜੀਜਾ ਅੱਖੀਆਂ ਨਾ ਮਾਰ ਮੈਂ ਖੰਡ ਦੀ ਪੁੜੀ।

2. ਜਾਂਦੇ ਦੀ ਜ਼ੋਰੋ, ਚੱਕ ਲੈ ਬਾਜ਼ਾਰ 'ਚੋ ਡੈਣੇ,
ਲੁਧੇਹਾਣੇ ਮੰਡੀ ਲੱਗਣੀ, ਮੁੱਲ ਸੁਹਣੀਆਂ ਰੰਨਾਂ ਦੇ ਪੈਣੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿੱਕੀਆਂ ਬੋਲੀਆਂ ਗਾਉਣ ਲਈ ਕੁੜੀਆਂ ਦੋ ਟੋਲੀਆਂ ਬਣਾ ਲੈਂਦੀਆਂ ਹਨ, ਇਕ ਟੋਲੀ ਪਹਿਲੀ ਤੁਕ ਬੋਲਦੀ ਹੈ ਤੇ ਨਾਲ ਗਿੱਧਾ ਪਾਉਂਦੀ ਹੈ ਅਤੇ ਫਿਰ ਦੂਜੀ ਟੋਲੀ ਬੋਲਦੀ ਹੈ। ਇਨ੍ਹਾਂ ਦਾ ਅਸਰ ਸਿੱਧਾ ਸਪਸ਼ਟ ਤੇ ਭਾਵਪੂਰਤ ਹੁੰਦਾ ਹੈ।

5. ਲੰਮੀ ਬੋਲੀ

ਲੰਮੀਆਂ ਬੋਲੀਆਂ ਲੋਕ ਕਾਵਿ ਦਾ ਅਤਿ ਹਰਮਨ ਪਿਆਰਾ ਕਾਵਿ ਰੂਪ ਹੈ। ਇਸ ਨੂੰ ਪੂਰੇ ਰੰਗ ਵਿਚ ਗਾਉਂਦੀਆਂ ਮੁਟਿਆਰਾਂ ਕਿਸੇ ਵਿਆਹ ਸ਼ਾਦੀ ਦੇ ਸਮੇਂ ਹੀ ਵੇਖੀਆਂ ਜਾ ਸਕਦੀਆਂ ਹਨ। ਕਿਸੇ ਪੇਂਡੂ ਮੇਲੇ ਉਤੇ ਕਈ ਵਾਰ ਔਰਤਾਂ ਨਾਲ ਗਭਰੂ ਵੀ ਗਾ ਕੇ ਰੰਗ ਬੰਨ੍ਹਦੇ ਹਨ। ਲੰਮੀ ਬੋਲੀ ਜਾਂ ਗਿੱਧੇ ਦੀ ਬੋਲੀ ਨੂੰ ਕੇਵਲ ਇਕੋ ਕੁੜੀ ਬੋਲਦੀ ਹੈ ਉਸ ਵੇਲੇ ਬਾਕੀ ਦੀਆਂ ਕੁੜੀਆਂ ਚੁੱਪ ਕਰਕੇ ਖੜੀਆਂ ਰਹਿੰਦੀਆਂ ਹਨ। ਜਦ ਉਹ ਕੁੜੀ ਅਖੀਰਲੀ ਤੁਕ ਤੇ ਪੁੱਜ ਜਾਂਦੀ ਹੈ ਤਾਂ ਉਸ ਸਣੇ ਬਾਕੀ ਸਾਰੀਆਂ ਅਖੀਰਲੀ ਤੁੱਕ ਨੂੰ ਚੁੱਕ ਲੈਂਦੀਆਂ ਹਨ ਤੇ ਗਿੱਧਾ ਪਾਉਣ ਲਗ ਪੈਂਦੀਆਂ ਹਨ। ਇਨ੍ਹਾਂ ਬੋਲੀਆਂ ਵਿਚ ਹੱਸਦੇ ਦੰਦ, ਫਰਕਦੇ ਬੁਲ੍ਹ, ਵੱਜਦੀਆਂ ਅੱਡੀਆਂ ਅਤੇ ਛੁਲ੍ਹਦੀ ਪ੍ਰਸੰਨਤਾ ਦੀ ਝਲਕ ਦਿਖਾਈ ਪੈਂਦੀ ਹੈ। ਉਹ ਗਿਲੇ ਸ਼ਿਕਵੇ ਅਤੇ ਅਦਾਵਾਂ ਵੀ ਬੋਲੀ ਵਿਚ ਵਿਅਕਤ ਕਰਦੀਆਂ ਹਨ ਜਿਹੜੀਆਂ ਪ੍ਰਸੰਨ ਚਿੱਤ ਅਵਸਥਾ ਦੀ ਉਪਜ ਹੋਣ। ਨਾਹਰ ਸਿੰਘ ਲੰਮੀ ਬੋਲੀ ਦੀ ਪਰਿਭਾਸ਼ਾ ਇਉਂ ਕਰਦਾ ਹੈ, ''ਲੰਮੀ ਬੋਲੀ ਸਮਤੁਕਾਂਤਕ ਤੁਕਾਂ ਵਾਲਾ ਅਜੇਹਾ ਗੀਤ ਰੂਪ ਹੈ, ਜਿਸ ਦੀ ਹਰ ਤੁਕ ਆਪਣੇ ਥਾਵੇਂ ਸੰਪੂਰਨ ਥੀਮਕ ਇਕਾਈ ਹੁੰਦੀ ਹੈ ਤੇ ਅੰਤ ਵਿਸ਼ੇਸ਼ 'ਤੋੜ' ਉਤੇ ਹੁੰਦਾ ਹੈ। ਤੋੜਾ, ਭਾਵ ਤੇ ਉਚਾਰ ਦੋਹਾਂ ਪੱਖਾਂ ਤੋਂ ਬੋਲੀ ਦੀ ਕੰਗਰੋੜ ਹੁੰਦਾ ਹੈ। ਬੋਲੀ ਦੀਆਂ ਤੁਕਾਂ, ਵਿਅਕਤੀਗਤ ਤੇ ਤੋੜਾ ਸਮੂਹਕ ਸੁਭਾਅ ਦਾ ਲਖਾਇਕ ਹੁੰਦਾ ਹੈ। ਇਹ ਤੋੜਾ, ਵਿਅਕਤੀ ਤੇ ਸਮੂਹ ਵਿਚਾਲੇ, ਉਚਾਰ ਤੇ ਗਾਇਨ ਵਿਚਾਲੇ, ਬੋਲ ਤੇ ਨਾਚ ਵਿਚਾਲੇ ਸੰਪਰਕ ਕੜੀ ਹੈ। ਤੋੜਾ ਭਾਵ ਅਤੇ ਇਕਾਗਰ ਤੇ ਦੁਹਰਾਉ ਦੀ ਪ੍ਰਕਿਰਿਆ ਵਿਚ ਪੇਸ਼ ਹੁੰਦਾ ਹੈ। ਬੋਲੀ ਦਾ ਥੀਮ ਕਦਮ ਕਦਮ ਤੇ ਬਦਲਦਾ ਹੋਇਆ ਥੀਮਕ ਵਿਕਾਸ ਦੀ ਲੜੀ ਵਿਚ ਵੀ ਹੋ ਸਕਦਾ ਹੈ ਤੇ ਥੀਮਕ ਖਿੰਡਾਉ ਦੀ ਸਥਿਤੀ ਵਿਚ ਵੀ ਸੰਭਵ ਹੈ।'' ਲੰਮੀਆਂ ਬੋਲੀਆਂ ਦੀ ਇਕ ਉਦਾਹਰਣ ਦੇਖੋ:

ਮਹਿੰਦੀ ਮਹਿੰਦੀ ਮਹਿੰਦੀ
ਹਰ ਕੋਈ ਕਹਿੰਦਾ ਮਹਿੰਦੀ
ਬਾਗਾਂ ਦੇ ਵਿਚ ਸਸਤੀ ਮਿਲਦੀ
ਹੱਟੀਆਂ ਤੋਂ ਮਿਲਦੀ ਮਹਿੰਗੀ
ਉਤੇ ਸੋਟਾ ਹੇਠਾਂ ਕੁੰਡਾ
ਭਾਰ ਦੋਹਾਂ ਦਾ ਸਹਿੰਦੀ
ਘੋਟ ਘੋਟ ਮੈਂ ਹੱਥਾਂ ਨੂੰ ਲਾਉਂਦੀ
ਫੋਲਕ ਬਣ ਬਣ ਲਹਿੰਦੀ
ਮਹਿੰਦੀ ਸ਼ਗਨਾਂ ਦੀ
ਧੋਤਿਆਂ ਬਾਝ ਨਾ ਲਹਿੰਦੀ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. ਹੇਅਰਾ

'ਹੇਅਰਾ' ਲੋਕ ਕਾਵਿ ਦਾ ਇਕ ਨਿਵੇਕਲਾ ਕਾਵਿ ਰੂਪ ਹੈ ਜਿਹੜਾ ਵਿਆਹ ਨਾਲ ਸੰਬੰਧਿਤ ਵਖੋ ਵੱਖਰੇ ਮੌਕਿਆਂ ਤੇ ਸਵਾਣੀਆਂ ਵਲੋਂ ਉਚਾਰਿਆ ਜਾਂਦਾ ਹੈ। ਨਾਹਰ ਸਿੰਘ ਹੇਅਰਾ ਦੀ ਪਰਿਭਾਸ਼ਾ ਕਰਦਾ ਲਿਖਦਾ ਹੈ, ''ਹੇਅਰਾ ਵਿਆਹ ਸਮੇਂ ਨਿਸ਼ਚਿਤ ਉਚਾਰ ਸੰਦਰਭ ਵਿਚ ਗਾਇਆ ਜਾਣ ਵਾਲਾ ਰੂੜ੍ਹ ਰਚਨਾ ਨੇਮ ਉਤੇ ਉਚਾਰਿਆ ਦੋ ਦੋ ਸਤਰਾਂ ਵਾਲਾ ਅਜਿਹਾ ਸੰਬੋਧਨੀ ਗੀਤ ਰੂਪ ਹੈ, ਜਿਸ ਵਿਚ ਹਰ ਠਹਿਰਾਉ ਨਾਲ ਸੰਬੋਧਨੀ ਹੇਕ ਆਉਂਦੀ ਹੈ ਪਰ ਸਭ ਤੋਂ ਵੱਧ ਲਮਕਣੀ ਹੇਕ ਛੇਕੜਲੇ ਸ਼ਬਦ ਤੋਂ ਪਹਿਲੇ ਸ਼ਬਦ ਦੇ ਅੰਤਲੇ ਵਰਣ ਉਤੇ ਆਉਂਦੀ ਹੈ।''[18] ਹੇਅਰੇ ਦੀ ਬਾਹਰਲੀ ਦਿੱਖ ਨਿੱਕੀ ਬੋਲੀ ਵਰਗੀ ਹੁੰਦੀ ਹੈ, ਨਿੱਕੀ ਬੋਲੀ ਵਾਂਗ ਹੀ ਇਸ ਦੀਆਂ ਦੋਵੇਂ ਸਤਰਾਂ ਵਿਚ ਦੋ ਚਿੱਤਰ ਉਘੜਦੇ ਹਨ ਪਰ ਅੰਦਰਲੀ ਰਚਨਾ ਨਿੱਕੀ ਬੋਲੀ ਤੋਂ ਮੂਲੋਂ ਹੀ ਭਿੰਨ ਹੈ। ਨਿੱਕੀ ਬੋਲੀ ਦੀ ਦੂਜੀ ਸਤਰ 'ਤੋੜਾ' ਹੁੰਦੀ ਹੈ ਜੋ ਭਾਵ ਵਿਚ ਸੰਘਣੀ ਅਤੇ ਉਚਾਰਗਤੀ ਵਿਚ ਤੇਜ਼ ਹੁੰਦੀ ਹੈ ਪਰ ਹੇਅਰੇ ਦੀ ਦੂਜੀ ਸਤਰ 'ਤੋੜੇ' ਤੋਂ ਬਿਲਕੁਲ ਉਲਟ ਜ਼ਿਆਦਾ ਲਮਕਵੀਂ ਸੰਬੋਧ ਮੂਲਕ ਅਤੇ ਠਰ੍ਹੰਮੇਂ ਵਿਚ ਉਚਾਰੀ ਜਾਂਦੀ ਹੈ।[19]

ਬੋਲੀ : ਖੜੋਤੀ ਕੁੜੀਏ ਚੱਕ ਲਿਆ ਬਜ਼ਾਰ ਵਿਚੋਂ ਦੌਣਾ
ਖੂਹ ਦੇ ਚੱਕ ਮਾਗੂੰ ਅਸਾਂ ਫੇਰ ਨਾ ਜਗਤ ਤੇ ਆਉਣਾ।

ਹੇਅਰਾ

1. ਤੇਰਾ ਵੀ ਬੋਲਿਆ ਮਿੰਧੀਏ ਲਿਖ ਧਰਾ, ਨੀ ਕੋਈ, ਸੱਜੇ ਕੌਲੇ ਦੇ ਨਾਲ।
   ਆਉਂਦੀ ਜਾਂਦੀ ਝਾੜਦੀ, ਨੀ ਕੋਈ, ਟੁੱਟੇ ਛਿੱਤਰ ਦੇ
   ਗੁੱਸਾ ਜਰਾ ਮਤ ਕਰੀਂ ਨੀ-ਨਾਲ।
2. ਗੱਡੀ ਵੀ ਵੀਰਾ ਤੇਰੀ ਰੁਣ ਝੁਣੀ ਵੇ ਕੋਈ ਬੋਲ ਕਲੈਹਰੀ ਵੇ ਮੋਰ।
   ਬਾਗਾਂ ਦੀ ਕੋਇਲ ਕੂਕਦੀ ਵੀਰਨ ਮੇਰਿਆ-ਵੇ ਕੋਈ ਮਹਿਲੀ ਕੂਕਣ
   - ਵੇ ਅਨੱਤ ਪਿਆਰਿਆ ਵੇ ਮੋਰ।

ਹੇਅਰਾਕਾਰ ਸੰਬੋਧਨੀ ਹੇਕ ਰਾਹੀਂ ਸੰਬੋਧਤ ਧਿਰ ਨਾਲ ਆਪਣਾ ਰਿਸ਼ਤਾ ਹੀ ਤੈਅ ਨਹੀਂ ਕਰਦਾ ਸਗੋਂ ਆਪਣੇ ਹੇਅਰੇ ਦੀ ਵਸਤੂ ਵਿਚ ਇਕ ਪਾਤਰ ਵਜੋਂ ਪੇਸ਼ ਕਰਦਾ ਹੈ।

7. ਛੰਦ ਪਰਾਗਾ

ਲੋਕ ਕਾਵਿ ਦੇ ਖੁਲ੍ਹੇ ਕਾਵਿ ਰੂਪਾਂ ਦੀ ਅਗਲੀ ਵੰਨਗੀ ਛੰਦ ਪਰਾਗਾ ਹੈ। ਇਸ ਦੀਆਂ ਦੋ ਤੁਕਾਂ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਪਹਿਲੀ ਨਿਸ਼ਚੇ ਹੀ ਰੂੜ੍ਹ-ਤੁਕ ਅਤੇ ਦੂਸਰੀ ਲੋੜ ਮੁਤਾਬਕ ਸਿਰਜੀ ਦਾਂਦੀ ਹੈ। ਛੰਦ ਪਰਾਗੇ ਦਾ ਬਾਹਰਲਾ ਰੂਪ ਨਿੱਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੋਲੀ, ਸ਼ਲੋਕ, ਦੋਹਰੇ, ਹੇਅਰੇ ਵਰਗਾ ਹੁੰਦਾ ਹੈ ਪਰ ਅੰਦਰਲਾ ਸਰੂਪ ਵੱਖਰਾ ਹੁੰਦਾ ਹੈ। ਇਹ ਵਿਆਹ ਸੰਬੰਧਿਤ ਕਾਵਿ ਰੂਪ ਹੈ। ਜਦੋਂ ਕੁੜੀਆਂ ਲਾੜੇ ਨਾਲ ਹਾਸਾ ਮਖੌਲ ਕਰਨ ਲਈ ਉਸ ਨੂੰ ਅੰਦਰ ਸੱਦਦੀਆਂ ਹਨ ਤਾਂ ਉਸ ਸਮੇਂ ਉਹ ਲਾੜੇ ਨੂੰ ਛੰਦ ਸੁਣਾਉਣ ਲਈ ਕਹਿੰਦੀਆਂ ਅਤੇ ਫਿਰ ਉਸ ਨੂੰ ਜੁਆਬ ਦੇਂਦੀਆਂ ਹਨ ਜਾਂ ਪਹਿਲਾਂ ਆਪ ਛੰਦ ਉਚਾਰਦੀਆਂ ਹਨ। ਕਿਉਕਿ ਇਹ ਅਜੇਹਾ ਕਾਵਿ ਰੂਪ ਹੈ ਜੋ ਸਮੇਂ ਦੀ ਲੋੜ ਮੁਤਾਬਕ ਕਾਹਲੀ ਵਿਚ ਰਚਿਆ ਜਾਂਦਾ ਹੈ। ਇਸ ਕਰਕੇ ਇਹ ਵਧੇਰੇ ਲਚਕੀਲਾ ਰੂਪ ਹੈ। ਉਦਹਾਰਣ ਵੇਖੋ:

1. ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਕੇਸਰ
   ਸੱਸ ਤਾਂ ਮੇਰੀ ਪਾਰਬਤੀ ਸਹੁਰਾ ਮੇਰਾ ਪਰਮੇਸਰ।
2. ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਤੁੰਮਾਂ,
   ਸੱਭੇ ਸਾਲੀਆਂ ਸੁਹਣੀਆਂ, ਮੈਂ ਕੀਹਦਾ ਮੂੰਹ ਚੁੰਮਾਂ।

8. ਸਿੱਠਣੀ

ਸਿੱਠਣੀ, ਵਿਆਹ ਵੇਲੇ ਧੀ ਵਾਲਿਆਂ ਵਲੋਂ ਲਾੜੇ ਵਾਲੀ ਧਿਰ ਨੂੰ ਸਿੱਧਾ ਸੰਬੋਧਤ ਵਿਅੰਗ ਅਤੇ ਟਿੱਚਰ ਭਰਿਆ ਅਜੇਹਾ ਕਾਵਿ ਰੂਪ ਹੈ, ਜਿਸ ਵਿਚ ਅਸਾਧਾਰਨ ਰੂਪਾਂ ਰਾਹੀਂ ਉਨ੍ਹਾਂ ਨੂੰ ਠਿੱਠ ਕੀਤਾ ਜਾਂਦਾ ਹੈ। ਸਿੱਠਣੀਕਾਰ ਦਾ ਧਿਆਨ ਹੈਰਾਨੀ ਭਰੇ ਸਮਾਜਕ ਵਰਤਾਰੇ ਨੂੰ ਚਿੱਤਰ ਕੇ ਦੂਜੀ ਧਿਰ ਦਾ ਠੱਠਾ ਉਡਾਉਣਾ ਹੈ। ਲਾੜੇ ਸੰਬੋਧਤ ਇਕ ਸਿੱਠਣੀ ਵੇਖੋ:

ਵੇ ਤੂੰ ਕਾਲਾ, ਪਿਉ ਦਾ ਸਾਲਾ,
ਵੇ ਕਾਲਾ ਕਿਸ ਗੁਣੇ
ਮੇਰੀ ਮਾਉ ਗਈ ਗੋਲ੍ਹਾਂ ਹੇਠ
ਮਹੀਨਾ ਸੀ ਜੇਠ, ਸੀ ਮੈਂ ਮਾਉਂ ਦੇ ਪੇਟ
ਕਾਲਾ ਏਸ ਗੁਣੇ।

ਇਸੇ ਤਰ੍ਹਾਂ ਦਾਦਕਿਆਂ ਵਲੋ ਨਾਨਕੇ ਮੇਲ ਨੂੰ ਠਿੱਠ ਕੀਤਾ ਜਾਂਦਾ ਹੈ:

1. ਛੱਜ ਉਹਲੇ ਛਾਨਣੀ ਪਰਾਤ ਉਹਲੇ ਤਵਾ
   ਨਾਨਕਿਆਂ ਦਾ ਮੇਲ ਆਇਆ ਸੁਮਾਂ ਦਾ ਰਵਾ...।
2. ਨਾਨਕੀਆਂ ਨੂੰ ਕੱਖ ਪਾ ਦਿਉ ਹੁਣ ਧਾਰ ਕੱਢਣ ਦਾ ਵੇਲਾ...।

9. ਖੇਡ ਗੀਤ ਅਤੇ ਨਾਚ ਗੀਤ

ਖੇਡ ਗੀਤਾਂ ਅਤੇ ਨਾਚ ਗੀਤਾ ਦਾ ਉਚਾਰਨ ਖੇਡ ਅਤੇ ਨਾਚ ਦੇ ਨਾਲ ਨਾਲ ਕੀਤਾ ਜਾਂਦਾ ਹੈ। ਇਸ ਕਰਕੇ ਇਹ ਕਾਵਿ ਰੂਪ ਵੀ ਖੁਲ੍ਹੇ ਕਾਵਿ ਰੂਪਾਂ ਦੀ ਵੰਨਗੀ ਵਿਚ ਆ ਜਾਂਦੇ ਹਨ। ਕਿਉਂਕਿ ਇਨ੍ਹਾਂ ਦੀ ਗਤੀ ਅਤੇ ਨਿਭਾਉ ਖੇਡ ਅਤੇ ਨਾਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਤਾਲ ਨਾਲ ਚਲਦੀ ਹੈ ਇਸ ਕਰਕੇ ਇਨ੍ਹਾਂ ਦੀ ਪੁਨਰ ਸਿਰਜਨ ਦਾ ਪ੍ਰਕਾਰਜ ਆਪਣੇ ਆਪ ਹੁੰਦਾ ਰਹਿੰਦਾ ਹੈ। ਇਸੇ ਕਾਰਨ ਇਹ ਵਧੇਰੇ ਲਚਕੀਲੇ ਕਾਵਿ ਰੂਪ ਹਨ।

ਖੇਡ ਗੀਤਾਂ ਵਿਚ ਲੋਰੀਆਂ, ਥਾਲ ਦੇ ਗੀਤ ਸ਼ਾਮਲ ਹਨ। ਥਾਲ ਗੀਤ ਦੀ ਵੰਨਗੀ ਵੇਖੋ:

ਨਨਾਣੇ ਨੀ ਨਨਾਣੇ
ਤੇਰੇ ਭੇਡ ਜਿੰਨੇ ਆਨੇ
ਨੀ ਬਘਿਆੜ ਜਿੱਡਾ ਮੂੰਹ
ਨੀ ਤੂੰ ਕਿਸ ਚੰਦਰੇ ਦੀ ਨੂੰਹ,
ਕੁੜੀਏ ਥਾਲ ਦੀਏ।

ਨਾਚ ਗੀਤ

ਇਕ ਕਿਕਲੀ ਗੀਤ ਦੀ ਵੰਨਗੀ ਵੇਖੋ:

ਉਖਲੀ 'ਚ ਡੇਲੇ ਵੀਰ ਮੇਰਾ ਖੇਲੇ
ਉਖਲੀ 'ਚ ਦੋਣਾ ਵੀਰ ਮੇਰਾ ਸੁਹਣਾ
ਥਾਲੀ 'ਚ ਮਣਕੇ ਗੁੱਤ ਮੇਰੀ ਛਣਕੇ।

ਉਪਰੋਕਤ ਖੁਲ੍ਹੇ ਕਾਵਿ ਰੂਪ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਪੱਸ਼ਟ ਹੈ ਕਿ ਖੁਲ੍ਹੇ ਲੋਕ ਕਾਵਿ ਰੂਪਾਂ ਵਿਚ ਪੁਨਰ-ਸਿਰਜਨਾ ਗਤੀ ਚਲਦੀ ਰਹਿੰਦੀ ਹੈ। ਇਹ ਵਧੇਰੇ ਲਚਕੀਲੇ ਹੁੰਦੇ ਹਨ ਇਸੇ ਕਾਰਨ ਇਨ੍ਹਾਂ ਦਾ ਇਕ ਪ੍ਰਮਾਣਿਕ ਪਾਠ ਤਿਆਰ ਨਹੀਂ ਕੀਤਾ ਜਾ ਸਕਦਾ, ਜੇ ਅਜਿਹਾ ਕੀਤਾ ਜਾਵੇ ਤਾਂ ਉਹ ਗ਼ੈਰ ਵਿਗਿਆਨਕ ਹੋਵੇਗਾ। ਵੱਖੋ ਵੱਖਰੇ ਦਾਇਰਿਆਂ ਵਿਚ ਇਨ੍ਹਾਂ ਦੀ ਸਿਰਜਨਾਂ ਹੋਣ ਕਾਰਨ ਇਨ੍ਹਾਂ ਵਿਚ ਘਾਟੇ ਵਾਧੇ ਦੀ ਲੋੜ ਸਮੇਂ ਤੇ ਸਥਾਨ ਕਾਰਨ ਹੁੰਦੀ ਰਹਿੰਦੀ ਹੈ।

ਬੱਝਵੇਂ ਕਾਵਿ ਰੂਪ

ਬੱਝਵੇਂ ਕਾਵਿ ਰੂਪਾਂ ਦੀ ਸ਼੍ਰੇਣੀ ਵਿਚ ਅਜੇਹੇ ਲੋਕ ਕਾਵਿ ਰੂਪ ਆ ਜਾਂਦੇ ਹਨ ਜਿਨ੍ਹਾਂ ਵਿਚ ਪੁਨਰ ਸਿਰਜਨ ਦੀ ਪ੍ਰਕਿਰਿਆ ਮੱਧਮ ਅਤੇ ਕੁਝ ਬੱਝਵੇਂ ਨੇਮਾਂ ਅਧੀਨ ਵੀ ਚਲਦੀ ਹੈ। ਇਨ੍ਹਾਂ ਕਾਵਿ ਰੂਪਾਂ ਦਾ ਨਿਭਾਉ ਨਿਸ਼ਚਿਤ ਹੁੰਦਾ ਹੈ। ਇਹ ਕਾਵਿ ਰੂਪ ਕੁਝ ਖਾਸ ਮੌਕਿਆਂ ਤੇ ਹੀ ਉਚਾਰੇ ਜਾਂਦੇ ਹਨ। ਇਸ ਕਰਕੇ ਇਨ੍ਹਾਂ ਵਿਚ ਘਾਟੇ ਵਾਧੇ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਹੈ। ਇਨ੍ਹਾਂ ਵਿਚ ਇਕ ਦਮ ਤਬਦੀਲੀ ਕਰਨ ਦੀ ਲੋੜ ਵੀ ਨਹੀਂ ਭਾਸਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਖੁਲ੍ਹੇ ਕਾਵਿ ਰੂਪਾਂ ਦਾ ਉਚਾਰਨ ਵਿਅਕਤੀਗਤ ਹੁੰਦਾ ਹੈ ਅਤੇ ਬੱਝਵੇਂ ਕਾਵਿ ਰੂਪਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਚਾਰਨ ਸਾਮੂਹਿਕ ਹੁੰਦਾ ਹੈ। ਸਮੂਹ ਗਾਇਕਾ ਦਾ ਅਨੁਭਵ, ਕਲਪਨਾ ਅਤੇ ਕਲਾਤਮਕ ਪ੍ਰਤਿਭਾ ਕਦੇ ਵੀ ਇਕੋ ਜਿਹੀ ਅਰਥਾਤ ਸਮਰੂਪ ਤੇ ਇਕਾਹਰੀ ਨਹੀਂ ਹੋ ਸਕਦੀ। ਇਹ ਕਾਵਿ ਰੂਪ ਲੰਮੇਰੀ ਅਤੇ ਧੀਮੀ ਹੇਕ ਵਿਚ ਉਚਾਰੇ ਜਾਂਦੇ ਹਨ। ਬੰਦ ਰੂਪਾਂ ਦੀ ਸ਼੍ਰੇਣੀ ਦੇ ਕਾਵਿ ਰੂਪ ਵਿਚ ਥੀਮ ਦਾ ਇਕਹਿਰਾਪਨ ਅਤੇ ਨਿਰੰਤਰਤਾ ਭਾਵ ਦੀ ਇਕਾਗਰਤਾ ਹੁੰਦੀ ਹੈ। ਇਥੇ ਛੋਟੇਰੀ ਇਕਾਈ ਕਾਵਿ ਰੂਪ ਦਾ ਅੰਗ ਹੋ ਕੇ ਵੀ ਖੁਦਮੁਖਤਾਰ ਹੋਂਦ ਵਿਚ ਕਾਇਮ ਰਹਿੰਦੀ ਹੈ। ਲੰਮੇ ਗੀਤਾਂ ਵਿਚ ਛੋਟੀ ਤੋਂ ਛੋਟੀ ਇਕਾਈ ਇਕ ਦੂਜੀ ਨਾਲ ਅਨਿੱਖੜ ਤੌਰ ਤੇ ਜੁੜੀ ਹੁੰਦੀ ਹੈ। ਇਸ ਲਈ ਜੇਕਰ ਗੀਤ ਦੀ ਇਕ ਇਕਾਈ ਵਿਚ ਪਰਿਵਰਤਨ ਕਰਨ ਨਾਲ ਗੀਤ ਦਾ ਰਚਨਾ ਵਿਧਾਨ ਟੁੱਟ ਸਕਦਾ ਹੈ ਅਤੇ ਗੀਤ ਦੇ ਰੂਪ ਦਾ ਸਮ ਤੋਲ ਵੀ ਗੁਆਚ ਸਕਦਾ ਹੈ। ਇਹ ਕਾਵਿ ਰੂਪ ਵਸਤੂ ਅਤੇ ਥੀਮ ਰੂੜ੍ਹ ਰੂਪ ਵਿਚ ਹੀ ਪਰੰਪਰਾਗਤ ਢੰਗ ਨਾਲ ਲੋਕ ਚੇਤਨਾ ਦਾ ਅੰਗ ਬਣੇ ਹੁੰਦੇ ਹਨ। ਇਨ੍ਹਾਂ ਕਾਵਿ ਰੂਪਾਂ ਦਾ ਵਧੇਰੇ ਸੰਬੰਧ ਸਭਿਆਚਾਰਕ ਪਰੰਪਰਾਗਤ ਰੂੜ੍ਹੀਆਂ ਨਾਲ ਬੱਝਾ ਹੁੰਦਾ ਹੈ।

ਇਨ੍ਹਾਂ ਦਾ ਪਰੰਪਰਾਗਤ ਰੂੜ੍ਹੀਗਤ ਜੀਵਨ ਅਨੁਭਵ ਨਾਲ ਸੰਬੰਧਤ ਹੋਣ ਕਰਕੇ ਭਾਵੇਂ ਪੁਨਰ ਸਿਰਜਨ ਵਿਚ ਨਵੀਨ ਨਵੀਨਤਮ ਪ੍ਰਗਟਾ ਵਿਧੀਆਂ ਅਤੇ ਵਸਤੂ ਨਵੀਨਤਾ ਨਹੀਂ ਲਿਆ ਸਕੇ। ਉਪਰੋਕਤ ਕਾਰਨਾਂ ਕਰਕੇ ਇਨ੍ਹਾਂ ਨੂੰ ਬੱਝਵੇਂ ਕਾਵਿ ਰੂਪ ਕਿਹਾ ਗਿਆ ਹੈ ਇਨ੍ਹਾਂ ਵਿਚ ਪੁਨਰ-ਸਿਰਜਨ ਦੀ ਪ੍ਰਕਿਰਿਆ ਮੱਧਮ ਅਤੇ ਬੱਝਵੇਂ ਨਿਯਮਾਂ ਅਨੁਸਾਰ ਹੀ ਹੋ ਸਕਦੀ ਹੈ। ਕੁਝ ਪ੍ਰਸਿੱਧ ਬੱਝਵੇਂ ਕਾਵਿ ਰੂਪ ਇਹ ਹਨ:

1. ਘੋੜੀਆਂ

ਘੋੜੀਆਂ ਸਮੂਹਿਰ ਰੂਪ ਵਿਚ ਗਾਈਆਂ ਜਾਂਦੀਆਂ ਹਨ। ਕੁੜੀਆਂ ਮੁੰਡੇ ਦੇ ਵਿਆਹ ਦੇ ਦਿਨ ਤੋਂ ਕੁਝ ਦਿਨ ਪਹਿਲਾਂ ਗਾਉਂਦੀਆਂ ਹਨ। ਘੋੜੀਆਂ ਗਾਉਣ ਸਮੇਂ ਬਾਕੀ ਸਵਾਣੀਆਂ ਕਿਸੇ ਤਿੱਖੀ ਤੇ ਉੱਚੀ ਸੁਰ ਵਾਲੀ ਦੇ ਬੋਲ ਵਿਚ ਬੋਲ ਮਿਲਾਉਣ ਦਾ ਯਤਨ ਕਰਦੀਆਂ ਹਨ। ਜੇ ਕੋਈ ਕੁੜੀ ਆਪਣੀ ਇੱਛਾ ਅਨੁਸਾਰ ਗੀਤ ਵਿਚ ਕੋਈ ਰੱਦੋ ਬਦਲ ਕਰਨਾ ਵੀ ਚਾਹੇ ਤਾਂ ਸਮੂਹ ਉਸ ਨੂੰ ਉਸ ਸਮੇਂ ਪ੍ਰਵਾਨ ਨਹੀਂ ਕਰ ਸਕਦਾ। ਇਹ ਘੋੜੀਆਂ ਨਿਸ਼ਚਿਤ ਸਥਿਤੀਆਂ ਵਿਚ ਗਾਈਆਂ ਜਾਂਦੀਆਂ ਹਨ ਜਿਸ ਕਰਕੇ ਇਨ੍ਹਾਂ ਵਿਚ ਕਿਸੇ ਰੱਦੋ ਬੱਦਲ ਦੀ ਸੰਭਾਵਨਾ ਨਹੀਂ ਹੁੰਦੀ। ਉਦਾਹਰਣ ਵਜੋਂ ਘੋੜੀ ਦੀ ਵੰਨਗੀ:

ਨਿੱਕੀ ਨਿੱਕੀ ਬੂੰਦੀ, ਨਿੱਕਿਆ ਨਿੱਕਿਆ ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਦਾਮਾਂ ਦੀ ਬੋਰੀ ਤੇਰਾ ਬਾਪ ਫੜੇ
ਹਾਥੀਆਂ ਦੇ ਸੰਗਲ ਤੇਰਾ ਬਾਬਲ ਫੜੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸੁਹਾਗ

ਬੱਝਵੇਂ ਕਾਵਿ ਰੂਪਾਂ ਦੀ ਇਕ ਹੋਰ ਵੰਨਗੀ ਸੁਹਾਗ ਹੈ ਜੋ ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਵਾਲੇ ਘਰ ਗਾਏ ਜਾਂਦੇ ਹਨ। ਇਨ੍ਹਾਂ ਵਿਚ ਵੀ ਘੋੜੀਆਂ ਵਾਂਗ ਰਦੋ ਬਦਲ ਦੀ ਬੜੀ ਘੱਟ ਸੰਭਾਵਨਾ ਹੁੰਦੀ ਹੈ। ਇਹ ਵੀ ਸਮੂਹਕ ਤੌਰ ਤੇ ਗਾਏ ਜਾਂਦੇ ਹਨ। ਕੁੜੀਆਂ ਸਮੂਹ ਰੂਪ ਵਿਚ ਇਨ੍ਹਾਂ ਦਾ ਗਾਇਨ ਕਰਦੀਆਂ ਹਨ:

ਬੀਬੀ ਚੰਦਨ ਦੇ ਉਹਲੇ ਉਹਲੇ ਕਿਉ ਖੜ੍ਹੀ ਹੈ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਪਾਸ
ਬਾਬਲ ਵਰ ਲੋੜੀਏ
ਨੀ ਧੀਏ ਕਿਹੋ ਜਿਹਾ ਵਰ ਲੋੜੀਏ?
ਜਿਉਂ ਤਾਰੇ ਤਾਰਿਆਂ ਵਿਚੋਂ ਚੰਦ
ਚੰਦਾਂ ਵਿਚੋਂ ਕਾਹਨ
ਘਨਈਆ ਵਰ ਲੋੜੀਏ।

3. ਦੋਹੜਾ

ਦੋਹੜਾ ਲੰਮੀ ਧਾਰਨਾ ਵਾਲਾ ਨਿੱਕਾ ਗੀਤ ਰੂਪ ਹੈ ਜੋ ਮਰਦਾਂ ਵਿਚ ਪ੍ਰਚਲਤ ਹੈ। ਅਵਤਾਰ ਸਿੰਘ ਦਲੇਰ ਦਾ ਮਤ ਹੈ ਕਿ ਦੋਹਰੇ ਵਿਚ ਪਹਿਲੀ ਤੁਕ ਦੇ ਬਚਦੇ ਭਾਵ ਨੂੰ ਦੂਜੀ ਤੁਕ ਰਾਹੀਂ ਦੂਸਰੀ ਵਾਰ ਗਲੇਫ ਕੇ ਚਮਕਾਇਆ ਜਾਂ ਲਿਸ਼ਕਾਇਆ ਜਾਂਦਾ ਹੈ ਇਸ ਲਈ ਇਸ ਦਾ ਨਾਮ ਦੋਹਰਾ ਹੈ।[20] ਨਾਹਰ ਸਿੰਘ ਦੋਹੜੇ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ, ''ਦੋਹੜਾ, ਦੋ ਸੰਯੁਕਤ ਤੁਕਾਂ ਦਾ, ਸੰਪੂਰਨ ਅਰਥ ਇਕਾਈ ਵਾਲਾ, ਨਿਸ਼ਚਿਤ ਛੰਦ ਚਾਲ 'ਦੋਹਰਾ' ਵਿਚ ਚਲਦਾ ਲੰਮੀ ਧਾਰਨਾ ਵਾਲਾ ਅਜਿਹਾ ਸਰੋਦੀ ਗੀਤ ਰੂਪ ਹੈ, ਜੋ ਇਕਾਗਰ ਭਾਵ ਨੂੰ ਉਸਦੇ 'ਕਾਵਿਕ ਠਹਿਰਾਉ' ਵਿਚ ਪੇਸ਼ ਕਰਦਾ ਹੈ। ਇਸ ਵਿਚ ਜੀਵਨ ਦੇ ਕਿਸੇ ਵਿਆਪਕ ਸੱਚ ਨੂੰ ਸਰਬ-ਸਾਧਾਰਨ ਸੰਬੋਧ ਵਿਧੀ ਰਾਹੀਂ ਦਾਰਸ਼ਨਿਕ ਲਹਿਜ਼ੇ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਪੇਸ਼ ਭਾਵ ਤਨਾਉ-ਮੁਕਤ ਹੁੰਦਾ ਹੈ, ਜਿਸ ਦੀ ਅਪੀਲ-ਸਰਬ ਕਾਲੀਨ ਹੁੰਦੀ ਹੈ।''[21] ਦੋਹੜੇ ਦੀ ਵੰਨਗੀ ਵੇਖੋ:

ਉੱਚਾ ਬੁਰਜ ਲਾਹੌਰ ਦਾ ਖੜੀ ਸੁਕਾਵਾਂ ਕੇਸ
ਯਾਰ ਦਿਖਾਈ ਦੇ ਗਿਆ ਕਰਕੇ ਵਰਮਾਂ ਭੇਸ।

4. ਵਾਰ

'ਵਾਰ' ਲੋਕ ਕਾਵਿ ਦਾ ਇਕ ਪ੍ਰਤੀਨਿਧ ਰੂਪ ਹੈ। ਇਸ ਲੋਕ ਕਾਵਿ ਸ਼ੈਲੀ ਨੇ ਮੱਧਕਾਲੀਨ ਪੰਜਾਬੀ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਵਿਚ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਨਾਇਕ ਦੀ ਸਿਫਤ ਕੀਤੀ ਹੁੰਦੀ ਹੈ। ਇਹ ਪਾਉੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛੰਦ ਵਿਚ ਲਿਖੀ ਜਾਂਦੀ ਹੈ। ਕਿਉਂਕਿ ਵਾਰ ਛੰਦ-ਬੱਧ ਕਵਿਤਾ ਹੈ ਇਸ ਲਈ ਇਸ ਵਿਚ ਕੋਈ ਤਬਦੀਲੀ ਕਿਸੇ ਬੱਝਵੇਂ ਨਿਯਮ ਅਧੀਨ ਹੋ ਸਕਦੀ ਹੈ। ਵਾਰ ਵਿਚ ਸਥਾਨਕ ਰੰਗਣ ਬਹੁਤ ਹੈ। ਪੰਜਾਬ ਦੀਆਂ ਲੋਕ ਵਾਰਾਂ ਇਥੋਂ ਦੀ ਸਮਾਜਕ ਆਰਥਕ ਤੇ ਰਾਜਨੀਤਕ ਹਾਲਤ ਦਾ ਸ਼ੀਸ਼ਾ ਹਨ। ਵਾਰ ਸਾਹਿਤ ਨੂੰ ਢਾਢੀ ਲੋਕ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਪੁਜਾਉਣ ਦਾ ਯਤਨ ਕਰਦੇ ਰਹੇ ਹਨ ਜਿਸ ਕਾਰਨ ਮੌਖਿਕ ਰੂਪ ਵਿਚ ਕੁਝ ਲੋਕ ਵਾਰਾਂ ਅੱਗੇ ਚਲਦੀਆਂ ਰਹੀਆਂ ਹਨ। ਇਨ੍ਹਾਂ ਲੋਕ ਵਾਰਾਂ ਦੀ ਧੁਨੀ ਤੇ ਹੀ ਸਿੱਖ ਗੁਰੂਆਂ ਨੇ ਅਧਿਆਤਮਕ ਵਾਰਾਂ ਦੀ ਰਚਨਾ ਕੀਤੀ ਹੈ। 'ਵਾਰ ਮੂਸੇ ਕੀ' ਬੜੀ ਪ੍ਰਸਿੱਧ ਲੋਕ ਵਾਰ ਹੈ:

ਚੜ੍ਹਿਆ ਮੂਸਾ ਬਾਦਸ਼ਾਹ ਸੁਣਿਐ ਸਭ ਜੱਗੇ।
ਤ੍ਰੈ ਸੈ ਸਠ ਮਰਾਤਬਾ, ਇਕ ਘੁਰਿਐ ਡੱਗੇ।
ਦੰਦ ਚਿੱਟੇ ਵਡ ਹਾਥੀਆਂ, ਕਹੁ ਕਿਤ ਵਰਗੇ।
ਰੁਤ ਪਛਾਤੀ ਬਗਲਿਆਂ, ਘਟੈ ਕਾਲੀ ਬੱਗੇ।
ਏਹੀ ਕੀਤੀ ਮੂਸਿਆਂ, ਕਿਨ ਕਰੀ ਨਾ ਅੱਗੇ।

5. ਲੋਕ ਗਾਥਾ

ਲੋਕ ਕਾਵਿ ਦੀ ਇਕ ਹੋਰ ਪ੍ਰਸਿੱਧ ਵੰਨਗੀ ਲੋਕ ਗਾਥਾ ਦੀ ਹੈ। ਲੋਕ ਗਾਥਾਵਾਂ ਦੀ ਖਾਸ ਵਿਸ਼ੇਸ਼ਤਾ ਘਟਨਾ ਦਾ ਇਕਹਿਰਾਪਨ, ਰੌਚਿਕਤਾ, ਸੰਗੀਤਕ ਲਯ, ਨਾਟਕੀ ਕਾਰਜ ਦੀ ਭਰਮਾਰ ਅਤੇ ਪਾਤਰਾਂ ਦੇ ਚਰਿਤਰ ਚਿਤਰਨ ਸੰਬੰਧੀ ਇਕਸਾਰਤਾ ਹੈ। ਇਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ, ਪਰੰਪਰਾ ਦੇ ਅੰਸਾਂ ਦੀ ਹੋਂਦ ਅਤੇ ਲੋਕ ਸਮੂਹ ਦੀ ਪ੍ਰਵਾਨਗੀ ਆਦਿ ਤੱਤ ਹੁੰਦੇ ਹਨ। ਇਹ ਇਕ ਪ੍ਰਕਾਰ ਦਾ ਬਿਰਤਾਂਤਕ ਕਾਵਿ ਹੈ। ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ ਦੀਆਂ ਲੋਕ ਗਾਥਾਵਾਂ ਪ੍ਰਸਿੱਧ ਹਨ। (ਇਸ ਸੰਬੰਧੀ ਵਿਸਥਾਰ ਨਾਲ ਗੱਲ ਲੋਕ ਗਥਾਵਾਂ, ਵਾਲੇ ਅਧਿਆਏ ਵਿਚ ਕਰਾਂਗੇ)।

6. ਬਾਰਾ ਮਾਹ

ਲੋਕ ਕਾਵਿ ਰੂਪਾਂ ਵਿਚ ਬਾਰਾਮਾਹ ਨੂੰ ਬਹੁਤ ਹੀ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਵਿਚ ਬਾਰਾਂ ਮਹੀਨਿਆਂ ਨੂੰ ਆਧਾਰ ਬਣਾਕੇ ਕਵਿਤਾ ਰਚੀ ਜਾਂਦੀ ਹੈ। ਇਸ ਕਾਵਿ ਰੂਪ ਵਿਚ ਬਿਰਹਨ ਦੀ ਮਾਨਸਿਕ ਪੀੜਾਂ ਦਾ ਦਰਦ ਰੰਵਾਣਾ ਵਰਣਨ ਬਿਕਰਮੀ ਸੰਮਤ ਦੇ ਬਾਰਾਂ ਮਹੀਨਿਆਂ ਵਿਚ ਪ੍ਰਕ੍ਰਿਤੀ ਦੇ ਭਿੰਨ ਭਿੰਨ ਚਿੱਤਰਾਂ ਦੀ ਪ੍ਰਿਸ਼ਟੀ ਭੂਮੀ ਵਿਚ ਕੀਤਾ ਜਾਂਦਾ ਹੈ। ਇਕ ਲੋਕ ਬਾਰਾ ਮਾਹ ਦੀ ਵੰਨਗੀ ਵੇਖੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਸ ਬਾਰਾ ਮਾਹ ਵਿਚ ਵੱਖ ਵੱਖ ਮਹੀਨਿਆਂ ਦਾ ਵਰਣਨ ਹੈ ਇਥੇ ਅਸੀਂ ਇਸ ਬਾਰਾ ਮਾਹ ਦੇ ਇਕ ਮਹੀਨੇ ਦੀ ਉਦਾਹਰਣ ਦੇ ਰਹੇ ਹਾਂ:

ਚੜ੍ਹੇ ਚੇਤ ਨਵਾਂ ਸਾਲ
ਖਾਏ ਧਰਤੀ ਉਛਾਲ
ਪਏ ਛੋਲਿਆਂ ਪਟਾਕਾ
ਅਸਮਾਨ ਖੋਹੇ ਝਾਟਾ....

ਕਣਕਾਂ ਦੀਆਂ ਬੱਲੀਆਂ
ਹੇ ਹੋ ਹਾ, ਹੇ ਹੋ ਹਾ,
ਨਿਕਲਨ ਦਿਨ ਗਿਣਦਿਆਂ
ਢੋਲਾ, ਹੇ ਹੋ ਹਾ।

ਬਾਰਾ ਮਾਹ ਵਰਗਾ ਹੋਰ ਲੋਕ ਕਾਵਿ ਸਤਵਾਰਾ ਹੈ ਜਿਸ ਵਿਚ ਹਫਤੇ ਦੇ ਦਿਨਾਂ ਦੇ ਨਾਂ ਤੇ ਕਵਿਤਾ ਬੱਝੀ ਜਾਂਦੀ ਹੈ। ਇਸ ਤਰ੍ਹਾਂ ਦਾ ਇਕ ਹੋਰ ਲੋਕ ਕਾਵਿ ਸਿਹਰਫੀ ਹੈ ਜਿਸ ਵਿਚ ਅਰਬੀ ਵਰਣਮਾਲਾ ਦੇ ਤੀਹ ਅੱਖਰਾਂ ਨੂੰ ਲੈ ਕੇ ਕਵਿਤਾ ਲਿਖੀ ਜਾਂਦੀ ਹੈ। ਇਨ੍ਹਾਂ ਕਾਵਿ ਰੂਪਾਂ ਦੇ ਕੁਝ ਬੱਝਵੇਂ ਨਿਯਮ ਹਨ। ਇਨ੍ਹਾਂ ਵਿਚ ਵੀ ਕੋਈ ਤਟ ਫਟ ਤਬਦੀਲੀ ਨਹੀਂ ਕੀਤੀ ਜਾ ਸਕਦੀ ਹੈ।

7. ਥਿਤੀ

ਚੰਦਰਮਾ ਦੇ ਵਧਣ ਘਟਣ ਨਾਲ, ਸੁਦੀ ਵਦੀ ਦੀਆਂ ਥਿਤਾਂ ਅਥਵਾ ਤਿਥਾਂ ਨੂੰ ਲੈ ਕੇ ਜਿਹੜੀ ਕਵਿਤਾ ਉਚਾਰੀ ਜਾਂਦੀ ਹੈ, ਉਸ ਕਾਵਿ ਰੂਪ ਨੂੰ 'ਥਿਤੀ' ਕਿਹਾ ਜਾਂਦਾ ਹੈ। ਇਸ ਨਾਲ ਸਾਡੇ ਬਹੁਤ ਸਾਰੇ ਲੋਕ ਵਿਸ਼ਵਾਸ ਜੁੜੇ ਹੋਏ ਹਨ। ਚੰਨ ਦੇ ਚੜ੍ਹਨ ਸਮੇਂ ਉਚਾਰੀ ਕਵਿਤਾ ਦਾ ਨਮੂਨਾ ਵੇਖੋ:

ਚੜ੍ਹ ਵੇ ਚੰਨਾ ਭਾਗੀ ਭਰਿਆ
ਹੱਥ ਬੰਨ੍ਹ ਕਰਾਂ ਜੋਦੜੀ
ਸੁਖ ਦਾ ਚੜ੍ਹੀਂ ਖੈਰ ਦਾ ਚੜ੍ਹੀਂ
ਸਭ ਲੋਕਾਂ ਦਾ ਭਲਾ ਕਰੀਂ।

ਉਪਰੋਕਤ ਬੱਝਵੇਂ ਕਾਵਿ ਰੂਪਾਂ ਤੋਂ ਬਿਨਾ ਬੁਝਾਰਤਾਂ, ਮੁਹਾਵਰੇ, ਅਖਾਣ, ਲੋਕ ਸਿਆਣਪਾਂ ਦੇ ਟੋਟੇ ਵੀ ਇਸ ਵੰਨਗੀ ਵਿਚ ਆਉਂਦੇ ਹਨ। ਇਨ੍ਹਾਂ ਵਿਚ ਵੀ ਤਬਦੀਲੀ ਦੀ ਸੰਭਾਵਨਾ ਘੱਟ ਰਹਿੰਦੀ ਹੈ। (ਇਸ ਸੰਬੰਧੀ ਚਰਚਾ ਅਗਲੇ ਅਧਿਆਏ ਵਿਚ ਕਰਾਂਗੇ)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਕਾਵਿ ਦੇ ਖੁਲ੍ਹੇ ਅਤੇ ਬੱਝਵੇਂ ਕਾਵਿ ਰੂਪਾਂ ਦਾ ਵਿਸ਼ਲੇਸ਼ਣ ਕਰਨ ਤੋਂ ਇਕ ਗੱਲ ਨਿੱਖਰ ਕੇ ਸਾਡੇ ਸਾਹਮਣੇ ਆਉਂਦੀ ਹੈ ਕਿ ਇਸ ਵਿਚ ਲੋਕ ਮਨ ਆਪਣੇ ਪੂਰੇ ਪੱਖ ਪਾਸਾਰ ਤੇ ਡੂੰਘਾਈ ਵਿਚ ਪ੍ਰਕਾਸ਼ਮਾਨ ਹੈ ਅਤੇ ਇਸ ਦੀ ਸਿਰਜਨ ਪ੍ਰਕਿਰਿਆ ਵਿਚ ਲੋਕਾਂ ਦੀਆਂ ਮਾਨਸਿਕ ਸ਼ਕਤੀਆਂ ਪੂਰੇ ਜਲਾਲ ਵਿਚ ਪ੍ਰਤਿਬਿੰਬਤ ਹੋਈਆਂ ਹਨ। ਵਣਜਾਰਾ ਬੇਦੀ ਅਨੁਸਾਰ, ''ਕਾਵਿ ਜਲੋ ਤੇ ਸੰਸਕ੍ਰਿਤੀ-ਗੌਰਵ ਹੀ ਪੰਜਾਬੀ ਲੋਕ ਕਾਵਿ ਦੀ ਮਹਿਮਾ ਹੈ। ਇਨ੍ਹਾਂ ਦੋਹਾਂ ਤੋਂ ਸੱਖਣਾ ਲੋਕ ਕਾਵਿ ਸਾਡਾ ਵਿਰਸਾ ਨਹੀਂ ਬਣ ਸਕਿਆ।''

ਲੋਕ ਗੀਤ

ਲੋਕ ਗੀਤ ਲੋਕ ਕਾਵਿ ਦੀ ਇਕ ਮਹੱਤਵਪੂਰਨ ਵੰਨਗੀ ਹੈ। ਲੋਕ ਗੀਤ ਪੰਜਾਬ ਦੀ ਆਤਮਾ ਦੀ ਆਵਾਜ਼ ਹਨ। ਇਹ ਪੰਜਾਬੀਆਂ ਦੇ ਰੰਗੀਲੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹਨ। ਸਮੇਂ ਸਮੇਂ ਪੰਜਾਬੀ ਮੁਟਿਆਰਾਂ ਅਤੇ ਨੌਜਵਾਨਾਂ ਨੇ ਇਸ ਦੇ ਖ਼ਜ਼ਾਨੇ ਨੂੰ ਆਪਣੇ ਪਿਆਰ ਵਲਵਲਿਆਂ ਨਾਲ ਭਰਪੂਰ ਕੀਤਾ ਹੈ। ਇਹ ਲੋਕਾਂ ਦੁਆਰਾ ਗਾਏ ਅਤੇ ਰਚੇ ਗਏ ਹਨ। ਇਨ੍ਹਾਂ ਦਾ ਕਰਤਾ ਕੋਈ ਇਕ ਵਿਸ਼ੇਸ਼ ਵਿਅਕਤੀ ਨਹੀਂ ਹੁੰਦਾ। ਇਹ ਪੀੜ੍ਹੀਓ ਪੀੜ੍ਹੀ ਤੁਰਿਆ ਆ ਰਿਹਾ ਮੌਖਿਕ ਸਾਹਿਤ ਹੈ ਜਿਸ ਵਿਚ ਲੋਕ ਮਾਨਸ ਦੇ ਦਿਲੀ ਜਜ਼ਬਿਆਂ ਤੇ ਸਧਰਾਂ ਦਾ ਪ੍ਰਗਟਾ ਹੁੰਦਾ ਹੈ। ਹਿੰਦੀ ਸਾਹਿਤ ਕੋਸ਼ਾਂ ਵਿਚ ਲੋਕ ਗੀਤ ਦੇ ਸ਼ਾਬਦਿਕ ਅਰਥ, ਲੋਕਾਂ ਵਿਚ ਪ੍ਰਚਲਿਤ ਗੀਤ, ਲੋਕਾਂ ਦੁਆਰਾ ਨਿਰਮਿਤ ਗੀਤਾਂ ਜਾਂ ਲੋਕ ਵਿਸ਼ਿਅਕ ਗੀਤ ਕੀਤੇ ਮਿਲਦੇ ਹਨ। ਇਨ੍ਹਾਂ ਦੇ ਪਿਛੋਕੜ ਵਿਚ ਸਦੀਆਂ ਦਾ ਪਰੰਪਰਾ ਵਿਦਮਾਨ ਹੁੰਦੀ ਹੈ। ਰਵੀਂਦ੍ਰ ਭਰਮਾਰ ਲੋਕ ਮਾਨਵ ਦੇ ਵਿਅਕਤੀਗਤ ਅਤੇ ਸਾਮੂਹਿਕ ਦੁਖ ਸੁਖ ਦੀ ਲਯਾਤਮਕ ਅਭਿਵਿਅਕਤੀ ਨੂੰ ਲੋਕ ਗੀਤ ਦਾ ਨਾਂ ਦੇਂਦਾ ਹੈ। ਪੰਜਾਬੀ ਲੋਕਧਾਰਾ ਦੇ ਵਿਸ਼ੇਸ਼ਗ ਵਣਜਾਰਾ ਬੇਦੀ ਅਨੁਸਾਰ[24]

> ਲੋਕ ਗੀਤ ਜਾਤੀ ਦੇ ਅੰਤ੍ਰੀਵ ਜਜ਼ਬਿਆਂ ਦੇ ਮਨੋਭਾਵਾਂ ਦਾ ਕਾਵਿ ਮਈ ਪ੍ਰਵਾਹ ਹੁੰਦੇ ਹਨ। ਇਹ ਚੇਤਨ ਅਵਚੇਤਨ ਮਨ ਵਿਚ ਵਸਦੇ, ਮਚਲਦੇ ਜਾਂ ਦਬੇ ਘੁਟੇ ਵਲਵਲਿਆਂ ਦਾ ਸਹਿਜ ਪ੍ਰਗਟਾਅ ਹਨ। ਜੇ ਕਵਿਤਾ ਕਿਸੇ ਆਪ ਮਹਿਸੂਸੀ ਭਾਵਾਂ ਗੁਧੀ ਰਚਨਾ ਹੈ ਤਾਂ ਲੋਕ ਗੀਤਾਂ ਤੋਂ ਸੁਚੀ ਕਵਿਤਾ ਹੋਰ ਹੋ ਨਹੀਂ ਸਕਦੀ। ਇਹ ਵੇਗ ਵਿਚ ਆਏ ਭਾਵ ਹਨ ਜੋ ਬੇ-ਕਾਬੂ ਹੋਏ ਅਛੋਪਲੇ ਹੀ ਸ਼ਬਦਾਂ ਦਾ ਬਾਣਾ ਪਹਿਨ ਕੇ ਰੂਪਮਾਨ ਹੋ ਗਏ ਹਨ। ਇਹ ਦਿਲਾਂ ਦੇ ਅਥਾਹ ਚਸ਼ਮਿਆਂ ਤੇ ਬੁੰਬ ਦੇ ਟੁੱਟਿਆਂ ਸ਼ਬਦਾਂ ਦੀਆਂ ਮਿੱਠੀਆਂ ਤੇ ਰਸ ਗੁੱਧੀਆਂ ਛੱਲਾਂ ਹਨ।

ਅੰਮ੍ਰਿਤਾ ਪ੍ਰੀਤਮ ਦੇ ਵਿਚਾਰ ਅਨੁਸਾਰ ਲੋਕਾਂ ਗੀਤਾਂ ਦੀ ਬਾਂਹ ਉਤੇ ਕਿਸੇ ਵੀ ਗੀਤਕਾਰ ਦਾ ਨਾਉਂ ਨਹੀਂ ਖੁਦਿਆ ਹੁੰਦਾ, ਪਰ ਉਨ੍ਹਾਂ ਦੇ ਰੋਮ ਰੋਮ ਉਤੇ ਜੋ ਲਫ਼ਜ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖਿਆ ਹੁੰਦਾ ਹੈ ਉਹ ਹੈ - ਲੋਕ ਲੋਕ ਲੋਕ।[25] ''ਕਰਨੈਲ ਸਿੰਘ ਥਿੰਦ ਲੋਕ ਗੀਤ ਦੀ ਪਰਿਭਾਸ਼ਾ ਕਰਦੇ ਲਿਖਦੇ ਹਨ ਕਿ, ''ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ, ਬੋਲੀ ਦੁਆਰਾ ਮੌਖਿਕ ਰੂਪ ਵਿਚ ਸੰਚਾਰਿਤ ਅਜਿਹੀ ਸੰਗੀਤਮਈ ਰਚਨਾ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ, ਜਿਹੜੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਨਾ ਕੀਤੀ ਗਈ ਹੋਵੇ ਅਤੇ ਲੋਕ-ਸਮੂਹ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ-ਪੀੜ੍ਹੀ ਅਗੇ ਤੋਰਦਾ ਆਇਆ ਹੋਵੇ, ਲੋਕ ਗੀਤ ਹੈ।''[26]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਪਸ਼ਟ ਹੈ ਕਿ ਲੋਕ ਗੀਤ ਸਮੂਹ ਦੇ ਦਿਲੀ ਜਜ਼ਬਿਆਂ ਸਧਰਾਂ ਦਾ ਪ੍ਰਗਟਾਅ ਹਨ ਜਿਨ੍ਹਾਂ ਦੀ ਸਿਰਜਨਾ ਸਹਿਜ ਸੁਭਾ ਹੁੰਦੀ ਹੈ ਅਤੇ ਜਿਨ੍ਹਾਂ ਦਾ ਰਚਨਹਾਰਾ ਕੋਈ ਵਿਅਕਤੀ ਵਿਸ਼ੇਸ਼ ਨਹੀਂ ਸਗੋਂ ਲੋਕ ਸਮੂਹ ਹੁੰਦਾ ਹੈ। ਇਹ ਲੋਕ ਜੀਵਨ ਦਾ ਦਰਪਣ ਹਨ।

ਲੋਕ ਗੀਤਾਂ ਦਾ ਵਿਲੱਖਣਤਾ

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਲੋਕ ਗੀਤ ਲੋਕ ਸਮੂਹ ਦੇ ਜਜ਼ਬਿਆਂ ਦੀ ਸਹੀ ਤਰਜਮਾਨੀ ਕਰਦੇ ਹਨ ਅਤੇ ਲੋਕਾਂ ਦੇ ਦਿਲਾਂ ਵਿਚ ਲੋਕ ਗੀਤਾਂ ਲਈ ਅਥਾਹ ਪਿਆਰ ਹੈ। ਅਜਿਹਾ ਇਸ ਕਾਰਨ ਹੈ ਕਿ ਇਨ੍ਹਾਂ ਦੇ ਕੁਝ ਵਿਸ਼ੇਸ਼ ਲੱਛਣ ਜਾਂ ਵਿੱਲਖਣਤਾਵਾਂ ਹਨ ਜੋ ਇਸ ਰੂਪ ਨੂੰ ਏਨਾਂ ਹਰਮਨ ਪਿਆਰਾ ਬਣਾਉਂਦੇ ਹਨ, ਜਿਨ੍ਹਾਂ ਦਾ ਵਰਣਨ ਨਿਮਨ ਲਿਖਤ ਹੈ:

1 ਮੌਖਿਕਤਾ

ਲੋਕ ਗੀਤਾਂ ਦਾ ਸੰਚਾਰ ਮੌਖਿਕ ਰੂਪ ਵਿਚ ਹੀ ਕੀਤਾ ਜਾਂਦਾ ਹੈ। ਪੁਸ਼ਤ ਦਰ ਪੁਸ਼ਤ ਇਹ ਚਲੇ ਆ ਰਹੇ ਹਨ। ਨਵੀਂ ਪੀੜ੍ਹੀ ਆਪਣੇ ਬਜ਼ੁਰਗਾਂ ਪਾਸੋਂ ਮੌਖਿਕ ਰੂਪ ਵਿਚ ਗ੍ਰਹਿਣ ਕਰਕੇ ਫਿਰ ਆਪ ਤੋਂ ਪਿਛੋਂ ਆਉਣ ਵਾਲੀ ਪੀੜ੍ਹੀ ਨੂੰ ਇਸ ਦਾ ਮੌਖਿਕ ਰੂਪ ਵਿਚ ਸੰਚਾਰ ਕਰਦੀ ਹੈ। ਭਾਵੇਂ ਅੱਜ ਬਹੁਤ ਸਾਰੇ ਲੋਕ ਗੀਤਾਂ ਨੂੰ ਲਿੱਪੀ ਅੰਤਰ ਕਰਕੇ ਲਿਖਤ ਰੂਪ ਵਿਚ ਲੈ ਆਂਦਾ ਗਿਆ ਹੈ, ਪਰ ਮੁੱਢਲੇ ਰੂਪ ਵਿਚ ਕਿਉਂਕਿ ਇਨ੍ਹਾਂ ਦਾ ਸੰਚਾਰ ਮੌਖਿਕ ਰੂਪ ਵਿਚ ਹੋਇਆ ਸੀ, ਇਸ ਕਰਕੇ ਇਨ੍ਹਾਂ ਦੇ ਰਚਨਹਾਰੇ ਦਾ ਪਤਾ ਨਹੀਂ ਲੱਗਦਾ।

ਇਸ ਮੌਖਿਕ ਰੂਪ ਨੂੰ ਲਿੱਪੀ ਅੰਤਰ ਕਰਨ ਦਾ ਇਕ ਇਹ ਲਾਭ ਹੋਵੇਗਾ ਕਿ ਇਹ ਸਾਰਥਕ ਰੂਪ ਵਿਚ ਸੰਭਾਲੇ ਜਾਣਗੇ। ਅਜੋਕੇ ਸਮਾਜ ਦਾ ਸ਼ਹਿਰੀਕਰਨ ਹੋਣ ਕਾਰਨ ਇਹ ਰੂਪ ਅਲੋਪ ਹੋ ਰਿਹਾ ਹੈ। ਇਸ ਤਰ੍ਹਾਂ ਇਹ ਸਾਡਾ ਅਮੀਰ ਵਿਰਸਾ ਸੁਰੱਖਿਅਤ ਹੋ ਜਾਏਗਾ। ਇਸ ਦਿਸ਼ਾ ਵਿਚ ਅੰਮ੍ਰਿਤਾ ਪ੍ਰੀਤਮ, ਮਹਿੰਦਰ ਸਿੰਘ ਰੰਧਾਵਾ, ਦੇਵਿੰਦਰ ਸਤਿਆਰਥੀ, ਹਰਜੀਤ ਸਿੰਘ, ਅਵਤਾਰ ਸਿੰਘ ਦਲੇਰ, ਬਿਕਰਮ ਸਿੰਘ ਘੁੰਮਣ, ਸੁਭਾਗ ਸੋਹੀ ਤੇ ਅਮਰਜੀਤ ਕੌਰ, ਕਰਮਜੀਤ ਸਿੰਘ, ਨਾਹਰ ਸਿੰਘ, ਕੁਲਵੰਤ ਸਿੰਘ ਔਲਖ ਆਦਿ ਦੇ ਜਤਨ ਸ਼ਲਾਘਾਯੋਗ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸੰਗੀਤਕ ਅੰਸ਼

ਗਾਏ ਜਾਣਾ, ਲੋਕ ਗੀਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਸੇ ਲਈ ਇਨ੍ਹਾਂ ਵਿਚ ਸ਼ਬਦਾਂ ਨੂੰ ਲੈਅ ਤੇ ਤਾਲ ਵਿਚ ਗੁੰਨ੍ਹਿਆ ਹੁੰਦਾ ਹੈ। ਲੈਅ, ਸੁਰ, ਤੋੜ ਅਤੇ ਟੇਕ ਆਦਿ ਗੁਣ ਗੀਤ ਵਿਚ ਸੰਗੀਤਕ ਅੰਸ਼ ਭਰਦੇ ਹਨ। ਗੀਤ ਵਿਚਲੀ ਸੰਗੀਤਕ ਹੂਕ ਹੀ ਸਰੋਤੇ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ। ਇਹੋ ਕਾਰਨ ਹੈ ਕਿ ਆਦਮ ਕਾਲ ਸਮੇਂ ਜਦੋਂ ਵਿਅਕਤੀ ਵਿਸ਼ੇਸ਼ ਕਿਸੇ ਭਾਸ਼ਾ ਨੂੰ ਸਮਝਦਾ ਵੀ ਨਹੀਂ ਸੀ ਤਾਂ ਉਹ ਆਪ ਮੁਹਾਰੇ ਇਸੇ ਵਿਚਲੀ ਸੰਗੀਤਕ ਹੂਕ ਦਾ ਆਨੰਦ ਮਾਣਦਾ ਸੀ। ਹਰ ਗੀਤ ਇਕ ਖਾਸ ਸੁਰ ਤੇ ਲੈਅ ਵਿਚ ਗਾਇਆ ਜਾਂਦਾ ਹੈ। ਸੁਰ ਤੋਂ ਬਿਨਾ ਗੀਤ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਆਤਮਾ ਬਿਨਾਂ ਸਰੀਰ ਹੁੰਦਾ ਹੈ। ਲੈਅ ਗੀਤ ਦੀ ਆਤਮਾ ਹੈ, ਪਰ ਗੀਤ ਦੇ ਸ਼ਬਦਾਂ ਦਾ ਆਪਣਾ ਰਸ ਹੁੰਦਾ ਹੈ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ ਲੋਕ ਗੀਤ ਵਿਚ ਲੈਅ ਅਤੇ ਸ਼ਬਦ ਦੋਹਾਂ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਦੇ ਕਥਨ ਅਨੁਸਾਰ, ''ਸ਼ਬਦ ਜਿਸਮ ਹਨ, ਹੱਡ ਮਾਸ ਤੇ ਲਹੂ, ਅਤੇ ਧੁਨੀ ਉਨ੍ਹਾਂ ਵਿਚ ਚਲਦਾ ਸਾਹ, ਇਕ ਬਿਨਾਂ ਦੂਜੇ ਦੀ ਕੋਈ ਹਸਤੀ ਨਹੀਂ।''[27]

3. ਭਾਸ਼ਾ

ਲੋਕ ਗੀਤ ਲੋਕ ਬੋਲੀ ਵਿਚ ਲਿਖੇ ਜਾਂਦੇ ਹਨ। ਇਸੇ ਕਾਰਨ ਇਨ੍ਹਾਂ ਦੀ ਬੋਲੀ ਮਿੱਠੀ ਤੇ ਸਰਲ ਹੁੰਦੀ ਹੈ। ਹਰ ਇਲਾਕੇ ਦੀ ਆਪਣੀ ਉਪਭਾਸ਼ਾ ਹੁੰਦੀ ਹੈ। ਇਸੇ ਕਾਰਨ ਇਨ੍ਹਾਂ ਗੀਤਾਂ ਵਿਚ ਆਪਣੇ ਖਿਤੇ ਦੀ ਬੋਲੀ ਦੀ ਮੋਹਰ ਛਾਪ ਲੱਗੀ ਹੁੰਦੀ ਹੈ। ਪਰ ਇਨ੍ਹਾਂ ਦਾ ਸਮੁੱਚਾ ਪ੍ਰਭਾਵ ਇਕ ਹੀ ਰਹਿੰਦਾ ਹੈ। ਲੋਕ ਬੋਲੀ ਹੋਣ ਕਾਰਨ ਹੀ ਲੋਕ ਗੀਤ ਬੁਲ੍ਹਾਂ ਉਤੇ ਮਿਸ਼ਰੀ ਵਾਂਗ ਘੁਲ ਜਾਂਦੇ ਹਨ। ਇਨ੍ਹਾਂ ਦੀ ਬੋਲੀ ਏਨੀ ਸਰਲ ਤੇ ਸਾਦਾ ਹੁੰਦੀ ਹੈ ਕਿ ਇਹ ਸਹਿਜ ਸੁਭਾਅ ਹੀ ਮੂੰਹ ਚੜ੍ਹ ਜਾਂਦੇ ਹਨ। ਇਸੇ ਕਾਰਨ ਇਹ ਪੀੜ੍ਹੀਓ ਪੀੜ੍ਹੀ ਸਦੀਆਂ ਤੋਂ ਤੁਰੇ ਆ ਰਹੇ ਹਨ।

4. ਨਵੀਨਤਾ ਤੇ ਤਾਜ਼ਗੀ

ਲੋਕ ਗੀਤ ਕਦੇ ਪੁਰਾਣੇ ਨਹੀਂ ਹੁੰਦੇ। ਉਨ੍ਹਾਂ ਵਿਚੋਂ ਹਮੇਸ਼ਾਂ ਸੱਜਰੇ ਫੁੱਲਾਂ ਦੀ ਸੁਗੰਧੀ ਆਉਂਦੀ ਹੈ। ਪਰੰਪਰਾ ਦੀ ਧਾਰਾ ਵਿਚ ਵਗਦੇ ਲੋਕ ਗੀਤ ਸਦਾ ਨਰੋਏ ਤੇ ਨਵੇਂ ਰਹਿੰਦੇ ਹਨ। ਲੋਕ ਗੀਤ ਉਸ ਬੋਹੜ ਦੇ ਵਾਂਗ ਹਨ ਜਿਸ ਨਾਲੋਂ ਖੜ ਖੜ ਕਰਦੇ ਪੱਤੇ ਆਪੇ ਝੜ ਜਾਂਦੇ ਹਨ ਤੇ ਨਵੇਂ ਪੱਤੇ ਆਪਣੇ ਆਪ ਫੁੱਟ ਪੈਂਦੇ ਹਨ।

5. ਲੋਕ ਪ੍ਰਵਾਨਗੀ

ਲੋਕਾਂ ਗੀਤਾਂ ਦੇ ਰਚਨਹਾਰੇ ਅਗਿਆਤ ਹੁੰਦੇ ਹਨ, ਪਰ ਕਿਸੇ ਸਮੇਂ ਕਿਸੇ ਵਿਅਕਤੀ ਵਿਸ਼ੇਸ਼ ਨੇ ਇਨ੍ਹਾਂ ਦੀ ਰਚਨਾ ਸਹਿਜ ਸੁਭਾ ਕੀਤੀ ਹੁੰਦੀ ਹੈ ਜਿਸ ਵਿਚ ਕਾਵਿ ਅਨੁਭਵ ਤੇ ਕਲਾ ਦੀ ਸੂਖਮ ਕਲੀ ਹੁੰਦੀ ਹੈ। ਪਰ ਇਹ ਰਚਨਾ ਮੂੰਹੋਂ ਮੂੰਹੀ ਤੁਰਦੀ ਲੰਮੇ ਪੈਂਡੇ ਮਾਰਦੀ, ਰੂਪ ਵਟਾਂਦੀ ਰਹਿੰਦੀ ਹੈ। ਕੋਈ ਇਸ ਦੇ ਸ਼ਬਦਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਘੜਦਾ ਮਾਂਜਦਾ ਹੈ। ਕੋਈ ਨਵੀਆਂ ਤੁਕਾਂ ਜੋੜ ਕੇ ਰਲਾਂਦਾ ਹੈ, ਕੋਈ ਪਹਿਲੀਆਂ ਨੂੰ ਛਾਂਗਦਾ ਹੈ ਤੇ ਆਖਰ ਵਿਚ ਇਹ ਰਚਨਾ ਸਮੂਹ ਜਾਤੀ ਦਾ ਅਨੁਭਵ ਆਪਣੇ ਵਿਚ ਰਚਾ ਕੇ ਇਕ ਸਾਂਝੀ ਕਿਰਤ ਬਣ ਜਾਂਦੀ ਹੈ। ਫਿਰ ਇਸ ਨੂੰ ਲੋਕ ਪ੍ਰਵਾਨਗੀ ਪ੍ਰਾਪਤ ਹੋ ਜਾਂਦੀ ਹੈ ਅਤੇ ਇਹ ਸਦੀਵੀ ਰਚਨਾ ਬਣ ਨਿਬੜਦੀ ਹੈ।

6. ਲੋਕ ਸਮੂਹ ਦੀ ਅਭਿਵਿਅਕਤੀ

ਲੋਕ ਗੀਤਾਂ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੁੰਦੀ ਹੈ। ਇਹ ਲੋਕ ਮਨ ਦੀ ਨਬਜ਼ ਨਾੜੀ ਹੁੰਦੇ ਹਨ, ਜਿਸ ਤੋਂ ਜਾਤੀ ਦੇ ਅੰਦਰ ਹਰ ਵੇਦਨਾ ਪੀੜ ਤੇ ਭਾਵਨਾ ਜਾਣੀ ਜਾਂਦੀ ਹੈ। ਇਨ੍ਹਾਂ ਗੀਤਾਂ ਨੂੰ ਸਮੂਹ ਜਾਤੀ ਆਪਣੇ ਦਿਲ ਦੇ ਅਰਮਾਨਾਂ ਜ਼ਜਬਿਆਂ ਨਾਲ ਸਿੰਜਦੀ ਤੇ ਪਾਲਦੀ ਹੈ। ਇਹ ਗੀਤ ਜੀਵਨ ਦੀਆਂ ਮੂਲ-ਪ੍ਰਵਿਰਤੀਆਂ ਨਾਲ ਜੁੜੇ, ਜਨਮ ਭੂਮੀ ਨਾਲ ਬੱਝੇ ਤੇ ਪਰੰਪਰਾ ਦੀ ਧਾਰਾ ਨਾਲ ਇਕ ਸੁਰ ਹੋਏ ਹੁੰਦੇ ਹਨ ਤੇ ਇਨ੍ਹਾਂ ਵਿਚ ਜਾਤੀ ਦੀ ਉਹ ਮੂਲ ਧੁਨੀ ਗੂੰਜ ਰਹੀ ਹੁੰਦੀ ਹੈ ਜਿਸ ਵਿਚੋਂ ਜਾਤੀ ਦੇ ਸੁਭਾਵ ਜਾਂ ਚਰਿਤ੍ਰ ਦੀ ਅਭਿਵਿਅਕਤੀ ਹੁੰਦੀ ਹੈ।

7. ਰੂਪਕ ਵੰਨ ਸੁਵੰਨਤਾ

ਪੰਜਾਬੀ ਲੋਕ ਗੀਤਾਂ ਵਿਚ ਬਹੁਤ ਵੰਨ ਸੁਵੰਨਤਾ ਹੈ। ਇਨ੍ਹਾਂ ਦਾ ਭੰਡਾਰ ਬਹੁਤ ਅਮੀਰ ਤੇ ਬਹੁ ਰੰਗਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਲੋਕ ਗੀਤਾਂ ਦੀ ਹਰੇਕ ਵੰਨਗੀ ਨੇ ਆਪਣੇ ਲਈ ਵਿਸ਼ੇਸ਼ ਰੂਪ ਵਿਸ਼ੇਸ਼ ਪ੍ਰਗਟਾ ਸ਼ੈਲੀ ਅਤੇ ਕਈਆਂ ਹਾਲਤਾਂ ਵਿਚ ਵਿਸ਼ੇਸ਼ ਛੰਦ ਅਪਨਾ ਲਏ ਹਨ। ਮਿਸਾਲ ਵਜੋਂ ਘੋੜੀਆਂ, ਸੁਹਾਗ, ਛੰਦ, ਸੋਹਿਲੇ, ਸਿੱਠਣੀਆਂ, ਅਲਾਹੁਣੀਆਂ, ਵਾਰ, ਵੈਣ, ਪਹਿਰੇ, ਸੱਤਵਾਰਾਂ, ਬਾਰਾਂ ਮਾਹ, ਸਤ, ਢੋਲਾ, ਮਾਹੀਆ, ਬੋਲੀਆਂ, ਰੇਲਾਂ, ਕਿੱਕਲੀ, ਥਾਲ, ਬਾਵਨ ਅੱਖਰੀ, ਪੱਟੀ, ਸੀ-ਹਰਫੀ, ਆਰਤੀ, ਬੈਂਤ, ਕੋਰੜਾ, ਚੌਪਈ, ਦਵੱਈਆ ਆਦਿ। ਪੰਜਾਬੀ ਜੀਵਨ ਦੀਆਂ ਸਭ ਪ੍ਰਵਿਰਤੀਆਂ ਆਪਣੀ ਸ਼ਕਤੀ ਤੇ ਧੜਕਣ ਸਮੇਤ ਸੁਰ ਤੇ ਤਾਲ ਹੋਈਆਂ ਗੀਤਾਂ ਵਿਚ ਸਪੱਸ਼ਟ ਸੁਣਾਈ ਦੇਂਦੀਆਂ ਹਨ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, ''ਪੰਜਾਬੀ ਲੋਕ ਗੀਤਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਵਿਚਾਰਾਂ ਦੀ ਸਾਦਗੀ, ਭਾਵ ਦੀ ਸੁਹਿਰਦਤਾ, ਅਨੁਭਵ ਦੀ ਸੁੱਚਮਤਾ ਤੇ ਰੂਪ ਦੀ ਸਰਲਤਾ ਹੈ।''[28]

8. ਵਿਸ਼ਾਲ ਵਿਸ਼ੈ ਖੇਤਰ

ਲੋਕ ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਜਨਮ ਤੋਂ ਲੈ ਕੇ ਮਰਨ ਤਕ ਮਨੁੱਖੀ ਜੀਵਨ ਦਾ ਕੋਈ ਵੀ ਪੱਖ ਅਜੇਹਾ ਨਹੀਂ, ਜਿਸ ਬਾਰੇ ਲੋਕ ਗੀਤ ਨਾ ਮਿਲਦੇ ਹੋਣ। ਪੰਜਾਬੀ ਲੋਕ ਗੀਤ ਸਾਡੀ ਜ਼ਿੰਦਗੀ ਦੇ ਪੂਰੇ ਚੱਕਰ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਵਿਚ ਜੰਮਣ ਵੇਲੇ ਦੀਆਂ ਲੋਰੀਆਂ ਤੇ ਬਾਲ ਖੇਡਾਂ ਤੋਂ ਲੈ ਕੇ ਪੇਕੇ ਸਹੁਰੇ, ਵਿਆਹ ਮੁਕਲਾਵੇ, ਮਿਲਾਪ ਵਿਛੋੜੇ, ਰੁੱਤਾਂ, ਤਿਉਹਾਰ, ਮੇਲੇ ਮਸਾਵੇ ਅਤੇ ਅੰਤ ਮੌਤ ਸਮੇਂ ਪਾਏ ਜਾਂਦੇ ਵੈਣ, ਕੀਰਨੇ ਤੇ ਅਲਾਹੁਣੀਆਂ ਤੱਕ ਮਿਲਦੇ ਹਨ। ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਸੀ ਪੱਖਾਂ ਨਾਲ, ਕਈ ਧਾਰਮਿਕ ਵਿਸ਼ਵਾਸਾਂ ਨਾਲ ਅਤੇ ਕਈ ਸੂਰਮਗਤੀ ਨਾਲ ਸੰਬੰਧਿਤ ਲੋਕ ਗੀਤ ਵੀ ਹਨ।

9. ਸਮਾਜਕ ਚਿਤ੍ਰਣ

ਪੰਜਾਬੀ ਲੋਕ ਗੀਤਾਂ ਦੀ ਇਕ ਇਹ ਵਿਲੱਖਣਤਾ ਵੀ ਹੈ ਕਿ ਇਹ ਸਾਡੇ ਸਾਰੇ ਸਮਾਜ ਦਾ ਚਿੱਤਰ ਪੇਸ਼ ਕਰ਼ਦੇ ਹਨ। ਇਹ ਸਮ਼ਾਜਕ ਜੀਵਨ ਦੀ ਪੂਰੀ ਝਲਕ ਪੇਸ਼ ਕਰਦੇ ਹਨ। ਇਨ੍ਹਾਂ ਵਿਚ ਲੋਕਾਂ ਦੀ ਰਹਿਣੀ ਬਹਿਣੀ, ਕਾਰ ਵਿਹਾਰ, ਰੀਤੀ ਰਿਵਾਜ਼ ਅਤੇ ਵਿਸ਼ਵਾਸ ਚਿਤਰੇ ਹੋਏ ਮਿਲਦੇ ਹਨ। ਇਨ੍ਹਾਂ ਵਿਚ ਲੋਕਾਂ ਦੇ ਸੱਚੇ ਸੁੱਚੇ ਜੀਵਨ ਦਾ ਚਿਤ੍ਰਣ ਕੀਤਾ ਹੋਇਆ ਹੁੰਦਾ ਹੈ। ਲੋਕ ਗੀਤਾਂ ਵਿਚੋਂ ਅਸੀਂ ਆਪਣੇ ਵਿਰਸੇ ਦੀ ਪਛਾਣ ਕਰ ਸਕਦੇ ਹਾਂ। ਇਨ੍ਹਾਂ ਵਿਚ ਮਰਦ ਤੇ ਇਸਤਰੀ ਦੋਹਾਂ ਦੇ ਜੀਵਨ ਦੀਆਂ ਸੱਧਰਾਂ ਅਤੇ ਸਮੱਸਿਆਵਾਂ ਦਾ ਪ੍ਰਗਟਾ ਹੁੰਦਾ ਹੈ।

10. ਵਿਸ਼ਿਸ਼ਟ ਸਾਹਿਤ ਦੇ ਜਨਮ ਦਾਤਾ

ਲੋਕ ਗੀਤ ਵਿਸ਼ਿਸ਼ਟ ਸਾਹਿਤ ਦੇ ਕਾਵਿ ਰੂਪਾਂ ਦੇ ਜਨਮ ਦਾਤਾ ਹਨ। ਸਾਡੇ ਬਹੁਤ ਸਾਰੇ ਮੱਧਕਾਲ ਅਤੇ ਆਧੁਨਿਕ ਕਾਲ ਦੇ ਕਵੀਆਂ ਨੇ ਲੋਕ ਗੀਤਾਂ ਦੇ ਵਿਸ਼ੈ ਅਤੇ ਰੂਪਾਂ ਨੂੰ ਅਪਣਾਇਆ ਹੈ ਅਤੇ ਆਪਣੀ ਵਿਅਕਤੀਗਤ ਪ੍ਰਤਿਭਾ ਅਨੁਸਾਰ ਉਨ੍ਹਾਂ ਨੂੰ ਨਵਾਂ ਰੂਪ ਦਿੱਤਾ ਹੈ। ਲੋਕਾਂ ਵਿਚ ਅੱਜ ਵੀ ਉਹੀ ਕਵਿਤਾ ਦੇ ਰੂਪ ਅਤੇ ਵਿਸ਼ੇ ਵਧੇਰੇ ਹਰਮਨ ਪਿਆਰੇ ਹੋਏ ਹਨ ਜਿਨ੍ਹਾਂ ਦੀ ਪ੍ਰਿਸ਼ਠ-ਭੂਮੀ ਲੋਕ ਗੀਤਾਂ ਦੀ ਹੈ। ਮੱਧਕਾਲੀਨ ਕਿੱਸਾਕਾਰਾਂ ਨੇ ਲਗ ਭਗ ਲੋਕ ਗੀਤਾਂ ਵਾਲੇ ਕਾਵਿ ਰੂਪ ਅਤੇ ਛੰਦ ਵਿਧਾਨ ਨੂੰ ਵਰਤਿਆ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਲੋਕ ਗੀਤ ਪੰਜਾਬੀ ਕਵਿਤਾ ਦੇ ਜਨਮ ਦਾਤਾ ਹਨ।

ਉਪਰੋਕ਼ਤ ਚਰਚਾ ਤੋਂ ਇਹ ਸਪਸ਼ੱਟ ਹੈ ਕਿ ਲੋਕ ਗੀਤਾਂ ਦੀ ਏਨੀ ਹਰਮਨ ਪਿਆਰਤਾ ਅਤੇ ਉਨ੍ਹਾਂ ਦੇ ਸਦੀਵੀ ਵਹਿਣ ਦਾ ਕਾਰਨ ਉਨ੍ਹਾਂ ਦੀ ਸ਼ਰਲ ਦੇ ਮਿੱਠੀ ਬੋਲੀ, ਸਮਾਜਕ ਚਿਤ੍ਰਣ, ਲੈਅ ਤੇ ਸੰਗੀਤ ਅਤੇ ਲੋਕ ਪ੍ਰਵਾਨਗੀ ਆਦਿ ਹਨ ਜਿਨ੍ਹਾਂ ਕਾਰਨ ਉਹ ਲੋਕ ਬੁਲ੍ਹਾਂ ਤੇ ਚੜ੍ਹੇ ਹੋਏ ਜਨ ਸਾਧਾਰਨ ਦੇ ਸੁਹਜ ਸਵਾਦ ਨੂੰ ਪੂਰਿਆਂ ਕਰਦੇ ਹਨ ਅਤੇ ਲੋਕ ਮਾਨਸ ਦੀ ਅਭਿਵਿਅਕਤੀ ਕਰ ਰਹੇ ਹਨ।

ਲੋਕ ਗੀਤਾਂ ਦਾ ਵਰਗੀਕਰਣ

ਪੰਜਾਬੀ ਲੋਕ ਗੀਤਾਂ ਵਿਚ ਵਿਸ਼ੇ ਅਤੇ ਰੂਪ ਪੱਖੋਂ ਵੰਨ ਸੁਵੰਨਤਾ ਹੈ। ਇਨ੍ਹਾਂ ਦਾ ਵਿਸ਼ਾ ਖੇਤਰ ਵਿਸ਼ਾਲ ਹੈ। ਵਿਅਕਤੀ ਦੇ ਜਨਮ ਤੋਂ ਮੌਤ ਤੱਕ ਦੀ ਯਾਤਰਾ ਲੋਕ ਗੀਤਾਂ ਦੀ ਹੈ। ਇਹ ਵਿਅਕਤੀ ਦੇ ਵਿਭਿੰਨ ਜੀਵਨ ਪੱਖਾਂ ਦਾ ਵਰਣਨ ਕਰਦੇ ਹਨ। ਵੱਖੋ ਵੱਖ ਵਿਦਵਾਨਾਂ ਨੇ ਵਿਸ਼ੇ ਅਤੇ ਰੂਪ ਪੱਖੋਂ ਇਨ੍ਹਾਂ ਦੀ ਵੱਖਰੀ ਵੱਖਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਗ ਵੰਡ ਕੀਤੀ ਹੈ। ਸ਼ਯਾਮ ਪਰਮਾਰ ਨੇ ਇਨ੍ਹਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਹੈ:

1. ਸਰੋਦੀ ਗੀਤ
2. ਪ੍ਰਬੰਧ ਗੀਤ

ਪਰਮਾਰ ਦੀ ਇਸ ਵੰਡ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ।। ਵਿਸ਼ੈ ਪੱਖੋਂ ਇਸ ਵੰਡ ਦਾ ਆਧਾਰ ਠੀਕ ਨਹੀਂ ਹੈ। ਰਵੀਂਦਰ ਭਰਮਾਰ[29] ਨੇ ਲੋਕ ਗੀਤਾਂ ਨੂੰ ਅੱਠ ਭਾਗਾਂ ਵਿਚ ਵੰਡਿਆ ਹੈ: ਕਥਾ, ਨਾਟਕ, ਵਾਰ, ਕ੍ਰਿਤ, ਉਤਸਵ, ਰਿਤੁ, ਪੂਜਾ ਅਤੇ ਵਿਅਕਤੀਗਤ ਦੁਖ ਸੁਖ ਦੇ ਗੀਤ। ਪਰ ਇਹ ਵੰਡ ਵੀ ਅਧੂਰੀ ਹੈ ਕਿਉਂਕਿ ਜ਼ਿੰਦਗੀ ਦੇ ਬਹੁਤ ਸਾਰੇ ਪੱਖਾਂ ਨੂੰ ਦਰਸਾਉਣ ਵਾਲੇ ਲੋਕ ਗੀਤ ਇਨ੍ਹਾਂ ਵਿਚ ਨਹੀਂ ਆਉਂਦੇ ਹਨ। ਮਹਿੰਦਰ ਸਿੰਘ ਰੰਧਾਵਾ ਅਤੇ ਦੇਵਿੰਦਰ ਸਤਿਆਰਥੀ[30] ਨੇ 'ਪੰਜਾਬ ਦੇ ਲੋਕ ਗੀਤ' ਵਿਚ ਲੋਕ ਗੀਤਾਂ ਦੀ ਪ੍ਰਸੰਗ ਅਨੁਸਾਰ ਵੰਡ ਕੀਤੀ ਹੈ:

1. ਮੰਗਲਾਚਰਨ 2. ਦੇਵੀ ਦੇਵਤੇ, ਗੁਰ ਪੀਰ 3. ਪਰਮ ਤੱਤ ਦੀ ਭਾਲ 4. ਦੇਸ ਪੰਜਾਬ 5. ਜਾਤੀ ਸੁਭਾਉ ਤੇ ਲੋਕ ਰੁਚੀਆਂ 6. ਜਨਮ ਗੀਤ 7. ਲੋਰੀਆਂ ਤੇ ਬਾਲ ਪਰਚਾਉਣੀਆਂ 8. ਬਾਰ੍ਹਾਂ ਵਰ੍ਹੇ ਦੀ ਹੋ ਗਈ ਜੈਕੁਰ 9. ਪਿਆਰ ਗੀਤ 10. ਵਿਆਹ 11. ਸੰਯੋਗ ਵਿਯੋਗ 12. ਯਾਦਾਂ ਤੇ ਸੁਨੇਹੇ 13. ਪੇਕਾ ਘਰ, ਸਹੁਰਾ ਘਰ 14. ਦਿਉਰ ਭਰਜਾਈ, ਨਨਾਣ ਭਰਜਾਈ 15. ਨਿਹੋਰੇ ਕਟਾਕਸ਼, ਹਾਸ ਰਸ 16. ਨਾ ਜ਼ਾਈ 17. ਹਾਰ ਸ਼ਿੰਗਾਰ 18. ਸੂਰਮ ਗਤੀ 19. ਆਹਰ-ਪਾਹਰ 20. ਦਿਨ ਦਿਹਾਰ ਤੇ ਮੇਲੇ ਮੁਸਾਹਬੇ 21. ਪ੍ਰੀਤ - ਗਾਥਾ 22. ਰੁੱਤਾਂ, ਖੇਤੀਆਂ, ਬਾਰ੍ਹਾਂ ਮਾਹੇ 23. ਵੈਣ 24. ਮਿਥਿਹਾਸ ਇਤਿਹਾਸ 25. ਰਾਜਨੀਤਕ ਵੰਨਗੀ 26. ਲੋਕ ਨਾਚ ਆਦਿ।

ਲੋਕ ਗੀਤਾਂ ਦੀ ਇਹ ਵਰਗ ਵੰਡ ਪ੍ਰਸੰਗ ਅਨੁਸਾਰ ਤਾਂ ਠੀਕ ਹੋ ਸਕਦੀ ਹੈ ਪਰ ਵਿਸ਼ੈ ਅਤੇ ਰੂਪ ਅਨੁਸਾਰ ਇਹ ਵੰਡ ਰਲਗੱਡ ਹੋ ਗਈ ਹੈ। ਸੰਪਾਦਕਾਂ ਦਾ ਮਨਸ਼ਾ ਇਥੇ ਸਿਰਫ ਲੋਕ ਗੀਤ ਸਾਮਗ੍ਰੀ ਦਾ ਸੰਕਲਨ ਕਰਨਾ ਹੈ ਨਾ ਕਿ ਕਿਸੇ ਨਿਸਚਿਤ ਵਰਗ ਵੰਡ ਨੂੰ ਨਿਰਧਾਰਿਤ ਕਰਨ ਦਾ।

ਨਰੇਂਦਰ ਧੀਰ ਨੇ ਪੰਜਾਬੀ ਲੋਕ ਗੀਤਾਂ ਦੀ ਸ਼ਰੇਣੀ ਵੰਡ ਇਸ ਪ੍ਰਕਾਰ ਕੀਤੀ ਹੈ:

(ੳ) ਮਨੁੱਖੀ ਜੀਵਨ ਵਿਚ ਨਿੱਤਾ ਪ੍ਰਤਿ ਗਾਏ ਜਾਣ ਵਾਲੇ ਗੀਤ
(ਅ) ਸੰਸਕਾਰਾਂ ਦੇ ਗੀਤ
(ੲ) ਵਰਤ ਜਾਂ ਤਿਉਹਾਰਾਂ ਦੇ ਗੀਤ
(ਸ) ਨਿੱਤਾ ਪ੍ਰਤਿ ਵਰਤੋਂ ਵਿਚ ਆਉਣ ਵਾਲਾ ਛੰਦਾਂ-ਬੰਦਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸਾਹਿਤ।
(ਹ) ਪੇਸ਼ਾਵਰ ਜਾਂ ਜਾਤੀਆਂ ਦੇ ਗੀਤ।

ਕਰਨੈਲ ਸਿੰਘ ਥਿੰਦ[31] ਨੇ ਲੋਕ ਗੀਤਾਂ ਦੇ ਵਰਗੀਕਰਣ ਲਈ ਲੋਕ ਗੀਤਾਂ ਦੇ ਪ੍ਰਕਾਰਜ ਨੂੰ ਆਧਾਰ ਮੰਨਿਆ ਹੈ:

1 ਅਨੁਸ਼ਠਾਨਗਤ ਗੀਤ
2. ਕਾਰਜਗਤ ਗੀਤ
3. ਪਿਆਰ ਦੇ ਗੀਤ
4. ਸੂਰਮਗਤੀ ਦੇ ਗੀਤ
5. ਕ੍ਰਿਤ ਗੀਤ
6. ਬੱਚਿਆਂ ਦੇ ਗੀਤ
7. ਜਾਤੀਆਂ ਦੇ ਗੀਤ
8. ਵਿਵਿਧ ਗੀਤ।

ਥਿੰਦ ਦੀ ਇਹ ਵਰਗਵੰਡ ਵਿਸ਼ੈ ਅਨੁਸਾਰ ਤਾਂ ਠੀਕ ਹੋ ਸਕਦੀ ਹੈ ਪਰ ਇਕੋ ਗੀਤ ਇਕੋ ਵਿਸ਼ੇ ਨੂੰ ਪੇਸ਼ ਕਰਦੇ ਸਮੇਂ ਉਸ ਦੇ ਵੱਖ ਵੱਖ ਰੂਪ ਹੋ ਸਕਦੇ ਹਨ। ਇਸ ਕਰਕੇ ਰੂਪਕ ਪੱਖ ਤੋਂ ਇਹ ਵਰਗਵੰਡ ਅਧੂਰੀ ਤੇ ਅਸਪਸ਼ਟ ਹੈ।

ਨਾਹਰ ਸਿੰਘ[32] ਲੋਕ ਗੀਤਾਂ ਦੀ ਵੰਡ ਦਾ ਆਧਾਰ ਗੀਤਾਂ ਦੀ ਪੁਨਰ ਸਿਰਜਨ ਪ੍ਰਕਿਰਿਆ ਦੇ ਆਧਾਰ ਤੇ ਮੰਨਦਾ ਹੈ ਉਸ ਨੇ ਪੁਨਰ ਸਿਰਜਨਾ ਦੇ ਨੇਮ ਨੂੰ ਲੋਕ ਗੀਤ ਦੀ ਰੂਪ ਰਚਨਾ ਦੀ ਨਿਰਧਾਰਨ ਸ਼ਕਤੀ ਮੰਨਿਆ ਹੈ ਅਤੇ ਅਗੋਂ ਪੁਨਰ-ਸਿਰਜਨਾ ਨੂੰ ਉਸ ਦੇ ਨਿਭਾਉ-ਪ੍ਰਸੰਗ ਵਿਚੋਂ ਸਮਝਿਆ ਹੈ। ਉਸ ਦਾ ਵਿਚਾਰ ਹੈ ਕਿ ਲੋਕ ਗੀਤ ਦੀ ਹੋਂਦ-ਵਿਧੀ ਨੂੰ ਸਮਝਣ ਤੇ ਵਰਗਵੰਡ ਕਰਨ ਦਾ ਪ੍ਰਮਾਣਿਕ ਆਧਾਰ ਇਹ ਪੁਨਰ ਸਿਰਜਨਾ ਹੀ ਹੋ ਸਕਦੀ ਹੈ ਇਸ ਆਧਾਰ ਤੇ ਉਹ ਲੋਕ ਗੀਤਾਂ ਨੂੰ ਦੋ ਭਾਗਾਂ ਵਿਚ ਵੰਡਦਾ ਹੈ:

1. ਖੁੱਲ੍ਹੇ ਕਾਵਿ ਰੂਪ
2. ਬੰਦ ਕਾਵਿ ਰੂਪ

ਖੁੱਲ੍ਹੇ ਰੂਪਾਂ ਦੀ ਸ਼ਰੇਣੀ ਦੇ ਗੀਤ ਰੂਪ

1. ਕੀਰਨਾ 2. ਟੱਪਾ 3. ਨਿੱਕੀ ਬੋਲੀ 4. ਲੰਮੀ ਬੋਲੀ
5. ਅਲਾਹੁਣੀ 6. ਸਿੱਠਣੀ 7. ਹੇਅਰਾ
8. ਛੰਦ ਪਰਾਗਾ 9. ਖੇਡ ਗੀਤ ਤੇ ਨਾਚ ਗੀਤ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦ ਰੂਪ

1. ਬੁਝਾਰਤ 2. ਮੁਹਾਵਰਾ, ਅਖਾਣ ਤੇ ਸਿਆਣਪ ਦਾ ਟੋਟਾ 3. ਦੋਹੜਾ 4. ਲੰਮੇ ਮਲਵਈ ਲੋਕ ਗੀਤ।

ਨਾਹਰ ਸਿੰਘ ਦੀ ਇਹ ਵਰਗਵੰਡ ਲੋਕ ਕਾਵਿ ਦੀ ਵਰਗਵੰਡ ਦਾ ਆਧਾਰ ਤਾਂ ਠੀਕ ਹੋ ਸਕਦਾ ਹੈ। ਪਰ ਨਾਹਰ ਸਿੰਘ ਇਥੇ ਲੋਕ ਕਾਵਿ ਅਤੇ ਲੋਕ ਗੀਤ ਨੂੰ ਰਲਗੱਡ ਕਰ ਗਿਆ ਹੈ। ਉਸਨੇ ਸਮੁੱਚੇ ਲੋਕ ਕਾਵਿ ਨੂੰ ਲੋਕ ਗੀਤ ਮੰਨਣ ਦੀ ਗਲਤੀ ਕੀਤੀ ਹੈ। ਲੋਕ ਗੀਤ ਲੋਕ ਕਾਵਿ ਦਾ ਇਕ ਪ੍ਰਸਿਧ ਰੂਪ ਜ਼ਰੂਰ ਹੈ। ਪਰ ਉਸ ਵਲੋਂ ਲੋਕ ਵਾਰਾਂ, ਬਾਰ੍ਹਾਂ ਮਾਹ ਤੇ ਸਤਵਾਰੇ ਨੂੰ ਲੋਕ ਗੀਤ ਕਹਿਣਾ ਠੀਕ ਨਹੀਂ ਹੈ। ਇਹ ਲੋਕ ਕਾਵਿ ਦੀਆਂ ਵੱਖਰੀਆਂ ਵਿਧਾਵਾਂ ਹਨ। ਬਿਕਰਮ ਸਿੰਘ ਘੁੰਮਣ ਨੇ ਆਪਣੀ ਪੁਸਤਕ 'ਪੰਜਾਬੀ ਲੋਕ ਗੀਤ, ਵਿਚ ਪੰਜਾਬੀ ਲੋਕ ਗੀਤਾਂ ਦੀ ਵੰਡ ਵਿਸ਼ੇ ਅਤੇ ਰੂਪ ਦੋਹਾਂ ਸ਼੍ਰੇਣੀਆਂ ਤੋਂ ਕੀਤੀ ਹੈ। ਭਾਗ ਪਹਿਲਾ ਵਿਚ ਵਿਸ਼ੇ ਅਨੁਸਾਰ ਜਨਮ ਤੇ ਬਚਪਨ ਦੇ ਗੀਤ; ਪੇਕੇ ਸਹੁਰੇ; ਵਿਛੋੜਾ ਤੇ ਮਿਲਾਪ; ਵਿਆਹ ਦੇ ਗੀਤ; ਰੁੱਤਾਂ ਤਿਉਹਾਰ ਤੇ ਮੇਲੇ; ਇਤਿਹਾਸਕ ਤੇ ਆਰਥਕ, ਛੜੇ ਸੰਬੰਧੀ ਗੀਤ ਅਤੇ ਭਾਗ ਦੂਜਾ ਵਿਚ ਲੰਮੀਆਂ ਬੋਲੀਆਂ, ਭੰਗੜੇ ਦੀਆਂ ਬੋਲੀਆਂ, ਦੁਹਰੀਆਂ ਬੋਲੀਆਂ, ਟੱਪੇ, ਸਿੱਠਣੀ ਤੇ ਦੋਹੇ ਆਦਿ ਨੂੰ ਰਖਿਆ ਹੈ।

ਉਪਰੋਕਤ ਵਿਸ਼ੇਸ਼ਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਲੋਕਧਾਰਾ ਦੇ ਵਿਦਵਾਨਾਂ ਵਿਚ ਲੋਕਗੀਤਾਂ ਦੀ ਵਰਗਵੰਡ ਸੰਬੰਧੀ ਕੋਈ ਇਕ ਸਹਿਮਤੀ ਨਹੀਂ ਹੈ। ਹਰ ਇਕ ਨੇ ਵਿਸ਼ੈ ਅਤੇ ਰੂਪ ਅਨੁਸਾਰ ਇਨ੍ਹਾਂ ਦੀ ਵੰਡ ਕਰਨ ਦਾ ਯਤਨ ਕੀਤਾ ਹੈ। ਇਥੇ ਵਿਸ਼ੈ ਅਤੇ ਰੂਪ ਅਨੁਸਾਰ ਕੁਝ ਲੋਕ ਗੀਤ ਵੰਨਗੀਆਂ ਦਾ ਵਰਣਨ ਕਰਾਂਗੇ।

1. ਜਨਮ ਤੇ ਬਚਪਨ ਦੇ ਗੀਤ

ਪੰਜਾਬੀ ਲੋਕ ਗੀਤਾਂ ਦਾ ਜਨਮ ਬੱਚੇ ਦੇ ਜਨਮ ਨਾਲ ਹੀ ਹੋ ਜਾਂਦਾ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਦਾਈ ਤੇ ਬਾਕੀ ਸਾਰੇ ਰਿਸ਼ਤੇਦਾਰ ਬੱਚੇ ਦੇ ਜਨਮ ਦੀ ਖੁਸ਼ੀ ਮਨਾਉਂਦੇ ਹਨ ਤਾਂ ਉਨ੍ਹਾਂ ਵਲੋਂ ਆਪ ਮੁਹਾਰੇ ਲੋਕ ਗੀਤ ਸਿਰਜੇ ਜਾਂਦੇ ਹਨ। ਅਜਿਹੇ ਲੋਕ ਗੀਤਾਂ ਦਾ ਅਮੁੱਕ ਭੰਡਾਰ ਪੰਜਾਬੀ ਲੋਕ ਸਾਹਿਤ ਵਿਚ ਹੈ। ਉਸ ਸਮੇਂ ਇਹ ਗੀਤ ਗਾਏ ਜਾਂਦੇ ਹਨ:

(ਉ) ਵੀਰਨ ਦੇ ਘਰ ਪੁੱਤ ਜੰਮਿਆ
ਚਲੀ ਵਧਾਈਆਂ ਦੇਣ
ਡਾਹੋ ਚੰਨਣ-ਚੌਕੀਆਂ ਭੈਣਾਂ ਨੂੰ ਲਓ ਬਹਾਲ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਧੰਨ ਤੇਰੀ ਮਾਂ ਭਲੀ, ਵੇ ਮਹਾਰਾਜ
ਜਿਨ ਤੂੰ ਬੇਟੜਾ ਜਾਇਆ
ਧੰਨ ਤੇਰੀ ਚਾਚੀ ਭਲੀ, ਵੇ ਮਹਾਰਾਜ
ਜਿਨ ਤੇਰਾ ਛੱਜ ਰਚਾਇਆ,
ਧੰਨ ਤੇਰੀ ਭੈਣ ਭਲੀ, ਵੇ ਮਹਾਰਾਜ
ਜਿਨ ਤੈਨੂੰ ਕੁੱਛੜ ਖਿਡਾਇਆ
ਧੰਨ ਤੇਰੀ ਮਾਮੀ ਭਲੀ, ਵੇ ਮਹਾਰਾਜ
ਜਿਨ ਤੇਰਾ ਸੋਹਿਲੜਾ ਗਾਇਆ।

ਜਦੋਂ ਬੱਚਾ ਸਵਾ ਮਹੀਨੇ ਦਾ ਹੋ ਜਾਂਦਾ ਹੈ ਤਾਂ ਮਾਂ ਨੂੰ ਸੁੱਚੀ ਕਰਕੇ ਚੁਲ੍ਹੇ ਚੌਕੇ ਦਾ ਕੰਮ ਕਰਨਾ ਪੈਂਦਾ ਹੈ। ਘਰ ਦਾ ਕੰਮ ਕਰਦੇ ਸਮੇਂ ਬੱਚੇ ਨੂੰ ਵਰਚਾਉਣ ਤੇ ਪਾਲਣ ਪੋਸਣ ਦੇ ਵਿਚ ਲੋਕ ਗੀਤ 'ਲੋਰੀਆਂ' ਰਾਹੀਂ ਮਾਂ ਦੀ ਸਹਾਇਤਾ ਕਰਦੇ ਹਨ:

ਸੌਂ ਜਾ ਕਾਕਾ ਤੂੰ
ਤੇਰੇ ਬੋਦੇ ਲੜ ਗਈ ਜੂੰ
ਕੱਢਣ ਤੇਰੀਆਂ ਮਾਸੀਆਂ
ਕਢਾਉਣ ਵਾਲਾ ਤੂੰ

ਭੈਣ ਆਪਣੇ ਨਿੱਕੇ ਵੀਰ ਨੂੰ ਲੋਰੀ ਦੇਂਦੀ ਹੋਈ ਆਖਦੀ ਹੈ:

ਨੀ ਮੇਰਾ ਵੀਰ ਕਿਉਂ ਰੋਵੇ।
ਸੋਨੇ ਦੇ ਕਟੋਰੇ ਮੂੰਹ ਧੋਵੇ
ਜਿਹਦੇ ਕੋਲ ਮੇਰੇ ਰਾਜੇ ਵੀਰ ਦੀ ਭੈਣ ਹੋਵੇ
ਨੀ ਮੇਰਾ ਵੀਰ ਕਿਉਂ ਰੋਵੇ।

ਬੱਚਾ ਜਦੋਂ ਕੁਝ ਵੱਡਾ ਹੁੰਦਾ ਹੈ ਤਾਂ ਉਸ ਦੇ ਮਨੋਰੰਜਨ ਲਈ ਖੇਡਾਂ ਦੇ ਨਾਲ ਨਾਲ 'ਕਿਕਲੀਆਂ' ਤੇ 'ਥਾਲ' ਪਾਉਣ ਦੇ ਗੀਤ ਚਲ ਪੈਂਦੇ ਹਨ। ਕੁੜੀਆਂ 'ਕਿਕਲੀ' ਪਾਉਂਦੀਆਂ ਕਿੰਨੇ ਮਿੱਠੇ ਤੇ ਸੁਰੀਲੇ ਗੀਤ ਗਾਉਂਦੀਆਂ ਹਨ:

ਕਿਕਲੀਆਂ: ਉਖਲੀ 'ਚ ਡੇਲੇ ਵੀਰ ਮੇਰਾ ਖੇਲੇ।
ਉਖਲੀ 'ਚ ਦੌਣਾ ਵੀਰਾ ਮੇਰਾ ਸੋਹਣਾ
ਥਾਲੀ 'ਚ ਮਣਕੇ ਗੁੱਤ ਮੇਰੀ ਛਣਕੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਲ: ਕਠੇ ਉਤ ਗੰਨਾ, ਵੀਰ ਮੇਰਾ ਲੰਮਾ
ਭਾਬੋ ਮੇਰੀ ਪਤਲੀ, ਨੱਕ ਜਿਦ੍ਹੇ ਮਛਲੀ
ਮਛਲੀ ਤੇ ਮੈਂ ਨਹਾਉਣ ਚਲੀਆਂ, ਲੁੰਡੇ ਪਿੱਪਲ ਹੇਠ
ਲੁੰਡਾ ਪਿੱਪਲ ਢਹਿ ਪਿਆ, ਮਛਲੀ ਆ ਗਈ ਹੇਠ
ਮਛਲੀ ਦੇ ਦੋ ਮਾਮੇ ਆਏ, ਮੇਰਾ ਆਇਆ ਜੇਠ
ਜੇਠ ਦੀ ਮੈਂ ਰੋਟੀ ਪੱਕੀ, ਨਾਲ ਰਿਧੀਆਂ ਤੋਰੀਆਂ
ਜੀਉਣ ਭਰਾਵਾਂ ਦੀਆਂ ਜੋੜੀਆਂ
ਆਲ ਮਾਲ ਹੋਇਆ ਪੂਰਾ ਥਾਲ।

2. ਵਿਆਹ ਦੇ ਗੀਤ

8385

ਪੰਜਾਬੀ ਜੀਵਨ ਦੇ ਸਭ ਤੋਂ ਚੰਗੇਰੇ ਸਭਿਆਚਾਰਕ ਪ੍ਰੋਗਰਾਮ ਮੁੰਡਿਆ ਕੁੜੀਆਂ ਦੇ ਵਿਆਹ ਤੇ ਮੰਗਣੇ ਦੇ ਸਮੇਂ ਹੁੰਦੇ ਹਨ। ਵਿਆਹ ਦੇ ਨਿਸਚਿਤ ਦਿਨ ਤੋਂ ਪਹਿਲੇ ਹੀ ਵਿਆਹ ਵਾਲੇ ਘਰ ਗੀਤ ਗਾਏ ਜਾਣ ਲਗ ਪੈਂਦੇ ਹਨ। ਵਿਆਹ ਵਿਚ ਜੰਞ ਤੇ ਲਾੜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਛੰਦ ਬੋਲੇ ਜਾਂਦੇ ਹਨ। ਜੰਞ ਬੰਨ੍ਹੀ ਜਾਂਦੀ ਹੈ। ਕੁੜੀਆਂ ਵਾਲਿਆਂ ਦੇ ਘਰ ਸੁਹਾਗ ਗਾਏ ਜਾਂਦੇ ਹਨ:

ਸੁਹਾਗ : ਬੇਟੀ ਚੰਨਨ ਦੇ ਓਹਲੇ ਓਹਲੇ ਕਿਉਂ ਖੜੀ
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਦਵਾਰ
ਬਾਬਲ ਵਰ ਲੋੜੀਏ।

ਲੜਕੇ ਦੇ ਘਰ ਘੋੜੀਆਂ ਗਾਈਆਂ ਜਾਂਦੀਆਂ ਹਨ:

ਨਿੱਕੀ ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਦੰਮਾਂ ਦੀ ਬੋਰੀ ਤੇਰਾ ਬਾਪ ਫੜੇ
ਹਾਥੀਆਂ ਦੇ ਸੰਗਲ ਤੇਰਾ ਬਾਬਲ ਫੜੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ

ਜਦੋਂ ਜੰਞ ਮੁੰਡੇ ਦੇ ਸਹੁਰੇ ਘਰ ਪਹੁੰਚਦੀ ਹੈ ਤਾਂ ਉਸ ਸਮੇਂ ਸਵਾਗਤ ਵਜੋਂ ਗੀਤ ਗਾਏ ਜਾਂਦੇ ਹਨ। ਲਾਵਾਂ ਵੇਲੇ ਗੀਤ ਗਾਏ ਜਾਂਦੇ ਹਨ। ਦੁਪਹਿਰ ਨੂੰ ਰੋਟੀ ਖਾਣ ਸਮੇਂ ਕੁੜੀਆਂ ਜੰਞ ਬੰਨ੍ਹ ਦੇਂਦੀਆਂ ਹਨ। ਕੁੜੀਆਂ ਜੰਞ ਨੂੰ ਛੁਡਾਉਣ ਦੀ ਚਿਨੌਤੀ ਦੇਂਦੀਆਂ ਹਨ:

ਜੇ ਲਾੜਿਆ ਤੇਰਾ ਹੋਵੇ ਕਬੀਲਾ
ਬੱਧੀ ਜੰਞ ਛੁੜਾਵੇ
ਜੰਞ ਕੌਣ ਛੁਡਾਵੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫਿਰ ਜੰਞ ਵਿਚੋਂ ਕੋਈ ਸੂਝਵਾਨ ਵਿਅਕਤੀ ਉੱਠ ਕੇ ਆਖਦਾ ਹੈ:

ਕਣਕਾਂ ਵਿਚੋਂ ਤਿੱਤਰ ਉਡਿਆ, ਕਰਦਾ ਭੈਂ ਭੈਂ
ਮਾਂ ਤੇਰੀ ਨੇ ਅੱਸੀ ਕੀਤੇ, ਨੱਬੇ ਕੀਤੇ ਤੈਂ
ਮਾਂ ਤੇਰੀ ਨੂੰ ਸੁਥਰਾ ਕਰ ਦਿਆਂ
ਤੈਨੂੰ ਲੈ ਜਾਂ ਮੈਂ
ਲਿਆਉ ਭਬੜ ਵੱਟੇ ਵਾਣ, ਛੁੱਟੀ ਰੋਟੀ ਲਗੇ ਖਾਣ।

ਕੁੜੀਆਂ ਵਲੋਂ ਲਾੜੇ ਨੂੰ ਕਈ ਤਰ੍ਹਾਂ ਦੀਆਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ:

ਨਵਾਂ ਕਰਾਇਆ ਕੰਗਣਾ ਜੀਜਾ
ਕੋਈ ਨਵੀ ਕਰਾਈ ਛਾਪ
ਤੇਰੀ ਖੂਬੀ ਤਾਂ ਜਾਣਾ
ਜੇ ਤੂੰ ਨਵਾਂ ਕਰਾਏਂ ਬਾਪ।

3. ਪੇਕੇ ਸਹੁਰੇ ਘਰ ਦੇ ਗੀਤ

ਪੰਜਾਬੀ ਲੋਕ ਗੀਤਾਂ ਵਿਚ ਪੇਕਾ ਤੇ ਸਹੁਰਾ ਘਰ ਦੇ ਸੰਬੰਧੀਆਂ ਬਾਰੇ ਅਨੇਕਾਂ ਲੋਕ ਗੀਤ ਮਿਲਦੇ ਹਨ। ਪਿਉ ਧੀ, ਜੀਜਾ ਸਾਲੀ, ਭੈਣ ਭਰਾ, ਨਣਾਨ ਭਰਜਾਈ, ਨੂੰਹ ਸੱਸ, ਪਤੀ ਪਤਨੀ, ਜੇਠ ਜਠਾਣੀ, ਨੂੰਹ ਸਹੁਰਾ ਆਦਿ ਰਿਸ਼ਤਿਆਂ ਬਾਰੇ ਬਹੁਤ ਸਾਰੇ ਗੀਤ ਗਾਏ ਜਾਂਦੇ ਹਨ। ਕੁੜੀਆਂ ਕਿਸੇ ਨਿਵੇਕਲੀ ਥਾਂ ਜਾ ਕੇ ਗੀਤ ਗਾਉਂਦੀਆਂ ਹਨ। ਮਾਂ ਪਿਉ ਸੰਬੰਧੀ ਕੁੜੀਆਂ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ:

ਗੋਰੀ ਗੋਰੀ ਗਾਂ ਧੜੀ ਦਾ ਲੇਵਾ
ਮਾਪੇ ਵੇ ਕਰੁਤ ਦਾ ਮੇਵਾ

ਮਾਂ ਧੀ ਨਾਲ ਸੰਬੰਧਿਤ ਗੀਤ:

ਰੰਗ ਮਹਿੰਦੀ
ਧੀਆਂ ਤੋਰ ਕੇ ਮਾਏ
ਕੌਲੇ ਲੱਗ ਬਹਿੰਦੀ
....
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਉ ਧੀ ਨਾਲ ਸੰਬੰਧਿਤ ਗੀਤ:

ਧੀਆਂ ਹੁੰਦੀਆਂ ਜੇ ਦੌਲਤਾਂ ਬੇਗਾਨੀਆਂ
ਹੱਸ ਹੱਸ ਤੋਰੀਂ ਬਾਬਲਾ।

....

ਨਹੀਂ ਬਾਪੂ ਮੈਂ ਮਰ ਜਾਂ
ਨਹੀਂ ਮਰ ਜੇ ਕੁੜਮਣੀ ਤੇਰੀ
ਜੀਉਂਦੀ ਜਾਨ ਤੋਂ ਦੇਣਹਾਰੀ ਲਾਹ ਜਾ
ਲਾਵਾਂ ਦੇ ਕੇ ਚਾਰ ਬਾਬਲਾ

....

ਮੁੰਡਾ ਪੰਝੀਆਂ ਪਿੰਡਾਂ ਦਾ ਪਟਵਾਰੀ
ਅੱਗੋਂ ਤੇਰੇ ਭਾਗ ਬੱਚੀਏ।

ਭੈਣ ਭਰਾ ਨਾਲ ਸੰਬੰਧਿਤ ਲੋਕ ਗੀਤ:

ਕੋਠੇ ਕੋਠੇ ਆ ਜਾ ਵੀਰਨਾਂ
ਸੱਸ ਚੰਦਰੀ ਕੁੰਡਾ ਨਾ ਖੋਲ੍ਹੇ।

....

ਕੰਧਾਂ ਟੱਪਦੇ ਭੈਣੇ ਚੋਰ
ਮੈਂ ਤੇਰਾ ਵੀਰ ਲਗਦਾ।

....

ਭਾਬੋ ਸੋਨੇ ਦੀ ਝੂਲਦੀ ਆਵੇ,
ਵੀਰ ਮੇਰਾ ਪੱਟ ਦਾ ਲੱਛਾ।

ਜੀਜਾ ਸਾਲੀ ਨਾਲ ਸੰਬੰਧਿਤ ਗੀਤ:

ਜੀਜਾ ਸਾਲੀ ਪੀਂਘ ਝੂਟਦੇ
ਸਾਲੀ ਡਿੱਗ ਪੀ ਹੁਲਾਰਾ ਖਾ ਕੇ
ਬੋਚੀਂ ਵੇ ਜੀਜਾ
ਘਰ ਦੀ ਨਾਰ ਬਣਾ ਕੇ।

ਦਿਓਰ ਭਰਜਾਈ ਨਾਲ ਸੰਬੰਧਤ ਗੀਤ:

ਬਾਰੀ ਬਰਸੀ ਖੱਟਣੇ ਨੂੰ ਘੱਲਿਆ
ਖੱਟ ਕੇ ਲਿਆਂਦਾ ਆਰਾ
ਨੌਕਰ ਹੋ ਜਾਊਂਗਾ
ਭਾਬੀ ਤੇਰਿਆਂ ਦੁਖਾਂ ਦਾ ਮਾਰਾ

....

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਬ ਦੀ ਟਾਹਣੀ ਤੋਤਾ ਬੈਠਾ
ਅੰਬ ਪੱਕਣ ਨਾ ਦੇਵੇ
ਸੋਹਣੀ ਬਾਬੀ ਨੂੰ
ਦਿਓਰ ਵਸਣ ਨਾ ਦੇਵੇ।

....

ਬੋਤਾ ਬੰਨ੍ਹ ਜੰਡੀਆਂ ਦੀ ਛਾਵੇਂ
ਆ ਜਾ ਦਿਓਰਾ ਤਾਸ਼ ਖੇਡੀਏ।

....

ਚੰਦਰੇ ਜੇਠ ਨੂੰ ਲੱਸੀ ਨਹੀਂ ਦੇਣੀ
ਦਿਓਰ ਭਾਵੇਂ ਦੁੱਧ ਪੀ ਜਾਏ।

ਸੱਸ ਨੂੰਹ ਨਾਲ ਸੰਬੰਧਤ ਗੀਤ:

ਬਹੁਤਿਆਂ ਭਰਾਵਾਂ ਵਾਲੀਏ
ਗੱਡੀ ਆਈ ਆ ਸੰਦੂਕੋਂ ਖਾਲੀ।

....

ਅਸੀਂ ਸੱਸ ਦਾ ਸੰਦੂਕ ਬਣਾਉਣਾ,
ਛੇਤੀ ਛੇਤੀ ਵਧ ਕਿਕਰੇ।

....

ਸੱਸ ਕੁੱਟਣੀ ਸੰਦੂਕਾਂ ਓਹਲੇ
ਨਿੰਮ ਦਾ ਘੜਾ ਦੇ ਘੋਟਣਾ

ਉਪਰੋਕਤ ਵਰਣਿਤ ਲੋਕ ਗੀਤਾਂ ਦੀ ਆਪਣੀ ਵੱਖਰੀ ਨਿਵੇਕਲੀ ਠੁੱਕ ਹੈ।

4. ਵਿਛੋੜੇ ਤੇ ਮਿਲਾਪ ਦੇ ਗੀਤ

ਪੰਜਾਬੀਆਂ ਲਈ ਪਿਆਰ ਜੀਵਨ ਦਾ ਤਾਲ ਹੈ। ਉਨ੍ਹਾਂ ਦੇ ਸਭ ਤੋਂ ਮਿੱਠੇ ਲੋਕ ਗੀਤ ਉਹ ਹਨ ਜਿਨ੍ਹਾਂ ਵਿਚ ਪਿਆਰ ਦੀ ਵੇਦਨਾ, ਅਰਮਾਨ ਜਾਂ ਵਿਲਕਣੀ ਹੈ। ਸਾਹਿਤ ਸੰਸਾਰ ਵਿਚ ਜਿਥੇ ਵੀ ਉੱਚੀ ਪੱਧਰ ਦੇ ਪਿਆਰ ਨੂੰ ਚਿਤਰਿਆ ਗਿਆ ਉਥੇ ਉਸ ਵਿਚ ਵਿਛੋੜੇ ਤੇ ਮਿਲਾਪ ਨੇ ਹੀ ਉਸ ਨੂੰ ਵਿਸ਼ੇਸ਼ ਰੰਗ ਦਿੱਤਾ ਹੈ। ਇਨ੍ਹਾਂ ਗੀਤਾਂ ਵਿਚ ਬਿਰਹਾ ਵਰਣਨ ਭਾਵੇਂ ਵਧੇਰੇ ਹੈ, ਪਰ ਮਿਲਾਪ ਦਾ ਰੰਗ ਵੀ ਕਿਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰ੍ਹਾਂ ਘੱਟ ਨਹੀਂ ਹੈ। ਇਨ੍ਹਾਂ ਗੀਤਾਂ ਵਿਚ ਆਪਸੀ ਪ੍ਰੇਮ ਦੀ ਗੱਲ ਧੁਰ ਆਤਮਕ ਪੱਧਰ ਤਕ ਕਹੀ ਹੈ:

ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ ਤੇਰੀ ਮੇਰੀ ਇਕ ਜਿੰਦੜੀ।
ਤੇਰੇ ਵੇ ਗਿਲਾਸ ਵਿਚ ਮਿੱਤਰਾ ਖੁਰ ਜਾਵਾਂ ਖੰਡ ਬਣ ਕੇ।
ਕੱਖ ਤੇਰੀਆਂ ਅੱਖਾਂ ਵਿਚ ਰੜਕੇ ਤੇ ਅੱਖ ਸਾਰੇ ਪਿੰਡ ਦੀ ਦੁਖੇ।

ਇਨ੍ਹਾਂ ਲੋਕ ਗੀਤਾਂ ਵਿਚ ਵਿਛੋੜੇ ਦਾ ਵਰਣਨ ਉਸ ਸਮੇਂ ਆਉਂਦਾ ਹੈ ਜਦੋਂ ਪਤੀ ਆਪਣੀ ਨਵ ਵਿਆਹੀ ਪਤਨੀ ਨੂੰ ਘਰ ਛੱਡ ਕੇ ਆਪ ਨੌਕਰੀ ਤੇ ਜਾਂ ਲਾਮ ਤੇ ਚਲਿਆ ਜਾਂਦਾ ਹੈ। ਜਾਣ ਸਮੇਂ ਪਤਨੀ ਪਤੀ ਨੂੰ ਸੰਬੰਧਿਤ ਕਰਕੇ ਆਖਦੀ ਹੈ:

ਪਿੱਪਲਾਂ ਉਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਲ੍ਹਾਂ
ਜੰਗ ਨੂੰ ਨਾ ਜਾ ਵੇ
ਦਿਲ ਦੇ ਬੋਲ ਮੈਂ ਬੋਲਾਂ।

....

ਭੀੜੀ ਜੁੱਤੀ ਦੇ ਵਿਚ ਪਬ ਨਾ ਸਮਾਂਦਾ
ਕਲ੍ਹ ਵੇ ਵਿਆਹੀ, ਅੱਜ ਨੌਕਰ ਜਾਂਦਾ।

....

ਤੇਰਾ ਲੱਗੇ ਨਾ ਲਾਮ ਵਿਚ ਨਾਵਾਂ
ਬਿਨ ਮੁਕਲਾਈ ਛੱਡ ਗਿਆ।

....

ਜਦ ਮਾਹੀ ਚਲਿਆ ਮੈਂ ਖੜ੍ਹੀ ਦਲੀਜ਼ ਤੇ
ਮੋਟੇ ਮੋਟੇ ਹੰਝੂ ਮੇਰੇ ਰੇਸ਼ਮੀ ਕਮੀਜ਼ ਤੇ।
ਕੱਚੀ ਕਲੀ ਕਚਨਾਰ ਦੀ ਵੇ-

ਵਿਛੋੜੇ ਵਿਚ ਤੜਫਦੀ ਇਸਤਰੀ ਮਿਲਾਪ ਦੀ ਘੜੀ ਲਈ ਤਰਸ ਰਹੀ ਹੈ:

ਇਕ ਵਾਰੀ ਮੇਲ ਵੇ ਰੱਬਾ
ਕਿਤੇ ਵਿਛੜੇ ਹੀ ਨਾ ਮਰ ਜਾਈਏ।

ਕਦੋਂ ਹੋਣਗੇ ਸਜਣਾ ਦੇ ਮੇਲੇ
ਪਾਂਧੀਆਂ ਤੂੰ ਫੋਲ ਪੱਤਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਘਰ ਵਾਲਾ ਜੰਗ ਜਿੱਤ ਕੇ ਆਉਂਦਾ ਹੈ:

ਜੰਗ ਜਿੱਤ ਕੇ ਸਿਪਾਹੀ ਆਏ
ਗਿੱਧਾ ਪਾਓ ਸੋਹਣੀਓ

ਲੰਮੇ ਵਿਛੋੜੇ ਤੋਂ ਬਾਅਦ ਜਦ ਪਤੀ ਪਤਨੀ ਦਾ ਮਿਲਾਪ ਹੁੰਦਾ ਹੈ ਤਾਂ ਲੋਕ ਗੀਤਾਂ ਵਿਚ ਉਸ ਦਾ ਆਪਣਾ ਹੀ ਰੰਗ ਹੈ।

5. ਬੀਰ ਭਾਵਨਾ ਵਾਲੇ ਗੀਤ

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲਾ ਅਖਾਣ ਪੰਜਾਬੀਆਂ ਦੀ ਬਹਾਦਰੀ ਦੀ ਸ਼ਾਹਦੀ ਭਰਦਾ ਹੈ। ਸ਼ੁਰੂ ਤੋਂ ਹੀ ਪੰਜਾਬ ਦੀ ਧਰਤੀ ਦੇ ਬੀਰ ਸਪੂਤ ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਕਰਦੇ ਰਹੇ ਹਨ ਜਿਸ ਕਾਰਨ ਇਨ੍ਹਾਂ ਵਿਚ ਦੇਸ਼ ਭਗਤੀ ਕੁੱਟ ਕੁੱਟ ਕੇ ਭਰੀ ਹੋਈ ਹੈ। ਹਰ ਹਮਲਾਵਰ ਦਾ ਇਨ੍ਹਾਂ ਨੇ ਡੱਟ ਕੇ ਮੁਕਾਬਲਾ ਕੀਤਾ ਹੈ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਇਨ੍ਹਾਂ ਨੇ ਮੂੰਹ ਤੋੜ ਜੁਆਬ ਦਿੱਤਾ। ਇਸੇ ਟਾਕਰੇ ਸਦਕਾ ਹੀ ਪੰਜਾਬੀਆਂ ਵਿਚ ਸੂਰਬੀਰਤਾ, ਬਹਾਦਰੀ ਤੇ ਦੇਸ਼ ਭਗਤੀ ਘਰ ਕਰ ਗਈ। ਲੋਕ ਗੀਤਾਂ ਵਿਚ ਵੀ ਬੀਰ ਭਾਵਨਾ ਚੋਖੀ ਮਾਤਰਾ ਵਿਚ ਮਿਲਦੀ ਹੈ:

ਕਿਥੇ ਨੂੰ ਘੋੜਾ ਅਸਾਂ ਬੀੜਿਆ ਜੀ
ਕਿਥੇ ਦੀ ਆ ਗਈ ਮੁਹਿੰਮ।
ਚੜ੍ਹਦੇ ਨੂੰ ਘੋੜਾ ਬੀੜਿਆ ਜੀ
ਬਸਰੇ ਦੀ ਆ ਗਈ ਮੁਹਿੰਮ।

ਪੰਜਾਬਣਾਂ ਆਪਣੇ ਢੋਲ ਸਿਪਾਹੀਆਂ ਨੂੰ ਬੜੇ ਚਾਅ ਨਾਲ ਲੜਾਈਆਂ ਵਿਚ ਭੇਜਦੀਆਂ ਆਖ ਰਹੀਆਂ ਹਨ:

ਜਾ ਵੇ ਸਿਪਾਹੀਆ ਜਾਵੀਂ ਛੇਤੀ
ਬਹੁਤੀ ਦੇਰ ਨਾ ਲਾਈਂ,
ਸ਼ੇਰਾਂ ਵਾਂਗੂ ਪਾਲੀਂ ਅਣਖ ਨੂੰ
ਪਿੱਠ ਨਾ ਕਦੇ ਵਿਖਾਈਂ।

6. ਰਾਜਸੀ ਤੇ ਆਰਥਕ

ਪੰਜਾਬ ਦੇ ਲੋਕ ਗੀਤਾਂ ਨੇ ਪੰਜਾਬ ਦੇ ਬਦਕਿਸਮਤ ਇਤਿਹਾਸ ਨੂੰ ਆਪਣੇ ਦਿਲ ਦੇ ਲਹੂ ਦੇ ਘੁੱਟ ਭਰ ਭਰ ਕੇ ਗਾਇਆ ਹੈ। ਜਦੋਂ ਪੰਜਾਬ ਉਪਰ ਅੰਗਰੇਜ਼ਾਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਕਬਜ਼ਾ ਕਰ ਲਿਆ ਤੇ ਅੰਗਰੇਜ਼ ਇਥੋਂ ਦਾ ਮਾਲਕ ਬਣ ਬੈਠਾ ਤਾਂ ਇਥੋਂ ਦੇ ਲੋਕ ਗੀਤ ਕੁਰਲਾ ਉੱਠੇ:

ਪੁੱਤ ਮਰਨ ਫਰੰਗੀਆਂ ਤੇਰੇ।

ਫਰੰਗੀ ਦੇ ਪੰਜਾਬ ਤੇ ਕਬਜ਼ਾ ਕਰ ਲੈਣ ਪਿਛੋਂ ਇਥੇ ਲੋਕਾਂ ਵਿਚ ਜਾਗਰਤੀ ਆਈ ਤਾਂ ਉਨ੍ਹਾਂ ਨੇ ਆਜ਼ਾਦੀ ਦੇ ਘੋਲ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਕੁਰਬਾਨੀਆਂ ਦਿੱਤੀਆਂ। ਕੂਕਾ ਲਹਿਰ, ਸਿੰਘ ਸਭਾ ਲਹਿਰ, ਆਰੀਆ ਸਮਾਜ, ਅਤੇ ਹੋਰ ਰਾਜਸੀ ਤੇ ਧਾਰਮਿਕ ਲਹਿਰਾਂ ਆਦਿ ਦੀ ਪੰਜਾਬ ਦੇ ਲੋਕ ਗੀਤਾਂ ਨੇ ਪੁੱਜ ਕੇ ਹਮਾਇਤ ਕੀਤੀ:

ਮੈਂ ਅਕਾਲਣ ਬਣ ਗਈ ਵੇ,
ਅਕਾਲੀਆਂ ਤੇਰਿਆਂ ਦੁਖਾਂ ਦੀ ਮਾਰੀ।

ਪੰਜਾਬ ਦੇ ਲੋਕ ਗੀਤ ਸ਼ਹੀਦ ਭਗਤ ਸਿੰਘ ਵਰਗੇ ਪੰਜਾਬੀ ਬਹਾਦਰਾਂ ਦੀਆਂ ਕੁਰਬਾਨੀਆਂ ਤੇ ਜ਼ਿੰਦਾ ਦਿਲੀ ਦੇ ਗੀਤ ਅੱਜ ਵੀ ਗਾਉਂਦੇ ਹਨ:

ਭਗਤ ਸਿੰਘ ਸੂਰਮੇ ਨੇ
ਅਸੰਬਲੀ 'ਚ ਬੰਬ ਚਲਾਇਆ।

ਪੰਜਾਬ ਦੇ ਲੋਕਾਂ ਦੀ ਆਰਥਿਕ ਲੁੱਟ ਖਸੁੱਟ ਇਥੋਂ ਦਾ ਬਾਣੀਆ ਕਰਦਾ ਆ ਰਿਹਾ ਹੈ। ਪੰਜਾਬੀਆਂ ਨੇ ਉਨ੍ਹਾਂ ਸੰਬੰਧੀ ਲੋਕ ਗੀਤ ਜੋੜੇ ਹੋਏ ਹਨ। ਬਾਣੀਏ ਦੀ ਲੁੱਟ ਖਸੁਟ ਦਾ ਵਰਣਨ ਕਰਦਾ ਲੋਕ ਗੀਤ ਵੇਖੋ:

ਸੌਣ ਵਿਚ ਤਾਂ ਲੁੱਟਦੇ ਬਾਣੀਏ,
ਨਵੀਆਂ ਹੱਟੀਆਂ ਪਾ ਕੇ
ਅਗੇ ਤਾਂ ਗੁੜ ਧੜੀ ਵਕੇਂਦਾ
ਹੁਣ ਕਿਉਂ ਦੇਂਦਾ ਘਟਾ ਕੇ
ਕੁੜੀਆਂ ਮੁੰਡੇ ਜ਼ਿਦ ਪਏ ਕਰਦੇ
ਪੂੜੇ ਦਿਓ ਪਕਾ ਕੇ
ਬਾਣੀਓਂ ਤਰਸ ਕਰੋ
ਗੁੜ ਵੇਚੋ ਭਾ ਘਟਾ ਕੇ

ਜੱਟ ਦੀ ਆਰਥਿਕ ਮੰਦਹਾਲੀ ਦਾ ਵਰਣਨ ਕਰਦਾ ਗੀਤ:

ਬੋਹਲ ਸਾਰਾ ਵੇਚ ਘੱਤਿਆ
ਛਿੱਲੜਾਂ ਪੰਦਰਾਂ ਨਾ ਜੱਟ ਨੂੰ ਥਿਆਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7. ਧਾਰਮਕ ਭਾਵਨਾ ਦੇ ਲੋਕ ਗੀਤ

ਪੰਜਾਬ ਵਿਚ ਅਨੇਕਾਂ ਧਰਮ, ਸੰਪ੍ਰਦਾਵਾਂ ਅਤੇ ਪੀਰ ਫਕੀਰ ਹੋਏ ਹਨ, ਜਿਨ੍ਹਾਂ ਦੀਆਂ ਰਹੁ ਰੀਤਾਂ, ਪੂਜਾ ਵਿਧੀਆਂ ਨਵੇਕਲੀਆਂ ਹਨ। ਪਰ ਪੰਜਾਬ ਦੇ ਲੋਕਾਂ ਵਿਚ ਸਹਿਨਸ਼ੀਲਤਾ ਹੈ। ਵਖੋ ਵੱਖ ਧਰਮਾਂ ਦੇ ਲੋਕ ਸਾਰਿਆਂ ਧਰਮਾਂ ਦੇ ਦਿਨ ਦਿਹਾਰੇ ਸਾਂਝੇ ਤੌਰ ਤੇ ਮਨਾਉਂਦੇ ਆਏ ਹਨ। ਪੰਜਾਬੀ ਲੋਕ ਗੀਤਾਂ ਵਿਚ ਵੀ ਇਹ ਸਾਂਝ ਧੜਕਦੀ ਹੈ:

ਦੇਵੀ ਦੀ ਮੈਂ ਕਰਾਂ ਕੜਾਹੀ ਪੀਰ ਫਕੀਰ ਧਿਆਵਾਂ।
ਹੇਦਰ ਸ਼ੇਖ ਦਾ ਦੇਵਾਂ ਬੱਕਰਾ ਨੰਗੇ ਪੈਰੀਂ ਜਾਵਾਂ।
ਹਨੂਮਾਨ ਦੀ ਦੇਵਾਂ ਮੰਨੀ, ਰਤੀ ਫ਼ਰਕ ਨਾ ਪਾਵਾਂ।
ਨੀ ਮਾਤਾ ਭਗਵਤੀਏ, ਮੈਂ ਤੇਰਾ ਜੱਸ ਗਾਵਾਂ।

ਯੁਗਾਂ ਦੇ ਭੁੱਲੇ ਚੁੱਕੇ ਜਤੀ ਸਤੀ, ਸਾਧ ਸੰਨਿਆਸੀ ਇਹਨਾਂ ਲੋਕ ਗੀਤਾਂ ਵਿਚ ਅੱਜ ਵੀ ਜੀਉਂਦੇ ਹਨ। ਰਾਮ, ਕਬੀਰ, ਨਾਮਦੇਵ, ਧੰਨਾ, ਗੋਪੀ ਚੰਦ, ਪੂਰਨ ਭਗਤ, ਭਰਥਰੀ ਹਰੀ, ਸ੍ਰੀ ਕ੍ਰਿਸ਼ਨ ਤੇ ਗੋਬਿੰਦ ਸਿੰਘ ਦੇ ਨਾਂ ਇਹਨਾਂ ਗੀਤਾਂ ਵਿਚ ਸਦਾ ਸੁਰਜੀਤ ਰਹੇ ਨੇ:

1. ਬਾਬੇ ਨਾਨਕ ਨੇ ਡੁੱਬਦੀ ਦੁਨੀਆਂ ਤਾਰੀ
2. ਨਾਮਦੇਵ ਦੀ ਪੁਆਈ ਛੱਪਰੀ
   ਧੰਨੇ ਦੀਆਂ ਗਊਆਂ ਚਾਰੀਆਂ
3. ਵਾਜਾਂ ਮਾਰਦੀ ਕੁਸ਼ੱਲਿਆ ਮਾਈ,
   ਰਾਮ ਚੱਲੇ ਬਣੋਵਾਸ ਨੂੰ।

ਪੰਜਾਬ ਲੋਕ ਗੀਤਾਂ ਵਿਚ ਪੰਜਾਬੀਅਤ ਦਾ ਰੰਗ ਠਾਠਾਂ ਮਾਰਦਾ ਹੈ। ਇਨ੍ਹਾਂ ਵਿਚ ਧਾਰਮਕ ਸਹਿਨਸ਼ੀਲਤਾ ਲੋੜ੍ਹੇ ਦੀ ਹੈ।

8. ਰੁੱਤਾਂ ਤਿਉਹਾਰ ਤੇ ਮੇਲੇ

ਪੰਜਾਬੀ ਲੋਕ ਗੀਤਾਂ ਵਿਚ ਪੰਜਾਬ ਦੀਆਂ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਬਾਰੇ ਅਨੇਕਾਂ ਗੀਤ ਮਿਲਦੇ ਹਨ। ਲੋਹੜੀ, ਤੀਆਂ, ਹੋਲੀਆਂ, ਵਿਸਾਖੀ, ਬਸੰਤ ਆਦਿ ਮੌਕਿਆਂ ਤੇ ਵੀ ਗੀਤ ਗਾਏ ਜਾਂਦੇ ਹਨ। ਪੰਜਾਬ ਦੇ ਬਹੁਤੇ ਤਿਉਹਾਰ ਤੇ ਮੇਲੇ ਰੁੱਤਾਂ ਦੀ ਤਬਦੀਲੀ ਸਮੇਂ ਹੁੰਦੇ ਹਨ:

1. ਗੁਰੂ ਕਿਆਂ ਦੀ ਲੱਗੀ ਵਿਸਾਖੀ
   ਬੀਬੜੀਆਂ ਦਾ ਗਹਿਣਾ
   ਮੁੱਲ ਕਰ ਭਾਬੀ ਦਾ
   ਕੀ ਭਾਬੀ ਦਾ ਲੈਣਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਚਲ ਚੱਲੀਏ ਚੇਤ ਦੀ ਮੱਸਿਆ
ਮੁੰਡਾ ਤੇਰਾ ਮੈਂ ਚੁੱਕ ਲਊਂ।
3. ਆਰੀ ਆਰੀ ਆਰੀ
ਵਿਚ ਜਗਰਾਵਾਂ ਦੇ
ਲਗਦੀ ਰੌਸ਼ਨੀ ਭਾਰੀ
ਵੈਰੀਆਂ ਦਾ ਕੱਠ ਬੱਝ ਗਿਆ
ਬੋਤਲਾਂ ਮੰਗਾ ਲਈਆਂ ਚਾਲ੍ਹੀ
ਚਾਲ੍ਹੀਆਂ 'ਚੋਂ ਇਕ ਬਚ ਗਈ
ਚੁੱਕ ਕੇ ਮਹਿਲ ਨਾਲ ਮਾਰੀ
ਨਿਉਂ ਕੇ ਚੁੱਕ ਪਤਲੋ
ਗੇਂਦ ਘੁੰਗਰੂਆਂ ਵਾਲੀ।
4. ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ
5. ਗਿੱਧਿਆ ਪਿੰਡ ਵੜ ਵੇ
ਲਾਂਭ ਲਾਂਭ ਨਾ ਜਾਈਂ।

ਪੰਜਾਬੀ ਲੋਕ ਗੀਤ ਵਿਚ ਮੇਲੇ ਤੇ ਤਿਉਹਾਰਾਂ ਦਾ ਵਰਣਨ ਮਿਲਦਾ ਹੈ। ਇਹ ਗੀਤ ਪੰਜਾਬੀ ਖੁਲ੍ਹੇ ਪਿੜਾਂ ਵਿਚ ਗਾਉਂਦੇ ਹਨ।

9. ਪੰਜਾਬੀ ਲੋਕ ਨਾਚਾਂ ਨਾਲ ਸੰਬੰਧਤ ਲੋਕ ਗੀਤ

ਪੰਜਾਬ ਦੇ ਲੋਕ ਨਾਚ ਭੰਗੜਾ ਤੇ ਗਿੱਧਾ ਪੰਜਾਬੀ ਲੋਕ ਨਾਚਾਂ ਵਿਚੋਂ ਵਧੇਰੇ ਪ੍ਰਸਿੱਧ ਹਨ। ਇਨ੍ਹਾਂ ਸੰਬੰਧੀ ਵਿਸਥਾਰ ਸਾਹਿਤ ਚਰਚਾ ਅਸੀਂ 'ਲੋਕ ਨਾਚਾਂ' ਵਾਲੇ ਅਧਿਆਏ ਵਿਚ ਕਰਾਂਗੇ। ਇਥੇ ਇਨ੍ਹਾਂ ਸੰਬੰਧੀ ਲੋਕ ਗੀਤਾਂ ਦਾ ਵਰਣਨ ਹੀ ਕਰਦੇ ਹਾਂ। ਭੰਗੜਾ ਪੰਜਾਬ ਦੇ ਨੌਜਵਾਨਾਂ ਦਾ ਹਰਮਨ ਪਿਆਰਾ ਲੋਕ ਨਾਚ ਹੈ। ਖੁਸ਼ੀ ਵਿਚ ਪੰਜਾਬੀ ਗੱਭਰੂ ਨੱਚਦੇ ਤੇ ਬੱਕਰੇ ਬਲਾਉਂਦੇ ਹਨ, ਗੀਤ ਗਾਉਂਦੇ ਤੇ ਬੋਲੀਆਂ ਪਾਉਂਦੇ ਹਨ। ਇਨ੍ਹਾਂ ਵਿਚ ਆਮ ਤੌਰ ਤੇ ਲੰਬੀਆਂ ਬੋਲੀਆਂ ਦਾ ਪ੍ਰਯੋਗ ਹੁੰਦਾ ਹੈ, ਜਿਵੇ:

ਆਰੀ ਆਰੀ ਆਰੀ
ਹੇਠ ਬਰੋਟੇ ਦੇ
ਦਾਤਣ ਕਰੇ ਕੁਆਰੀ
ਦਾਤਣ ਕਿਉਂ ਕਰਦੀ
ਦੰਦ ਚਿੱਟੇ ਰੱਖਣ ਦੀ ਮਾਰੀ
ਦੰਦ ਚਿੱਟੇ ਕਿਉਂ ਰਖਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਹਣੀ ਬਣਨ ਦੀ ਮਾਰੀ।
ਸੋਹਣੀ ਕਿਉਂ ਬਣਦੀ
ਪ੍ਰੀਤ ਕਰਨ ਦੀ ਮਾਰੀ
ਸੁਣ ਲੈ ਹੀਰੇ ਨੀ
ਮੈਂ ਤੇਰਾ ਭੌਰ ਸਰਕਾਰੀ।

ਪੰਜਾਬੀ ਮੁਟਿਆਰਾਂ ਵੀ ਗਿੱਧੇ 'ਚ ਘੱਟ ਨਹੀਂ ਜਦੋਂ ਉਹ ਗਿੱਧੇ ਵਿਚ ਨੱਚਦੀਆਂ ਹਨ ਤਾਂ ਆਪਣੇ ਮਨੋਭਾਵਾਂ ਦਾ ਖੁਲ੍ਹ ਕੇ ਪ੍ਰਗਟਾਵਾ ਕਰਦੀਆਂ ਹਨ:

ਪੰਝੀਆਂ ਪੰਜਾਹਾਂ ਦਾ ਮੈਂ ਲੌਂਗ ਘੜਾ ਲਿਆ
ਨਾਲੇ ਘੜਾ ਲਈ ਮੁਰਕੀ
ਕੱਲ੍ਹ ਦਾ ਰੁਸਿਆ ਫਿਰੇ
ਕੀ ਚੌਲਾਂ ਦੀ ਬੁਰਕੀ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਲੋਕ ਗੀਤ ਪੰਜਾਬੀਆਂ ਦੇ ਰੋਮ ਰੋਮ ਵਿਚ ਰਚੇ ਹੋਏ ਹਨ। ਉਨ੍ਹਾਂ ਦੇ ਜੀਵਨ ਦਾ ਕੋਈ ਅਜਿਹਾ ਮੌਕਾ ਨਹੀਂ, ਜਿਥੇ ਲੋਕ ਗੀਤ ਨਾ ਗਾਏ ਜਾਂਦੇ ਹੋਣ। ਪੰਜਾਬੀ ਲੋਕ ਗੀਤ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਦਰਪਣ ਹਨ। ਪੰਜਾਬ ਦੇ ਲੋਕਾਂ ਦੀ ਇਹ ਆਤਮਾ ਹਨ। ਇਸ ਅਮੀਰ ਵਿਰਸੇ ਨੂੰ ਸੰਭਾਲਣ ਦੀ ਲੋੜ ਹੈ। ਲੋਕ ਗੀਤਾਂ ਦੇ ਵਧੇਰੇ ਅਧਿਐਨ ਲਈ ਵੇਖੋ: 'ਪੰਜਾਬੀ ਲੋਕ ਗੀਤ' (ਬਿਕਰਮ ਸਿੰਘ ਘੁੰਮਣ)

ਪੰਜਾਬੀ ਲੋਕ ਕਥਾ ਰੂਪ (ਲੋਕ ਕਹਾਣੀਆਂ/ਬਾਤਾਂ)

ਪੰਜਾਬੀ ਸਭਿਆਚਾਰ ਦੇ ਲੋਕਧਾਰਾਈ ਰੂਪਾਂ ਵਿਚੋਂ ਲੋਕ-ਕਥਾ ਦੀ ਆਪਣੀ ਨਿਵੇਕਲੀ ਪਛਾਣ ਅਤੇ ਮਹੱਤਾ ਹੈ। ਪੰਜਾਬੀ ਲੋਕ ਕਥਾ, ਪੰਜਾਬੀ, ਭਾਰਤੀ ਕਥਾ ਪਰੰਪਰਾ ਅਤੇ ਸਾਮੀ ਕਥਾ ਪਰੰਪਰਾ ਆਪਣੇ ਵੱਖਰੇ ਸਰੂਪ ਨੂੰ ਗ੍ਰਹਿਣ ਕਰਦੀ ਹੈ ਜਿਸ ਕਰਕੇ ਇਸ ਦੇ ਕੁਝ ਵੱਖਰੇ ਪਛਾਣ ਚਿੰਨ੍ਹ ਹਨ। ਪੰਜਾਬੀ ਵਿਚ ਕਥਾ ਦੇ ਸਮਾਨਾਰਥਕ ਕਈ ਸ਼ਬਦ ਪ੍ਰਚਲਿਤ ਹਨ ਕਹਾਣੀ, ਵਾਰਤਾ, ਕਿੱਸਾ, ਬਾਤ ਆਦਿ। ਅਸੀਂ ਪੰਜਾਬੀ ਲੋਕ ਕਥਾ ਰੂਪਾਂ ਦਾ ਅਧਿਐਨ ਕਰਦੇ ਸਮੇਂ ਕਥਾ ਦਾ ਸਮਾਨਾਰਥਕ ਸ਼ਬਦ ਕਹਾਣੀ ਜਾਂ ਬਾਤ ਹੀ ਵਰਤਾਂਗੇ।

ਲੋਕ ਸਾਹਿਤ ਵਿਚ ਲੋਕ ਕਹਾਣੀਆਂ ਦਾ ਵਡਮੁੱਲਾ ਸਥਾਨ ਹੈ। ਪੰਜਾਬੀ ਲੋਕਾਂ ਨੂੰ ਕਹਾਣੀਆਂ ਸੁਣਨ ਦਾ ਮੁੱਢ ਤੋਂ ਹੀ ਸ਼ੌਕ ਰਿਹਾ ਹੈ। ਸਰਦੀਆਂ ਦੀਆਂ ਲੰਮੀਆਂ ਰਾਤਾਂ ਨੂੰ ਪਿੰਡ ਦੀ ਭੱਠੀ ਤੇ ਬੈਠੇ ਕਿਸੇ ਨਿਪੁੰਨ ਵਿਅਕਤੀ ਪਾਸੋਂ ਅਜੇਹੀਆਂ ਕਹਾਣੀਆਂ ਸਾਰੀ ਸਾਰੀ ਰਾਤ ਸੁਣਦੇ ਰਹਿੰਦੇ ਜਾਂ ਫਿਰ ਬੱਚਿਆਂ ਦੇ ਦਾਦੀ ਦਾਦਾ ਰਾਤ ਨੂੰ ਕਹਾਣੀਆਂ ਸੁਣਾਉਂਦੇ ਹਨ। ਕਹਾਣੀਆਂ ਏਨੀਆਂ ਰੌਚਿਕਤਾ ਦਾ ਅੰਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਖਦੀਆਂ ਹਨ ਕਿ ਇਨ੍ਹਾਂ ਨੂੰ ਦਿਨ ਵੇਲੇ ਨਹੀਂ ਸੁਣਾਇਆ ਜਾਂਦਾ, ਕਿਉਂਕਿ ਸੁਣਨ ਅਤੇ ਸੁਣਾਉਣ ਵਾਲੇ ਏਨੇ ਮਗਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਰਸਤਾ ਭੁੱਲ ਜਾਂਦਾ ਹੈ। ਇਹ ਕਹਾਣੀਆਂ ਨਿਰੀਆਂ ਮਨੋਰੰਜਨ ਹੀ ਨਹੀਂ ਕਰਦੀਆਂ ਸਗੋਂ, ਇਹ ਸਿਖਿਆਦਾਇਕ ਵੀ ਹੁੰਦੀਆਂ ਹਨ।

ਲੋਕ ਕਹਾਣੀ ਦੀ ਪਰਿਭਾਸ਼ਾ ਪ੍ਰਕ੍ਰਿਤੀ ਅਤੇ ਲੱਛਣ ਨਿਸਚਿਤ ਕਰਨੇ ਸੌਖੇ ਨਹੀਂ ਹਨ ਕਿਉਂਕਿ ਲੋਕ ਕਹਾਣੀਆਂ ਵੰਨ ਸਵੰਨੀਆਂ ਹਨ ਵਿਸ਼ੈ ਅਤੇ ਰੂਪਕ ਪੱਖ ਤੋਂ ਇਨ੍ਹਾਂ ਵਿਚ ਏਨੀ ਵੱਖਰਤਾ ਹੁੰਦੇ ਹੋਏ ਵੀ ਕੁਝ ਮੂਲ ਤੱਤ ਸਾਂਝੇ ਹਨ। ਵੱਖ ਵੱਖ ਵਿਦਵਾਨਾਂ ਨੇ ਇਸ ਦੀ ਪਰਿਭਾਸ਼ਾ ਕੀਤੀ ਹੈ। ਰੀਵਰ ਅਤੇ ਬੋਸਵੈਲ ਲੋਕ ਕਹਾਣੀ ਦੀ ਪਰਿਭਾਸ਼ਾ ਕਰਦੇ ਆਖਦੇ ਹਨ ਕਿ ਲੋਕ ਕਹਾਣੀ ਲੋਕਧਾਰਾ ਦੇ ਬਾਣੀਗਤ ਰੂਪ ਦਾ ਅਜਿਹਾ ਅੰਗ ਹੈ ਜਿਸ ਵਿਚ ਬਿਰਤਾਂਤ ਦਾ ਹੋਣਾ ਆਵਸ਼ਕ ਹੈ।[33] ਵਣਜਾਰਾ ਬੇਦੀ ਅਨੁਸਾਰ,''ਬਾਤ ਲੋਕ ਮਨ ਦੀ ਬ੍ਰਿਤਾਂਤਕ ਅਭਿਵਿਅਕਤੀ ਹੈ। ਇਸ ਦਾ ਨਿਰਮਾਣ ਜਾਤੀ ਦੀਆਂ ਪਰੰਪਰਾਗਤ ਰੂੜ੍ਹੀਆਂ ਅਤੇ ਤੱਤਾਂ ਤੋਂ ਹੁੰਦਾ ਹੈ ਅਤੇ ਇਹ ਕਿਸੇ ਸੰਸਕ੍ਰਿਤੀ ਵਿਚ ਵਿਚਰਦੀ ਉਸਦੀ ਪਰੰਪਰਾ ਬਣ ਜਾਂਦੀ ਹੈ।''[34] ਲੋਕ ਕਹਾਣੀਆਂ ਮੌਖਿਕ ਸਾਹਿਤ ਹੈ ਜੋ ਪੀੜ੍ਹੀਓ ਪੀੜ੍ਹੀ ਅਗੇ ਚਲਦਾ ਆਉਂਦਾ ਹੈ। ਲੋਕ ਕਹਾਣੀਆਂ ਦੀ ਵਿਸ਼ੈ, ਰੂਪ, ਘਟਨਾਵਾਂ ਅਤੇ ਪਾਤਰ ਆਦਿ ਪੱਖ ਤੋਂ ਵੰਨ ਸੁਵੰਨਤਾ ਹੈ। ਲੋਕ ਕਹਾਣੀ ਦੇ ਮੂਲ ਤੱਤ ਇਹ ਹਨ:

1. ਬਿਰਤਾਂਤ
2. ਲੋਕਮਾਨਸ ਦੀ ਅਭਿਵਿਅਕਤੀ
3. ਕਥਾਨਕ ਰੂੜ੍ਹੀਆਂ
4. ਪਾਤਰ
5. ਘਟਨਾ
6. ਕਥਾਕਾਰ
7. ਉਪਯੋਗ ਦ੍ਰਿਸ਼ਟੀ

1 ਬਿਰਤਾਂਤ

ਬਿਰਤਾਂਤ ਕਹਾਣੀ ਦਾ ਮੂਲ ਤੱਤ ਹੈ। ਇਸ ਤੋਂ ਬਿਨਾਂ ਕਹਾਣੀ ਨਹੀਂ ਹੋ ਸਕਦੀ ਕਿਉਂਕਿ ਪਰੰਪਰਾਗਤ ਅੰਸ਼ਾਂ ਨਾਲ ਭਰਪੂਰ ਅਜਿਹਾ ਬਿਰਤਾਂਤ ਲੋਕ ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ ਪੀੜ੍ਹੀ ਅਗੇ ਚਲਦਾ ਆਉਂਦਾ ਹੈ। ਬਜ਼ੁਰਗ ਜਦੋਂ ਬੱਚਿਆਂ ਨੂੰ ਕਹਾਣੀ ਸੁਣਾ ਰਹੇ ਹੁੰਦੇ ਹਨ, ਉਨ੍ਹਾਂ ਦੇ ਚਿਹਰੇ ਉਤੇ ਇਕ ਅਲੌਕਿਕ ਜਿਹੀ ਆਭਾ ਖਿੰਡ ਜਾਂਦੀ ਹੈ। ਬੱਚੇ ਕਹਾਣੀ ਸੁਣਦੇ ਏਨੇ ਮੁਗਧ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਨੀਂਦ ਉਡ ਜਾਂਦੀ ਹੈ। ਅਜੇਹਾ ਬਿਰਤਾਂਤਕ ਸ਼ੈਲੀ ਦੇ ਕਾਰਨ ਹੁੰਦਾ ਹੈ। ਉਨ੍ਹਾਂ ਦੇ ਮਨ ਵਿਚ ਕਹਾਣੀ ਸੁਨਾਉਣ ਵਾਲਾ ਉਤਸੁਕਤਾ ਬਣਾਈ ਰਖਦਾ ਹੈ। ਬੱਚੇ ਇਹ ਜਾਣਨ ਲਈ ਕਾਹਲੇ ਹੁੰਦੇ ਹਨ ਕਿ ਅੱਗੇ ਕੀ ਹੋਣ ਵਾਲਾ ਹੈ? ਇਹ ਬਿਰਤਾਂਤਕ ਸ਼ੈਲੀ ਦਾ ਇਕ ਵਿਸ਼ੇਸ਼ ਗੁਣ ਲੋਕ ਕਹਾਣੀਆਂ ਵਿਚ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਲੋਕਮਾਨਸ ਦੀ ਅਭਿਵਿਅਕਤੀ

ਲੋਕ ਕਹਾਣੀਆਂ ਵਿਚ ਲੋਕ ਮਾਨਸ ਦੀ ਮੂਲ ਭਾਵਨਾ ਨੂੰ ਬੜੇ ਸਪਸ਼ਟ ਰੂਪ ਵਿਚ ਪ੍ਰਗਟਾਇਆ ਜਾਂਦਾ ਹੈ। ਲੋਕ ਕਹਾਣੀਆਂ ਲੋਕ ਜੀਵਨ ਦੇ ਸਾਰੇ ਪੱਖਾਂ ਨਾਲ ਸੰਬੰਧਿਤ ਹੁੰਦੀਆਂ ਹਨ। ਲੋਕ ਮਨ ਇਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕ ਸਥਿਤੀ ਹੈ ਜਿਸ ਵਿਚ ਮਨੁੱਖ ਸਹਿਜ ਰੂਪ ਵਿਚ ਆਦਿ ਮਾਨਵ ਦੀ ਮਨੋਸਥਿਤੀ ਨਾਲ ਇਕ ਰੂਪ ਹੋਇਆ ਹੁੰਦਾ ਹੈ, ਜੋ ਉਸ ਨੂੰ ਪਰੰਪਰਾ ਵਿਚ ਮਿਲੀ ਹੁੰਦੀ ਹੈ। ਲੋਕ ਕਹਾਣੀਆਂ ਵਿਚ ਆਦਿ ਮਨੁੱਖ ਦੀਆਂ ਭਾਵਨਾਵਾਂ ਸਥੂਲ ਰੂਪ ਵਿਚ ਮੂਰਤੀਮਾਨ ਹੁੰਦੀਆਂ ਹਨ। ਇਹ ਮਨੋਰੰਜਨ ਦਾ ਹੀ ਸਾਧਨ ਨਹੀਂ, ਇਤਿਹਾਸ ਦੇ ਅਣਗੌਲੇ ਪੰਨੇ ਇਨ੍ਹਾਂ ਵਿਚ ਛੁਪੇ ਪਏ ਹਨ। ਇਨ੍ਹਾਂ ਕਹਾਣੀਆਂ ਵਿਚ ਆਦਿ ਵਿਸ਼ਵਾਸਾਂ, ਰਹੁਰੀਤਾਂ, ਭਰਮਾਂ ਵਹਿਮਾਂ ਤੇ ਲੋਕਮਾਨਸ ਦੀਆਂ ਰੂੜ੍ਹੀਆਂ ਓਤਪੋਤ ਹਨ। ਇਨ੍ਹਾਂ ਵਿਚ ਸਾਡੀ ਸੰਸਕ੍ਰਿਤੀ ਬਰਾਤ ਸਮੇਤ ਲੱਥੀ ਹੁੰਦੀ ਹੈ।[35]

3. ਕਥਾਨਕ ਰੂੜ੍ਹੀਆਂ

ਪੰਜਾਬੀ ਕਥਾ ਸਾਹਿਤ ਵਿਚ ਬਹੁਤ ਸਾਰੀਆਂ ਕਥਾਨਕ ਰੂੜ੍ਹੀਆਂ ਉਪਲਬਧ ਹਨ। ਸਾਡੀਆਂ ਲੋਕ ਕਹਾਣੀਆਂ ਦਾ ਵੀ ਮੂਲ ਆਧਾਰ ਕਥਾਨਕ ਰੂੜ੍ਹੀਆਂ ਹਨ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ ਜੇ ਲੋਕ ਕਹਾਣੀ ਵਿਚ ਪਰੰਪਰਾਗਤ ਕਥਾਨਿਕ ਰੂੜ੍ਹੀਆਂ ਅਤੇ ਤੱਤ ਨਾ ਹੋਣ ਤਾਂ ਨਾ ਉਹ ਕਥਾ ਲੋਕ ਪਰੰਪਰਾ ਦਾ ਅੰਗ ਬਣਦੀ ਹੈ ਅਤੇ ਨਾ ਉਸ ਦੀ ਸਾਮੂਹਿਕ ਹੋਂਦ ਸਥਾਪਿਤ ਹੁੰਦੀ ਹੈ।[36] ਪੰਜਾਬੀ ਲੋਕ ਕਹਾਣੀਆਂ ਵਿਚ ਨਾਇਕ ਦੇ ਖੂਹ ਵਿਚ ਸੁੱਟੇ ਜਾਣ ਦੀ ਰੂੜ੍ਹੀ ਪ੍ਰਚਲਿਤ ਹੈ, ਪੂਰਨ ਭਗਤ ਅਤੇ ਯੂਸਫ਼ ਦੋਹਾਂ ਨੂੰ ਖੂਹ ਵਿਚ ਸੁਟਿਆ ਗਿਆ ਅਤੇ ਦੋਵੇਂ ਹੀ ਬਿਲਕੁਲ ਠੀਕ ਬਾਹਰ ਕੱਢ ਲਏ ਗਏ। 'ਪ੍ਰਾਣ ਸੰਗਲੀ' ਵਿਚ ਗੁਰੂ ਨਾਨਕ ਦੇਵ ਜੀ ਦੇ ਪੁੱਜਣ ਉਪਰੰਤ ਬਾਗ ਦੇ ਹਰੇ ਹੋ ਜਾਣ ਦਾ ਜ਼ਿਕਰ ਹੈ। ਇਹ ਘਟਨਾ ਗੋਰਖ ਨਾਥ ਤੇ ਪੂਰਨ ਭਗਤ ਨਾਲ ਵੀ ਸੰਬੰਧਿਤ ਹੈ।

ਮੱਧਕਾਲ ਦਾ ਸਾਰਾ ਕਥਾ-ਸਾਹਿਤ ਕਥਾਨਕ ਰੂੜ੍ਹੀਆਂ ਨਾਲ ਓਤਪੋਤ ਹੈ ਅਤੇ ਕਈ ਥਾਈਂ ਤਾਂ ਕਿਸੇ ਲੋਕ ਕਹਾਣੀ ਦੀ ਪੂਰਨ ਸਿਰਜਣਾ ਹੀ ਕੀਤੀ ਗਈ ਹੈ। ਜਿਵੇਂ ਹੀਰ ਰਾਂਝਾ, ਸੱਸੀ ਪੁਨੂੰ, ਸੋਹਣੀ ਮਹੀਂਵਾਲ ਆਦਿ ਲੋਕ ਕਹਾਣੀਆਂ ਵਿਚ। ਹਰ ਲੋਕ ਕਥਾ ਇਸ ਤਰ੍ਹਾਂ ਦੀਆਂ ਰੂੜ੍ਹੀਆਂ ਦੇ ਮਿਸ਼ਰਣ ਤੋਂ ਹੋਂਦ ਵਿਚ ਆਉਂਦੀ ਹੈ।

4. ਪਾਤਰ

ਲੋਕ ਕਹਾਣੀਆਂ ਦੇ ਪਾਤਰ ਵੀ ਵੰਨ ਸਵੰਨੇ ਹੁੰਦੇ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਲੌਕਿਕ ਅਤੇ ਪਾਰਲੌਕਿਕ ਦੋਹਾਂ ਤਰ੍ਹਾਂ ਦੇ ਹੁੰਦੇ ਹਨ। ਇਨ੍ਹਾਂ ਵਿਚ ਜੀਅ ਜੰਤ ਪਸ਼ੂ ਪੰਛੀ, ਅੱਗ, ਪਾਣੀਂ, ਹਵਾ, ਪਰੀਆਂ, ਡੈਣਾਂ, ਚੁੜੇਲਾਂ, ਭੂਤ, ਦੈਂਤ, ਦੇਵਤੇ, ਪਹਾੜ, ਸਮੁੰਦਰ, ਬ੍ਰਿਛ ਆਦਿ ਪਾਤਰਾਂ ਦੇ ਰੂਪ ਵਿਚ ਵਿਚਰਦੇ ਹਨ। ਇਹ ਸਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸਮ ਦੇ ਪਾਤਰ ਗੱਲਾਂ ਕਰਦੇ ਹਨ। ਲੋਕ ਕਹਾਣੀਆਂ ਵਿਚ ਬ੍ਰਿਛ ਅਤੇ ਜਾਨਵਰ ਪਸ਼ੂ ਵੀ ਗੱਲਾਂ ਕਰਦੇ ਦਿਖਾਏ ਗਏ ਹਨ।

5. ਘਟਨਾਵਾਂ

ਇਨ੍ਹਾਂ ਕਹਾਣੀਆਂ ਵਿਚ ਹਰ ਅਸੰਭਵ ਘਟਨਾ ਵਾਪਰ ਸਕਦੀ ਹੈ। ਇਥੇ ਕੋਈ ਗੱਲ ਵੀ ਅਸੰਭਵ ਨਹੀਂ ਹੈ ਜਿਵੇਂ ਪੂਰਨ ਨੂੰ ਕੱਟ ਕੇ ਖੂਹ ਵਿਚ ਸੁੱਟਣਾ ਅਤੇ ਗੋਰਖ ਨਾਥ ਦਾ ਉਸ ਨੂੰ ਕੱਚੇ ਧਾਗੇ ਨਾਲ ਬਾਹਰ ਕੱਢਣਾ, ਇਨ੍ਹਾਂ ਕਹਾਣੀਆਂ ਵਿਚ ਅਸੰਭਵ ਨਹੀਂ ਹੈ। ਪੰਜ ਪੀਰਾਂ ਦਾ ਸ਼ਹਿਰ ਨੂੰ ਅੱਗ ਲਾਉਣਾ ਅਤੇ ਹੀਰ ਰਾਂਝੇ ਨੂੰ ਵਾਪਸ ਕਰਾਉਣ ਦੀ ਘਟਨਾ, ਬਸੰਤ ਦਾ ਸਮੁੰਦਰ ਵਿਚ ਡਿੱਗਣਾ,. ਮਗਰਮੱਛ ਦੇ ਮੂੰਹ ਵਿਚੋਂ ਜੀਵਤ ਨਿਕਲਣਾ ਇਨ੍ਹਾਂ ਕਹਾਣੀਆਂ ਵਿਚ ਅਸੰਭਵ ਨਹੀਂ ਹੈ। ਲੋਕ ਕਹਾਣੀਆਂ ਦੀਆਂ ਘਟਨਾਵਾਂ ਲੋਕ ਅਤੇ ਪਰਲੋਕ ਵਿਚ ਵਾਪਰਦੀਆਂ ਦਿਖਾਈਆਂ ਜਾਂਦੀਆਂ ਹਨ ਜੋ ਲੋਕ ਮਨ ਦੀ ਦ੍ਰਿਸ਼ਟੀ ਤੋਂ ਅਸੰਭਵ ਨਹੀਂ ਹਨ।

6. ਕਥਾਕਾਰ

ਲੋਕ ਕਹਾਣੀਆਂ ਜੋ ਪੀੜ੍ਹੀਓ ਪੀੜ੍ਹੀ ਅਗੇ ਚੱਲ ਰਹੀਆਂ ਹਨ, ਇਸ ਦਾ ਸਿਹਰਾ ਕਥਾਕਾਰ ਦੇ ਸਿਰ ਹੈ, ਜੋ ਕਹਾਣੀ ਨੂੰ ਅਜੇਹੇ ਰੌਚਿਕ ਢੰਗ ਨਾਲ ਸੁਣਾਉਂਦਾ ਹੈ ਕਿ ਸੁਣਨ ਵਾਲਾ ਸਰੋਤਾ ਉਸਨੂੰ ਨਾਲ ਨਾਲ ਕੰਠ ਕਰੀ ਜਾ ਰਿਹਾ ਹੈ। ਵਣਜਾਰਾ ਬੇਦੀ ਅਜੇਹੇ ਨਿਪੁੰਨ ਕਥਾਕਾਰ ਬਾਰੇ ਦੱਸਦੇ ਹਨ ਕਿ ਬਜ਼ੁਰਗ ਜਦੋਂ ਬੱਚਿਆਂ ਨੂੰ ਕਹਾਣੀਆਂ ਸੁਣਾ ਰਹੇ ਹੁੰਦੇ ਹਨ ਤਾਂ ਉਨ੍ਹਾਂ ਦੇ ਚਿਹਰੇ ਉਤੇ ਇਕ ਅਲੌਕਿਕ ਜਿਹੀ ਮਾਨਸਿਕ ਆਭਾ ਖਿੰਡ ਜਾਂਦੀ ਹੈ ਅਤੇ ਅੱਖਾਂ ਚਮਕ ਉਠਦੀਆਂ ਹਨ, ਉਹ ਇਕ ਅਜੀਬ ਜਿਹੀ ਮਾਨਸਿਕ ਖੁਸ਼ੀ ਅਨੁਭਵ ਕਰਦੇ ਹਨ। ਕਹਾਣੀ ਸੁਣਾਉਣਾ ਇਕ ਅਧਿਆਤਮਕ ਸਾਧਨਾ ਰਹੀ ਹੈ। ਕਹਿੰਦੇ ਹਨ, ਕਹਾਣੀਆਂ ਸੁਣਾਉਣ ਵਾਲਾ ਯੁਗਾਂ ਨਾਲ ਨਾਤਾ ਜੋੜ ਲੈਂਦਾ ਹੈ। ਉਸ ਦੀ ਬਾਤ ਜੋ ਅਗੇ ਚਲਦੀ ਜਾਂਦੀ ਹੈ। ਹਰੇਕ ਪਿੰਡ ਵਿਚ ਕੁਝ ਸੁਗੜ ਕਥਾਕਾਰ ਮਿਲ ਜਾਂਦੇ ਹਨ, ਜੋ ਕਹਾਣੀ ਨੂੰ ਬੜੇ ਨਾਟਕੀ ਅੰਦਾਜ਼ ਨਾਲ ਰੌਚਿਕ ਬਣਾ ਕੇ ਸੁਣਾਉਂਦੇ ਹਨ। ਸਰੋਤਿਆਂ ਉਤੇ ਜਾਦੂ ਧੂੜਿਆ ਜਾਂਦਾ ਹੈ, ਜਿਵੇਂ ਉਹ ਕਿਸੇ ਪਰੀ-ਦੇਸ਼ ਵਿਚ ਜਾ ਉਤਰੇ ਹੋਣ।''[37] ਬਹੁਤ ਸਾਰੇ ਕਥਾਕਾਰਾਂ ਨੂੰ ਏਨੀਆਂ ਲੰਮੀਆਂ ਕਹਾਣੀਆਂ ਆਉਂਦੀਆਂ ਹਨ ਕਿ ਰਾਤ ਕਹਾਣੀ ਦੇ ਸਾਹਮਣੇ ਸੁੰਗੜ ਕੇ ਛੋਟੀ ਲੱਗਣ ਲਗਦੀ ਹੈ। ਇਨ੍ਹਾਂ ਕਹਾਣੀਆਂ ਦੀਆਂ ਘਟਨਾਵਾਂ ਉਹ ਕੜੀ ਦੀ ਤਰ੍ਹਾਂ ਜੋੜ ਦਿੰਦੇ ਹਨ। ਇਸ ਤਰ੍ਹਾਂ ਲੋਕ ਕਹਾਣੀਆਂ ਨੂੰ ਮੂੰਹੋਂ ਮੂੰਹੀਂ ਅੱਗੇ ਪਹੁੰਚਾਉਣ ਵਿਚ ਕਥਾਕਾਰ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ।

7. ਉਪਯੋਗਤਾ

ਲੋਕ ਕਹਾਣੀ ਰਚਨ ਦਾ ਉਪਯੋਗ ਕੀ ਹੈ? ਇਹ ਆਮ ਕਿਹਾ ਜਾਂਦਾ ਹੈ ਕਿ ਇਨ੍ਹਾਂ ਦਾ ਮੂਲ ਮਨੋਰਥ ਲੋਕ ਸਮੂਹ ਦਾ ਮਨ ਪਰਚਾਵਾ ਕਰਨਾ ਹੈ, ਪਰ ਅਜੇਹੀ ਗੱਲ ਕਹਿਣੀ ਕੁਝ ਇਕ ਕਹਾਣੀਆਂ ਤੇ ਤਾਂ ਢੁੱਕ ਸਕਦੀ ਹੈ, ਸਮੁੱਚੀ ਲੋਕ ਕਹਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਪਰ ਨਹੀਂ। ਵਣਜਾਰਾ ਬੇਦੀ ਉਪਰੋਕਤ ਤੱਥ ਨੂੰ ਇਨ੍ਹਾਂ ਗੱਲਾਂ ਕਾਰਨ ਰੱਦ ਕਰਦੇ ਹਨ ਕਿ, ''ਲੋਕ ਕਹਾਣੀਆਂ ਦੇ ਵਿਵਿਧ ਰੂਪਾਂ ਅਤੇ ਵੰਨਗੀਆਂ ਨੂੰ ਮੁੱਖ ਰਖਿਆਂ, ਇਹ ਗੱਲ ਉਸੇ ਤਰ੍ਹਾਂ ਅਰਥ ਹੀਨ ਹੋ ਜਾਂਦੀ ਹੈ, ਜਿਵੇਂ ਇਹ ਕਿਹਾ ਜਾਏ ਕਿ ਨਿੱਕੀ ਕਹਾਣੀ ਜਾਂ ਨਾਵਲ ਦਾ ਉਦੇਸ਼ ਮਨੋਰੰਜਨ ਹੈ। ਸਾਹਿਤ ਦਾ ਮੂਲ ਉਦੇਸ਼ ਮਨੋਰੰਜਨ ਨਹੀਂ ਜੀਵਨ ਦੀਆਂ ਹਕੀਕਤਾਂ ਤੋਂ ਜਾਣੂ ਕਰਵਾ ਕੇ ਮਨੁੱਖ ਨੂੰ ਨਵੀਂ ਸੋਝੀ ਦੇਣਾ ਜਾਂ ਮਨੁੱਖ ਦੇ ਅੰਦਰ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਵਿਚ ਉਸ ਦੀ ਅਗਵਾਈ ਕਰਨਾ ਹੈ। ਇਹੋ ਮਨੋਰਥ ਬਾਤਾਂ ਦਾ ਹੈ।''[38] ਨੀਤੀ ਕਥਾਵਾਂ ਸਪੱਸ਼ਟ ਰੂਪ ਵਿਚ ਸਿੱਖਿਆ ਅਤੇ ਸਾਡੇ ਗਿਆਨ ਨੂੰ ਵਧਾਉਂਦੀਆਂ ਹਨ। ਧਾਰਮਿਕ ਕਥਾਵਾਂ ਦਾ ਉਦੇਸ਼ ਧਾਰਮਿਕ ਭਾਵਨਾ ਅਤੇ ਸਦਾਚਾਰਕ ਕੀਮਤਾਂ ਨੂੰ ਉਜਾਗਰ ਕਰਨਾ ਹੈ। ਦੇਵ ਕਥਾਵਾਂ ਦੇਵ ਪੂਜਾ ਵਿਚ ਸ਼ਰਧਾ ਪੈਦਾ ਕਰਦੀਆਂ ਹਨ। ਵੱਖੋ ਵੱਖ ਕਹਾਣੀਆਂ ਦੀ ਵੱਖੋ ਵੱਖ ਉਪਯੋਗਤਾ ਅਤੇ ਮਨੋਰਥ ਹੈ। ਲੋਕ ਕਹਾਣੀਆਂ ਜੀਵਨ ਦੀਆਂ ਚੇਸ਼ਟਾਵਾਂ, ਸਧਰਾਂ ਅਤੇ ਹਕੀਕਤਾਂ ਦਾ ਬ੍ਰਿਤਾਂਤ ਹਨ। ਇਹ ਸਾਨੂੰ ਸਤਈ ਜ਼ਿੰਦਗੀ ਤੋਂ ਧੁਰ ਤਹਿ ਤਕ ਲਿਜਾ ਕੇ ਜੀਵਨ ਦੇ ਅੰਦਰ ਦੇ ਸਾਰੇ ਪ੍ਰਵਾਹ ਦੇ ਪਾਰਦਰਸ਼ੀ ਦੀਦਾਰੇ ਕਰਵਾਉਂਦੀਆਂ ਹਨ, ਇਹ ਸਰੀਰ ਦੇ ਅੰਦਰ ਵਸਦੇ ਮਨ, ਕਲਪਨਾ ਅਤੇ ਆਤਮਾ ਦੀਆਂ ਉਡਾਰੀਆਂ ਅਤੇ ਸਾਰੇ ਪਸਾਰੇ ਦੀ ਯਾਤਰਾ ਹਨ।[39]

ਲੋਕ ਕਹਾਣੀਆਂ ਦਾ ਵਰਗੀਕਰਣ

ਲੋਕ ਕਹਾਣੀਆਂ ਅਨੇਕਾਂ ਰੂਪਾਂ ਤੇ ਸ਼ੈਲੀਆਂ ਵਿਚ ਮਿਲਦੀਆਂ ਹਨ। ਇਨ੍ਹਾਂ ਦਾ ਵਿਸ਼ੈ ਖੇਤਰ ਵੀ ਵਿਸ਼ਾਲ ਹੈ ਇਸ ਕਾਰਨ ਇਨ੍ਹਾਂ ਦੇ ਵਰਗੀਕਰਣ ਬਾਰੇ ਵਿਦਵਾਨ ਇਕ ਮੱਤ ਨਹੀਂ ਹਨ। ਇਨਸਾਈਕਲੋਪੀਡੀਆ ਬ੍ਰਿਟੇਨਕਾਂ ਵਿਚ ਇਸ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ: ਦੇਵ ਕਥਾ, ਦੰਦ ਕਥਾਵਾਂ ਅਤੇ ਲੋਕ ਕਹਾਣੀਆਂ।[40] ਸੋਫੀਆ ਬਰਨ ਨੇ ਲੋਕ ਕਹਾਣੀਆਂ ਦੇ ਸੱਤਰ ਰੂਪਾਂ ਦਾ ਵਰਣਨ ਕੀਤਾ ਹੈ।[41] ਵਣਜਾਰਾ ਬੇਦੀ[42] ਨੇ ਪੰਜਾਬੀ ਵਿਚ 25 ਪ੍ਰਕਾਰ ਦੀਆਂ ਲੋਕ ਕਹਾਣੀਆਂ ਦਾ ਵਰਣਨ ਕੀਤਾ ਹੈ। ਕਰਨੈਲ ਸਿੰਘ ਥਿੰਦ[43] ਨੇ ਆਪਣੇ ਸ਼ੋਧ-ਪ੍ਰਬੰਧ ਵਿਚ ਇਨ੍ਹਾਂ ਨੂੰ ਅੱਠ ਭਾਗਾਂ ਵਿਚ ਵੰਡਿਆ ਹੈ। ਅਸੀਂ ਕੁਝ ਪ੍ਰਸਿੱਧ ਲੋਕ ਕਹਾਣੀਆਂ ਦੀਆਂ ਵੰਨਗੀਆਂ ਦੀ ਚਰਚਾ ਕਰਦੇ ਹਾਂ:

1. ਦੇਵ ਕਥਾਵਾਂ

ਲੋਕ ਕਹਾਣੀ ਦਾ ਸਭ ਤੋਂ ਪ੍ਰਾਚੀਨ ਰੂਪ ਦੇਵ ਕਥਾਵਾਂ ਹਨ, ਜੋ ਪ੍ਰਾਕ੍ਰਿਤਕ ਸ਼ਕਤੀਆਂ ਬਾਰੇ, ਮਨੁੱਖ ਦੇ ਕਥਾ ਵਿਚ ਢਲੇ ਆਦਿਮ ਅਨੁਭਵ ਹਨ। ਇਨ੍ਹਾਂ ਕਥਾਵਾਂ ਵਿਚ ਬਾਲਾਂ ਵਾਲੀ ਬੌਧਿਕ ਪੱਧਰ ਉਤੇ, ਵਿਸ਼ਵ ਦੇ ਰਹੱਸਾਂ ਨੂੰ ਸਮਝਣ ਤੇ ਖੋਲ੍ਹਣ ਦੇ ਯਤਨ ਹਨ।[44] ਕੁਝ ਦੇਵ ਕਥਾਵਾਂ ਵਿਚ ਸਾਧਾਰਨ ਜਨਤਾ ਦੇ ਮਨ ਅੰਦਰ ਪਰਮਾਤਮਾ, ਮਨੁੱਖ, ਬ੍ਰਹਿਮੰਡ ਅਤੇ ਪ੍ਰਕ੍ਰਿਤੀ ਨਾਲ ਜੁੜੇ ਹੋਏ ਅਨੇਕਾਂ ਸ਼ੰਕਿਆਂ ਤੇ ਰਹੱਸਾਂ ਦਾ ਮਾਨਵੀ ਸਪਸ਼ਟੀਕਰਣ ਦਿਸ ਆਉਂਦਾ ਹੈ। ਇਨ੍ਹਾਂ ਦੀ ਸਿਰਜਨਾ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮੇਂ ਕੀਤੀ ਗਈ। ਜਦੋਂ ਮਨੁੱਖ ਜੰਗਲੀ ਜੀਵਨ ਬਤੀਤ ਕਰ ਰਿਹਾ ਸੀ। ਉਸ ਲਈ ਅੱਗ, ਹਵਾ, ਸੂਰਜ, ਚੰਦ ਆਦਿ ਬਹੁਤ ਸ਼ਕਤੀਸ਼ਾਲੀ ਸਨ। ਕੁਦਰਤ ਦੀਆਂ ਇਨ੍ਹਾਂ ਸ਼ਕਤੀਆਂ ਨੇ ਦੇਵ ਕਥਾਵਾਂ ਦੇ ਸਿਰਜਨ ਵਿਚ ਕਾਫੀ ਹਿੱਸਾ ਪਾਇਆ। ਉਸ ਸਮੇਂ ਉਹ ਹਰ ਵਸਤੂ ਨੂੰ ਭਾਵੇਂ ਉਹ ਜੜ੍ਹ ਹੋਵੇ ਜਾਂ ਚੇਤਨ ਪ੍ਰਾਣਧਾਰੀ ਮੰਨਦਾ ਸੀ। ਇਸੇ ਲਈ ਇਨ੍ਹਾਂ ਕਥਾਵਾਂ ਵਿਚ ਲੋਕ ਚਿੱਤ ਦੀ ਅਭਿਵਿਅਕਤੀ ਪੂਰੀ ਤਰ੍ਹਾਂ ਕੀਤੀ ਗਈ ਹੈ। ਜਿਵੇਂ ਧਰਤੀ ਦਾ ਬਲਦ ਦੇ ਸਿੰਗਾਂ ਤੇ ਖੜੇ ਹੋਣਾ, ਚੀਚੀ ਨਾਲ ਪਹਾੜ ਚੁੱਕ ਲੈਣਾ, ਸੰਜੀਵਨੀ ਬੂਟੀ ਨਾਲ ਮਰੇ ਹੋਏ ਵਿਅਕਤੀ ਨੂੰ ਜੀਉਂਦਾ ਕਰਨਾ ਆਦਿ। ਇਹ ਕਥਾਵਾਂ ਧਰਮ ਜਿੰਨੀਆਂ ਹੀ ਪੁਰਾਣੀਆਂ ਹਨ। ਦੇਵ ਕਥਾਵਾਂ ਲੋਕ ਸੰਸਕ੍ਰਿਤੀ ਦਾ ਇਕ ਵਿਸ਼ੇਸ਼ ਅੰਗ ਹਨ। ਸਾਰੇ ਸੰਸਾਰ ਦੇ ਸਾਹਿਤਕਾਰ ਸਮੇਂ ਸਮੇਂ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਜਿਵੇਂ ਹੋਮਰ, ਕਾਲੀਦਾਸ, ਪਲੈਟੋ, ਮਹਾਤਮਾ ਬੁੱਧ, ਈਸਾ ਅਤੇ ਗੁਰੂ ਨਾਨਕ ਦੇਵ ਜੀ। ਪੰਜਾਬੀ ਸਾਹਿਤ ਦੀ ਸਿਰਜਨਾਂ ਵਿਚ ਵੀ ਇਨ੍ਹਾਂ ਦੇਵ ਕਥਾਵਾਂ ਦਾ ਮਹਾਨ ਯੋਗਦਾਨ ਹੈ। ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਰਚਿਤ ਧਾਰਮਿਕ ਸਾਹਿਤ, ਕਿੱਸਾ ਕਾਵਿ, ਬੀਰ ਕਾਵਿ, ਸੂਫ਼ੀ ਕਾਵਿ ਆਦਿ ਰਚਨਾਵਾਂ ਵਿਚ ਦੇਵ ਕਥਾਵਾਂ ਦਾ ਪ੍ਰਭਾਵ ਮਿਲਦਾ ਹੈ। ਇਸ ਦਾ ਮੂਲ ਕਾਰਣ ਇਹ ਹੈ ਕਿ ਦੇਵ ਕਥਾਵਾਂ ਲੋਕਾਂ ਦਾ ਦਿਲ ਤੇ ਦਿਮਾਗ ਨੂੰ ਮਲ ਚੁੱਕੀਆਂ ਸਨ ਅਤੇ ਇਨ੍ਹਾਂ ਨਾਲ ਬੜੀ ਤੀਬਰ ਧਰਮ ਭਾਵਨਾ ਜੁੜੀ ਹੋਈ ਸੀ। ਸਾਡੇ ਆਧੁਨਿਕ ਸਾਹਿਤਕਾਰ ਸੰਤ ਸਿੰਘ ਸੇਖੋਂ ਨੇ ਵੀ 'ਕਲਾਕਾਰ' ਨਾਟਕ ਵਿਚ ਇਕ ਦੇਵ ਕਥਾ ਨੂੰ ਨਵੇਂ ਪ੍ਰਸੰਗ ਵਿਚ ਪੇਸ਼ ਕੀਤਾ ਹੈ।

2. ਦੰਤ ਕਥਾਵਾਂ

ਪੰਜਾਬ ਦੀਆਂ ਲੋਕ ਕਹਾਣੀਆਂ ਦਾ ਸਭ ਤੋਂ ਮਨਮੋਹਣਾ, ਅਦਭੁੱਤ ਤੇ ਖ਼ੂਬਸੂਰਤ ਰੂਪ ਦੰਤ ਕਥਾਵਾਂ ਦਾ ਹੈ। ਲੋਕ ਕਹਾਣੀਆਂ ਦੇ ਖੇਤਰ ਵਿਚ ਇਨ੍ਹਾਂ ਦਾ ਨਵੇਕਲਾ ਅਤੇ ਵਿਲੱਖਣ ਸਥਾਨ ਹੈ। ਦੰਦ ਕਥਾਵਾਂ ਲਈ ਵੱਖ ਵੱਖ ਭਾਸ਼ਾਵਾਂ ਵਿਚ ਵੱਖ ਵੱਖ ਨਾਂ ਵਰਤੇ ਗਏ ਹਨ। ਪਾਲੀ ਵਿਚ ਅਵਦਾਨ ਸ਼ਬਦ ਦਾ ਪ੍ਰਯੋਗ ਕੀਤਾ ਹੈ। ਅੰਗਰੇਜ਼ੀ ਵਾਲੇ ਲੀਜੰਿਡ ਸ਼ਬਦ ਦੀ ਵਰਤੋਂ ਕਰਦੇ ਹਨ। ਪੰਜਾਬੀ ਭਾਸ਼ਾ ਵਿਚ ਦੰਦ ਕਥਾਵਾਂ ਸ਼ਬਦ ਵਰਤਿਆ ਮਿਲਦਾ ਹੈ। ''ਦੰਤ ਕਥਾਵਾਂ ਦੀ ਪਰਿਭਾਸ਼ਾ ਕਰਦੇ ਹੋਏ ਵਣਜਾਰਾ ਬੇਦੀ ਲਿਖਦੇ ਹਨ ਕਿ 'ਦੰਤ ਕਥਾ ਦਾ ਸ਼ਾਬਦਿਕ ਅਰਥ ਹੈ ਉਹ ਸੁਣੀ ਸੁਣਾਈ ਗੱਲ, ਜੋ ਲੋਕ ਚਰਚਾ ਦਾ ਵਿਸ਼ਾ ਬਣ ਗਈ ਹੋਵੇ।''[45] ਕ੍ਰਿਸ਼ਨ ਦੇਵ ਉਪਾਧਿਆਇ ਇਸ ਦੀ ਪਰਿਭਾਸ਼ਾ ਅਤੇ ਸਰੂਪ ਬਾਰੇ ਲਿਖਦੇ ਹਨ ਕਿ ਪਰੰਪਰਾਗਤ ਕਥਾਵਾਂ ਵਿਚ ਜਦ ਦੇਵੀ ਦੇਵਤੇ ਦੀ ਥਾਂ ਮਨੁੱਖ ਪ੍ਰਵੇਸ਼ ਕਰਦੇ ਹਨ ਅਤੇ ਪੌਰਾਣਿਕ ਗੁਣਾਂ ਨੂੰ ਨਾਇਕ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਅਵਦਾਨ ਕਥਾ ਹੋਂਦ ਵਿਚ ਆਉਂਦੀ ਹੈ।[46] ਇਨ੍ਹਾਂ ਕਹਾਣੀਆਂ ਵਿਚ ਇਤਿਹਾਸ ਅਤੇ ਮਿਥਹਾਸ ਦਾ ਸੁਮੇਲ ਹੁੰਦਾ ਹੈ। ਜਦੋਂ ਕਦੇ ਕਿਸੇ ਇਤਿਹਾਸਕ ਵਿਅਕਤੀ ਨਾਲ ਉਸ ਦੇ ਸ਼ਰਧਾਲੂ ਸ਼ਰਧਾ ਵਿਚ ਆ ਕੇ ਉਸ ਦੇ ਜੀਵਨ ਨਾਲ ਪੌਰਾਣਿਕ ਕਥਾਵਾਂ ਜੋੜ ਦਿੰਦੇ ਹਨ, ਅਤੇ ਸਮਾਂ ਪਾ ਕੇ ਉਸ ਵਿਚੋਂ ਇਤਿਹਾਸਕਤਾ ਦਾ ਅੰਸ਼ ਲੋਪ ਹੋ ਜਾਂਦਾ ਹੈ ਪਰ ਲੋਕ ਮਨ ਤੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਧਾਰਮਿਕ ਸ਼ਰਧਾ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ। ਲੋਕ ਮਨ ਦਾ ਦੰਤ ਕਥਾਵਾਂ ਦੇ ਸਿਰਜਨ ਵਿਚ ਵਧੇਰੇ ਯੋਗਦਾਨ ਹੈ, ਕਿਉਂਕਿ ਲੋਕ ਮਨ ਕਲਪਨਾ, ਯਥਾਰਥ ਅਤੇ ਇਤਿਹਾਸ ਵਿਚ ਕੋਈ ਅੰਤਰ ਨਹੀਂ ਮਿਥਦਾ ਹਰ ਦੰਤ ਕਥਾ ਕਿਸੇ ਤੱਥ ਤੋਂ ਆਪਣੀ ਯਾਤਰਾ ਸ਼ੁਰੂ ਕਰਦੀ ਹੈ। ਇਹ ਤੱਥ ਭਾਵੇਂ ਸਥਾਨ ਦਾ ਹੋਵੇ ਭਾਵੇਂ ਸਮੇਂ ਜਾਂ ਘਟਨਾ ਦਾ ਅਤੇ ਭਾਵੇਂ ਵਿਅਕਤੀ ਦਾ। ਦੰਦ ਕਥਾਵਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਇਤਿਹਾਸ ਵੱਲ ਮੁੱਖ ਕਰਕੇ ਤੁਰਦੀਆਂ ਹਨ। ਕੁਝ ਸਮੇਂ ਤੋਂ ਬਾਅਦ ਦੰਤ ਕਥਾਵਾਂ ਇਤਿਹਾਸ ਵਿਚ ਮਿਲਾਵੰਟ ਕਰਦੀਆਂ ਹਨ। ਇਨ੍ਹਾਂ ਦੇ ਕਲਪਿਤ ਹੋਣ ਬਾਰੇ ਸ਼ੱਕ ਨਹੀਂ ਕੀਤਾ ਜਾ ਸਕਦਾ, ਜਦੋਂ ਤੱਕ ਇਸ ਦਾ ਕੋਈ ਇਤਿਹਾਸਕ ਪ੍ਰਮਾਣ ਨਾ ਮਿਲੇ। ਜੇਕਰ ਕੋਈ ਇਤਿਹਾਸਕ ਸਬੂਤ ਮਿਲ ਵੀ ਜਾਵੇ ਤਾਂ ਵੀ ਦੰਤ ਕਥਾ ਪਰੰਪਰਾ ਦਾ ਹਿੱਸਾ ਬਣੀ ਰਹਿੰਦੀ ਹੈ ਅਤੇ ਲੋਕ ਇਤਿਹਾਸ ਦੇ ਰੂਪ ਵਿਚ ਜੀਊਂਦੀ ਰਹਿ ਸਕਦੀ ਹੈ।

ਦੰਦ ਕਥਾਵਾਂ ਨੂੰ ਅਸੀਂ ਕਈ ਵਰਗਾਂ ਵਿਚ ਵੰਡ ਸਕਦੇ ਹਾਂ। ਪਹਿਲੀਆਂ ਦੰਤ ਕਥਾਵਾਂ ਜੋਗ ਮੱਤ ਮਾਲ ਸੰਬੰਧਿਤ ਹਨ। ਇਹ ਕਥਾਵਾਂ ਗੋਰਖ, ਮਛੰਦਰ, ਪੂਰਨ ਭਗਤ, ਗੋਪੀ ਚੰਦ, ਭਰਥਰੀ ਹਰੀ ਆਦਿ ਨਾਥਾਂ ਅਤੇ ਜੋਗੀਆਂ ਨਾਲ ਸੰਬੰਧਿਤ ਹਨ। ਇਨ੍ਹਾਂ ਕਥਾਵਾਂ ਵਿਚ ਮੋਹ, ਮਾਇਆ ਅਤੇ ਇਸਤਰੀ ਦੇ ਤਿਆਗ ਦੀ ਭਾਵਨਾ ਪ੍ਰਬਲ ਹੈ। ਦੂਜਾ ਦੌਰ ਪੀਰ ਫਕੀਰਾਂ ਦੀਆਂ ਦੰਤ ਕਥਾਵਾਂ ਦਾ ਹੈ ਜਿਸ ਦਾ ਆਰੰਭ ਸੂਫ਼ੀ ਫਕੀਰਾਂ ਦੇ ਪੰਜਾਬ ਵਿਚ ਆਉਣ ਨਾਲ ਬੱਝਿਆ। ਪੰਜਾਬ ਵਿਚ ਅਜੇਹੇ ਲੱਖਾਂ ਪੀਰਾਂ ਫਕੀਰਾਂ ਦੇ ਮਜ਼ਾਰ ਤੇ ਕਬਰਾਂ ਸਥਾਪਤ ਹਨ, ਜਿਨ੍ਹਾਂ ਨਾਲ ਲੱਖਾਂ ਹੀ ਦੰਤ ਕਥਾਵਾਂ ਪ੍ਰਚਲਿਤ ਹਨ। ਇਹ ਕਥਾਵਾਂ ਪੀਰਾਂ ਫਕੀਰਾਂ ਨੂੰ ਅਲੌਕਿਕ ਤੇ ਕਰਾਮਾਤੀ ਨਾਇਕ ਬਣਾਉਂਦੀਆਂ ਹਨ। ਇਨ੍ਹਾਂ ਵਿਚ ਇਨ੍ਹਾਂ ਦੇ ਸ਼ਰਧਾਲੂਆਂ ਦੀ ਅਥਾਹ ਸ਼ਰਧਾ ਹੈ। ਪੰਜਾਬ ਵਿਚ ਇਸ ਤਰ੍ਹਾਂ ਦੀਆਂ ਕਥਾਵਾਂ ਪ੍ਰਚਲਿਤ ਹਨ, ਜਿਵੇਂ ਸਖੀ ਸਰਵਰ, ਗੁਗਾ ਪੀਰ, ਨੌਗੱਜੇ ਆਦਿ ਦੀਆਂ ਦੰਤ ਕਥਾਵਾਂ। ਤੀਜੇ ਦੌਰ ਦੀਆਂ ਦੰਤ ਕਥਾਵਾਂ ਗੁਰੂਆਂ ਅਤੇ ਭਗਤਾਂ ਨਾਲ ਸੰਬੰਧਿਤ ਹਨ। ਅਜੇਹੀਆਂ ਦੰਤ ਕਥਾਵਾਂ ਭਗਤ ਕਬੀਰ, ਰਵਿਦਾਸ, ਗੁਰੂ ਨਾਨਕ ਅਤੇ ਹੋਰ ਸ਼ਹੀਦਾਂ ਆਦਿ ਨਾਲ ਸੰਬੰਧਿਤ ਹਨ। ਇਨ੍ਹਾਂ ਦੰਤ ਕਥਾਵਾਂ ਵਿਚ ਜੀਵਨ-ਰਹੱਸ ਨੂੰ ਸਮਝਣ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਨ ਉਤੇ ਜ਼ੋਰ ਹੈ।

ਪੰਜਾਬ ਦੀਆਂ ਦੰਤ ਕਥਾਵਾਂ ਦੀ ਦੂਜੀ ਸ਼੍ਰੇਣੀ ਪ੍ਰੀਤ ਕਥਾਵਾਂ ਦੀ ਹੈ। ਵਣਜਾਰਾ ਬੇਦੀ ਇਨ੍ਹਾਂ ਪ੍ਰੀਤ ਕਥਾਵਾਂ ਦੀ ਮਹੱਤਾ ਦਾ ਵਰਣਨ ਕਰਦੇ ਲਿਖਦੇ ਹਨ, ''ਇਨ੍ਹਾਂ ਦੰਤ ਕਥਾਵਾਂ ਨੂੰ ਪੰਜਾਬੀਆਂ ਨੇ ਆਪਣੇ ਖ਼ੂਨ ਨਾਲ ਪਾਲਿਆ ਅਤੇ ਪ੍ਰਾਣਾਂ ਨਾਲੋਂ ਵੱਧ ਸੰਭਾਲ ਕੇ ਰੱਖਿਆ ਹੈ। ਇਹੋ ਕਥਾਵਾਂ ਉਨ੍ਹਾਂ ਦਾ ਗੌਰਵ ਹਨ ਤੇ ਇਹੋ ਉਨ੍ਹਾਂ ਦਾ ਮਾਨ, ਇਹੋ ਉਨ੍ਹਾਂ ਦੀ ਲੋਚਾ ਤੇ ਇਹੋ ਉਨ੍ਹਾਂ ਦੀ ਤਾਂਘ।''[47]

ਪੰਜਾਬ ਦੇ ਨੌਜਵਾਨ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਨੂੰ ਦਿਲੋਂ ਪਿਆਰ ਕਰਦੇ ਹਨ। ਇਨ੍ਹਾਂ ਦੀਆਂ ਪ੍ਰੀਤ ਕਥਾਵਾਂ ਉਨ੍ਹਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੀਆਂ ਪ੍ਰੀਤ ਕਥਾਵਾਂ ਲੋਕਾਈਆਂ ਹਨ। ਹਰ ਪੰਜਾਬੀ ਗੱਭਰੂ ਮਿਰਜ਼ੇ, ਰਾਂਝੇ, ਮਹੀਂਵਾਲ ਵਾਂਗ ਪਿਆਰ ਕਰਨਾ ਚਾਹੁੰਦਾ ਹੈ ਅਤੇ ਉਸੇ ਦੀ ਹੋਣੀ ਨੂੰ ਭੋਗਣਾ ਚਾਹੁੰਦਾ ਹੈ ਅਤੇ ਹਰ ਮੁਟਿਆਰ ਸੱਸੀ, ਸੋਹਣੀ ਅਤੇ ਹੀਰ ਬਣਨਾ ਲੋਚਦੀ ਹੈ। ਇਹੋ ਕਾਰਨ ਹੈ ਕਿ ਲੋਕ ਇਨ੍ਹਾਂ ਨੂੰ ਇਤਿਹਾਸਕ ਯਥਾਰਥ ਮੰਨਦੇ ਹਨ, ਭਾਵੇਂ ਇਨ੍ਹਾਂ ਕਥਾਵਾਂ ਦਾ ਵਿਰਸਾ ਪੌਰਾਣਿਕ ਹੈ। ਜੇ ਅਸੀਂ ਆਪਣੇ ਪੌਰਾਣਿਕ ਵਿਰਸੇ ਨੂੰ ਵਾਚੀਏ ਤਾਂ ਇਨ੍ਹਾਂ ਪ੍ਰੀਤ ਕਥਾਵਾਂ ਦੀ ਨੁਹਾਰ ਉਨ੍ਹਾਂ ਵਿਚ ਆਪਣੇ ਪੂਰੇ ਨੈਣ ਨਕਸ਼ਾਂ ਸਮੇਤ ਪਛਾਣੀ ਜਾ ਸਕਦੀ ਹੈ। 'ਕਥਾਂ ਸਰਿਤ ਸਾਗਰ' ਵਿਚੋਂ ਇਨ੍ਹਾਂ ਕਥਾਵਾਂ ਦੀਆਂ ਕਥਾਨਿਕ ਰੂੜ੍ਹੀਆਂ ਲੱਭੀਆਂ ਜਾ ਸਕਦੀਆਂ ਹਨ।

ਤੀਜੀ ਸ਼੍ਰੇਣੀ ਸਾਹਸ ਦੀਆਂ ਦੰਤ ਕਥਾਵਾਂ ਦੀ ਹੈ, ਜਿਨ੍ਹਾਂ ਦੀ ਪ੍ਰਤੀਨਿਧਤਾ ਪ੍ਰਾਚੀਨ ਜੁੱਗ ਵਿਚ ਸਲਵਾਨ ਤੇ ਰਾਜਾ ਰਸਾਲੂ ਅਤੇ ਪਿਛਲੇਰੇ ਮੱਧਕਾਲੀਨ ਜੁੱਗ ਵਿਚ ਦੁੱਲਾ ਭੱਟੀ ਕਰਦਾ ਹੈ। ਮੁਗ਼ਲਾ ਦੇ ਪੱਤਨ ਸਮੇਂ ਬਹੁਤ ਸਾਰੇ ਸਿੱਖ, ਲੋਕ ਹਿਤ ਲਈ ਰਾਜ ਸਰਕਾਰ ਨਾਲ ਜੂਝਦੇ ਹੋਏ ਜਾਨ ਵਾਰ ਗਏ, ਜਿਨ੍ਹਾਂ ਦੀਆਂ ਦੰਤ ਕਥਾਵਾਂ ਦਾ 'ਪ੍ਰਸੰਗ' ਜਾਂ ਸ਼ਹੀਦੀਆਂ ਦੇ ਰੂਪ ਵਿਚ ਗਾਇਨ ਹੋਣ ਲੱਗਾ। ਮਨੀ ਸਿੰਘ, ਬੰਦਾ ਬਹਾਦਰ, ਬਾਬਾ ਦੀਪ ਸਿੰਘ ਬਾਰੇ ਅਨੇਕਾਂ ਦੰਤ ਕਥਾਵਾਂ ਜੋੜੀਆਂ ਗਈਆਂ ਹਨ ਜਿਵੇਂ ਬਾਬਾ ਦੀਪ ਸਿੰਘ ਤਲੀ ਤੇ ਸੀਸ ਰੱਖ ਕੇ ਧੜ ਨਾਲ ਹੀ ਅਨੇਕਾਂ ਦੁਸ਼ਮਣਾਂ ਨੂੰ ਮਾਰ ਕੇ ਅੰਮ੍ਰਿਤਸਰ ਪੁੱਜਾ। ਡਾ. ਵਣਜਾਰਾ ਬੇਦੀ ਅਨੁਸਾਰ, ਸਿਰ ਬਗ਼ੈਰ ਧੜ ਨਾਲ ਲੜਨ ਦੀ ਕਥਾ– ਰੂੜ੍ਹੀ ਬੜੀ ਪ੍ਰਾਚੀਨ ਹੈ, ਪੁਰਾਣਾਂ ਵਿਚ ਇਹ ਰੂੜ੍ਹੀ ਕਈ ਰੂਪਾਂ ਵਿਚ ਮਿਲਦੀ ਹੈ।''[48] ਮੁਸਲਮਾਨਾਂ ਦਾ ਨਵ-ਗਾਜ਼ੀ ਸਲਾਰ ਵੀ ਸਿਰ ਤੋਂ ਬਗ਼ੈਰ ਧੜ ਨਾਲ ਹੀ ਵਿਰੋਧੀਆਂ ਨਾਲ ਲੜਿਆ ਸੀ। ਪੰਜਾਬ ਵਿਚ ਅਨੇਕਾਂ ਹੀ ਦੰਤ ਕਥਾਵਾਂ ਮਿਲਦੀਆਂ ਹਨ, ਜੇਕਰ ਉਨ੍ਹਾਂ ਦੀ ਗਿਣਤੀ ਕੀਤੀ ਜਾਵੇ ਤਾਂ ਲੱਖਾਂ ਤਕ ਪਹੁੰਚ ਜਾਂਦੀ ਹੈ।

ਦੰਤ ਕਥਾਵਾਂ ਮਨੁੱਖ ਦੇ ਸਾਹਿਤਕ ਸਭਿਆਚਾਰ ਦਾ ਇਕ ਅਨਿੱਖੜ ਅੰਗ ਹਨ। ਇਤਿਹਾਸਕਤਾ ਨੂੰ ਲਾਂਭੇ ਰੱਖ ਕੇ ਵਿਸ਼ਵਾਸ ਅਤੇ ਪਰੰਪਰਾ ਦੇ ਸਹਾਰੇ ਇਨ੍ਹਾਂ ਕਹਾਣੀਆਂ ਨੇ ਸਾਡੀ ਸੰਸਕ੍ਰਿਤੀ ਨੂੰ ਜੀਵਤ ਰੱਖਿਆ ਹੈ। ਇਹ ਦੰਤ ਕਥਾਵਾਂ ਵਧੇਰੇ ਕਰਕੇ ਉਪਦੇਸ਼ਾਤਮਕ ਹਨ। ਇਨ੍ਹਾਂ ਵਿਚ ਪ੍ਰਭਾਵ ਦੀ ਏਕਤਾ ਹੈ। ਘਟਨਾਵਾਂ ਇਕ ਲੜੀ ਵਿਚ ਪਰੋਈਆਂ ਹੋਈਆਂ ਹਨ। ਅਤੇ ਇਨ੍ਹਾਂ ਦੇ ਵਿਸ਼ੇ ਆਦਰਮਈ ਹਨ। ਇਹ ਇਨ੍ਹਾਂ ਦੇ ਸਾਹਿਤਕ ਰਚਨਾਵਾਂ ਹੋਣ ਦੀ ਵਿਲੱਖਣਤਾ ਹੈ। ਇਨ੍ਹਾਂ ਦੰਤ ਕਥਾਵਾਂ ਨੇ ਸਾਡੇ ਮੱਧਕਾਲੀ ਸਾਹਿਤ ਦੀ ਸਿਰਜਨਾ ਵਿਚ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਦੀ ਸਾਹਿਤਿਕ ਅਤੇ ਸਭਿਆਚਾਰਕ ਮਹਾਨਤਾ ਨੂੰ ਮੁੱਖ ਰੱਖ ਕੇ ਹੀ ਸਰ ਰਿਚਰਡ ਟੈਂਪਲ ਨੇ ਭੱਟਾਂ, ਮਿਰਾਸੀਆਂ ਤੇ ਗਾਇਕਾਂ ਤੋਂ ਸੁਣ ਕੇ ਇਨ੍ਹਾਂ ਨੂੰ ਤਿੰਨ ਜਿਲਦਾਂ ਵਿਚ Legends of The Punjab ਦੇ ਨਾਂ ਹੇਠ ਛਪਾਇਆ ਹੈ। ਪਰ ਬਹੁਤੀਆਂ ਦੰਤ ਕਥਾਵਾਂ ਅਜੇ ਲਿਖਤੀ ਰੂਪ ਵਿਚ ਨਹੀਂ ਆਈਆਂ, ਸਗੋਂ ਮੂੰਹੋਂ ਮੂੰਹੀਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਤੁਰੀਆਂ ਆ ਰਹੀਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਪਰੀ ਕਹਾਣੀਆਂ

ਪਰੀ ਕਹਾਣੀਆਂ ਬੜੀਆਂ ਮਨੋਰੰਜਕ ਅਤੇ ਦਿਲਚਸਪ ਹਨ। ਬੱਚੇ ਇਨ੍ਹਾਂ ਨੂੰ ਬੜੇ ਸ਼ੌਕ ਨਾਲ ਸੁਣਦੇ ਹਨ। ਇਹ ਮਨ ਦੀ ਮੌਜ ਦੀਆਂ ਕਹਾਣੀਆਂ ਹਨ ਜੋ ਸਾਨੂੰ ਪਾਰਲੌਕਿਕ ਜਗਤ ਦੀ ਸੈਰ ਕਰਾਉਂਦੀਆਂ ਹਨ। ਜਿਥੇ ਹਰ ਗੱਲ ਸੰਭਵ ਹੈ। ਕੁਝ ਵੀ ਅਸੰਭਵ ਨਹੀਂ ਹੈ। ਵਣਜਾਰਾ ਬੇਦੀ ਦੇ ਕਥਨ ਅਨੁਸਾਰ ''ਕਿਸੇ ਪਰੀ, ਅਪਛਰਾ, ਦੇਵ ਜਿੰਨ ਆਦਿ ਅਮਾਨਵੀ ਪਾਤਰਾਂ ਨਾਲ ਸੰਬੰਧਿਤ ਪਰੰਪਰਾਗਤ ਬ੍ਰਿਤਾਂਤ ਨੂੰ ਪਰੀ ਕਥਾ ਕਿਹਾ ਜਾਂਦਾ ਹੈ। ਪਰੀ ਸ਼ਬਦ ਫ਼ਾਰਸੀ ਦਾ ਹੈ ਜਿਸ ਦੀ ਵਿਉਂਤਪਤੀ 'ਪਰੀਦਨ' ਤੋਂ ਹੋਈ ਅਤੇ ਇਸ ਦੇ ਸ਼ਾਬਦਿਕ ਅਰਥ ਉਡਣ ਦੇ ਹਨ। ਸਾਮੀ ਲੋਕਧਾਰਾ ਅਨੁਸਾਰ ਪਰੀ ਅਲੌਕਿਕ ਸੁੰਦਰਤਾ ਵਾਲੀ ਉਹ ਯੁਵਤੀ ਹੈ ਜੋ ਆਪਣੇ ਪਰਾਂ ਦੁਆਰਾ ਆਕਾਸ਼ ਵਿਚ ਉਡ ਸਕਦੀ ਹੈ। ਸਾਮੀ ਲੋਕਧਾਰਾ ਵਿਚ ਪਰੀ ਦਾ ਇਹ ਸੰਕਲਪ ਹੂਰ ਦੀ ਸਾਦ੍ਰਿਸ਼ਤਾ ਉਤੇ ਸਿਰਜਿਆ ਗਿਆ।''[49] ਪਰ ਯੂਰਪੀ ਦੇਸ਼ਾਂ ਵਿਚ ਫੇਯਰੀ ਦੀ ਕਲਪਨਾ ਪੁਲਿੰਗ ਰੂਪ ਵਿਚ ਕੀਤੀ ਜਾਂਦੀ ਹੈ ਪਰ ਭਾਰਤ ਦੀ ਅਪਛਰਾ ਅਤੇ ਸਾਮੀ ਲੋਕਧਾਰਾ ਦੀ ਪਰੀ ਇਸਤ੍ਰੀ ਦੇ ਰੂਪ ਵਿਚ ਕਲਪੀ ਗਈ ਹੈ।

ਪਰੀ ਕਹਾਣੀਆਂ ਵਿਚ ਜਾਦੂ ਟੂਣਾ ਅਤੇ ਪਰਾਸਰੀਰਕ ਅੰਸ਼ ਕਾਫੀ ਮਾਤਰਾ ਵਿਚ ਹੁੰਦੇ ਹਨ ਕਿਉਂਕਿ ਇਨ੍ਹਾਂ ਕਹਾਣੀਆਂ ਵਿਚ ਕਲਪਨਾ ਹੈ ਯਥਾਰਥ ਮੰਨ ਲਿਆ ਜਾਂਦਾ ਹੈ। ਇਨ੍ਹਾਂ ਵਿਚ ਆਦਮ ਵਿਸ਼ਵਾਸਾਂ ਤੇ ਰਸਮ ਰਿਵਾਜਾਂ ਦੀਆਂ ਅਨੇਕਾਂ ਰੂੜ੍ਹੀਆਂ ਸਥਾਪਤ ਹਨ। ਇਨ੍ਹਾਂ ਕਥਾਵਾਂ ਵਿਚਲੇ ਨਾਇਕ ਅਨੇਕਾਂ ਮੁਸੀਬਤਾਂ ਝਲਦੇ ਹਨ ਅਤੇ ਪਰਾਸਰੀਰਕ ਸ਼ਕਤੀਆਂ ਦਾ ਮੁਕਾਬਲਾ ਕਰਦੇ ਆਖਰ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਂਦੇ ਹਨ। ਪਰੀ ਸੰਸਾਰ ਨੂੰ ਭਾਵੇਂ ਸਾਮੀ ਲੋਕਧਾਰਾ ਕੋਹਕਾਫ ਵਿਚ ਅਤੇ ਭਾਰਤੀ ਲੋਕਧਾਰਾ ਇੰਦਰ ਲੋਕ ਵਿਚ ਸਥਿਤ ਮੰਨਦੀ ਹੈ ਪਰ ਪਰੀ ਅਸਥਾਨ ਕਿਸੇ ਇਕ ਖੰਡ ਵਿਚ ਨਿਸਚਿਤ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੀਆਂ ਪਰੀ ਕਹਾਣੀਆਂ ਸਾਮੀ, ਭਾਰਤੀ ਅਤੇ ਲੌਕਿਕ ਪਰੰਪਰਾ ਵਿਚੋਂ ਆਈਆਂ ਹਨ। ਸ਼ਬਜ਼ ਪਰੀ, ਲਾਲ-ਪਰੀ, ਅਨਾਰਾਂ ਸ਼ਹਿਜ਼ਾਦੀ, ਵੈਂਗਣ ਸ਼ਹਿਜ਼ਾਦੀ, ਮਿਰਚਾਂ ਸ਼ਹਿਜ਼ਾਦੀ। ਇਹ ਪਰੀਆਂ ਪਸ਼ੂ ਪੰਛੀਆਂ ਦੇ ਰੂਪ ਵਿਚ ਵੀ ਵਿਚਰਦੀਆਂ ਹਨ ਜਿਵੇਂ ਬਾਂਦਰ ਪਰੀ, ਬਿਲੀ ਪਰੀ, ਹੰਸ ਪਰੀ, ਮੋਰਨੀ ਪਰੀ। ਇਸਤ੍ਰੀਆਂ ਦੀ ਅਸਮ ਨਾਲ ਕਾਮ ਤ੍ਰਿਪਤੀ ਦੀ ਚੇਸ਼ਟਾ ਦੀ ਪੂਰਤੀ ਲਈ 'ਸੱਪ ਰਾਜਾ', 'ਕੁੱਤਾ ਰਾਜਾ', 'ਮਗਰਮੱਛ ਰਾਜਾ' ਆਦਿ ਪਰੀ ਕਥਾਵਾਂ ਹਨ। ਕਰਨੈਲ ਸਿੰਘ ਥਿੰਦ ਪਰੀ ਕਥਾਵਾਂ ਦੀ ਮਹੱਤਾ ਦਾ ਵਰਣਨ ਕਰਦੇ ਲਿਖਦੇ ਹਨ ਕਿ ''ਇਹ ਵਿਸ਼ੇਸ਼ ਪ੍ਰਕਾਰ ਦਾ ਲੋਕ ਗਲਪ ਹੈ ਜਿਸ ਦਾ ਇਕੋ ਇਕ ਉਦੇਸ਼ ਜੀਅ ਪਰਚਾਵਾ ਹੈ। ਬੱਚਿਆਂ ਦੇ ਮਨਾਂ ਅੰਦਰ ਇਨ੍ਹਾਂ ਕਹਾਣੀਆਂ ਬਾਰੇ ਖਾਸ ਖਿੱਚ ਹੈ। ਗੁੰਦਵੇ ਪਲਾਟ, ਅਥਾਹ ਕਲਪਨਾ ਅਤੇ ਉਤਸੁਕਤਾ ਭਰਪੂਰ ਘਟਨਾਵਾਂ ਇਨ੍ਹਾਂ ਦੀ ਲੋਕ ਪ੍ਰਿਯਤਾ ਦੇ ਖਾਸ ਅੰਗ ਹਨ।''[50] ਪਰ ਇਹ ਕਥਾਵਾਂ ਦਾ ਨਿਰਾ ਉਦੇਸ਼ ਦਿਲਪਰਚਾਵਾ ਨਹੀਂ ਹੈ।

CC-0. In Public Domain. Gurukul Kangri Collection, Haridwar

Digitized By Arya Samaj Foundation Chennai and eGangotri
ਇਹ ਵਿਅਕਤੀ ਵਿਚ ਸਾਹਸ ਅਤੇ ਉਤਸ਼ਾਹ ਭਰਦੀਆਂ ਹਨ। ਮੱਧਕਾਲ ਵਿਚ ਇਨ੍ਹਾਂ ਕਹਾਣੀਆਂ ਦੀ ਆਪਣੀ ਵਿਸੇਸ਼ ਵਿਲੱਖਣਤਾ ਇਹ ਸੀ ਕਿ ਜੋ ਕੁਦਰਤੀ ਤੇ ਅਦਭੁੱਤ ਸ਼ਕਤੀ ਨੂੰ ਵਿਅਕਤੀ ਅਨੋਖੀਆਂ ਸਮਝਦਾ ਸੀ, ਉਨ੍ਹਾਂ ਸ਼ਕਤੀਆਂ ਨਾਲ ਜੂਝਣ ਦੀ ਪਰੇਰਨਾ ਇਨ੍ਹਾਂ ਕਥਾਵਾਂ ਵਿਚੋਂ ਲੈਂਦਾ ਸੀ। ਇਸ ਲਈ ਥਿੰਦ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਇਨ੍ਹਾਂ ਦਾ ਉਦੇਸ਼ ਸਿਰਫ ਮਨ ਪਰਚਾਵਾ ਸੀ। ਅੱਜ ਵੀ ਇਨ੍ਹਾਂ ਪਰੀ ਕਹਾਣੀਆਂ ਨੂੰ ਬੱਚੇ ਬੜੇ ਸ਼ੌਕ ਨਾਲ ਭਾਵੇਂ ਸੁਣਦੇ ਹਨ ਪਰ ਰੇਡੀਓ, ਟੈਲੀਵੀਜ਼ਨ, ਸਿਨੇਮਾ ਆਦਿ ਨਵੇਂ ਮਨੋਰੰਜਨ ਦੇ ਸਾਧਨਾਂ ਕਾਰਨ ਇਹ ਪਰੀ ਕਹਾਣੀਆਂ ਹੌਲੀ ਹੌਲੀ ਲੋਪ ਹੋ ਰਹੀਆਂ ਹਨ।

4. ਪ੍ਰੇਤ ਕਥਾ

ਵਣਜਾਰਾ ਬੇਦੀ ਪ੍ਰੇਤ ਕਥਾ ਦੇ ਉਦਭਵ ਹੋਣ ਸੰਬੰਧੀ ਲਿਖਦੇ ਹਨ ''ਮਨੁੱਖ ਦੀ ਆਪਣੇ ਨਾਲੋਂ ਵਧੇਰੇ ਬਲਵਾਨ, ਵਿਕਰਾਲ ਅਤੇ ਰਹੱਸਮਈ ਸ਼ਕਤੀਆਂ ਨਾਲ ਜੂਝਣ ਅਤੇ ਉਨ੍ਹਾਂ ਨੂੰ ਪ੍ਰਾਜਿਤ ਕਰਨ ਦੀ ਸਹਿਜ ਭਾਵਨਾ ਵਿਚੋਂ ਪ੍ਰੇਤ ਕਥਾ ਦਾ ਜਨਮ ਹੋਇਆ।[51] ਲੌਕਿਕ ਜਗਤ ਨਾਲੋਂ ਇਕ ਵੱਖਰਾ ਪਾਰਲੌਕਿਕ ਜਗਤ ਹੈ, ਇਸ ਰਹੱਸਮਈ ਜਗਤ ਦੀਆਂ ਚਮਤਕਾਰੀ ਘਟਨਾਵਾਂ ਜੋ ਅਮਾਨਵੀ ਪਾਤਰਾਂ ਭੂਤ, ਜਿੰਨ, ਪ੍ਰੇਤ, ਡੈਣ, ਚੁੜੇਲ ਅਤੇ ਛਲੇਡੇ ਦੁਆਰਾ ਵਾਪਰਦੀਆਂ ਹਨ। ਵਿਗਿਆਨੀ ਮਨ ਇਨ੍ਹਾਂ ਦੀ ਹੋਂਦ ਸਵੀਕਾਰ ਨਹੀਂ ਕਰਦਾ । ਉਨ੍ਹਾਂ ਅਨੁਸਾਰ ਇਹ ਭਰਮ ਜਾਂ ਵਹਿਮ ਹੈ। ਪਰ ਲੋਕ ਮਨ ਇਨ੍ਹਾਂ ਦੀ ਯਥਾਰਥਿਕਤਾ ਨੂੰ ਮੰਨਦਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਪਾਰਲੌਕਿਕ ਤੇ ਲੌਕਿਕ ਸੰਸਾਰ ਸਮਾਨ ਹਨ। ਲੋਕ ਵਿਸ਼ਵਾਸ਼ ਅਨੁਸਾਰ ਇਸ ਜੀਵਨ ਵਿਚ ਜਿਨ੍ਹਾਂ ਲੋਕਾਂ ਦੀਆਂ ਕਾਮਨਾਵਾਂ ਪੂਰੀਆਂ ਨਹੀਂ ਹੁੰਦੀਆਂ ਜਾਂ ਕੋਈ ਦੁਰਘਟਨਾ ਵਿਚ ਮਾਰਿਆ ਜਾਵੇ ਜਾਂ ਖੁਦਕਸ਼ੀ ਕਰ ਲਵੇ ਜਾਂ ਕੋਈ ਜਣੇਪੇ ਸਮੇਂ ਕੋਈ ਇਸਤਰੀ ਮਰ ਜਾਵੇ ਆਦਿ ਵਿਅਕਤੀਆਂ ਦੀਆਂ ਰੂਹਾਂ ਭੂਤ, ਪ੍ਰੇਤ ਤੇ ਚੁੜੇਲਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਨ੍ਹਾਂ ਪਾਸ ਦੈਵੀ ਸ਼ਕਤੀਆਂ ਹੁੰਦੀਆਂ ਹਨ। ਇਹ ਰੂਪ ਪਰਿਵਰਤਨ ਕਰ ਲੈਂਦੇ ਹਨ। ਅਤੇ ਇਹ ਕਿਸੇ ਹੋਰ ਦੀ ਕਾਇਆਂ ਵਿਚ ਪ੍ਰਵੇਸ਼ ਕਰਕੇ ਉਸ ਨੂੰ ਦੁਖ ਤਕਲੀਫ ਦਿੰਦੇ ਹਨ ਜਿਵੇਂ ਛਲੇਡਾ ਅਨੇਕਾਂ ਰੂਪ ਧਾਰਨ ਕਰਕੇ ਮਨੁੱਖ ਨੂੰ ਮੂਰਖ ਬਣਾਉਂਦਾ ਹੈ। ਕਰਨੈਲ ਸਿੰਘ ਥਿੰਦ ਇਨ੍ਹਾਂ ਦੀ ਅਮਾਨਵੀ ਸ਼ਕਤੀ ਦਾ ਵਰਣਨ ਕਰਦੇ ਕਹਿੰਦੇ ਹਨ, ''ਇਨ੍ਹਾਂ ਕਹਾਣੀਆਂ ਵਿਚ ਭਾਵੇਂ ਮਾਨਵੀ ਪਾਤਰਾਂ ਦੀ ਅਣਹੋਂਦ ਹੁੰਦੀ ਹੈ, ਤਾਂ ਵੀ ਇਨ੍ਹਾਂ ਮਾਨਵੀ ਨਾਇਕਾਂ ਵਿਚ ਜਾਦੂ ਅਤੇ ਮੰਤ੍ਰਾਂ ਦੁਆਰਾ ਅਜਿਹੀ ਸ਼ਕਤੀ ਭਰ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਲਈ ਹਵਾ ਵਿਚ ਉਡਣਾ, ਪਾਣੀ ਉਪਰ ਤੁਰਨਾ, ਬਿਜਲੀ ਦੀ ਤਲਵਾਰ ਰਾਹੀਂ ਜਿੰਨਾਂ ਦਾ ਨਾਸ ਕਰਨਾ, ਗੁੰਝਲਦਾਰ ਪ੍ਰਸ਼ਨਾਂ ਦੇ ਉਤਰ ਦੇਣੇ, ਅਸੀਮਤ ਜੰਗਲਾਂ ਅਤੇ ਟਾਪੂਆਂ ਨੂੰ ਪਾਰ ਕਰਨਾ ਅਤੇ ਜਿੰਨ ਦੇ ਕੈਦੀ ਹੁੰਦੇ ਹੋਏ ਉਸ ਦੀ ਲੜਕੀ ਨੂੰ ਭਜਾ ਕੇ ਲੈ ਜਾਣਾ ਆਦਿ ਕੁਝ ਵੀ ਅਸੰਭਵ ਨਹੀਂ ।''[52]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰੇਤ ਕਥਾਵਾਂ ਵਿਚ ਅਥਾਹ ਕਲਪਨਾ ਰੰਮਾਸ ਅਤੇ ਅਦਭੁਤ ਘਟਨਾਵਾਂ ਦੀ ਭਰਮਾਰ ਹੁੰਦੀ ਹੈ। ਇੰਨਾਂ ਕਥਾਵਾਂ ਦੇ ਪਲਾਟ ਗੁੰਝਲਦਾਰ ਅਤੇ ਨਾਇਕ ਆਦਰਸ਼ਵਾਦੀ ਹੁੰਦੇ ਹਨ। ਇਨ੍ਹਾਂ ਦੇ ਪਾਤਰ ਜੰਗਲਾਂ, ਮੜ੍ਹੀ ਮਸਾਣਾਂ ਅਤੇ ਸੁੰਨ ਜਗਾਹ ਤੇ ਰਹਿੰਦੇ ਹਨ।

5. ਪਸ਼ੂ ਕਹਾਣੀਆਂ

ਪਸ਼ੂ ਕਹਾਣੀਆਂ ਲੋਕ ਕਹਾਣੀਆਂ ਦਾ ਸਭ ਤੋਂ ਪ੍ਰਾਚੀਨ ਰੂਪ ਹਨ। ਇਹ ਸੰਸਾਰ ਦੇ ਸਾਰੇ ਦੇਸ਼ਾਂ ਵਿਚ ਪਾਈਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਮੁਖ ਪਾਤਰ ਕੋਈ ਪਸ਼ੂ ਹੁੰਦਾ ਹੈ। ਜੋ ਮਨੁੱਖਾਂ ਵਾਂਗ ਸੋਚਦਾ ਅਤੇ ਗੱਲਾਂ ਕਰਦਾ ਹੈ। ਇਨ੍ਹਾਂ ਕਹਾਣੀਆਂ ਦਾ ਮੁਖ ਉਦੇਸ਼ ਮਨੋਰੰਜਨ ਅਤੇ ਉਪਦੇਸ਼ ਦੇਣਾ ਹੁੰਦਾ ਹੈ। ਪਸ਼ੂ ਕਹਾਣੀਆਂ ਚਾਰ ਕਿਸਮ ਦੀਆਂ ਮਿਲਦੀਆਂ ਹਨ। ਪਹਿਲੀ ਕਿਸਮ ਦੀਆਂ ਉਹ ਕਹਾਣੀਆਂ ਹਨ ਜਿਨ੍ਹਾਂ ਦਾ ਮਨੋਰਥ ਉਪਦੇਸ਼ ਦੇਣਾ ਹੁੰਦਾ ਹੈ। ਇਨ੍ਹਾਂ ਕਹਾਣੀਆਂ ਨੂੰ ਨੀਤੀ ਕਥਾਵਾਂ ਆਖਿਆ ਜਾਂਦਾ ਹੈ। ਦੂਜੀ ਵੰਨਗੀ ਮੁਢੀਆਂ ਦੀ ਹੈ। ਇਨ੍ਹਾਂ ਕਹਾਣੀਆਂ ਵਿਚ ਕਾਰਨ ਲੱਭਿਆ ਹੁੰਦਾ ਹੈ। ਜਿਵੇਂ ਮੋਰ ਪੈਰ ਵੇਖਕੇ ਕਿਉਂ ਝੂਰਦਾ ਹੈ, ਕੋਇਲ ਕਿਉਂ ਕਾਲੀ ਹੈ, ਚਿੜੇ ਦੀਆਂ ਅੱਖਾਂ ਸੁਰਮੇ ਰੰਗੀਆਂ ਕਿਉਂ ਹਨ। ਇਹ ਕਹਾਣੀਆਂ ਪਸ਼ੂਆਂ ਦੇ ਰੂਪ, ਸੁਭਾਅ ਅਤੇ ਕੰਮ ਦਾ ਕਾਰਨ ਕਿਸੇ ਬ੍ਰਿਤਾਂਤਕ ਘਟਨਾਵਾਂ ਦੁਆਰਾ ਮਿੱਥਦੀਆਂ ਹਨ। ਤੀਜੀ ਕਿਸਮ ਦੀਆਂ ਉਹ ਕਹਾਣੀਆਂ ਹਨ ਜਿਨ੍ਹਾਂ ਵਿਚ ਕੋਈ ਪਸ਼ੂ ਪੰਛੀ ਨਾਇਕ ਹੁੰਦਾ ਹੈ। ਸਾਰੀ ਕਹਾਣੀ ਵਿਚ ਉਸ ਦੇ ਕਾਰਨਾਮਿਆਂ ਦਾ ਵਰਣਨ ਹੁੰਦਾ ਹੈ। ਜਿਵੇਂ ਕੁੱਤਾ ਰਾਜਾ, ਮਗਰਮੱਛ ਰਾਜਾ, ਬਾਂਦਰ, ਪਰੀ, ਬਿੱਲੀ, ਚੌਕਾ ਪਈ ਦੇਵੇ ਆਦਿ ਕਹਾਣੀਆਂ। ਚੌਥੀ ਕਿਸਮ ਵਿਚ ਪਸ਼ੂ ਗੌਣ ਪਾਤਰ ਦੇ ਰੂਪ ਵਿਚ ਵਿਚਰਦਾ ਹੈ ਅਤੇ ਨਾਇਕ, ਨਾਇਕਾ ਦੇ ਦੁੱਖ ਤਕਲੀਫ਼ ਨੂੰ ਹੱਲ ਕਰਨ ਵਿਚ ਸਹਾਇਤਾ ਕਰਦਾ ਹੈ, ਜਿਵੇਂ 'ਸੋਨੇ ਦੇ ਵਾਲਾਂ ਵਾਲੀ ਸੁੰਦਰੀ', ਦੀ ਕਥਾ ਵਿਚ ਜਿਸ ਵਿਚ ਚੂਹਾ ਅਤੇ ਬਿੱਲੀ ਨਾਇਕ ਦੀ ਗੁੰਮ ਹੋਈ ਸੁੰਦਰੀ ਨੂੰ ਲੱਭਦਾ ਹੈ। ਮੁੱਖ ਤੌਰ ਤੇ ਪਸ਼ੂ ਕਹਾਣੀਆਂ ਵਿਚ ਉਹ ਨਾਇਕ ਦੇ ਰੂਪ ਵਿਚ ਹੀ ਵਿਚਰਦੇ ਹਨ।

6. ਨੀਤੀ ਕਥਾ

ਨੀਤੀ ਕਥਾ ਅੰਗਰੇਜ਼ੀ ਦੇ ਸ਼ਬਦ ਫੇਬਲ ਦਾ ਸਮਾਨਾਰਥਕ ਹੈ। ਵਣਜਾਰਾ ਬੇਦੀ ਅਨੁਸਾਰ,''ਨੀਤੀ ਸ਼ਬਦ ਤੋਂ ਭਾਵ ਕੁਝ ਵਿਸ਼ੇਸ਼ ਦੇ ਗੁਣਾਂ, ਚਾਲਾਂ ਅਤੇ ਜੁਗਤਾਂ ਤੋਂ ਹੈ, ਜਿਨ੍ਹਾਂ ਦਾ ਗਿਆਨ ਕਿਸੇ ਵਿਹਾਰਕ ਜਾਂ ਸੰਕਟ ਸਥਿਤੀ ਵਿਚ ਬੜਾ ਫ਼ਲਦਾਇਕ ਸਿੱਧ ਹੋ ਸਕਦਾ ਹੈ। ਨੀਤੀ ਸ਼ਾਸਤ੍ਰਾਂ ਵਿਚ ਸਮਾਜ ਅਤੇ ਰਾਜ ਨੂੰ ਉੱਤਮ ਜੁਗਤੀ ਨਾਲ ਚਲਾਉਣ ਦੇ ਨੇਮ ਦਰਜ ਹਨ। ਨੀਤੀ ਕਥਾਵਾਂ ਇਨ੍ਹਾਂ ਜੁਗਤਾਂ ਦਾ ਹੀ ਬ੍ਰਿਤਾਂਤਕ ਪਾਸਾਰਾ ਹਨ।''[53] ਨੀਤੀ ਕਥਾ ਪਸ਼ੂ ਕਹਾਣੀ ਦਾ ਅਜਿਹਾ ਸੰਪੂਰਨ ਰੂਪ ਹੈ ਜਿਸ ਵਿਚ ਪਸ਼ੂਆਂ ਨੂੰ ਮਨੁੱਖਾਂ ਦੇ ਗੁਣ ਪ੍ਰਦਾਨ ਕਰਕੇ ਮਨੁੱਖ ਨੂੰ ਬੜੇ ਵਿਅੰਗ ਮਈ ਢੰਗ ਨਾਲ ਉਪਦੇਸ਼ ਦਿੱਤਾ ਜਾਂਦਾ ਹੈ। ਇਨ੍ਹਾਂ ਕਥਾਵਾਂ ਵਿਚ

CC-0. In Public Domain. Gurukul Kangri Collection, Haridwar

Digitized By Arya Samaj Foundation Chennai and eGangotri
ਮਨੁੱਖੀ ਜਗਤ ਦੀ ਗੱਲ ਪਸ਼ੂ ਤੇ ਜੜ੍ਹ ਜਗਤ ਦੁਆਰਾ ਕੀਤੀ ਜਾਂਦੀ ਹੈ। ਅਤੇ ਨੀਤੀ ਕਥਾ ਦੇ ਆਮ ਤੌਰ ਤੇ ਦੋ ਭਾਗ ਹੁੰਦੇ ਹਨ ਪਹਿਲੇ ਵਿਚ ਉਦੇਸ਼ ਮਿਸਾਲਾਂ ਦੇ ਕੇ ਸਮਝਾਇਆ ਜਾਂਦਾ ਹੈ ਅਤੇ ਦੂਜੇ ਭਾਗ ਵਿਚ ਉਪਦੇਸ਼ ਅਖਾਣਾਂ ਦੇ ਰੂਪ ਵਿਚ ਦਿੱਤਾ ਜਾਂਦਾ ਹੈ। ਨੀਤੀ ਕਥਾ ਦਾ ਉਦੇਸ਼ ਕੋਈ ਨਾ ਕੋਈ ਸਿਖਿਆ ਦੇਣਾ ਹੁੰਦਾ ਹੈ। ਇਹ ਸਿਖਿਆ ਪਸ਼ੂ ਪੰਛੀ ਜਾਂ ਕਿਸੇ ਨਿਰਜਿੰਦ ਵਸਤੂ ਦੁਆਰਾ ਵੀ ਦਿੱਤੀ ਜਾਂਦੀ ਹੈ। ਕਰਨੈਲ ਸਿੰਘ ਥਿੰਦ ਦੇ ਸ਼ਬਦਾਂ ਵਿਚ ''ਨੀਤੀ ਕਥਾ ਅਜਿਹਾ ਪਰੰਪਰਾਗਤ ਬਿਰਤਾਂਤ ਹੈ ਜਿਸ ਵਿਚ ਬੁੱਧਹੀਨ ਜੀਵ ਅਤੇ ਬੇਜਾਨ ਵਸਤੂ ਸਦਾਚਾਰਕ ਉਪਦੇਸ਼ਾਂ ਲਈ ਵਰਤ ਲਏ ਜਾਂਦੇ ਹਨ।[54] ਨੀਤੀ ਕਥਾਵਾਂ ਦੀ ਸਿਰਜਨਾ ਆਮ ਕਰਕੇ ਸੂਝਵਾਨ ਪੁਰਸ਼ਾਂ ਨੇ ਕੀਤੀ ਹੁੰਦੀ ਹੈ। ਸੂਝਵਾਨਾਂ ਨੇ ਇਨ੍ਹਾਂ ਦੀ ਪੁਨਰ ਸਿਰਜਨਾ ਕੀਤੀ ਹੁੰਦੀ ਹੈ ਅਤੇ ਮੂਲ ਰਚਨਾਂ ਲੋਕਾਂ ਨੇ , ਕਿਉਂਕਿ ਲੋਕ ਇਨ੍ਹਾਂ ਨੀਤੀ ਕਥਾਵਾਂ ਨੂੰ ਅਪਨਾ ਚੁੱਕੇ ਹੁੰਦੇ ਹਨ। ਨੀਤੀ ਕਥਾਵਾਂ ਦਾ ਸੰਸਾਰ ਵਿਚ ਸਭ ਤੋਂ ਪੁਰਾਣਾ ਸੰਗ੍ਰਹਿ ਈਨਮ ਫੇਬਲਜ਼ ਹੈ ਜੋ ਅੱਜ ਤੋਂ ਪੰਜ ਸਦੀਆਂ ਪਹਿਲਾਂ ਰਚਿਆ ਗਿਆ। ਇਨ੍ਹਾਂ ਵਿਚਲੀਆਂ ਬਹੁਤ ਸਾਰੀਆਂ ਕਥਾਵਾਂ ਭਾਰਤੀ ਮੂਲ ਦੀਆਂ ਹਨ। ਭਾਰਤ ਵਿਚ ਨੀਤੀ ਕਥਾਵਾਂ ਦੇ ਦੋ ਪ੍ਰਸਿਧ ਸੰਗ੍ਰਹਿ 'ਪੰਚਤੰਤਰ' ਅਤੇ 'ਹਿਤ ਉਪਦੇਸ਼' ਹਨ। ਇਨ੍ਹਾਂ ਵਿਚੋਂ 'ਪੰਚਤੰਤਰ' ਵਧੇਰੇ ਪ੍ਰਸਿਧ ਹੈ। ਦੁਨੀਆਂ ਦੀਆਂ ਪੰਜਾਹ ਭਾਸ਼ਾਵਾਂ ਵਿਚ ਇਸ ਦਾ ਅਨੁਵਾਦ ਹੋ ਚੁੱਕਾ ਹੈ। ਸਰਟਲ ਦਾ ਵਿਚਾਰ ਹੈ ਕਿ ਪੰਚਤੰਤਰ ਈਸਾ ਤੋਂ ਦੋ ਕੁ ਸਦੀਆਂ ਪਹਿਲਾਂ ਕਸ਼ਮੀਰ ਵਿਚ ਰਚੀ ਗਈ। ਇਹ ਕਥਾਵਾਂ ਉਦੋਂ ਸਪਤ ਸਿੰਧੂ ਦੇ ਇਲਾਕੇ ਵਿਚ ਪ੍ਰਚਲਿਤ ਸਨ। 'ਹਿਤ ਉਪਦੇਸ਼' ਜੋ ਨਾਰਾਇਣ ਦੀ ਰਚਨਾ ਹੈ ਇਸ ਦੀਆਂ 43 ਕਥਾਵਾਂ ਵਿਚੋਂ 25 ਪੰਚਤੰਤਰ ਵਿਚੋਂ ਹੀ ਲਈਆਂ ਗਈਆਂ ਹਨ।[55] ਪੰਜਾਬ ਵੀ ਨੀਤੀ ਕਥਾਵਾਂ ਦਾ ਭੰਡਾਰ ਰਿਹਾ ਹੈ। ਅੱਜ ਵੀ ਅਨੇਕਾਂ ਕਥਾਵਾਂ ਮੌਲਿਕ ਰੂਪ ਵਿਚ ਪ੍ਰਚਲਿਤ ਹਨ। ਹਰ ਸਮੇਂ ਦੇਸ਼ ਦੀਆਂ ਨੀਤੀ ਕਥਾਵਾਂ ਨੇ ਆਮ ਲੋਕਾਂ ਦੇ ਕਾਰਨਾਮਿਆਂ ਦੀ ਬੜੀ ਵਿਚਿਤਰ ਅਤੇ ਕਾਵਿਕ ਤਰਜਮਾਨੀ ਕੀਤੀ ਹੈ। ਇਹ ਉਨ੍ਹਾਂ ਲੋਕਾਂ ਦੀ ਸੰਸਕ੍ਰਿਤੀ ਅਤੇ ਜੀਵਨ ਚਰਿੱਤਰਾਂ ਦੀ ਲੜੀ ਦਾ ਸਭ ਤੋਂ ਪ੍ਰਾਚੀਨ ਰੂਪ ਹਨ।

7. ਬੁਝਾਵਲ ਕਥਾ

ਜਿਨ੍ਹਾਂ ਲੋਕ ਕਹਾਣੀਆਂ ਵਿਚ ਬੁਝਾਰਤਾਂ, ਅੜਾਉਣੀਆਂ ਜਾਂ ਪ੍ਰਸ਼ਨ ਦੁਆਰਾ ਸਮੱਸਿਆ ਦੱਸੀ ਗਈ ਹੋਵੇ ਉਸ ਨੂੰ ਬੁਝਾਵਲ ਕਥਾ ਕਿਹਾ ਜਾਂਦਾ ਹੈ। ਇਨ੍ਹਾਂ ਕਥਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਆਖਰ ਵਿਚ ਗੁੰਝਲ ਖੁਲ੍ਹਦੀ ਹੈ ਅਤੇ ਸਮੱਸਿਆ ਦਾ ਹੱਲ ਬਹੁਤ ਦਿਲਚਸਪ ਹੁੰਦਾ ਹੈ। ਇਨ੍ਹਾਂ ਕਥਾਵਾਂ ਦੀ ਪਰੰਪਰਾ ਵੀ ਬੜੀ ਪੁਰਾਣੀ ਹੈ। ਦੰਤ ਕਥਾਵਾਂ ਅਤੇ ਦੇਵ ਕਥਾਵਾਂ ਵਿਚ ਵੀ ਇਸ ਤਰ੍ਹਾਂ ਦੀਆਂ ਕਹਾਣੀਆਂ ਮਿਲਦੀਆਂ ਹਨ। ਪ੍ਰਾਚੀਨ ਕਥਾਵਾਂ ਵਿਚੋਂ 'ਬੇਤਾਲ ਕਥਾਵਾਂ' ਇਸੇ ਵੰਨਗੀ ਦੀਆਂ ਹਨ। 'ਬਹੂ ਕਿਸ ਦੀ ਬਣੇ' ਇਕ ਬੇਤਾਲ ਕਥਾ ਹੈ। 'ਅਲਫ ਲੈਲਾ', 'ਇਕ ਹਜ਼ਾਰ ਰਾਤਾਂ' ਅਤੇ 'ਸਿੰਘਾਸਨ ਬਤੀਸੀ' ਆਦਿ ਸੰਗ੍ਰਿਹਾਂ ਵਿਚ ਵੀ ਵਧੇਰੇ ਇਸੇ ਪ੍ਰਕਾਰ ਦੀਆਂ ਕਥਾਵਾਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੁਝਾਵਲ ਕਥਾ ਦੀ ਬਣਤਰ ਬੁਝਾਰਤ ਵਾਲੀ ਹੀ ਹੁੰਦੀ ਹੈ। ਪਹੇਲੀ ਵਾਂਗ ਇਸ ਵਿਚ ਸੰਕੇਤਾਂ, ਰੂਪਕਾਂ ਤੇ ਚਿੰਨ੍ਹਾਂ ਦੁਆਰਾ ਇਕ ਰਹੱਸਮਈ ਪਾਸਾਰ ਸਿਰਜ ਲਿਆ ਜਾਂਦਾ ਹੈ। ਬੁਝਾਰਤ ਵਿਚ ਉਹ ਸੰਕੇਤ, ਰੂਪਕ ਅਤੇ ਚਿੰਨ੍ਹ ਕਾਵਿ ਬਿਰਤੀ ਦੇ ਹੋਣ ਕਰਕੇ ਸੰਘਣੇ ਹੁੰਦੇ ਹਨ, ਪਰ ਬੁਝਾਰਤ ਵਿਚ ਬ੍ਰਿਤਾਂਤ ਦੇ ਹੋਣ ਕਰਕੇ ਕਾਲ ਸਥਾਨ ਵਿਚ ਫੈਲੇ ਹੁੰਦੇ ਹਨ ਅਤੇ ਇਨ੍ਹਾਂ ਦਾ ਰਹੱਸ ਖੋਲ੍ਹਣ ਨਾਲ ਬ੍ਰਿਤਾਂਤ ਦੀ ਗੁੰਝਲ ਵੀ ਖੁਲ੍ਹ ਜਾਂਦੀ ਹੈ। ਬੁਝਾਵਲ ਕਥਾਵਾਂ ਦਾ ਉਦੇਸ਼ ਵੀ ਬੁੱਧੀ ਦੀ ਪਰੀਖਿਆ ਹੁੰਦੀ ਹੈ। ਇਹ ਇਕ ਤਰ੍ਹਾਂ ਦੀਆਂ ਦਿਮਾਗੀ ਕਸਰਤਾਂ ਹਨ। ਬੁਝਾਰਤਾਂ ਵਾਂਗ ਬੁਝਾਵਲ ਕਥਾ ਵਿਚ ਸਰੋਤਾ ਸਿਰਫ ਸਰੋਤਾ ਹੀ ਨਹੀਂ ਰਹਿੰਦਾ, ਸਗੋਂ ਉਸ ਨੂੰ ਆਪਣੀ ਸੂਝ ਦਾ ਪ੍ਰਮਾਣ ਦੇਣ ਲਈ ਸਮੱਸਿਆ ਦਾ ਹੱਲ ਦੱਸਣਾ ਪੈਂਦਾ ਹੈ। ਸਰੋਤਾ ਕਥਾ ਦਾ ਅੰਗ ਬਣ ਜਾਂਦਾ ਹੈ।

8. ਟੋਟਕੇ ਜਾਂ ਹਿਕਾਇਤਾਂ

ਹਿਕਾਇਤ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਕਥਾ ਕਹਾਣੀ ਜਾਂ ਸਾਖੀ ਆਦਿ ਹਨ। ਪੰਜਾਬੀ ਵਿਚ ਇਹ ਸ਼ਬਦ ਫ਼ਾਰਸੀ ਵਿਚੋਂ ਆਇਆ। ਫ਼ਾਰਸੀ ਵਿਚ ਇਸ ਕਥਾ ਰੂਪ ਦੀ ਆਪਣੀ ਵੱਖਰੀ ਹੋਂਦ ਹੈ ਪਰ ਪੰਜਾਬੀ ਵਿਚ ਹਿਕਾਇਤ ਦਾ ਆਪਣਾ ਕੋਈ ਵਿਲੱਖਣ ਰੂਪ ਸਥਾਪਤ ਨਹੀਂ ਹੋ ਸਕਿਆ ਹੈ, ਜਿਸ ਕਰਕੇ ਇਹ ਸ਼ਬਦ ਫ਼ਾਰਸੀ ਮੂਲ ਦੀਆਂ ਹੀ ਉਨ੍ਹਾਂ ਕਥਾਵਾਂ ਲਈ ਪ੍ਰਯੋਗ ਹੁੰਦਾ ਰਿਹਾ ਜੋ ਫ਼ਾਰਸੀ ਸਾਹਿਤ ਵਿਚ ਹਿਕਾਇਤ ਦੇ ਨਾਂ ਨਾਲ ਪ੍ਰਸਿੱਧ ਸਨ।[56]

ਇਹ ਲੋਕ ਕਹਾਣੀਆਂ ਦੀ ਇਕ ਲੋਕ ਪ੍ਰਿਯ ਵੰਨਗੀ ਹੈ। ਇਨ੍ਹਾਂ ਵਿਚ ਬਿਆਨ ਕੀਤੀ ਘਟਨਾ ਬਹੁਤ ਹੀ ਸੰਖੇਪ ਅਤੇ ਇਕ ਘਟਨਾ ਵਾਲੀ ਹੁੰਦੀ ਹੈ। ਇਸ ਵਿਚ ਜੀਵਨ ਦੀ ਕਿਸੇ ਅਸਲੀਅਤ ਨੂੰ ਗਲਪ ਰੂਪ ਵਿਚ ਪੇਸ਼ ਕੀਤਾ ਹੁੰਦਾ ਹੈ। ਇਨ੍ਹਾਂ ਕਥਾਵਾਂ ਵਿਚ ਜੀਵਨ ਦੀਆਂ ਅਸਲੀਅਤਾਂ ਦਾ ਵਰਣਨ ਹੁੰਦਾ ਹੈ। ਇਸ ਪ੍ਰਕਾਰ ਦੀ ਹਰ ਕਹਾਣੀ ਵਿਚ ਇਕ ਖਾਸ ਨੁਕਤਾ ਹੁੰਦਾ ਹੈ ਅਤੇ ਉਸ ਦੀ ਪਕੜ ਵਿਚ ਹੀ ਕਹਾਣੀ ਦੀ ਸਾਰੀ ਸ਼ਕਤੀ ਲੁਕੀ ਹੁੰਦੀ ਹੈ। ਪੰਜਾਬੀ ਵਿਚ ਸ਼ੇਖ਼ਚਿਲੀ ਅਤੇ ਅਕਬਰ ਬੀਰਬਲ ਨਾਲ ਜੁੜੀਆਂ ਅਨੇਕਾਂ ਅਜੇਹੀਆਂ ਕਥਾਵਾਂ ਹਨ। ਇਹ ਕਥਾਵਾਂ ਅਦਭੁੱਤ ਅਤੇ ਰੌਚਕ ਹੋਣ ਤੋਂ ਇਲਾਵਾ ਸਿਖਿਆਦਾਇਕ ਹਨ ਅਤੇ ਮਨੋਰੰਜਨ ਦੇ ਨਾਲ ਜੀਵਨ ਦੇ ਯਥਾਰਥਕ ਪੱਖਾਂ ਦਾ ਉਲੇਖ ਵੀ ਕਰਦੀਆਂ ਹਨ।

ਉਪਰੋਕਤ ਲੋਕ ਕਥਾਵਾਂ ਤੋਂ ਬਿਨਾਂ ਇਨ੍ਹਾਂ ਦੀਆਂ ਕੁਝ ਹੋਰ ਵੰਨਗੀਆਂ ਵੀ ਹਨ ਜਿਵੇਂ ਸਾਖੀ, ਸੁਖਨ, ਬਚਨ, ਮਸਲੇ, ਮਹਾਤਮ, ਪ੍ਰਮਾਣ, ਨਿਧੀ, ਮੁੱਢੀ ਤੇ ਅਸਲੇ, ਚਰਿਤ੍ਰ, ਚਲਿਤ੍ਰ, ਰਕੜ, ਗੋਪ, ਚੁੱਟਕਲਾ, ਕਹਾਵਤ, ਹਸਾਵਣੀ ਆਦਿ ਅਨੇਕਾਂ ਰੂਪ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਥਾ/ਕਹਾਣੀ ਦਾ ਜਨਮ ਮਨੁੱਖ ਦੇ ਜਨਮ ਨਾਲ ਹੀ ਸਹਿਜ ਅਵਸਥਾ ਵਿਚ ਮੰਨਿਆ ਜਾਂਦਾ ਹੈ। ਲੋਕ-ਮਾਨਸ ਅਨੁਸਾਰ ਦੁਨੀਆਂ ਦਾ ਨਿਰਮਾਣ ਕਥਾ ਵਿਚੋਂ ਹੀ ਹੋਇਆ ਅਤੇ ਸੂਰਜ, ਚੰਦ, ਧਰਤੀ ਆਦਿ ਸਾਰਾ ਸੰਸਾਰ ਉਸੇ ਕਥਾ ਦੇ ਪਾਤਰ ਸਨ। ਅਸਲ ਵਿਚ ਕਹਾਣੀ ਦੀ ਸਿਰਜਨਾ ਲਈ ਵਿਅਕਤੀ ਦਾ ਅਨੁਭਵ, ਸੂਝ ਅਤੇ ਕਲਪਨਾ ਦੀ ਜ਼ਰੂਰਤ ਹੁੰਦੀ ਹੈ। ਇਸ ਕਹਾਣੀ ਦਾ ਜਨਮ ਮਨੁੱਖੀ ਚੇਤਨਾ ਦੇ ਜਨਮ ਨਾਲ ਹੀ ਹੁੰਦਾ ਹੈ।

ਪੰਜਾਬੀ ਲੋਕ ਸਾਹਿਤ ਦਾ ਇਕ ਪ੍ਰਸਿੱਧ ਰੂਪ ਲੋਕ ਕਹਾਣੀਆਂ/ਬਾਤਾਂ ਹਨ। ਇਸ ਦਾ ਆਰੰਭ ਰਿਗ ਵੇਦ ਵਿਚ ਮਿਲਦੀਆਂ ਕਥਾਵਾਂ ਨਾਲ ਹੁੰਦਾ ਹੈ। ਪਰ ਪੰਜਾਬ ਵਿਚ ਆਰੀਆ ਦੇ ਆਉਣ ਤੋਂ ਪਹਿਲਾਂ ਇਕ ਉੱਨਤ ਸਭਿਅਤਾ ''ਸਿਧੂ ਘਾਟੀ ਦੀ ਸਭਿਅਤਾ'' ਇਥੇ ਸੀ ਜਿਸ ਸਭਿਅਤਾ ਦੀ ਹੋਂਦ ਹੜਪਾ, ਰੋਪੜ, ਮਹਿੰਜੋਦਾੜੋ ਆਦਿ ਦੇ ਖੰਡਰਾਂ ਦੀ ਖੁਦਾਈ ਤੋਂ ਪ੍ਰਗਟ ਹੋਈ ਹੈ। ਇਥੋਂ ਜੋ ਸਾਮਗ੍ਰੀ ਬਰਤਨਾਂ, ਮੂਰਤੀਆਂ ਆਦਿ ਦੇ ਉਪਰ ਉਕਰੇ ਚਿਤਰਾਂ ਤੋਂ ਮਿਲੀ ਹੈ ਉਸ ਤੋਂ ਉਸ ਸਮੇਂ ਦੇ ਲੋਕਾਂ ਵਿਚ ਕਥਾ ਰੁਚੀਆਂ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਲੋਕ ਕਥਾ ਦਾ ਪੁਰਾਣਾ ਰੂਪ ਮਿਥਿਕ ਕਥਾਵਾਂ (ਦੇਵ ਕਥਾਵਾਂ) ਹੈ। ਇਸ ਸਭਿਅਤਾ ਦੀਆਂ ਮੁਹਰਾਂ ਉਤੇ ਅਨੇਕਾਂ ਮਿਥਕ ਚਿੱਤਰ ਹਨ। 'ਇਕ ਮੁਹਰ ਵਿਚ ਇਕ ਮਨੁੱਖ ਹੱਥ ਵਿਚ ਤਲਵਾਰ ਫੜੀ ਇਕ ਮਜ਼ਦੂਰ ਇਸਤਰੀ ਦਾ ਸਿਰ ਵੱਢਣ ਲਈ ਤਿਆਰ ਖੜਾ ਹੈ। ਇਕ ਮੁਹਰ ਉਤੇ ਇਕ ਤ੍ਰਿਮੁਖ ਦੇਵਤਾ ਯੋਗਾਸਨ ਮੁਦਰਾ ਵਿਚ ਬਿਰਾਜਮਾਨ ਹੈ, ਜਿਸ ਦੇ ਮੋਢੇ ਤੋਂ ਕਲਾਈ ਤਕ ਦੋਵੇਂ ਬਾਹਵਾਂ ਕੰਗਣਾਂ ਨਾਲ ਭਰੀਆਂ ਹੋਈਆਂ ਅਤੇ ਸਿਰ ਤੇ ਮੱਝ ਦੇ ਸਿੰਗ ਜਿਹੇ ਉਭਰੇ ਹੋਏ ਹਨ। ਦੇਵਤੇ ਦਾ ਇਹ ਰੂਪ ਬੜਾ ਵਿਲੱਖਣ ਅਤੇ ਅਦਭੁੱਤ ਹੈ।[57] ਇਸੇ ਤਰ੍ਹਾਂ ਭਾਂਡਿਆਂ, ਕਬਰਾਂ ਆਦਿ ਤੇ ਅਜੇਹੀਆਂ ਅਨੇਕਾਂ ਮਿਥਿਕ ਕਥਾਵਾਂ ਦੇ ਚਿੱਤਰ ਅੰਕਿਤ ਹਨ। ਭਾਵੇਂ ਇਨ੍ਹਾਂ ਉਪਰ ਚਿਤਰੇ ਚਿਤਰਾਂ ਤੋਂ ਕੋਈ ਕਹਾਣੀ ਸਪਸ਼ਟ ਰੂਪ ਵਿਚ ਸਿਰਜਣੀ ਸਹਿਜ ਨਹੀਂ ਪਰ ਇਨ੍ਹਾਂ ਉਪਰ ਅੰਕਿਤ ਕਥਾਨਿਕ ਰੂੜ੍ਹੀਆਂ ਇਸ ਗੱਲ ਦਾ ਸਬੂਤ ਹਨ ਕਿ ਉਸ ਸਮੇਂ ਕਹਾਣੀ ਬਾਲ ਅਵਸਥਾ ਵਿਚ ਸੀ।

ਹੜਪਾ ਪਰੰਪਰਾ ਤੋਂ ਪਿਛੋਂ ਦੂਜੀ ਪਰੰਪਰਾ ਆਰਿਆਈ ਹੈ ਜਿਸ ਨੇ ਹੜਪਾ ਸਭਿਆਚਾਰ ਦੀਆਂ ਕਈ ਰੂੜ੍ਹੀਆਂ ਅਤੇ ਤੱਤ ਉਸੇ ਤਰ੍ਹਾਂ ਬਿਨਾਂ ਬਦਲੇ ਜਾਂ ਕੁਝ ਤਬਦੀਲੀ ਦੇ ਅਪਨਾ ਲਏ। ਵਣਜਾਰਾ ਬੇਦੀ ਲਿਖਦੇ ਹਨ,[58] 'ਨਰਸਿੰਘ ਪਾਤਰ ਜਿਸ ਦਾ ਧੜ ਸ਼ੇਰ ਦਾ ਅਤੇ ਮੁਖ ਮਾਨਵ ਦਾ ਹੈ ਹੜਪਾ ਠੀਕਰ ਮੋਹਰਾਂ ਉਤੇ ਮਿਲਦਾ ਹੈ, ਜਿਸ ਦਾ ਮਗਰੋਂ ਆਰਿਆਈ ਸੰਸਕ੍ਰਿਤੀ ਵਿਚ ਉਦਾਤੀਕਰਣ ਹੋ ਗਿਆ ਅਤੇ ਪੁਰਾਣਾਂ ਵਿਚ ਇਹ ਵਿਸ਼ਨੂੰ ਦੇ ਅਵਤਾਰ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਇਆ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਿਗਵੇਦ ਵਿਚ ਮਿਲਦੀਆਂ ਕਥਾਵਾਂ ਅਸਲ ਵਿਚ ਪੰਜਾਬ ਦੀ ਆਰੀਆ ਪਰੰਪਰਾ ਹੈ। ਵਿਸ਼ਵ ਦੀਆਂ ਸਭ ਤੋਂ ਪ੍ਰਾਚੀਨ ਲੋਕ ਕਹਾਣੀਆਂ ਉਰਵਸ਼ੀ, ਪੁਰੂਰਵਸ, ਨਚੇਕਤਾ, ਸਨੇਹ ਸੇਪ ਆਦਿ ਜੋ ਰਿਗ ਵੇਦ ਵਿਚ ਮਿਲਦੀਆਂ ਹਨ, ਜਿਹਲਮ ਤੇ ਸੁਹਾਂ ਦੇ ਕੰਢਿਆਂ ਉਤੇ ਰਚੀਆਂ ਗਈਆਂ। ਰਿਗ ਵੇਦ ਪੰਜਾਬੀਆਂ ਦਾ ਸਭਿਆਚਾਰਕ ਵਿਰਸਾ ਹੈ ਇਸ ਵਿਚ ਦਰਜ ਕਥਾਵਾਂ ਪੰਜਾਬੀਆਂ ਤੇ ਸਮਾਜਿਕ ਜੀਵਨ ਦਾ ਅਨਿਖੱੜ ਹਿੱਸਾ ਰਹੀਆਂ ਹਨ। ਮੱਧਕਾਲੀਨ ਪੰਜਾਬੀ ਕਥਾ ਸਾਹਿਤ ਵਿਚ ਇਨ੍ਹਾਂ ਦਾ ਵਿਸ਼ੇਸ਼ ਸਥਾਨ ਹੈ। ਕਥਾ/ਕੀਰਤਨ ਕਰਨ ਸਮੇਂ ਵੀ ਇਨ੍ਹਾਂ ਵਿਚੋਂ ਹਵਾਲੇ ਦਿੱਤੇ ਜਾਂਦੇ ਹਨ। ਸੰਸਾਰ ਦੀਆਂ ਪ੍ਰਸਿੱਧ ਲੋਕ ਕਹਾਣੀਆਂ ਦੇ ਸੰਗ੍ਰਹਿ ਪੰਚਤੰਤਰ, ਹਿੱਤ ਉਪਦੇਸ਼, ਬ੍ਰਿਹਤ ਕਥਾ, ਕਥਾ-ਸਰਿਤ ਸਾਗਰ, ਬੇਤਾਲ ਪਚੀਸੀ ਅਤੇ ਸੂਕਾ ਸਪਤੀ ਆਦਿ ਇਸੇ ਪੰਜਾਬ ਦੀ ਧਰਤੀ ਤੇ ਉਚਾਰੀਆਂ ਗਈਆਂ। ਇਨ੍ਹਾਂ ਕਥਾਵਾਂ ਦਾ ਉਦੇਸ਼ ਲੋਕਾਂ ਨੂੰ ਨੈਤਿਕ ਸਿਖਿਆ ਦੇਣਾ ਸੀ। ਇਹ ਕਹਾਣੀਆਂ ਸੰਕਲਨ ਹੋਣ ਤੋਂ ਪਹਿਲਾਂ ਕਈ ਸਦੀਆਂ ਜ਼ਬਾਨੀ ਰੂਪ ਵਿਚ ਪੰਜਾਬੀ ਲੋਕਧਾਰਾ ਦਾ ਅੰਗ ਰਹੀਆਂ ਹਨ।

ਲੋਕ ਸਿਆਣਪਾਂ

ਲੋਕ ਸਿਆਣਪਾਂ ਨੂੰ ਨੀਤੀ ਵਚਨ ਵੀ ਕਿਹਾ ਜਾਂਦਾ ਹੈ। ਇਹ ਕੰਮ ਧੰਦਿਆਂ ਤੋਂ ਲੈ ਕੇ ਆਤਮਕ ਅਨੁਭਵਾਂ ਤਕ ਦੇ ਕੋਮਲ ਅਹਿਸਾਸਾਂ ਨੂੰ ਚੋਣਵੇਂ ਤੱਤਾਂ ਦੇ ਰੂਪ ਵਿਚ ਪ੍ਰਸਤੁਤ ਕਰਦੀਆਂ ਹਨ। ਮਨੁੱਖੀ ਤਜ਼ਰਬਿਆਂ ਦੇ ਲੋਕ ਗਿਆਨ ਦੀ ਰਚਨਾ ਮਨੁੱਖੀ ਜੀਵਨ ਦਾ ਅਮੁੱਲ ਸਰਮਾਇਆ ਹੈ। ਇਹ ਮਨੁੱਖੀ ਗਿਆਨ ਭੰਡਾਰ ਪੀੜ੍ਹੀ ਪੀੜ੍ਹੀ ਮੌਖਿਕ ਰੂਪ ਵਿਚ ਲੋਕ ਮਨ ਵਿਚ ਸੰਚਾਰ ਕਰਦਾ ਆ ਰਿਹਾ ਹੈ। ਇਹ ਸਿਆਣੇ ਲੋਕਾਂ ਦੇ ਜੀਵਨ ਦਾ ਨਿਚੋੜ ਸੰਖੇਪ, ਸਪਸ਼ਟ ਤੇ ਕਾਵਿਮਈ ਢੰਗ ਨਾਲ ਪੇਸ਼ ਕਰਦੀਆਂ ਹਨ। ਜਿਸ ਵਿਅਕਤੀ ਪਾਸ ਇਹ ਅਮੁੱਲ ਭੰਡਾਰ ਹੁੰਦਾ ਹੈ ਉਸਦੀ ਦਿਮਾਗੀ ਅਮੀਰੀ ਦੀ ਸ਼ਾਨ ਹੀ ਵੱਖਰੀ ਹੁੰਦੀ ਹੈ। ਉਹ ਪਿੰਡ ਦੀ ਪੰਚਾਇਤ, ਸਥ ਵਿਚ ਹੀਰੋ ਹੁੰਦਾ ਹੈ। ਹਰ ਵਿਅਕਤੀ ਉਸਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦਾ ਹੈ । ਸਿਆਲ ਦੀ ਰਾਤ ਨੂੰ ਭੱਠੀ ਤੇ ਬੈਠਾ ਜਾਂ ਜੇਠ ਹਾੜ ਦੇ ਦੁਪਹਿਰੇ ਪਿੱਪਲ ਬੋਹੜ ਦੀ ਛਾਵੇਂ ਗੱਲ ਕਰਦਾ ਹੈ ਤਾਂ ਉਸ ਦੇ ਮੂੰਹ ਵਿਚੋਂ ਫੁੱਲ ਕਿਰਦੇ ਹਨ। ਉਹ ਜਿਥੇ ਲੋਕਾਂ ਦਾ ਮਨੋਰੰਜਨ ਕਰਦਾ ਹੈ। ਉਥੇ ਨਾਲ ਨਾਲ ਉਨ੍ਹਾਂ ਨੂੰ ਗਿਆਨ ਭਰਪੂਰ ਗੱਲਾਂ ਦਸਦਾ ਉਨ੍ਹਾਂ ਦੇ ਗਿਆਨ ਵਿਚ ਵੀ ਅਥਾਹ ਵਾਧਾ ਕਰਦਾ ਹੈ। ਪੰਜਾਬੀ ਲੋਕ ਸਿਆਣਪਾਂ ਅਖਾਉਤਾਂ, ਮੁਹਾਵਰਿਆਂ, ਗੀਤਾਂ, ਟੱਪਿਆਂ, ਟੋਟਕਿਆਂ, ਚੁਟਕ-ਲਿਆਂ, ਬੁਝਾਰਤਾਂ ਆਦਿ ਵੱਖ ਵੱਖ ਰੂਪਾਂ ਵਿਚ ਮਿਲਦੀਆਂ ਹਨ। (ਪਿਛਲੇ ਅਧਿਆਏ ਵਿਚ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਲੋਕ ਸਿਆਣਪਾਂ, ਮੁਹਾਵਰੇ, ਅਖਾਣ, ਬੁਝਾਰਤਾਂ, ਲੋਕ ਕਥਾਵਾਂ ਆਦਿ ਦਾ ਵਿਸਥਾਰ ਸਾਹਿਤ ਚਰਚਾ ਕਰ ਚੁੱਕੇ ਹਾਂ। ਬਾਕੀ ਰਹਿੰਦੀਆਂ ਸਿਆਣਪਾਂ ਬਾਰੇ ਵਿਸਥਾਰ ਨਾਲ ਅਤੇ ਕੁਝ ਦਾ ਸੰਖੇਪ ਰੂਪ ਵਿਚ ਵਰਣਨ ਇਥੇ ਕਰਾਂਗੇ।)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਸਿਆਣਪਾਂ ਲੈਣ ਦੇਣ ਵਿਅਕਤੀ ਨੂੰ ਲੋਕ ਸਿਆਣੇ, ਅਕਲਮੰਦ ਅਤੇ ਦਾਨਾਂ ਮੰਨਦੇ ਹਨ। ਉਹ ਜੀਵਨ ਦੇ ਵੱਖ-ਵੱਖ ਪਹਿਲੂਆਂ ਤੇ ਗੱਲ ਕਰਨ ਤੋਂ ਇਲਾਵਾ ਨਾਲ ਨਾਲ ਸਵਾਦਲੇ ਤੇ ਹਸਾਉਣੇ ਟੋਟਕਿਆਂ ਨਾਲ ਆਪਣੀ ਬੋਲ ਬਾਣੀ ਨੂੰ ਅਜਿਹੀ ਰਸਦਾਇਕ ਬਣਾਉਂਦਾ ਹੈ ਕਿ ਲੋਕ ਉਸਦੀ ਅਕਲ ਦੀ ਦਾਦ ਦਿੰਦੇ ਹਨ। ਅਜਿਹੇ ਵਿਅਕਤੀ ਲੋਕ ਸਿਆਣਪਾਂ ਦੀ ਜੀਉਂਦੀ ਜਾਗਦੀ ਕਿਤਾਬ ਹੁੰਦੇ ਹਨ। ਲੋਕ ਸਿਆਣਪਾਂ ਨੂੰ ਯਾਦ ਰੱਖਣ ਲਈ ਅਜਿਹੀਆਂ ਲੋਕ ਸਿਆਣਪਾਂ ਨੂੰ ਕਬਿੱਤਾਂ, ਬੈਤਾਂ ਤੇ ਕੋਰੜੇ ਛੰਦਾਂ ਵਿਚ ਕਵਿਤਾਇਆ ਹੁੰਦਾ ਹੈ। ਇਹ ਸਿਆਣਪਾਂ ਜੀਵਨ ਜਾਚ ਨੂੰ ਸੁਚੱਜੀ ਬਨਾਉਣ ਵਿਚ ਵੱਡਾ ਯੋਗਦਾਨ ਪਾਉਂਦੀਆਂ ਹਨ। ਇਹ ਲੋਕ ਮੁਹਾਵਰਿਆਂ ਜਿਹੇ ਗੁਰਵਾਕਾਂ ਦਾ ਵੀ ਆਪਣਾ ਗਿਆਨ ਦਰਸਾਉਣ ਲਈ ਵਰਤੋਂ ਕਰਦੇ ਹਨ:

1. ਨਾਨਕ ਫਿਕੈ ਬੋਲੀਐ ਤਨ ਮਨ ਫਿਕਾ ਹੋਇ।
2. ਕੂੜ ਨਿਖੁਟੇ ਨਾਨਕਾ ਓੜਕ ਸੱਚ ਰਹੀ।
3. ਮਨ ਜੀਤੇ ਜਗਜੀਤ।

ਇਹ ਸਿਆਣਪਾਂ ਦੱਸਦੀਆਂ ਹਨ ਕਿ ਸਫਰ ਤੇ ਜਾਣ ਲਈ ਘਰੋਂ ਕਦੇ ਵੀ ਭੁੱਖਾ ਨਹੀਂ ਜਾਣਾ ਚਾਹੀਦਾ ਜਿਵੇਂ 'ਘਰੋਂ ਜਾਹ ਖਾ ਕੇ ਅਗੇ ਮਿਲਣ ਪਕਾ ਕੇ'। ਕੋਈ ਮਹਿਮਾਨ ਘਰ ਵਿਚ ਆਵੇ ਤਾਂ ਕਦੇ ਮੱਥੇ ਵੱਟ ਨਹੀਂ ਪਾਉਣਾ ਚਾਹੀਦਾ। ਇਨ੍ਹਾਂ ਸਿਆਣਪਾਂ ਵਿਚ ਪਿੰਡਾਂ, ਥਾਵਾਂ ਚੀਜ਼ਾਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੇ ਗੁਣਾਂ, ਸਾਕ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਸੰਬੰਧੀ ਲੋਕ ਗਿਆਨੀਆਂ ਨੇ ਬੜੇ ਕੰਮ ਦੀਆਂ ਗੱਲਾਂ ਭਰੀਆਂ ਹਨ। ਅਨਪੜ੍ਹ ਲੋਕ ਇਹ ਗਿਆਨ ਸੁਣ ਕੇ ਕੰਠ ਕਰ ਲੈਂਦੇ ਹਨ ਤਾਂ ਜੋ ਇਨ੍ਹਾਂ ਉਪਰ ਆਪ ਵੀ ਅਮਲ ਕਰ ਸਕਣ ਅਤੇ ਦੂਜੇ ਲੋਕਾਂ ਨੂੰ ਵੀ ਇਸ ਬਾਰੇ ਦੱਸ ਸਕਣ ਅਤੇ ਉਹ ਆਪਣਾ ਜੀਵਨ ਸੁਖੀ ਬਣਾ ਸਕਣ। ਹਰ ਵਿਅਕਤੀ ਸੁੱਖ ਲੋੜਦਾ ਹੈ:

ਸੁਖ ਕਉ ਮਾਂਗੈ ਸਭ ਕੋ ਦੁਖ ਨਾ ਮਾਂਗੇ ਕੋਇ।

ਸੁੱਖਾਂ ਦੀ ਤਾਂਘ ਵਿਅਕਤੀ ਦੀ ਚੇਤੰਨਤਾ ਪੰਗਰਦੀ, ਚੱਜ-ਅਚਾਰ ਨਾਲ ਪੱਲਰਦੀ ਅਤੇ ਲਾਭਦਾਇਕ ਹੁੰਦੀ ਹੈ। ਇਸ ਦੀ ਸਿੱਖਿਆ ਪੰਘੂੜੇ ਦੀਆਂ ਲੋਰੀਆਂ ਨਾਲ ਸ਼ੁਰੂ ਹੋ ਜਾਂਦੀ ਹੈ। ਮਾਂ ਜਿਥੇ ਬੱਚਿਆਂ ਦੀ ਸਫਾਈ ਪਾਲਣਪੋਸਣ ਦਾ ਖ਼ਿਆਲ ਰੱਖਦੀ ਹੈ ਉਥੇ ਉਹ ਲੋਰੀਆਂ ਰਾਹੀਂ ਬੱਚੇ ਨੂੰ ਰਿਸ਼ਤੇਦਾਰੀਆਂ ਦਾ ਅਹਿਸਾਸ ਵੀ ਕਰਾ ਜਾਂਦੀ ਹੈ:

ਲੋਰੀਆਂ ਵਈ ਲੋਰੀਆਂ।
ਲੈ ਲੈ ਕਾਕਾ ਲੋਰੀਆਂ।
ਇਕ ਲੋਰੀ ਵੇ ਤੇਰੀ ਭੂਆ ਦਿਲਾਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੁੱਫੜ ਵੰਡੇ ਗੁੜ ਦੀਆਂ ਬੋਰੀਆਂ।
ਮੈਂ ਤੇਰੇ ਸ਼ਗਨ ਮਨਾਵਾਂ ਦਾਦਾ ਲੈ ਲੈ ਲੋਰੀਆਂ।

ਇਸ ਤਰ੍ਹਾਂ ਮਾਂ ਬੱਚੇ ਨੂੰ ਉਸ ਦੇ ਰਿਸ਼ਤੇਦਾਰਾਂ ਬਾਰੇ ਜਾਣਕਾਰੀ ਦੇਂਦੀ ਹੋਈ ਉਸ ਨੂੰ ਸੁਆ ਵੀ ਰਹੀ ਹੁੰਦੀ ਹੈ ਅਤੇ ਘਰ ਦੇ ਨਿੱਕੇ ਮੋਟੇ ਕੰਮ ਵੀ ਕਰੀ ਜਾਂਦੀ ਹੈ। ਉਸ ਨੂੰ ਖਾਣਪੀਣ ਦੀਆਂ ਚੀਜ਼ਾਂ ਦੇ ਨਾਂ ਵੀ ਦੱਸ ਰਹੀ ਹੈ:

ਕਾਕਾ ਆਇਆ ਖੇਡ ਕੇ ਮੈਂ ਮੰਨ ਪਕਾਵਾਂ ਵੇਲ ਕੇ।
ਕਾਕਾ ਆਇਆ ਹੱਸ ਕੇ ਮੈਂ ਕੁੱਛੜ ਚੁਕਾਂ ਨੱਸ ਕੇ।
ਕਾਕੇ ਲਈ ਹੈ ਚੂਰੀ ਕੁੱਟੀ।
ਨਾਲੇ ਰੱਖੀ ਦਹੀਂ ਦੀ ਫੁੱਟੀ।
ਕਾਂ ਮਾਰੀ ਝੱਟੀ।
ਫੁੱਟ ਗਈ ਲੁੱਟੀ।
ਫੜਨਾ ਹੈ ਚੋਰ, ਚੋਰਾਂ ਨੂੰ ਪੈਣ ਮੋਰ।

ਰਾਣੀਆਂ, ਰਾਜਕੁਮਾਰਾਂ, ਰਾਜਕੁਮਾਰੀਆਂ, ਪਰੀਆਂ, ਜਿੰਨਾਂ, ਭੂਤਾਂ ਚੜੇਲਾਂ ਆਦਿ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ ਤਾਂ ਜੋ ਉਸ ਨੂੰ ਜ਼ਿੰਦਗੀ ਵਿਚ ਆਉਣ ਵਾਲੀਆਂ ਔਕੜਾਂ ਦੀ ਅਤੇ ਇਨ੍ਹਾਂ ਮੁਸ਼ਕਲਾਂ ਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ, ਹੈ ਦੀ ਸਮਝ ਆ ਸਕੇ। ਪੂਰਨ ਭਗਤ, ਪਰਲਾਦ ਭਗਤ, ਭਰਥਰੀ ਹਰੀ ਆਦਿ ਨਾਇਕਾਂ ਦੀਆਂ ਬਾਤਾਂ ਸੁਣਾ ਕੇ ਉਸ ਨੂੰ ਕੋਈ ਉਚੇਰਾ ਆਦਰਸ਼ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। 'ਪੰਚਤੰਤਰ' ਦੀਆਂ ਕਹਾਣੀਆਂ ਵਿਚ ਕਿਵੇਂ ਇਕ ਮੂਰਖ ਰਾਜੇ ਦੇ ਪੁੱਤਰਾਂ ਨੂੰ ਸੂਝਵਾਨ ਬਣਾਇਆ ਗਿਆ।

ਇਸ ਤਰ੍ਹਾਂ ਪੰਛੀਆਂ ਦੀਆਂ ਕਹਾਣੀਆਂ ਜਿਵੇਂ ਬਟੇਰਾ ਬਟੇਰੀ, ਕਾਂ ਚਿੜੀ, ਸ਼ੇਰ ਤੇ ਲੂੰਬੜੀ ਆਦਿ ਦੀਆਂ ਸੁਣਾਈਆਂ ਜਾਂਦੀਆਂ ਹਨ। ਕਾਂ ਤੇ ਚਿੜੀ ਦੀ ਕਹਾਣੀ ਵਿਚ ਦੋਵੇਂ ਰਲ ਕੇ ਖਿਚੜੀ ਪਕਾਉਂਦੇ ਹਨ। ਚਿੜੀ ਹੱਥ ਧੋਣ ਜਾਂਦੀ ਹੈ ਤਾਂ ਕਾਂ ਖਿਚੜੀ ਵਾਲਾ ਕੌਲਾ ਚੁੱਕ ਕਿੱਕਰ ਦੇ ਦਰੱਖਤ ਤੇ ਬੈਠ ਜਾਂਦਾ ਹੈ। ਚਿੜੀ ਕਾਂ ਨੂੰ ਕਹਿੰਦੀ ਹੈ ਕਿ ਉਸ ਦਾ ਅੱਧਾ ਹਿੱਸਾ ਦੇ ਦੇਵੇ। ਪਰ ਕਾਂ ਉਸ ਦੀ ਕੋਈ ਗੱਲ ਨਹੀਂ ਸੁਣਦਾ ਹੈ। ਚਿੜੀ ਤਰਖਾਣ ਪਾਸ ਜਾਂਦੀ ਹੈ ਕਿ ਉਹ ਕਿੱਕਰ ਵੱਢ ਦੇਵੇ ਤਾਂ ਜੋ ਕਾਂ ਥੱਲੇ ਡਿੱਗ ਪਵੇ ਪਰ ਤਰਖਾਣ ਕਿੱਕਰ ਵੱਡਣ ਤੋਂ ਇਨਕਾਰ ਕਰ ਦਿੰਦਾ ਹੈ ਕਿ ਕਾਂ ਨੇ ਉਸ ਦਾ ਕੀ ਵਗਾੜਿਆ ਹੈ। ਫਿਰ ਉਹ ਰਾਜੇ ਪਾਸ ਜਾਂਦੀ ਉਸਦੇ ਇਨਕਾਰ ਕਰਨ ਤੇ ਰਾਣੀ ਕੋਲ, ਫਿਰ ਸੱਪ ਕੋਲ, ਗੱਡੇ ਵਾਲੇ ਕੋਲ, ਅੱਗ ਕੋਲ, ਮਾਸ਼ਕੀ ਕੋਲ ਅਤੇ ਚੂਹੇ ਪਾਸ। ਸਭ ਇਹ ਕਹਿਕੇ ਇਨਕਾਰ ਕਰੀ ਜਾਂਦੇ ਹਨ ਕਿ ਉਨ੍ਹਾਂ ਦਾ ਇਕ ਦੂਜੇ ਨਾਲ ਕੋਈ ਵੈਰ ਨਹੀਂ। ਅੰਤ ਹਾਰ ਕੇ ਜਦੋਂ ਚੂਹਾ ਜੁਆਬ ਦੇ ਦਿੰਦਾ ਹੈ ਤਾਂ ਚਿੜੀ ਚੂਹੇ ਨੂੰ ਆਖਦੀ ਹੈ ਕਿ ਮੈਂ ਬਿੱਲੀ ਨੂੰ ਤੇਰੇ ਘਰ ਦੀ ਖ਼ਬਰ ਕਰਦੀ ਹਾਂ ਤਾਂ ਚੂਹਾ ਡਰ ਜਾਂਦਾ ਹੈ ਤੇ ਮਸ਼ਕ ਨੂੰ ਕੁਤਰਨ ਲਈ ਤਿਆਰ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਮੰਨਦੇ ਹਨ। ਅੰਤ ਤਰਖਾਣ ਕਿੱਕਰ ਵੱਢਣ ਲੱਗਦਾ ਹੈ। ਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਆਖ ਕੇ ਰੋਕ ਦਿੰਦਾ ਹੈ ਕਿ ਮੈਂ ਅੱਧਾ ਹਿੱਸਾ ਦੇ ਦਿੰਦਾ ਹਾਂ। ਇਹ ਲੋਕ ਕਹਾਣੀ ਹੈ ਤਾਂ ਕਾਂ ਚਿੜੀ ਦੀ ਪਰ ਇਸ ਵਿਚ ਬੱਚੇ ਦੇ ਮਨ ਅੰਦਰ ਇਹ ਗੱਲ ਭਰੀ ਜਾਂਦੀ ਹੈ ਕਿ ਆਪਣੇ ਹੱਕਾਂ ਦੀ ਰਾਖੀ ਅਤੇ ਪ੍ਰਾਪਤੀ ਲਈ ਸੰਘਰਸ਼ ਕਰਨਾ ਪਏਗਾ। ਇਹ ਲੋਕ ਕਥਾਵਾਂ ਲੋਕ ਸਿਆਣਪਾਂ ਦਾ ਅਮੁੱਲ ਭੰਡਾਰ ਹਨ। ਸਾਡੇ ਪਾਸੋਂ ਬਜ਼ੁਰਗ ਪੀੜ੍ਹੀ ਦੇ ਚਲੇ ਜਾਣ ਪਿਛੋਂ ਅਸੀਂ ਇਸ ਤੋਂ ਵਿਰਵੇ ਹੋ ਜਾਵਾਂਗੇ।

ਬਾਤਾਂ ਰਾਹੀਂ ਇਨ੍ਹਾਂ ਸਿਆਣਪਾਂ ਤੋਂ ਅੱਗੇ ਦ੍ਰਿਸ਼ਟਾਂਤਾਂ ਦਾ ਪੜਾਅ ਆਉਂਦਾ ਹੈ। ਕੁਝ ਗੁਪਤ ਸੁਨੇਹੇ ਕਾਵਿ ਪੰਕਤੀਆਂ ਵਿਚ ਭਰ ਕੇ ਭੇਜੇ ਜਾਂਦੇ ਹਨ ਅਤੇ ਜਿਨ੍ਹਾਂ ਦਾ ਸੰਕੇਤਕ ਉਤਰ ਉਸੇ ਤਰ੍ਹਾਂ ਦੀਆਂ ਕਾਵਿ ਪੰਕਤੀਆਂ ਵਿਚ ਮੁੜਦਾ ਹੈ। ਜਿਵੇਂ ਇਕ ਔਰਤ ਆਪਣੇ ਪਤੀ ਦੀ ਰੋਟੀ ਨੌਕਰ ਹੱਥ ਭੇਜਦੀ ਸੀ ਪਰ ਨੌਕਰ ਰਾਹ ਵਿਚ ਅੱਧੀ ਰੋਟੀ ਖਾ ਜਾਂਦਾ ਤਾਂ ਕਿਸਾਨ ਭੁੱਖਾ ਰਹਿੰਦਾ ਹੈ। ਇਕ ਦਿਨ ਉਸ ਨੇ ਭੁੱਖੇ ਰਹਿਣ ਦੀ ਗੱਲ ਆਪਣੀ ਪਤਨੀ ਨੂੰ ਦੱਸੀ ਤਾਂ ਉਹ ਸਮਝ ਗਈ ਕਿ ਨੌਕਰ ਜ਼ਰੂਰ ਹੇਰਾ ਫੇਰੀ ਕਰਦਾ ਹੈ। ਇਕ ਦਿਨ ਉਸ ਮਾਸ ਦੀਆਂ ਬੋਟੀਆਂ ਅਤੇ ਫੁੱਲਕੇ ਭੇਜੇ ਅਤੇ ਨਾਲ ਹੀ ਉਸ ਕੋਲ ਸੁਨੇਹਾ ਘੱਲਿਆ ਤੇ ਇਸ ਦਾ ਉਤਰ ਵੀ ਮੰਗਿਆ। ਨੌਕਰ ਨੇ ਆਦਤ ਅਨੁਸਾਰ ਰਸਤੇ ਵਿਚ ਮਾਸ ਦੀਆਂ ਕੁਝ ਬੋਟੀਆਂ ਤੇ ਰੋਟੀ ਖਾ ਲਈ। ਉਸ ਨੇ ਕਿਸਾਨ ਨੂੰ ਰੋਟੀ ਦੇ ਨਾਲ ਸੁਨੇਹਾ ਦਸਿਆ। ਸੁਨੇਹੇ ਵਿਚ ਉਸ ਦੀ ਪਤਨੀ ਨੇ ਕਿਹਾ ਸੀ:

ਚੰਦੋ ਚੌਧਵੀਂ ਰਾਤ ਕਿ ਤਾਰੇ ਘਣੇ ਘਣੇ।
ਮਸੀਤੀ ਗੁਠਾਂ ਚਾਰ ਕਿ ਬੁਝਣ ਸੁਘੜ ਜਣੇ।

ਕਿਸਾਨ ਨੇ ਜਦ ਇਹ ਸੁਨੇਹਾ ਸੁਣਿਆ ਤਾਂ ਉਸ ਨੇ ਵੇਖਿਆ ਕਿ ਮਾਸ ਵੀ ਖਾਦਾ ਹੋਇਆ ਹੈ ਤੇ ਰੋਟੀ ਵੀ, ਤਾਂ ਉਸ ਨੇ ਆਪਣੀ ਪਤਨੀ ਨੂੰ ਸੁਨੇਹਾ ਘੱਲਿਆ:

ਚੰਦੋ ਚੌਧਵੀਂ ਰਾਤ ਕਿ ਤਾਰਾ ਕੋਈ ਕੋਈ।
ਮਸੀਤੀ ਗੁਠਾਂ ਚਾਰ ਕਿ ਇਕ ਗੁਠ ਢੱਠੀ ਹੋਈ।

ਜੱਟੀ ਨੂੰ ਪਤਾ ਲਗ ਗਿਆ ਕਿ ਨੌਕਰ ਚੋਰੀ ਕਰਦਾ ਹੈ ਤਾਂ ਉਸ ਨੇ ਬੜੀ ਝਾੜ ਪਾਈ। ਇਸੇ ਤਰ੍ਹਾਂ ਵਿਆਹ-ਸ਼ਾਦੀ ਦੇ ਮੌਕੇ ਤੇ ਇਕ ਦੂਜੇ ਦੇ ਘਰ ਰੋਟੀ ਭੇਜੀ ਜਾਂਦੀ ਹੈ ਪਰ ਲਾਗੀ ਵਿਚੋਂ ਰੱਖ ਜਾਂਦੇ ਹਨ। ਇਸ ਲਈ ਇਕ ਸਿਆਣੀ ਔਰਤ ਇਸੇ ਤਰ੍ਹਾਂ ਦਾ ਗੁਪਤ ਸੁਨੇਹਾ ਭੇਜਦੀ ਹੈ।

ਜ਼ਿੰਦਗੀ ਨੂੰ ਸੁਚੱਜੀ ਬਣਾਉਣ ਲਈ ਅਣਲਿਖੇ ਸਾਹਿਤ ਵਿਚ ਜੀਵਨ ਤਜ਼ਰਬਾ ਭਰਿਆ ਰਹਿੰਦਾ ਹੈ। ਲੋਕਾਂ ਦੇ ਆਚਰਣ ਦੀ ਉਸਾਰੀ ਲੋਕ ਸਾਹਿਤ ਰਾਹੀਂ ਹੁੰਦੀ ਰਹਿੰਦੀ ਹੈ। ਲੋਕ ਸਾਹਿਤ ਦੀ ਸਾਮਗ੍ਰੀ ਲੋਕ ਸਿਆਣਪਾਂ ਦਾ ਭਰਪੂਰ ਅਮੁੱਲ ਭੰਡਾਰ ਹੈ। ਇਸ ਨਾਲ ਮਨੋਰੰਜਨ ਵੀ ਹੁੰਦਾ ਰਹਿੰਦਾ ਹੈ ਅਤੇ ਨਾਲੋ ਨਾਲ ਸਿੱਖਿਆ ਦਾ ਸੰਚਾਰ ਵੀ ਹੁੰਦਾ ਰਹਿੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿਮਾਗੀ ਕਸਰਤ ਅਤੇ ਮਨੋਰੰਜਨ ਦਾ ਸਾਧਨ ਬੁਝਾਰਤਾਂ ਵੀ ਲੋਕ ਸਿਆਣਪਾਂ ਦੇ ਭਰਪੂਰ ਖ਼ਜ਼ਾਨੇ ਹਨ। ਲੋਕਾਂ ਵਿਚ ਆਲੇ ਦੁਆਲੇ ਦੀਆਂ ਵਸਤਾਂ ਨੂੰ ਰਮਜ਼ਾਂ ਰਾਹੀਂ ਬੁੱਝਣ ਲਈ ਅਨੇਕਾਂ ਬੁਝਾਰਤਾਂ ਪ੍ਰਚਲਿਤ ਹਨ। (ਜੋ ਵੇਰਵੇ ਸਹਿਤ ਪਿਛਲੇ ਅਧਿਆਏ ਵਿਚ ਵਰਣਨ ਕਰ ਆਏ ਹਾਂ। ਬੁਝਾਰਤਾਂ ਤੇ ਅਖਾਣਾਂ ਦੇ ਵਧੇਰੇ ਅਧਿਐਨ ਲਈ ਵੇਖੋ ਪੁਸਤਕ : 'ਬੁਝਾਰਤਾਂ ਤੇ ਅਖਾਣ' (ਬਿਕਰਮ ਸਿੰਘ ਘੁੰਮਣ)

ਇਹ ਕਿਹਾ ਜਾਂਦਾ ਹੈ ਕਿ 'ਇਕ ਤੰਦਰੁਸਤੀ ਸੌ ਨਿਆਮਤ' ਹੈਂ। ਇਹ ਸਾਨੂੰ ਸਿਹਤ ਦਾ ਖਿਆਲ ਰਖਣ ਲਈ ਅਤੇ ਹੋਰ ਅਨੇਕਾਂ ਲੋਕ ਸਿਆਣਪਾਂ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ। ਅਜੇਹੇ ਅਨੇਕਾਂ ਟੋਟਕੇ-ਨੁਸਖ਼ਿਆਂ ਨੂੰ ਚੇਤੇ ਰੱਖਣ ਲਈ ਕਵਿਤਾ ਵਿਚ ਕਵਿਤਾਇਆ ਗਿਆ ਹੈ। ਅਜੇਹੀਆਂ ਲੋਕ ਸਿਆਣਪਾਂ ਕਈ ਵਾਰ ਪੜ੍ਹੇ ਲਿਖੇ ਡਾਕਟਰਾਂ ਨੂੰ ਵੀ ਹੈਰਾਨ ਕਰ ਦਿੰਦੀਆਂ ਹਨ:

ਪੇਟ ਨਰਮ, ਪੈਰ ਗਰਮ, ਸਿਰ ਠੰਢਾ।
ਘਰ ਆਏ ਡਾਕਟਰ, ਉਸਦੇ ਮਾਰੋ ਡੰਡਾ।

ਇਸ ਨਾਲ ਹੀ ਕਈ ਪਰਹੇਜ਼ ਅਤੇ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ:

1. ਖਾ ਕੇ ਮੂਤੇ ਲੇਟੇ ਬਾਏਂ, ਕਾਹੇ ਨੂੰ ਫਿਰ ਵੈਦ ਬੁਲਾਏ।

2. ਸਵੇਰੇ ਖਟੀਆ ਉਠਕੇ, ਤੁਰਤ ਪੀਵੈ ਪਾਣੀ
ਰਹੇ ਅਰੋਗ ਸਦਾ ਹੀ ਬੰਦਾ, ਬਹੁਤ ਸੱਚੀ ਇਹ ਜਾਣੀ।

3 ਆਂਖ ਮੇਂ ਅੰਜਨ ਦਾਂਤ ਕੋ ਮੰਜਨ
ਨਿੱਤ ਕਰ ਨਿੱਤ ਕਰ ਨਿੱਤ ਕਰ।
ਕਾਨ ਮੇਂ ਤੀਲਾ ਨਾਕ ਮੇਂ ਉਂਗਲੀ
ਮਤ ਕਰ ਮਤ ਕਰ ਮਤ ਕਰ।

ਇਸੇ ਤਰ੍ਹਾਂ ਹਰ ਰੁੱਤ ਵਿਚ ਕਿਹੋ ਜਿਹਾ ਖਾਣਾ ਪੀਣਾ, ਰਹਿਣ ਸਹਿਣ, ਕੰਮ ਕਾਰ ਕਰਨਾ ਹੈ, ਸੰਬੰਧੀ ਅਨੇਕਾਂ ਟੋਟਕੇ ਮਿਲਦੇ ਹਨ:

1. ਜੇਠ ਹਾੜ ਸਵੇਂ,
ਸਾਵਣ ਭਾਦੋਂ ਨਾਵ੍ਹੇ।
ਅੱਸੂ ਕੱਤਾ ਥੋੜਾ ਖਾਵੇ।

2. ਸਾਵਨ ਸ਼ਾਮ ਕੰਮ ਕੀਜੇ, ਭਾਦੋਂ ਵਿਚ ਨਾਮ ਨਾ ਲੀਜੇ।
ਅੱਸੂ ਮਹੀਨੇ ਦੋਵੇਂ ਪੱਖ, ਪਿਆਰੇ ਦੇਹ, ਜੁਗਤ ਸਿਉ ਰੱਖ।

3. ਜਦ ਦੀਵਾਲੀ ਆਵੇ ਜਿਨਾਂ ਮਰਜ਼ੀ ਖਾਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਚੈਤ ਨਿੰਮ ਵਿਸਾਖੀ ਭਾਤ।
ਜੇਠ ਹਾੜ ਸੌਵੇ ਦਿਨ ਰਾਤ.।
ਸਾਵਣ ਹਰੜਾਂ, ਭਾਦਰੋਂ ਚਿਤਰਾ,
ਅੱਸੂ ਗੁੜ ਖਾਣੇ ਨੂੰ ਮਿੱਤਰਾ।
ਕੱਤਕ ਮੂਲੀ ਮੱਘਰ ਤੇਲ,
ਪੋਹ ਵਿਚ ਕਰੇ ਦੁੱਧ ਦਾ ਮੇਲ।
ਮਾਘ ਮਾਂਸ ਘਿਉ ਖਿਚੜੀ ਖਾਏ,
ਫੱਗਣ ਉੱਠਕੇ ਲਾਤੇ ਨ੍ਹਾਇ,
ਜੋ ਇਹ ਬਾਰਾਂ ਕਰੇ ਰਨਾਇ,
ਵੈਦਾਂ ਦੇ ਫਿਰ ਕਦੇ ਨਾ ਜਾਇ।

ਜੇਕਰ ਕਿਸੇ ਦੀ ਸਿਹਤ ਖ਼ਰਾਬ ਕਰਨੀ ਹੋਵੇ ਤਾਂ ਵੀ ਟੋਟਕਾ ਦਸਿਆ ਹੈ:

ਜਾਕੋ ਮਾਰਾ ਚਾਹੀਏ, ਬਿਨ ਮਾਰੇ ਬਿਨ ਘਾਉ।
ਉਸ ਨੂੰ ਇਹੋ ਸਿਖਾਈਏ, ਮਾਰ ਬੀ ਪੂਰੀ ਖਾਉ।

ਘਰ ਵਿਚ ਕੋਈ ਕਾਰਜ ਕਰਨਾ ਹੈ ਤਾਂ ਉਹ ਕਿਸ ਸਮੇਂ ਕਿਹੋ ਜਿਹਾ ਕਰਨਾ ਚਾਹੀਦਾ ਹੈ। ਉਸ ਸੰਬੰਧੀ ਲੋਕ ਸਿਆਣਪਾਂ ਦਾ ਅਮੁੱਲ ਭੰਡਾਰ ਲੋਕਾਂ ਦੀ ਅਗਵਾਈ ਕਰਦਾ ਹੈ:

ਤੈਨੂੰ ਆਖਦੀ ਬਾਬਲਾ ਮੇਰਾ ਅੱਸੂ ਦਾ ਕਾਜ ਰਚਾ।
ਅੰਨ ਨਾ ਤਰੱਕੇ ਕੋਠੜੀ, ਤੇਰਾ ਦਹੀ ਨਾ ਆਹਲਾ ਜਾਵੇ।
ਮੈ ਤੈਨੂੰ ਬਾਬਲਾ ਆਖ ਰਹੀ ਆਵੇ ਵੇ ਬਾਬਲ।
ਮੱਘਰ ਕਰੀਏ ਵਿਆਹ, ਭੱਤਾ ਨਾ ਬਾਸੇ ਤੇਰਾ ਗੋਤ ਨ ਗੁੱਸੇ।
ਰੁੱਤ ਸਿਰ ਕਰੀਏ ਵਿਆਹ। ਕਰੁੱਤੇ ਨਾ ਕਾਜ ਰਚਾ।

ਵੱਖ ਵੱਖ ਜਾਤਾਂ , ਕਿੱਤਿਆਂ ਅਤੇ ਸ਼ਹਿਰਾਂ ਪਿੰਡਾਂ ਵਿਚ ਬਣੀਆਂ ਚੀਜ਼ਾਂ ਦੀ ਪ੍ਰਸਿੱਧੀ ਵੀ ਛੰਦ/ਕਵਿਤਾਵਾਂ ਵਿਚ ਮਿਲਦੀ ਹੈ। ਜਿਵੇ:

1. ਲਾਹੌਰ ਦਾ ਜ਼ਰਦਾ ਪਿਸ਼ੌਰ ਦਾ ਸਰਦਾ।
2. ਲਾਹੌਰ ਕਹਿਰ, ਸਵਾ ਪਹਿਰ।

ਪੰਜਾਬ ਦੀਆਂ ਭਿੰਨ ਭਿੰਨ ਜਾਤੀਆਂ ਤੇ ਉਨ੍ਹਾਂ ਦੇ ਕਾਰ-ਵਿਹਾਰ ਦਾ ਵਰਣਨ ਲੋਕ-ਸਿਆਣਪਾਂ ਵਿਚ ਮਿਲਦਾ ਹੈ। ਜੱਟ, ਬਾਣੀਆਂ, ਕਿਰਾੜ, ਕਲਾਲ, ਖੱਤਰੀ, ਧੋਬੀ, ਮੁੱਲਾਂ, ਬ੍ਰਾਹਮਣ, ਅਰੋੜਾ, ਤੇਲੀ, ਤਰਖਾਣ, ਨਟ, ਡੂਮ, ਜੁਲਾਹਾ, ਮੋਚੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਬਾਰੇ ਅਨੇਕਾਂ ਲੋਕ ਸਿਆਣਪਾਂ ਹਨ ਜੋ ਉਨ੍ਹਾਂ ਦੀ ਜਾਤੀ ਨੂੰ ਚਿਤਰਿਤ ਕਰਦੀਆਂ ਹਨ :

1. ਵਾਹੀ ਜੱਟ ਦੀ ਬਾਜੀ ਨੱਟ ਦੀ
2. ਜੱਟ ਤੇ ਸੂਰ ਬਰਾਬਰ ਈ, ਜੱਟ ਤੋਲੀਂ ਭਾਰਾ।
   ਸੂਰ ਪੱਟੇ ਮਰਲਾ, ਜੱਟ ਵਿਘਾ ਸਾਰਾ।
3. ਜੱਟ ਜੱਟ ਦਾ ਨਾ ਰਹਿੰਦਾ ਕਾਮਾ।
   ਭੁੱਖਾ ਮਰੇ ਤਾਂ ਕਰੇ ਸਲਾਮਾਂ।
4. ਭੂਰੇ ਜੇਡ ਨਾ ਕੱਪੜਾ, ਜੱਟਾਂ ਜੇਡ ਨਾ ਰਾਠ।
5. ਬਾਂਸ ਨੂੰ ਨਹੀਂ ਫ਼ਲ ਖੱਤਰੀ ਨੂੰ ਨਹੀਂ ਹਲ।
6. ਅਰੋੜਾ ਪੁੱਤਰ ਕਿਸੀ ਕਾ ਨਾ ਮਿੱਤਰ
7. ਜਿਸ ਦਾ ਮਿੱਤਰ ਖੱਤਰੀ ਹੋਵੇ।
   ਉਸ ਨੂੰ ਦੁਸ਼ਮਨ ਦੀ ਕੀ ਲੋੜ।
8. ਬ੍ਰਾਹਮਣ ਸ਼ਾਹ ਨਹੀਂ, ਡੀਲਾ ਘਾਹ ਨਹੀਂ

ਸਮੁੱਚੇ ਤੌਰ ਤੇ ਆਖ ਸਕਦੇ ਹਾਂ ਕਿ ਲੋਕ ਸਿਆਣਪਾਂ ਲੋਕ ਮਾਨਸ ਦਾ ਇਕ ਅਮੀਰ ਵਿਰਸਾ ਹਨ। ਜਿਸ ਵਿਚ ਉਸ ਨੂੰ ਚੱਜ ਅਚਾਰ, ਵਰਤ ਵਰਤਾਵਾ, ਰਹਿਣ-ਸਹਿਣ, ਗੱਲ-ਬਾਤ ਆਦਿ ਸੰਬੰਧੀ ਗੁਰ ਦਸੇ ਗਏ। ਇਹ ਨਿਰੇ ਟੋਟਕੇ ਜਾਂ ਨੁਸਖ਼ੇ ਹੀ ਨਹੀਂ ਹਨ ਸਗੋਂ ਜੀਵਨ ਦੀ ਸਚਾਈ ਦਰਸਾਉਣ ਵਾਲੀਆਂ ਬਹੁ-ਮੁੱਲੀਆਂ ਬਾਤਾਂ ਹਨ। ਲੋੜ ਸਿਰਫ ਇਸ ਵਿਸਰ ਰਹੇ ਅਮੀਰ ਵਿਰਸੇ ਨੂੰ ਸਾਂਭਣ ਦੀ ਹੈ। ਹੁਣ ਪੰਜਾਬੀ ਚੇਤਨ ਰੂਪ ਵਿਚ ਇਸ ਅਮੀਰ ਵਿਰਸੇ ਦੀ ਸਾਂਭ ਕਰਨ ਲੱਗੇ ਹਨ। ਵਿਅਕਤੀਗਤ ਅਤੇ ਸਮੂਹਿਕ ਜਤਨ ਜਾਰੀ ਹਨ।

(ਅ) ਲੋਕ ਗਾਥਾ

ਮਹਾਨ ਕੋਸ਼ ਵਿਚ ਗਾਥਾ ਸ਼ਬਦ ਦਾ ਅਰਥ ਕ੍ਰਮਵਾਰ ਕਹਾਣੀ, ਵੰਸ਼ ਵਰਣਿਤ ਇਤਿਹਾਸਕ ਪ੍ਰਸੰਗ, ਇਕ ਛੰਦ ਦਾ ਨਾਂ, ਇਸ ਪ੍ਰਾਚੀਨ ਭਾਸ਼ਾ ਜਿਸ ਵਿਚ ਹੋਰਨਾਂ ਬੋਲੀਆਂ ਦੇ ਸ਼ਬਦ ਹੋਣਾ ਲਿਆ ਹੈ।[58] ਪਰ ਲੋਕ ਗਾਥਾ ਅੰਗਰੇਜ਼ੀ ਸ਼ਬਦ 'ਫੋਕ ਬੈਲੇਡ' ਦਾ ਸਮਾਨਾਰਥਕ ਹੈ ਇਹ ਗੀਤਾਂ ਵਿਚ ਹੁੰਦੀ ਹੈ। ਪੰਜਾਬੀ ਸਾਹਿਤ ਕੋਸ਼ ਅਨੁਸਾਰ ਗਾਥਾਂ ਉਹ ਲੋਕ ਕਥਾ ਹੁੰਦੀ ਹੈ ਜਿਸ ਵਿਚ ਕਿਸੇ ਪ੍ਰਸਿਧ ਘਟਨਾ ਜਾਂ ਪਾਤਰ ਦਾ ਵਰਣਨ ਹੋਵੇ ਅਰਥਾਤ ਜਿਵੇਂ ਗੀਤਾਂ ਵਿਚ ਗਾਈ ਜਾਣ ਵਾਲੀ ਇਕ ਕਹਾਣੀ ਹੈ।[59] ਇਨਸਾਈਕਲੋਪੀਡੀਆ ਬ੍ਰਿਟਾਨਿਕਾ ਵਿਚ ਇਸ ਦੇ ਲੇਖਕ ਦਾ ਅਗਿਆਤ ਹੋਣਾ, ਕਥਾਨਕ ਦਾ ਜ਼ਬਾਨੀ ਪਰੰਪਰਾ ਵਿਚ ਚਲਦੇ ਹੋਣਾ ਅਤੇ ਅਭਿਵਿਅਕਤੀ ਦਾ ਕਲਾਤਮਕ ਜਾਂ ਬਨਾਵਟੀ ਸੂਖਮਤਾਵਾਂ ਦਾ ਨਾ ਹੋਣਾ ਆਦਿ ਹੋਰ ਵਿਸ਼ੇਸ਼ਤਾਈਆਂ ਹਨ। ਸਤੇਂਦ੍ਰ ਨੇ ਕਿਹਾ ਹੈ ਕਿ ਅਜੇਹੀਆਂ ਸਾਰੀਆ ਗਾਥਾਵਾਂ, ਜਿਹੜੀਆਂ ਯਥਾਰਥ ਇਤਿਹਾਸਕ ਬਿੰਦੂ ਤੇ ਉਸਾਰੀਆਂ ਗਈਆਂ ਹੋਣ,ਉਹ ਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਾਥਾ ਕਹਾਉਂਦੀਆਂ ਹਨ.[60]। ਮੌਰੇ ਦੇ ਵਿਚਾਰ ਅਨੁਸਾਰ ਇਹ ਛੋਟੇ ਪਦਾਂ ਵਿਚ ਰਚੀ ਪ੍ਰੇਰਣਾਦਾਇਕ ਕਵਿਤਾ ਹੈ, ਜਿਸ ਵਿਚ ਕੋਈ ਲੋਕ ਪ੍ਰਿਯ ਕਥਾ ਵਿਸਥਾਰ ਸਹਿਤ ਕਹੀ ਗਈ ਹੋਵੇ।[61] ਡਬਲੀਊ.ਪੀ. ਕੇਰ ਲਿਖਦਾ ਹੈ, ''ਗਾਥਾ ਅਜਿਹਾ ਕਥਾ ਕਾਵਿ ਹੈ, ਜੋ ਜਾਂ ਤਾਂ ਲੋਕ ਕੰਠ ਵਿਚ ਹੀ ਉਤਪੰਨ ਤੇ ਵਿਕਸਿਤ ਹੁੰਦਾ ਹੈ ਜਾਂ ਲੋਕ ਗਾਥਾ ਦੇ ਸਾਮਾਨਯ ਰੂਪ ਵਿਧਾਨ ਨੂੰ ਲੈ ਕੇ ਕਿਸੇ ਵਿਸ਼ੇਸ਼ ਕਵੀ ਦੁਆਰਾ ਰਚਿਆ ਜਾਂਦਾ ਹੈ ਜਿਸ ਦਾ ਪ੍ਰਚਾਰ ਜਨ ਸਾਧਾਰਨ ਵਿਚ ਮੌਖਿਕ ਰੂਪ ਨਾਲ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਹੁੰਦਾ ਰਹਿੰਦਾ ਹੈ। ਕਰਨੈਲ ਸਿੰਘ ਥਿੰਦ ਨੇ ਲੋਕ ਗਾਥਾ ਬਾਰੇ ਚਰਚਾ ਕਰਦੇ ਹੋਏ ਲਿਖਿਆ ਹੈ ਕਿ ਇਹ ਇਕ ਅਜੇਹੀ ਪਰੰਪਰਾਗਤ ਸੰਗੀਤਕ ਕਾਵਿ ਕਥਾ ਹੈ ਜਿਸ ਵਿਚ ਬੀਰਤਾ ਦੇ ਕਾਰਨਾਮੇ, ਰੋਮਾਂਟਿਕ ਪ੍ਰਸੰਗ ਜਾਂ ਕਿਸੇ ਹੋਰ ਖੇਤਰ ਦੇ ਵਿਸ਼ੇਸ਼ ਸਾਕੇ ਬੜੀ ਸਾਦਾ ਬੋਲੀ ਵਿਚ ਬਿਆਨ ਕੀਤੇ ਗਏ ਹੋਣ।''[62] ਧਰਮਪਾਲ ਮੈਨੀ ਅਨੁਸਾਰ 'ਲੋਕ ਗਾਥਾ' ਬਨਾਵਟੀ, ਸਾਧਨਹੀਨ, ਲੋਕ ਜੀਵਨ ਨਾਲ ਜੁੜੀ ਵਸਤੂ ਪ੍ਰਧਾਨ ਸੁਭਾਵਕ, ਸਹਸ ਮਨੋਰੰਜਨ ਤੇ ਜਨ ਪ੍ਰਿਯ ਅਜੇਹੀ ਗੀਤਾਤਮਕ ਅਤੇ ਸਫੂਰਤੀਦਾਇਕ ਤੇ ਉਤਸ਼ਾਹ ਵਧਾਊ ਕਥਾ ਹੈ ਜਿਸ ਵਿਚ ਆਮ ਤੌਰ ਤੇ ਸਥਾਨਕ ਅਤੇ ਸਮਾਜਿਕ ਵਿਅਕਤੀਤ੍ਵ ਉਭਰਿਆ ਹੋਇਆ ਹੁੰਦਾ ਹੈ ਤੇ ਉਹ ਮੌਖਿਕ ਜਾਂ ਲਿਖਿਤ ਰੂਪ ਵਿਚ ਥੋੜਾ ਬਹੁਤਾ ਪਰਿਵਰਤਨ ਕਰਦੀ ਹੋਈ ਇਤਿਹਾਸ ਪ੍ਰਸਿੱਧ ਹੋ ਜਾਂਦੀ ਹੈ।[63]

ਉਪਰੋਕਤ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕ ਗਾਥਾ ਵਿਚ ਕਿਸੇ ਨਾਇਕ ਜਾਂ ਘਟਨਾ ਦਾ ਵਰਣਨ ਹੁੰਦਾ ਹੈ ਜੋ ਕਿ ਕਾਵਿ ਮਈ ਹੁੰਦਾ ਹੈ। ਇਸ ਵਿਚ ਅਲੰਕਾਰਿਕ ਸ਼ੈਲੀ ਦਾ ਵਰਣਨ ਨਹੀਂ ਸਗੋਂ ਸਰਲ ਸ਼ਬਦਾਂ ਵਿਚ ਵਰਣਨ ਕੀਤਾ ਹੁੰਦਾ ਹੈ। ਮੌਖਿਕ ਹੋਣ ਕਰਕੇ ਇਸ ਦਾ ਕੋਈ ਨਿਸਚਿਤ ਮੂਲ ਪਾਠ ਨਹੀਂ ਹੁੰਦਾ ਹੈ। ਲੇਖਕ ਵੀ ਇਸ ਦਾ ਲਗਭੱਗ ਅਗਿਆਤ ਵਿਅਕਤੀ ਹੀ ਹੁੰਦਾ ਹੈ।

ਲੋਕ ਗਾਥਾ ਦੀਆਂ ਵਿਲੱਖਣਤਾਵਾਂ

1. ਅਗਿਆਤ ਲੇਖਕ

ਲੋਕ ਸਾਹਿਤ ਦੇ ਬਾਕੀ ਸਾਹਿਤ ਰੂਪਾਂ ਵਾਂਗ ਲੋਕ ਗਾਥਾ ਦਾ ਲੇਖਕ ਵੀ ਅਗਿਆਤ ਹੀ ਹੁੰਦਾ ਹੈ। ਜੇਕਰ ਉਸਦਾ ਕੋਈ ਲੇਖਕ ਹੋਵੇਗਾ ਤਾਂ ਵੀ ਉਸ ਰਚਨਾ ਤੇ ਲੇਖਕ ਦਾ ਵਿਅਕਤੀਤਵ ਪ੍ਰਭਾਵ ਘੱਟ ਹੁੰਦਾ ਹੈ, ਕਿਉਂਕਿ ਰਚਨਾ ਲਿਖਿਤ ਰੂਪ ਵਿਚ ਘੱਟ ਅਤੇ ਮੌਖਿਕ ਪਰੰਪਰਾ ਵਿਚ ਹੀ ਪੀੜ੍ਹੀਉ ਪੀੜ੍ਹੀ ਅਗੇ ਚਲਦੀ ਹੈ।

2. ਸੰਗੀਤ

ਲੋਕ ਗਾਥਾ ਦਾ ਲੋਕਾਂ ਦੇ ਮੂੰਹ ਤੇ ਚੜ੍ਹਨ ਦਾ ਇਕ ਇਹ ਕਾਰਨ ਹੈ ਕਿ ਇਸ ਦਾ ਬਿਆਨ ਸਾਦਾ ਅਤੇ ਸਰਲ ਹੁੰਦਾ ਹੈ। ਇਸ ਵਿਚ ਕਿਸੇ ਇਕਹਿਰੀ ਘਟਨਾ ਦਾ ਹੀ ਵਰਣਨ ਹੁੰਦਾ ਹੈ ਅਤੇ ਇਹ ਕਾਵਿ ਮਈ ਲੈਅ ਵਿਚ ਹੁੰਦਾ ਹੈ। ਗਾਉਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ ਇਹਦੇ ਵਿਚੋਂ ਅਜੇਹੀ ਸੰਗੀਤਕ ਹੂਕ ਨਿਕਲਦੀ ਹੈ ਕਿ ਸਰੋਤੇ ਕੀਲੇ ਜਾਂਦੇ ਹਨ। ਬਿਆਨ ਸਾਦਾ ਹੋਣ ਕਾਰਨ ਇਸ ਦੇ ਬੋਲ ਲੋਕਾਂ ਨੂੰ ਜ਼ਬਾਨੀ ਯਾਦ ਹੋ ਜਾਂਦੇ ਹਨ। ਗਾਥਾ ਨੂੰ ਗਾਉਣ ਵਾਲੇ ਭੱਟ ਅਤੇ ਮਿਰਾਸੀ ਹੀ ਹੋਇਆ ਕਰਦੇ ਸਨ। ਆਰ.ਸੀ.ਟੈਂਪਲ ਨੇ ਬਹੁਤ ਸਾਰੀਆਂ ਲੋਕ ਗਾਥਾਵਾਂ ਲੋਕਾਂ ਪਾਸੋਂ ਜ਼ਬਾਨੀ ਸੁਣ ਕੇ ਹੀ ਇਨ੍ਹਾਂ ਨੂੰ 'ਲੀਜ਼ੈਡਸ ਔਫ ਪੰਜਾਬ' ਨਾਂ ਦੀ ਪੁਸਤਕ ਵਿਚ ਤਿੰਨ ਜਿਲਦਾਂ ਵਿਚ ਸੰਪਾਦਿਤ ਕੀਤਾ।

3. ਮੂਲ ਪਾਠ ਦੀ ਘਾਟ

ਲੋਕ-ਗਾਥਾਵਾਂ ਦਾ ਪ੍ਰਮਾਣਿਕ ਕੋਈ ਵੀ ਮੂਲ ਪਾਠ ਪ੍ਰਾਪਤ ਨਹੀ ਹੈ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਕਿਸੇ ਅਗਿਆਤ ਲੇਖਕ ਦੁਆਰਾ ਰਚੀਆਂ ਹੁੰਦੀਆਂ ਹਨ। ਇਨ੍ਹਾਂ ਦੀ ਪਰੰਪਰਾ ਵਧੇਰੇ ਮੌਖਿਕ ਹੋਣ ਕਰਕੇ ਇਸ ਵਿਚ ਸੁਨਾਉਣ ਵਾਲਾ ਆਪਣੀ ਗਾਉਣ ਦੀ ਪ੍ਰਤਿਭਾ ਅਨੁਸਾਰ ਇਨ੍ਹਾਂ ਵਿਚ ਬਹੁਤ ਸਾਰੇ ਵਾਧੇ ਘਾਟੇ ਕਰਦਾ ਰਿਹਾ ਹੈ। ਇਨ੍ਹਾਂ ਗਾਥਾਵਾਂ ਦਾ ਸਾਨੂੰ ਕੋਈ ਪ੍ਰਾਚੀਨ ਖਰੜਾ ਮੂਲ ਰੂਪ ਵਿਚ ਨਹੀਂ ਮਿਲਦਾ ਹੈ। ਜੇਕਰ ਕਿਧਰੇ ਕੋਈ ਮਿਲਦਾ ਹੈ ਤਾਂ ਉਹ ਉਤਾਰੇ ਦੀ ਸ਼ਕਲ ਵਿਚ ਹੋ ਸਕਦਾ ਹੈ।

4. ਸਥਾਨਿਕ ਰੰਗਣ

ਇਨ੍ਹਾਂ ਲੋਕ ਗਾਥਾਵਾਂ ਦੇ ਨਾਇਕ ਜਾਂ ਘਟਨਾ ਸਥਾਨਕ ਹੋਣ ਕਾਰਨ ਇਸ ਵਿਚ ਸਥਾਨਕ ਰੰਗਣ ਬਹੁਤ ਹੁੰਦੀ ਹੈ, ਜਿਸ ਨਾਲ ਇਹ ਵਧੇਰੇ ਸਥਾਨਕ ਅਤੇ ਪ੍ਰਭਾਵਸ਼ਾਲੀ ਲੱਗਦੀਆਂ ਹਨ। ਸੱਸੀ ਪੁੰਨੂੰ ਦੀ ਲੋਕ ਗਾਥਾ ਵੰਨਗੀ ਵਲੋਂ ਪੇਸ਼ ਹੈ:

ਉੱਠ ਨੀ ਧੀਏ ਸੁੱਤੀਏ, ਤੂੰ ਲੈ ਚਰਖੇ ਦੀ ਸਾਰ ਨੀ,
ਪੁੰਨੂੰ ਵਰਗੀਆਂ ਸੂਰਤਾਂ, ਤੈਨੂੰ ਲੈ ਦਿਆਂ ਦੋ ਤੇ ਚਾਰ ਨੀ।
ਹਾਏ ਵੇ ਪੁੰਨੂੰ ਜ਼ਾਲਮਾਂ.....।

5. ਟੇਕ ਪਦਾਂ ਦਾ ਦੁਹਰਾਉ

ਲੋਕ ਗਾਥਾਵਾਂ ਲੋਕ ਪ੍ਰਵਾਨਗੀ ਦਾ ਰੂਪ ਹੁੰਦੀਆਂ ਹਨ। ਇਸ ਨੂੰ ਯਾਦ ਰਖਣ ਲਈ ਕੁਝ ਰੂੜ੍ਹੀਆਂ ਤੇ ਦੁਹਰਾਉ ਆਉਂਦੇ ਹਨ ਜਿਹੜੇ ਕਈ ਥਾਵਾਂ ਤੇ ਦ੍ਰਿਸ਼ ਬਦਲਣ ਦਾ ਕੰਮ ਏਨੀ ਸ਼ਗੂਫਤਗੀ ਨਾਲ ਕਰਦੇ ਹਨ ਕਿ ਸਾਰੀ ਬੁਣਤੀ ਵਿਚ ਕੋਈ ਤਰੇੜ ਨਜ਼ਰ ਨਹੀਂ ਆਉਂਦੀ। ਸੱਸੀ ਪੁੰਨੂੰ ਦੀ ਪ੍ਰਚਲਿਤ ਲੋਕ ਗਾਥਾ ਵਿਚ ਅਜੇਹੇ ਦੁਹਰਾਉ ਵਾਰ ਵਾਰ ਆਉਂਦੇ ਹਨ। ਜਿਵੇਂ ਇਹ ਪੰਕਤੀ ਵਾਰ ਵਾਰ ਆਉਂਦੀ ਹੈ:

ਹਾਏ ਵੇ ਪੁੰਨੂੰ ਜ਼ਾਲਮਾਂ.....।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਗਾਥਾਵਾਂ ਵਿਚ ਸਿਧੇ ਤੌਰ ਤੇ ਕੋਈ ਉਪਦੇਸ਼ ਨਹੀਂ ਦਿੱਤਾ ਹੁੰਦਾ ਹੈ। ਪਰ ਸਾਹਿਤ ਦਾ ਕੋਈ ਨਾ ਕੋਈ ਮਨੋਰਥ ਤੇ ਜ਼ਰੂਰ ਹੁੰਦਾ ਹੈ। ਭਾਵੇਂ ਇਨ੍ਹਾਂ ਵਿਚ ਸਿੱਧੇ ਤੌਰ ਤੇ ਕੋਈ ਉਪਦੇਸ਼ ਨਹੀਂ ਦਿੱਤਾ ਹੁੰਦਾ ਪਰ ਅਸਿੱਧੇ ਤੌਰ ਤੇ ਲੋਕ ਗਾਥਾ ਕੋਈ ਨਾ ਕੋਈ ਸੰਦੇਸ਼ ਜ਼ਰੂਰ ਦੇਂਦੀ ਹੈ। ਜਿਵੇਂ ਸੱਸੀ ਪੁੰਨੂੰ ਦੀ ਲੋਕ-ਗਾਥਾ ਨੂੰ ਲੈ ਕੇ ਵੇਖਦੇ ਹਾਂ। ਇਸ ਵਿਚ ਅਸਿੱਧੇ ਤੌਰ ਤੇ ਸਰੋਤੇ/ਪਾਠਕ ਨੂੰ ਸੁਚੇਤ ਕੀਤਾ ਹੈ ਕਿ ਪਰਦੇਸੀ ਨਾਲ ਦੋਸਤੀ ਨਹੀਂ ਨਿਭ ਸਕਦੀ।

6. ਅਲੰਕਾਰਕ ਸ਼ੈਲੀ ਦੀ ਅਣਹੋਂਦ

ਅਲੰਕਾਰਾਂ ਨੂੰ ਭਾਵੇਂ ਕਵਿਤਾ ਦੀ ਆਤਮਾ ਮੰਨਿਆ ਗਿਆ ਹੈ। ਪਰ ਲੋਕ ਸਾਹਿਤ ਵਿਚ ਬੌਧਿਕ ਵਿਚਾਰਾਂ ਲਈ ਕੋਈ ਥਾਂ ਨਹੀਂ ਹੈ। ਇਹ ਜਨ-ਸਾਧਾਰਨ ਦੀਆਂ ਕਿਰਤਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਮਿਲੀ ਹੋਈ ਹੁੰਦੀ ਹੈ। ਇਸੇ ਤਰ੍ਹਾਂ ਲੋਕ ਗਾਥਾ ਵਿਚ ਵੀ ਅਲੰਕਾਰਕ ਸ਼ੈਲੀ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। ਇਸ ਵਿਚ ਵਾਧੂ ਅਲੰਕਾਰ ਜਾਂ ਕੋਈ ਬੌਧਿਕ ਵਿਚਾਰ ਨਹੀਂ ਹੁੰਦਾ। ਇਹ ਸਿਧੀ ਭਾਸ਼ਾ ਵਿਚ ਲਿਖੀ ਜਾਂਦੀ ਹੈ। ਪਰ ਇਸ ਦਾ ਪ੍ਰਭਾਵ ਸਰੋਤੇ, ਪਾਠਕ ਤੇ ਤੀਖਣ ਪੈਂਦਾ ਹੈ।

7. ਲੋਕ ਪ੍ਰਵਾਨਗੀ

ਇਨ੍ਹਾਂ ਲੋਕ ਗਾਥਾਵਾਂ ਵਿਚ ਲੋਕ ਮਨ ਦੀ ਅਭਿਵਿਅਕਤੀ ਹੁੰਦੀ ਹੈ। ਅਤੇ ਇਹ ਪਰੰਪਰਾ ਮੁਖੀ ਹੁੰਦੀਆਂ ਹਨ। ਪੀੜ੍ਹੀਉ ਪੀੜ੍ਹੀ ਇਹ ਤੁਰੀਆਂ ਆ ਰਹੀਆਂ ਹਨ, ਜਿਨ੍ਹਾਂ ਨੂੰ ਲੋਕ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਸੱਸੀ ਪੁੰਨੂੰ , ਹੀਰ ਰਾਂਝਾ, ਦੁੱਲਾ ਭੱਟੀ ਆਦਿ ਲੋਕਾਂ ਦੇ ਮਨਾਂ ਵਿਚ ਘਰ ਕਰ ਚੁੱਕੀਆਂ ਹਨ।

ਉਪਰੋਕਤ ਵਿਲੱਖਣਤਾਵਾਂ ਹੋਣ ਕਾਰਨ ਹੀ ਇਹ ਲੋਕਾਂ ਦੇ ਮਨ ਵਿਚ ਵਸੀਆਂ ਹੋਈਆਂ ਹਨ ਅਤੇ ਪੀੜ੍ਹੀਉ ਪੀੜ੍ਹੀ ਅਗੇ ਤੁਰ ਰਹੀਆਂ ਹਨ। ਪੰਜਾਬੀ ਦੀਆਂ ਬਹੁਤ ਸਾਰੀਆਂ ਲੋਕ ਗਾਥਾਵਾਂ ਲੋਪ ਹੋ ਰਹੀਆਂ ਹਨ ਕਿਉਂਕਿ ਇਨ੍ਹਾਂ ਨੂੰ ਗਾਉਣ ਵਾਲੇ ਮਿਰਾਸੀ ਅਤੇ ਭੱਟ ਲੋਪ ਹੋ ਰਹੇ ਹਨ ਅਤੇ ਇਨ੍ਹਾਂ ਦੀ ਥਾਂ ਬਾਜ਼ਾਰੀ ਪੱਧਰ ਦੇ ਗਾਇਕ ਪੈਦਾ ਹੋ ਰਹੇ ਹਨ। ਜੋ ਸਾਡੇ ਅਮੀਰ ਵਿਰਸੇ ਵਿਚ ਮਿਲਾਵਟ ਕਰ ਰਹੇ ਹਨ। ਇਸ ਕਰਕੇ ਪੰਜਾਬੀਆਂ ਦਾ ਇਹ ਫਰਜ਼ ਹੈ ਕਿ ਉਹ ਇਨ੍ਹਾਂ ਨੂੰ ਲਿੱਪੀ-ਅੰਤਰ ਕਰਕੇ ਇਸ ਦੇ ਮੂਲ ਪਾਠ ਤਿਆਰ ਕਰਨ।

ਲੋਕ ਗਾਥਾਵਾਂ ਦਾ ਵਰਗੀਕਰਣ

ਪੰਜਾਬੀ ਲੋਕ ਸਾਹਿਤ ਵਿਚ ਪ੍ਰਚਲਿਤ ਲੋਕ-ਗਾਥਾਵਾਂ ਨੂੰ ਅਸੀਂ ਹੇਠ ਲਿਖੀਆਂ ਮੁਖ ਸ਼ਰੇਣੀਆਂ ਵਿਚ ਵੰਡ ਸਕਦੇ ਹਾਂ:

1. ਪ੍ਰੀਤ ਗਾਥਾ
2. ਬੀਰ ਗਾਥਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਇਤਿਹਾਸਕ ਗਾਥਾ
4. ਮਿਥਿਹਾਸਕ ਗਾਥਾ

1. ਪ੍ਰੀਤ ਗਾਥਾ

ਪੰਜਾਬੀ ਲੋਕ-ਗਾਥਾਵਾਂ ਦਾ ਸਭ ਤੋਂ ਹਰਮਨ ਪਿਆਰਾ ਰੂਪ ਪ੍ਰੀਤ ਗਾਥਾ ਹੈ। ਇਨ੍ਹਾਂ ਵਿਚ ਕਿਸੇ ਪ੍ਰੀਤ ਜੋੜੇ ਦੀ ਪ੍ਰੀਤ ਦਾ ਵਰਣਨ ਕੀਤਾ ਹੁੰਦਾ ਹੈ ਜਿਵੇਂ ਹੀਰ ਰਾਂਝਾ, ਸੋਹਣੀ-ਮਹੀਂਵਾਲ, ਮਿਰਜ਼ਾ ਸਾਹਿਬਾਂ ਅਤੇ ਸੱਸੀ ਪੁੰਨੂੰ ਦੀਆਂ ਲੋਕ ਗਾਥਾਂਵਾਂ ਵਿਚ। ਸੱਸੀ ਪੁੰਨੂੰ ਦੀ ਇਹ ਲੋਕ ਗਾਥਾ ਵਧੇਰੇ ਪ੍ਰਸਿਧ ਹੈ:

ਸੱਸੀ ਪੁੰਨੂ ਦੋ ਜਣੇ, ਕੋਈ ਮੁੱਖ ਪਰ ਜਰਦ ਰੁਮਾਲ ਵੇ:
ਸੱਸੀ ਪਾਸਾ ਪਰਤਿਆ, ਤੇ ਪੁੰਨੂੰ ਹੈ ਨਹੀਂ ਨਾਲ ਵੇ।
ਹਾਏ ਵੇ ਪੁੰਨੂੰ ਜ਼ਾਲਮਾਂ, ਦਿਲਾਂ ਦਿਆ ਮਹਿਰਮਾਂ,
ਸੁੱਤੀ ਨੂੰ ਛੋੜ ਕੇ , ਨਾ ਜਾਣਾ ਈ ਓਏ।

2. ਬੀਰ ਗਾਥਾ

ਇਸ ਵੰਨਗੀ ਦੀ ਗਾਥਾ ਵਿਚ ਕਿਸੇ ਯੋਧੇ ਸੂਰਬੀਰ ਦੀ ਮਹਿਮਾ ਗਾਈ ਗਈ ਹੁੰਦੀ ਹੈ। ਇਨ੍ਹਾਂ ਗਾਥਾਵਾਂ ਦੇ ਨਾਇਕ ਪਹਿਲਾਂ ਹੀ ਲੋਕ ਮਨਾਂ ਵਿਚ ਵਸੇ ਹੁੰਦੇ ਅਤੇ ਇਹ ਗੀਤਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਪੰਜਾਬੀ ਵਿਚ ਇਸ ਤਰ੍ਹਾਂ ਦੀਆਂ ਬੀਰ ਗਾਥਾਵਾਂ ਦੇ ਨਾਇਕ ਜੱਗਾ ਡਾਕੂ, ਜੀਉਣਾ ਮੌੜ, ਦੁੱਲਾ ਭੱਟੀ ਆਦਿ ਹਨ। ਜੱਗੇ ਡਾਕੂ ਦੇ ਜੀਵਨ ਨਾਲ ਸੰਬੰਧਿਤ ਲੋਕ ਗਾਥਾ:

ਜੱਗਾ ਵੱਢਿਆ ਬੋਹੜ ਦੀ ਛਾਵੇਂ
ਤੇ ਨੌਂ ਮਣ ਰੇਤ ਭਿੱਜ ਗਈ।

ਜੀਉਣੇ ਮੌੜ ਦੀ ਲੋਕ ਗਾਥਾ:

... ਜੀਉਣਾ ਮੋੜ ਵੱਢਿਆ ਨਾ ਜਾਵੇ
ਛਵੀਆਂ ਦੇ ਘੁੰਡ ਮੁੜ ਗਏ।

3. ਇਤਿਹਾਸਕ ਗਾਥਾ

ਇਨ੍ਹਾਂ ਲੋਕ ਗਾਥਾਵਾਂ ਵਿਚ ਕਿਸੇ ਇਤਿਹਾਸਕ ਵਿਅਕਤੀ ਦੀ ਬੀਰਤਾ ਜਾਂ ਉਸ ਦੀ ਕੁਰਬਾਨੀ ਦਾ ਜਾਂ ਕਿਸੇ ਸਾਕੇ ਦਾ ਵਰਣਨ ਕੀਤਾ ਹੁੰਦਾ ਹੈ। ਉਸ ਦੀ ਬਹਾਦਰੀ ਦੀ ਧਾਂਕ ਲੋਕ ਮਨਾਂ ਉਪਰ ਬੈਠ ਜਾਂਦੀ ਹੈ, ਇਸ ਵਿਚ ਕਿਸੇ ਅਜੇਹੇ ਘਲੂਘਾਰੇ ਦਾ ਵੀ ਵਰਣਨ ਹੁੰਦਾ ਹੈ ਜਿਸ ਵਿਚ ਲੋਕਾਂ ਉਪਰ ਅਸਹਿ ਜ਼ੁਲਮ ਕੀਤੇ ਹੁੰਦੇ ਹਨ। ਪੰਜਾਬੀ ਵਿਚ ਅਜਿਹਿਆਂ ਲੋਕ ਗਾਥਾਵਾਂ ਹਨ, ਜਿਵੇਂ ਸਾਹਿਬਜ਼ਾਦਿਆਂ ਦੀ ਸ਼ਹੀਦੀ, ਚਮਕੌਰ ਸਾਹਿਬ ਦਾ ਸਾਕਾ, ਗੁਰੂ ਦੇ ਬਾਗ਼ ਦਾ ਮੋਰਚਾ, ਭਾਈ ਬਿਧੀ ਚੰਦ ਦੀ ਬਹਾਦਰੀ, ਮੱਸਾ ਰੰਗੜ ਦਾ ਪ੍ਰਸੰਗ ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਮਿਥਿਹਾਸਕ ਗਾਥਾਵਾਂ

ਇਨ੍ਹਾਂ ਗਾਥਾਵਾਂ ਵਿਚ ਕਿਸੇ ਮਿੱਥ ਦੁਆਲੇ ਗੀਤ ਘੁੰਮਦਾ ਹੈ। ਪੰਜਾਬੀ ਵਿਚ ਗੁੱਗਾ ਪੀਰ ਦੀ ਗਾਥਾ ਇਕ ਮਿਥਿਹਾਸਕ ਗਾਥਾ ਹੈ।

ਪੰਜਾਬੀ ਲੋਕ ਸਾਹਿਤ ਵਿਚ ਲੋਕ ਗਾਥਾ ਬਹੁਤ ਹੀ ਲੋਕ-ਪ੍ਰਿਯ ਕਾਵਿ ਰੂਪ ਹੈ। ਵਿਸ਼ਿਸ਼ਟ ਸਾਹਿਤ ਦੇ ਕਵੀ ਵੀ ਇਨ੍ਹਾਂ ਗਾਥਾਵਾਂ ਤੋਂ ਪ੍ਰਭਾਵਿਤ ਹੋਏ ਹਨ। ਪੰਜਾਬੀ ਦਾ ਵਾਰ ਸਾਹਿਤ ਅਤੇ ਕਿੱਸਾ ਕਾਵਿ ਨੇ ਗਾਥਾਵਾਂ ਦਾ ਵਧੇਰੇ ਪ੍ਰਭਾਵ ਕਬੂਲ ਕੀਤਾ ਹੈ। ਭਾਈ ਗੁਰਦਾਸ, ਦਮੋਦਰ, ਪੀਲੂ, ਵਾਰਿਸ, ਮੁਕਬਲ, ਆਦਿ ਕਵੀ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਹਨ।

ਬੁਝਾਰਤਾਂ ਅਤੇ ਅਖਾਣ

ਬੁਝਾਰਤਾਂ

ਪੰਜਾਬ ਦੀਆਂ ਲੋਕ ਬੁਝਾਰਤਾਂ ਪੰਜਾਬੀ ਲੋਕ ਸਾਹਿਤ ਦਾ ਅਨਿੱਖੜਵਾਂ ਅੰਗ ਹਨ। ਪੰਜਾਬੀਆਂ ਦਾ ਖੁਲ੍ਹਾ-ਡੁਲ੍ਹਾ ਜੀਵਨ,ਕਾਰ ਵਿਹਾਰ ਤੇ ਨਿੱਤ ਕੰਮ ਆਉਣ ਵਾਲੀਆਂ ਵਸਤੂਆਂ ਦੀ ਝਲਕ ਸਾਡੀਆਂ ਲੋਕ ਬੁਝਾਰਤਾਂ ਵਿਚੋਂ ਸਾਨੂੰ ਆਉਂਦੀ ਹੈ। ਪੰਜਾਬੀ ਵਿਚ ਬੁੱਝਣ ਵਾਲੀ ਬਾਤ ਨੂੰ ਬੁਝਾਰਤ ਜਾਂ ਪਹੇਲੀ ਆਖਿਆ ਜਾਂਦਾ ਹੈ। ਪਹੇਲੀ ਸੰਸਕ੍ਰਿਤ ਦੇ 'ਪ੍ਰਹੇਲਿਕਾ' ਸ਼ਬਦ ਦਾ ਪੰਜਾਬੀ ਤਦਭਵ ਰੂਪ ਹੈ। ਪੰਜਾਬੀ ਸਾਹਿਤ ਕੋਸ਼[64] ਵਿਚ ਬੁਝਾਰਤ ਦੇ ਅਰਥ ਹਨ, ਗਿਆਨ ਕਰਾਉਣ ਲਈ ਦਿੱਤਾ ਗਿਆ ਸੰਕੇਤ ਜਾਂ ਇਸ਼ਾਰਾ। ਕਰਨੈਲ ਸਿੰਘ ਥਿੰਦ ਬੁਝਾਰਤ ਦੀ ਪਰਿਭਾਸ਼ਾ ਦੇਂਦੇ ਆਖਦੇ ਹਨ, ''ਬੁਝਾਰਤ ਲੋਕ ਮਾਨਸ ਦੀ ਅਜਿਹੀ ਮੌਖਿਕ ਅਭਿਵਿਅਕਤੀ ਹੈ ਜਿਸ ਵਿਚ ਕੋਈ ਪ੍ਰਸ਼ਨ ਗੁੰਝਲ ਜਾਂ ਅੜਾਉਣੀ ਹੁੰਦੀ ਹੈ। ਇਸ ਪ੍ਰਸ਼ਨ ਜਾਂ ਗੁੰਝਲ ਵਿਚ ਹੀ ਸਾਰਾ ਰਹੱਸ ਛਿਪਿਆ ਹੁੰਦਾ ਹੈ।''[65] ਵਣਜਾਰਾ ਬੇਦੀ ਅਨੁਸਾਰ, ''ਬੁਝਾਰਤਾਂ ਮੋਟੇ ਠੁਲੇ ਪ੍ਰਸ਼ਨ ਹੁੰਦੇ ਹਨ, ਜਿਨ੍ਹਾਂ ਵਿਚ ਆਦਿਮ ਬਿੰਬਾਂ, ਰੂਪਕਾਂ ਤੇ ਸੰਕਲਪ ਚਿਤਰਾਂ ਨਾਲ ਅਨੂਠੇ ਆਕਾਰਾਂ ਕੇ ਝਾਂਵਲੇ ਹੁੰਦੇ ਹਨ ਤੇ ਜਿਨ੍ਹਾਂ ਵਿਚ ਛੁਪੇ ਕਿਸੇ ਮੂਲ ਚਿੱਤਰ ਨੂੰ ਲੱਭਣਾ ਹੁੰਦਾ ਹੈ।''[66]

ਬੁਝਾਰਤਾਂ ਬੁੱਧੀ ਨੂੰ ਤੀਖਣ ਤੋਂ ਤੀਖਣ ਕਰਦੀਆਂ ਹਨ, ਗਿਆਨ ਵਧਾਉਂ-ਦੀਆਂ ਹਨ ਅਤੇ ਇਸ਼ਾਰਿਆਂ ਅਤੇ ਸੰਕੇਤਾਂ ਨੂੰ ਬੁਝਣ ਲਈ ਡੂੰਘਾ ਸੋਚਣ ਤੇ ਮਜਬੂਰ ਕਰਦੀਆਂ ਹਨ। ਅੜਾਉਣੀ ਜੇਹੀ ਗੱਲ ਨੂੰ ਪੇਸ਼ ਕਰਕੇ ਇਹ ਸੁਲਝਾਉਣ ਵਲ ਬੁੱਧੀ ਨੂੰ ਪ੍ਰੇਰਦੀਆਂ ਹਨ ਜਿਸ ਦੁਆਰਾ ਆਨੰਦ ਭਰਪੂਰ ਸਿੱਖਿਆ ਵੀ ਪ੍ਰਾਪਤ ਹੁੰਦੀ ਹੈ।

ਬੁਝਾਰਤਾਂ ਪਾਉਣ ਦਾ ਰਿਵਾਜ਼ ਕਦੋਂ ਤੋਂ ਸ਼ੁਰੂ ਹੋਇਆ। ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਪਰ ਪੰਜਾਬੀ ਵਿਚ ਪ੍ਰਾਚੀਨ ਕਾਲ ਤੋਂ ਹੀ ਇਨ੍ਹਾਂ ਦਾ ਆਰੰਭ ਹੋਇਆ ਜਾਪਦਾ ਹੈ। ਵਣਜਾਰਾ ਬੇਦੀ ਇਸ ਦੀ ਪ੍ਰਾਚੀਨਤਾ ਬਾਰੇ ਦਸਦੇ ਹਨ ਕਿ ''ਰਿਗ ਵੇਦ ਦੇ ਪਹਿਲੇ ਮੰਡਲ ਵਿਚ, ਦ੍ਰਿਗਾਤਮਾ ਦੀ ਇਕੋ ਰਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਦਿਤੀਆਂ 51 ਬੁਝਾਰਤਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿਚ ਵੈਦਿਕ ਕਾਲ ਵਿਚ, ਧਾਰਮਿਕ ਰਹੁ-ਰੀਤਾਂ ਵੇਲੇ ਬੁਝਾਰਤਾਂ ਪੁੱਛਣ ਦਾ ਰਿਵਾਜ ਸੀ।''[67] ਉਪਰੋਕਤ ਕਥਨ ਤੋਂ ਇਨ੍ਹਾਂ ਦੀ ਪ੍ਰਾਚੀਨਤਾ ਬਾਰੇ ਪਤਾ ਲਗਦਾ ਹੈ।

ਬੁਝਾਰਤਾਂ ਨੂੰ ਘੜਨ ਲਈ ਕਲਾ, ਜੀਵਨ ਅਨੁਭਵ ਅਤੇ ਕਲਪਨਾ ਦੀ ਲੋੜ ਹੁੰਦੀ ਹੈ। ਬੁਝਾਰਤ ਨੂੰ ਸੁਣਨ ਵਾਲਾ ਵੀ ਡੋਰਾ ਜਾਂ ਬੋਲਾ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਸ ਨੂੰ ਉੱਚਾ ਸੁਣਦਾ ਹੋਵੇ। ਸੁਖਮਨੀ ਸਾਹਿਬ ਵਿਚ ਵੀ ਇਸ ਬਾਰੇ ਲਿਖਿਆ ਹੈ:

ਕਹਾ ਬੁਝਾਰਤਿ ਬੂਝੈ ਡੋਰਾ।
ਨਿਸਿ ਕਹੀਐ ਤਉ ਸਮਝੈ ਭੋਰਾ।

ਬੁਝਾਰਤਾਂ ਦੀਆਂ ਦੋ ਕਿਸਮਾਂ ਹਨ:

1. ਦਾਰਸ਼ਨਿਕ ਬੁਝਾਰਤਾਂ

ਇਸ ਕਿਸਮ ਦੀਆਂ ਬੁਝਾਰਤਾਂ ਵਿਚ ਗੂਹੜ ਗਿਆਨ ਪੁੱਛਿਆ ਹੁੰਦਾ ਹੈ। ਇਹ ਬੁਝਾਰਤ ਗੁਰੂ ਨਾਨਕ ਦੇਵ ਜੀ ਦੀ ਪਾਈ ਹੋਈ ਹੈ:

ਪਉਣ ਪਾਣੀ ਅਗਨੀ ਕਾ ਮੇਲੁ, ਚੰਚਲ ਚਪਲ ਬੁਧਿ ਕਾ ਖੇਲ।
ਨਉ ਦਰਵਾਜੇ ਦਸਵਾਂ ਦੁਆਰ, ਬੁਝ ਰੇ ਗਿਆਨੀ ਏਹ ਬੀਚਾਰ।

(ਮਨੁੱਖੀ ਸਰੀਰ)

2. ਮੁਕਰੀਆਂ

ਇਹ ਵੀ ਬੁਝਾਰਤਾਂ ਦੀ ਇਕ ਕਿਸਮ ਹੈ ਜਿਨ੍ਹਾਂ ਦੇ ਅੰਤ ਵਿਚ ਉੱਤਰ ਮਿਲ ਜਾਂਦਾ ਹੈ ਪਰ ਕਮਾਲ ਇਸ ਵਿਚ ਹੈ ਕਿ ਦੋ ਸ਼ਬਦਾਂ ਵਿਚੋਂ ਸਮੇਂ ਤੇ ਸਥਿਤੀ ਅਨੁਸਾਰ ਮਰਜ਼ੀ ਨਾਲ ਉਤਰ ਰੂਪ ਵਿਚ ਚੁਣਿਆ ਜਾ ਸਕਦਾ ਹੈ।

ਮੋਹਨ ਸਿੰਘ ਮੁਕਰੀਆਂ ਬਾਰੇ ਆਖਦੇ ਹਨ, 'ਖੁਸਰੋ ਨੇ ਬੁਝਾਰਤ ਦੇ ਨਾਲ ਹੀ ਕਹਿ ਮੁਕਰੀਆਂ ਵੀ ਛੱਡੀਆਂ ਹਨ। ਕਹਿ ਮੁਕਰੀਆਂ ਬਾਹਰੋਂ ਕੁਝ ਹੋਰ ਕਹਿਣਾ ਪਰ ਪਿੱਛੋਂ ਮੁਕਰ ਜਾਣਾ ਤੇ ਅਸਲੀ ਗੱਲ ਹੋਰ ਹੀ ਕੁਝ ਦਸਣੀ। ਇਉਂ ਵੀ ਕਹਿ ਲੌ ਕਿ ਬੁਝਾਰਤ ਦਾ ਉਤਰ ਬੁਝਾਰਤ ਦੇ ਵਿਚੇ ਹੀ ਰੱਖਣਾ । ਸੱਚ, ਇਸ ਸੁਝਾਉ ਦੇ ਬਿਲਕੁਲ ਉਲਟ ਨਿਕਲੇ।[68] ਉਦਾਹਰਣ ਵਜੋਂ ਇਕ ਇਸਤਰੀ ਆਪਣੇ ਸੱਜਣ ਦੀ ਗੱਲ ਕਰਦੀ ਹੈ ਪਰ ਸਮਾਜ ਦੇ ਡਰ ਤੋਂ ਵਿੰਗੇ ਟੇਢੇ ਢੰਗ ਨਾਲ ਗੱਲ ਬਦਲਨੀ ਹੋਵੇ ਤਾਂ ਮੁਕਰੀਆਂ ਵਧੀਆਂ ਕੰਮ ਸਾਰਦੀਆਂ ਹਨ:

1. ਸਾਰੀ ਰਾਤ ਮੇਰੇ ਨਾਲ ਜਾਗਿਆ, ਸਵੇਰ ਹੋਈ ਤਾਂ ਵਿਛੜਨ ਲੱਗਿਆ,
ਉਹ ਵਿਛੜੇ ਤਾਂ ਫਟਦਾ ਜੀਉੜਾ, ਐ ਸਖੀ ਸਜਣ? ਨ ਸਖੀ ਦੀਵੜਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਮੇਰੇ ਅੰਗਾਂ ਨਾਲ ਲਿਪਟਿਆ ਆਵੇ, ਉਹਦੀ ਖੇਡ ਮੇਰੇ ਮਨ ਭਾਵੇ।।
ਹਥ ਫੜੇ, ਫੜੇ ਕੁਝ, ਫੜੇ ਮੇਰੀ ਮਾਲਾ, ਐ ਸਖੀ ਸਜਣ? ਨ ਸਖੀ ਮਾਲਾ।

3. ਅੰਗ ਅੰਗ ਮੇਰੇ ਲਿਪਟ ਜਾਏ, ਰੰਗ ਰੂਪ ਰਸ ਡੀਕੇ ਗਏ,
ਮੈਂ ਜਨਮ ਭਰ ਸਾਥ ਰਿਹਾ ਗੂਹੜਾਂ, ਐ ਸਖੀ ਸਜਣ ? ਨਾ ਸਖੀ ਚੂੜਾ।

4. ਆਪ ਹਿਲੇ ਉਹ ਮੈਨੂੰ ਹਿਲਾਵੇ, ਉਸਦਾ ਹਿਲਣਾ ਮੈਨੂੰ ਭਾਵੇ।
ਹਿਲੇ ਹਵਾ ਵਜਾਵੇ ਡੋਕਾ, ਐ-ਸਖੀ ਸੱਜਣ? ਨ ਸਖੀ ਪੱਖਾ।

ਬੁਝਾਰਤਾਂ ਦੀਆਂ ਵਿਸ਼ੇਸ਼ਤਾਈਆਂ

ਬੁਝਾਰਤਾਂ ਦੀਆਂ ਬਹੁ-ਪੱਖੀ ਵਿਸ਼ੇਸ਼ਤਾਵਾਂ ਹਨ, ਇਹ ਨਿਰੀਆਂ ਮੰਨੋਰੰਜਨ ਦਾ ਸਾਧਨ ਹੀ ਨਹੀਂ ਸਗੋਂ ਸਾਡੀ ਬੁੱਧੀ ਅਤੇ ਗਿਆਨ ਵਿਚ ਵੀ ਵਾਧਾ ਕਰਦੀਆਂ ਹਨ। ਬੁਝਾਰਤਾਂ ਦੀਆਂ ਪ੍ਰਮੁੱਖ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ:

1. ਸੰਜਮ

ਇਨ੍ਹਾਂ ਦੀ ਸਭ ਤੋਂ ਵਡੇਰੀ ਸਿਫਤ ਸੰਜਮ ਅਤੇ ਸਰਲ ਬਿਆਨ ਹੈ। ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੁੰਦਾ ਹੈ। ਇਸ ਵਿਚ ਅਥਾਹ ਸੰਜਮ ਦੀ ਵਰਤੋਂ ਥੋੜ੍ਹੇ ਢੁਕਵੇਂ, ਮੁਕਾਵੇਂ ਸ਼ਬਦ ਹੁੰਦੇ ਹਨ। ਗੱਲ ਇਸ ਵਿਚ ਭਾਵੇਂ ਥੋੜ੍ਹੀ ਹੁੰਦੀ ਹੈ ਪਰ ਅਰਥ ਭਰਪੂਰ ਅਤੇ ਜੀਵਨ ਵਿਚ ਸਿਖਿਆ ਦੇਣ ਵਾਲੀ ਹੁੰਦੀ ਹੈ।

2. ਮੌਖਿਕਤਾ

ਲੋਕ ਸਾਹਿਤ ਦੇ ਬਾਕੀ ਰੂਪਾਂ ਵਾਂਗ ਇਹ ਵੀ ਲੋਕਮਾਨਸ ਦੀ ਮੌਖਿਕ ਅਭਿਵਿਅਕਤੀ ਕਰਦੀਆਂ ਹਨ, ਮੂੰਹੋਂ ਮੂੰਹੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਚਲ ਰਹੀਆਂ ਹਨ।

3. ਕਲਪਨਾ

ਜਿਵੇਂ ਅਸੀਂ ਪਹਿਲੇ ਵੀ ਇਸ ਗੱਲ ਦਾ ਵਰਣਨ ਕਰ ਆਏ ਹਾਂ ਕਿ ਬੁਝਾਰਤਾਂ ਸਿਰਜਨ ਲਈ ਬਿਬੇਕ ਬੁੱਧੀ ਦੀ ਲੋੜ ਹੈ। ਜਿਵੇਂ ਕਵਿਤਾ ਕਲਪਨਾ ਤੋਂ ਬਿਨਾਂ ਸਿਰਜੀ ਨਹੀਂ ਜਾ ਸਕਦੀ ਇਸੇ ਤਰ੍ਹਾਂ ਬੁਝਾਰਤਾਂ ਵੀ। ਵਣਜਾਰਾ ਬੇਦੀ[69] ਦੇ ਕਥਨ ਅਨੁਸਾਰ ''ਬੁਝਾਰਤਾਂ ਵਿਚ ਕਲਪਨਾ ਦੀਆਂ ਬੜੀਆਂ ਅਦਭੁੱਤ ਉਡਾਰੀਆਂ ਮਿਲਦੀਆਂ ਹਨ।'' ਪੰਜਾਬੀ ਕਲਪਨਾ ਵਿਚ ਨੀਂਦਰ ''ਪਾਣੀ ਕੋਲੋਂ ਪਤਲੀ ਪਤਾਸੇ ਕੋਲੋਂ ਮਿੱਠੀ ਹੈ। ਤਾਰੇ ਨੀਲੀ ਟਾਕੀ ਚਾਵਲ ਬੱਧੇ, ਦਿਨੇ ਗਵਾਚੇ ਰਾਤੀਂ ਲੱਭੇ। ਇਹੋ ਜਿਹਾ ਰਸ ਕਿਸੇ ਹੋਰ ਕਲਾ ਰੂਪ ਵਿਚ ਨਹੀਂ ਮਿਲ ਸਕਦਾ ਹੈ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਅਦਭੁੱਤਤਾ

ਬੁਝਾਰਤਾਂ ਵਿਚ ਅਦਭੁੱਤਤਾ ਦਾ ਅੰਸ਼ ਵਧੇਰੇ ਹੁੰਦਾ ਹੈ, ਕਿਉਂਕਿ ਬੁਝਾਰਤਾਂ ਸਿਰਜਨ ਵਾਲਾ ਵਿਅਕਤੀ ਅਜੇਹੀ ਬੁਝਾਰਤ ਸਿਰਜਦਾ ਹੈ ਕਿ ਸਰੋਤਾ ਹੈਰਾਨ ਅਤੇ ਪਰੇਸ਼ਾਨ ਹੋ ਜਾਵੇ। ਉਹ ਹਰ ਪਾਸੇ ਨਜ਼ਰ ਦੁੜਾਉਂਦਾ ਹੈ:

1. ਪਾਰੋਂ ਆਇਆ ਬਾਬਾ ਲੋਧੀ,
ਛੇ ਟੰਗਾਂ ਤੇ ਇਕੋ ਬੋਦੀ (ਤਕੜੀ)

2. ਆਠ ਕਾਠ ਦੀ ਪੁੱਤਲੀ
ਮੂੰਹ ਚੰਮ ਦਾ
ਦੋ ਮਰਦਾਂ ਨੂੰ ਮਾਰਦੀ
ਸ਼ਾਬਾਸ਼ੇ ਉਸ ਰੰਨ ਦਾ। (ਪਰਾਣੀ)

ਬੁਝਾਰਤ ਸਿਰਜਕ ਹਮੇਸ਼ਾ ਉਲਟਾਪਣ ਲੱਭਦਾ ਹੈ, ਤਾਂ ਜੋ ਸੁਣਨ ਵਾਲਾ ਭੁਲੇਖੇ ਵਿਚ ਪੈ ਜਾਏ ਤੇ ਚੜ੍ਹਦੇ ਜਾਣ ਦੀ ਬਜਾਇ ਲਹਿੰਦੇ ਤੁਰ ਪਵੇ। ਇਸ ਲਈ ਉਪਮਾਵਾਂ ਦੀ ਲੱਭਤ, ਮੇਲ ਟਾਕਰੇ ਦੀ ਖੋਜ ਅਤੀ ਜ਼ਰੂਰੀ ਹੈ। ਅੱਖਾਂ ਤੇ ਕਲਪਨਾ ਦੋਹਾਂ ਦੀ ਸਹਾਇਤਾ ਲੈਣੀ ਪੈਂਦੀ ਹੈ। ਉਹ ਗੱਲ ਕਹਿਣੀ ਕਿ ਬੁੱਝਣ ਵਾਲਾ ਦੰਦ ਪੀਹੇ, ਅੱਖਾਂ ਅੱਡੇ, ਉਂਗਲ ਵੱਢੇ ਤੇ ਹੈਰਾਨ ਪ੍ਰੇਸ਼ਾਨ ਹੋ ਜਾਵੇ। ਅੰਤ ਥੱਕ ਕੇ ਆਖੇ ਕਿ ਉਹ ਬਾਤ ਬੁਝ ਨਹੀਂ ਸਕਦਾ। ਉਹ ਆਪ ਦਸੇ।

5. ਰਸ

ਬੁਝਾਰਤਾਂ ਵਿਚ ਨੌਂ ਰਸਾਂ ਦੀ ਵਰਤੋਂ ਕੀਤੀ ਹੁੰਦੀ ਹੈ। ਇਨ੍ਹਾਂ ਵਿਚ ਵਿਸਮਾਦ, ਸ਼ਿੰਗਾਰ ਰਸ, ਬੀਭਤਸ ਆਦਿ ਨੌਂ ਰਸਾਂ ਦਾ ਹੀ ਸੁਮੇਲ ਹੁੰਦਾ ਹੈ। ਸੁਹਜ ਤੇ ਰਹੱਸ ਦਾ ਅਨੂਠਾ ਮਿਸ਼ਰਣ ਹੁੰਦਾ ਹੈ ਜੋ ਅਨੋਖਾ ਤੇ ਅਲੌਕਿਕ ਰਸ ਦੇਂਦਾ ਹੈ। ਇਹ ਲੈਅ ਅਤੇ ਤੋਲ ਵਿਚ ਪੂਰੀਆਂ ਹੁੰਦੀਆਂ ਹਨ।

6. ਰੂਪਕ ਵਿਸ਼ੇਸ਼ਤਾ

ਬੁਝਾਰਤਾਂ ਦੀ ਆਪਣੀ ਰੂਪਕ ਵਿਸ਼ੇਸ਼ਤਾ ਹੈ। ਇਨ੍ਹਾਂ ਵਿਚ ਅਨੇਕਾਂ ਪ੍ਰਕਾਰ ਦੇ ਛੰਦ, ਉਪਮਾਵਾਂ ਵਰਤੀਆਂ ਹੁੰਦੀਆਂ ਹਨ। ਇਨ੍ਹਾਂ ਵਿਚਲੇ ਰੂਪਕਾਂ, ਸੰਕਲਪ ਚਿੱਤਰਾਂ ਤੇ ਪ੍ਰਤੀਕਾਂ ਦਾ ਆਪਣਾ ਇਕ ਗੌਰਵ ਹੈ।

7. ਸਥਿਰਤਾ

ਬੁਝਾਰਤਾਂ ਵਿਚ ਤਬਦੀਲੀ ਨਹੀਂ ਹੁੰਦੀ। ਇਹ ਬਹੁਤ ਸਦੀਆਂ ਤੋਂ ਉਸੇ ਰੂਪ ਅਤੇ ਸ਼ੈਲੀ ਵਿਚ ਤੁਰੀਆਂ ਆਉਂਦੀਆਂ ਹਨ ਅਤੇ ਉਹੋ ਅਨੂਠਾ ਰਸ ਦੇ ਰਹੀਆਂ ਹਨ। ਮੋਹਨ ਸਿੰਘ ਇਨ੍ਹਾਂ ਦੇ ਸਦੀਵੀ ਸਾਹਿਤ ਬਣਨ ਦਾ ਕਾਰਨ ਦਸਦੇ ਹਨ ਕਿ 'ਫੇਰ ਮਜ਼ਾ ਇਹ ਕਿ ਇਹ ਕਵਿਤਾ ਬਦਲਦੀ ਬਹੁਤ ਘਟ ਹੈ, ਹਜ਼ਾਰਾਂ ਵਰਿਹਾਂ ਤੋਂ ਉਵੇਂ ਹੀ ਚਲੀ ਆਉਂਦੀ ਹੈ ਕਿਉਂ ਜੋ ਬਝ ਗਈ ਕਵਿਤਾ, ਕ੍ਰਾ, ਤੋਲ, ਕਾਫੀਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ, ਅਤੇ ਕਹਿੰਦੀ ਜੋ ਸੰਜਮ ਨਾਲ ਏਨਾ ਪੂਰਾ ਸੂਰਾ ਹੈ ਕਿ ਕੋਈ ਵਾਧਾ ਘਾਟਾ ਉਸ ਵਿਚ ਨਹੀਂ ਹੋ ਸਕਦਾ[70]। ਇਹ ਪੀੜ੍ਹੀਓ ਪੀੜ੍ਹੀ ਉਸੇ ਤਰ੍ਹਾਂ ਤੁਰੀਆਂ ਆ ਰਹੀਆਂ ਹਨ। ਬਹੁਤੀਆਂ ਬੁਝਾਰਤਾਂ ਤਾਂ ਆਪਣਾ ਥਾਂ ਪਤਾ ਤੇ ਆਪਣਾ ਕਾਲ ਸਮਾਂ ਆਪ ਹੀ ਦਸ ਦੇਂਦੀਆਂ ਹਨ, ਪਰ ਬਹੁਤੀਆਂ ਜਿਨ੍ਹਾਂ ਦਾ ਸੰਬੰਧ ਸਥਾਈ ਤੇ ਸਦੀਵੀ ਚੀਜ਼ਾਂ, ਘਟਨਾਵਾਂ, ਗੱਲਾਂ ਨਾਲ ਹੈ, ਉਹ ਮਾਨੋਂ ਆਦਿ ਤੋਂ ਚਲੀਆਂ ਆਉਂਦੀਆਂ ਹਨ ਤੇ ਉਦੋਂ ਤੀਕ ਰਹਿੰਦੀਆਂ ਹਨ ਜਦੋਂ ਤੀਕ ਭਾਸ਼ਾ ਜੀਉਂਦੀ ਹੈ।ਭਾਸ਼ਾ ਵੀ ਬਦਲ ਜਾਏ ਮਰ ਜਾਏ ਪਰ ਬੁਝਾਰਤਾਂ ਦੂਜੀ ਭਾਸ਼ਾ ਦਾ ਜਨਮ ਪਾਕੇ ਜੀਵਤ ਰਹਿੰਦੀਆਂ ਹਨ।[71]

ਉਪਰੋਕਤ ਵਿਸ਼ੇਸ਼ਤਾਈਆਂ ਕਾਰਨ ਹੀ ਬੁਝਾਰਤਾਂ ਆਦਿ ਤੋਂ ਹੀ ਸਾਡੇ ਲੋਕ ਸਾਹਿਤ ਦਾ ਇਕ ਅਮੀਰ ਵਿਰਸਾ ਹਨ। ਇਨ੍ਹਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਾ ਹੈ। ਲੋਕ ਬੁਝਾਰਤਾਂ ਦੀ ਸਾਡੇ ਜੀਵਨ ਤੇ ਸਭਿਆਚਾਰ ਨੂੰ ਬਹੁਤ ਵੱਡੀ ਦੇਣ ਹੈ।

ਮਹੱਤਵ

1. ਦਿਮਾਗ਼ੀ ਕਸਰਤ

ਬੁਝਾਰਤਾਂ ਇਕ ਪ੍ਰਕਾਰ ਦੀ ਦਿਮਾਗ਼ੀ ਕਸਰਤ ਹੈ, ਜੋ ਸਾਡੀ ਬੁੱਧੀ ਨੂੰ ਬਿਬੇਕ ਬਣਾਉਂਦੀਆਂ ਹਨ। ਇਹ ਹਰ ਵਰਗ ਦੇ ਲੋਕਾਂ ਲਈ ਲਾਹੇਵੰਦ ਹਨ। ਪਰ ਬੱਚਿਆਂ ਲਈ ਇਨ੍ਹਾਂ ਦਾ ਖਾਸ ਮਹੱਤਵ ਹੈ। ਬੱਚਿਆਂ ਦੀ ਹਾਸੇ ਵਿਅੰਗ ਦੀ ਰੰਗ ਉੱਭਰ ਆਉਂਦੀ ਹੈ। ਉਨ੍ਹਾਂ ਨੂੰ ਚੀਜ਼ਾਂ ਦੀ ਸਮਾਨਤਾ ਤੇ ਵਿਰੋਧਤਾ ਵੇਖਣ ਦੀ ਜਾਚ ਆਉਂਦੀ ਹੈ। ਉਨ੍ਹਾਂ ਅੰਦਰ ਕਾਫੀਏ, ਰਦੀਫ ਸੰਬੰਧੀ ਵੱਡਮੁੱਲੀ ਰਸਦਾਇਕ ਦੌਲਤ ਇਕੱਠੀ ਹੋ ਜਾਂਦੀ ਹੈ। ਉਨ੍ਹਾਂ ਦੇ ਨਾਂ ਥਾਂ ਗਿਆਨ ਕੋਸ਼ ਵਿਚ ਵਾਧਾ ਹੁੰਦਾ ਹੈ। ਉਨ੍ਹਾਂ ਦੀ ਸੋਚ ਸ਼ਕਤੀ ਦਾ ਪਾਸਾਰਾ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਦੁਆਲੇ ਦੀ ਸੂਝ ਹੁੰਦੀ ਹੈ। ਉਨ੍ਹਾਂ ਨੂੰ ਜੀਵਨ ਦੀਆਂ ਅੜੁੰਗੜੀਆਂ ਗੰਢਾਂ ਖੋਲ੍ਹਣ ਦੀ ਆਦਤ ਪੈ ਜਾਂਦੀ ਹੈ। ਉਨ੍ਹਾਂ ਨੂੰ ਸ਼ਬਦਾਂ ਦੇ ਸ਼ੁੱਧ ਉਚਾਰਣ ਦੀ ਸੋਝੀ ਪ੍ਰਾਪਤ ਹੁੰਦੀ ਹੈ।

2. ਮਨੋਰੰਜਨ

ਬੁਝਾਰਤਾਂ ਜਿਥੇ ਸਾਡੇ ਗਿਆਨ ਵਿਚ ਵਾਧਾ ਕਰਦੀਆਂ ਹਨ, ਉਥੇ ਸਾਡੇ ਮਨੋਰੰਜਨ ਦਾ ਵੀ ਇਹ ਇਕ ਵੱਡਾ ਸਾਧਨ ਹਨ। ਬੱਚੇ ਜਦੋਂ ਰਾਤ ਨੂੰ ਰੋਟੀ ਖਾ ਬੈਠਦੇ ਹਨ ਤਾਂ ਉਹ ਮੰਜਿਆਂ ਤੇ ਬੈਠੇ ਜਾਂ ਸਿਆਲ ਦੀ ਰੁੱਤ ਵਿਚ ਅੱਗ ਸੇਕਦੇ ਬੁਝਾਰਤਾਂ ਪਾਉਂਦੇ ਅਤੇ ਬੁੱਝਦੇ ਹਨ ਜਿਸ ਨਾਲ ਉਨ੍ਹਾਂ ਦਾ ਮਨੋਰੰਜਨ ਹੋ ਜਾਂਦਾ ਹੈ। ਪਿਛਲੇ ਸਮਿਆਂ ਵਿਚ ਜਦੋਂ ਰੇਡੀਓ, ਟੈਲੀਵੀਜ਼ਨ ਨਹੀਂ ਸਨ ਤਾਂ ਇਹ ਹੀ ਬੱਚਿਆਂ ਦੇ ਮਨੋਰੰਜਨ ਦਾ ਬਹੁਤ ਤਕੜਾ ਸਾਧਨ ਹੁੰਦੀਆਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਸਭਿਆਚਾਰਕ ਚਿਤ੍ਰਣ

ਬੁਝਾਰਤਾਂ ਪੰਜਾਬੀਆਂ ਦੇ ਜੀਵਨ ਅਤੇ ਸਭਿਆਚਾਰ ਦਾ ਦਰਪਣ ਹਨ। ਵਣਜਾਰਾ ਬੇਦੀ ਇਨ੍ਹਾਂ ਦੀ ਸਭਿਆਚਾਰਕ ਮਹੱਤਾ ਦਾ ਵਰਣਨ ਕਰਦੇ ਲਿਖਦੇ ਹਨ: ਇਨ੍ਹਾਂ ਵਿਚ ਇਥੋਂ ਦੀ ਮਿੱਟੀ ਦੀ ਮਹਿਕ ਤੇ ਅੰਨ ਦਾ ਸਵਾਦ ਹੈ। ਇਨ੍ਹਾਂ ਵਿਚ ਸਰਘੀ ਵੇਲੇ ਝੋਤੀਆਂ ਚੱਕੀਆਂ ਦੀ ਖੜਕਾਰ, ਦੁੱਧ ਵਰੋਲਦੀਆਂ ਮਧਾਣੀਆਂ ਦੀ ਘੁਮਕਾਰ, ਖੂਹਾਂ ਉਤੇ ਖੜਕਦੇ ਭਾਂਡਿਆਂ ਦੀ ਗੂੰਜ, ਤਿੰਵਣਾਂ ਵਿਚ ਕਤੀਂਦੇ ਚਰਖਿਆਂ ਦੀ ਘੂਕਰ ਤਾਲਬੱਧ ਹੈ।[72] ਤੰਦੂਰ ਬੁਝਾਰਤ ਵਿੱਚ ਤੰਦੂਰਾਂ ਉਪਰ ਤੀਵੀਆਂ ਦੇ ਝੁਰਮਟ ਦਾ ਕਿੰਨਾ ਰਹੱਸਮਈ ਵਰਣਨ ਹੈ:

ਇਕ ਬਰੂਟੀ ਝੁਰਮਟ ਝੂਟੀ
ਫ਼ਲ ਵੰਨਾਂ ਵੰਨਾਂ ਦਾ।
ਜਦੋਂ ਬਰੂਟੀ ਪੱਕਣ ਲੱਗੀ
ਝੁਰਮਟ ਪੈ ਜਾਏ ਰੰਨਾਂ ਦਾ । (ਤੰਦੂਰ)

4. ਗਿਆਨ ਵਿਚ ਵਾਧਾ

ਬੁਝਾਰਤਾਂ ਵਿਚ ਸਾਨੂੰ ਸਰਬ ਪੱਖੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਵਿਚੋਂ ਸਾਨੂੰ ਇਤਿਹਾਸ, ਭੂਗੋਲ, ਸਾਹਿਤ, ਵਿਗਿਆਨ, ਕਲਾ, ਧਰਮ, ਸਮਾਜ, ਰਸਮ ਰਿਵਾਜਾਂ, ਕਾਢਾਂ,ਰੱਬ, ਕੁਦਰਤ ਆਦਿ ਸੰਬੰਧੀ ਗਿਆਨ ਮਿਲਦਾ ਹੈ।

ਸੱਚਮੁੱਚ ਬੁਝਾਰਤਾਂ ਦੀ ਆਪਣੀ ਇਕ ਨਵੇਕਲੀ ਮਹੱਤਾ ਹੈ। ਬੁਝਾਰਤਾਂ ਬਾਰੇ ਵਧੇਰੇ ਅਧਿਐਨ ਲਈ ਵੇਖੋ ਪੁਸਤਕ 'ਬੁਝਾਰਤਾਂ ਤੇ ਅਖਾਣ' (ਬਿਕਰਮ ਸਿੰਘ ਘੁੰਮਣ)

ਬੁਝਾਰਤਾਂ ਦਾ ਵਰਗੀਕਰਣ

ਬੁਝਾਰਤਾਂ ਦਾ ਵਿਸ਼ਾਲ ਵਿਸ਼ੈ ਖੇਤਰ ਹੈ। ਵਿਸ਼ੈ ਦੀ ਵੰਨ ਸਵੰਨਤਾ ਕਾਰਣ ਇਨ੍ਹਾਂ ਦਾ ਵਰਗੀਕਰਣ ਕਰਨਾ ਕੁਝ ਔਖੇਰਾ ਜਾਪਦਾ ਹੈ. ਅਸੀਂ ਇਨ੍ਹਾਂ ਨੂੰ ਇਥੇ ਕੁਝ ਵਰਗਾਂ ਵਿਚ ਵਿਸ਼ੈ ਦੀ ਮਹਾਨਤਾ ਅਨੁਸਾਰ ਵੰਡਦੇ ਹਾਂ :

1. ਕੁਦਰਤ ਨਾਲ ਸੰਬੰਧਿਤ ਬੁਝਾਰਤਾਂ

ਕੁਦਰਤ ਦੀਆਂ ਵੱਖ ਵੱਖ ਦਾਤਾਂ ਨਾਲ ਸੰਬੰਧਿਤ ਕੁਝ ਬੁਝਾਰਤਾਂ ਹਨ। ਜਿਵੇਂ ਅਕਾਸ਼, ਜਲ ਵਾਯੂ, ਅੱਗ ਆਦਿ:

(ੳ) ਇਕ ਥਾਲ ਮੋਤੀਆਂ ਨਾਲ ਭਰਿਆ, ਸਭ ਦੇ ਸਿਰ ਤੇ ਉਲਟਾ ਧਰਿਆ।
ਚਾਰੇ ਪਾਸੇ ਉਹ ਥਾਲ ਫਿਰੇ, ਮੋਤੀ ਫਿਰ ਵੀ ਇਕ ਨਾ ਗਿਰੇ।
(ਤਾਰਿਆਂ ਭਰਿਆ ਆਕਾਸ਼)

(ਅ) ਆਪ ਕਾਲੀ ਪੁੱਤਰ ਬੱਗੇ
ਪਿਉ ਦੇ ਆਉਂਦਿਆਂ ਤਾਈਂ ਹਿੱਕ ਨਾਲ ਲੱਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਇ) ਸਈਓ ਨੀ ਇਕ ਡਿੱਠੇ ਮੋਤੀ
ਵੇਂਹਦਿਆਂ ਵੇਂਹਦਿਆਂ ਖੁਰ ਗਏ,
ਮੈਂ ਰਹੀ ਖਲੋਤੀ। (ਤਰੇਲ ਤੁਪਕੇ)

2. ਮਨੁੱਖੀ ਸਰੀਰ ਨਾਲ ਸੰਬੰਧਿਤ

ਮਨੁੱਖੀ ਸਰੀਰ ਦੇ ਵੱਖ ਵੱਖ ਅੰਗਾਂ ਦਾ ਵਰਣਨ ਵੀ ਲੋਕ ਬੁਝਾਰਤਾਂ ਵਿਚ ਆਉਂਦਾ ਹੈ। ਬੜੇ ਹੀ ਰਹੱਸਮਈ ਢੰਗਾਂ ਨਾਲ ਇਨ੍ਹਾਂ ਦਾ ਵਰਣਨ ਕੀਤਾ ਮਿਲਦਾ ਹੈ:

(ਉ) ਵੀਹਾਂ ਦਾ ਸਿਰ ਕਟ ਕਟ ਲੀਤਾ,
ਪਰ ਨ ਮਾਰਿਆ ਨ ਖ਼ੂਨ ਕੀਤਾ (ਨਹੁੰ)

(ਅ) ਇਕ ਡੱਬੇ ਵਿਚ ਬੱਤੀ ਦਾਣੇ, ਬੁੱਝਣ ਵਾਲੇ ਬੜੇ ਸਿਆਣੇ। (ਦੰਦ)

3. ਘਰੋਗੀ ਵਸਤਾਂ ਨਾਲ ਸੰਬੰਧਿਤ

ਸਾਡੀ ਨਿੱਤ ਵਰਤੋਂ ਦੀਆਂ ਚੀਜ਼ਾਂ ਦੇ ਨਾਵਾਂ ਨਾਲ ਸੰਬੰਧਿਤ ਬਹੁਤ ਸਾਰੀਆਂ ਬੁਝਾਰਤਾਂ ਹਨ। ਕਈ ਵਾਰ ਜਦੋਂ ਬੁਝਾਰਤ ਬੁੱਝੀ ਨਾ ਜਾਵੇ ਤਾਂ ਉਸ ਨੂੰ ਫਿਰ ਘਰ ਦੀਆਂ ਵਧੇਰੇ ਵਰਤੀਆਂ ਜਾਣ ਵਾਲੀਆਂ ਵੱਲ ਇਸ਼ਾਰਾ ਕੀਤਾ ਮਿਲਦਾ ਹੈ। ਵੰਨਗੀ ਵਜੋਂ ਵੇਖੋ:

(ਉ) ਇਸ ਰਾਜੇ ਦੀ ਅਨੋਖੀ ਰਾਣੀ,
ਦੁੱਖ ਦੇ ਰਸਤੇ ਪੀਂਦੀ ਪਾਣੀ । (ਦੀਵਾ)

(ਅ) ਇਕ ਨਾਰੀ ਦੇ ਦੋ ਸਨ ਬਾਲਕ, ਦੋਹਾਂ ਦਾ ਇਕੋ ਰੰਗ।
ਇਕ ਘੁੰਮਦਾ ਇਕ ਖੜ੍ਹਾ ਰਹਿੰਦਾ, ਤਾਂ ਵੀ ਦੋਨੋਂ ਰਹਿਣ ਸੰਗ।
(ਚੱਕੀ ਦੇ ਪੁੜ)

(ਇ) ਹਾਥੀ ਘੋੜਾ ਊਠ ਨਹੀਂ, ਖਾਵੇ ਨਾ ਦਾਣਾ ਘਾਸ
ਸਦਾ ਹਵਾ ਤੇ ਹੀ ਰਹੇ, ਹੋਏ ਨ ਕਦੀ ਉਦਾਸ (ਸਾਈਕਲ)

(ਸ) ਇਕ ਜਾਨ ਦੇਖੀ ਬੇਜਾਨ, ਬੋਲਦੀ ਹੈ ਪਰ ਨਹੀਂ ਜ਼ਬਾਨ
ਵਿਚ ਬਾਜ਼ਾਰ ਕਰੇ ਵਾਪਾਰ, ਕਰੇ ਝੂਠ ਵੀ ਪਾਸੰਗ ਮਾਰ
ਘੜੀ ਘੜੀ ਫਾਂਸੀ ਤੇ ਲਟਕੇ, ਸੱਚ ਕਹਿਣ ਤੋਂ ਕਦੇ ਨ ਅਟਕੇ। (ਤੱਕੜੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਬਨਸਪਤੀ ਨਾਲ ਸੰਬੰਧਿਤ

(ੳ) ਕਾਲਾ ਸੀ, ਕਲਿੱਤਰ ਸੀ, ਕਾਲੇ ਪਿਉ ਦਾ ਪੁੱਤਰ ਸੀ,
ਆਡੋਂ ਪਾਣੀ ਪੀਂਦਾ ਸੀ, ਬਰੂਟੇ ਛਾਵੇਂ ਬਹਿੰਦਾ ਸੀ। (ਵੈਂਗਣ)

(ਅ) ਇੰਨੀ ਕੁ ਪਿਦਨੀ, ਪਿਦ ਪਿਦ ਕਰਦੀ,
ਨ ਹੱਗਦੀ ਨ ਮੂਤਦੀ, ਕਿਲ੍ਹ ਕਿਲ੍ਹ ਮਰਦੀ (ਮਿਰਚ)

(ਇ) ਬੀਜੇ ਰੋੜ, ਜੰਮੇ ਝਾੜ, ਲੱਗੇ ਨਿੰਬੂ ਖਿੜੇ ਅਨਾਰ (ਕਪਾਹ)

(ਸ) ਦੋ ਆਰ ਦੀਆਂ ਦੋ ਪਾਰ ਦੀਆਂ
ਧੀਆਂ ਸ਼ਾਹੂਕਾਰ ਦੀਆਂ
ਬਾਗਾਂ ਵਿਚ ਕਸੀਦਾ ਕੱਢਣ,
ਆਉਂਦੇ ਜਾਂਦੇ ਨੂੰ ਮਾਰਦੀਆਂ (ਸੂਲਾਂ)

5. ਕਿਰਸਾਨੀ ਨਾਲ ਸੰਬੰਧਿਤ

(ੳ) ਰਾਹ ਵਿਚ ਡੱਬਾ, ਚੁੱਕ ਨੀ ਹੁੰਦਾ, ਚੁਕਾ ਦੇ ਰੱਬਾ। (ਖੂਹ)

(ਅ) ਆਰ ਟਾਂਗਾ, ਪਾਰ ਟਾਂਗਾ, ਵਿਚ ਟਲਮਟੱਲੀਆਂ,
ਆਣ ਕੁੰਜਾਂ ਦੇਣ ਬੱਚੇ ਨਦੀ ਨਹਾਉਣ ਚੱਲੀਆਂ (ਖੂਹ ਦੀਆਂ ਟਿੰਡਾਂ)

6. ਜੀਵ ਜੰਤੂਆਂ ਨਾਲ ਸੰਬੰਧਿਤ

(ੳ) ਪਾਰੋਂ ਆਇਆ ਬਾਬਾ ਲਸ਼ਕਰੀ
ਜਾਂਦਾ ਜਾਂਦਾ ਕਰ ਗਇਆ ਮਸ਼ਕਰੀ (ਡੇਹਮੂ)

(ਅ) ਊਠ ਕੀ ਬਹਿਣੀ ਹਰਨ ਕੀ ਚਾਲ
ਕੌਣ ਜਾਨਵਰ ਜਿਸ ਦੀ ਪੂਛਲ ਨਹੀਂ ਨਾਲ (ਡੱਡੂ)

(ਇ) ਨਿੱਕੀ ਜਹੀ ਇਕ ਡਿੱਠੀ ਜਾਨ
ਤਾਕਤ ਵੇਖ ਹੋਏ ਹੈਰਾਨ
ਹੇ ਰੱਬਾ ਉਹਨੂੰ ਤੇਰੀ ਪੁਸ਼ਤੀ
ਨਾਲ ਸ਼ਤੀਰਾਂ ਕਰਦੀ ਕੁਸ਼ਤੀ (ਕੋਹੜ ਕਿਰਲੀ)

7. ਹੋਰ ਗੱਲਾਂ, ਘਟਨਾਵਾਂ ਨਾਲ ਸੰਬੰਧਿਤ

(ਓ) ਡਿੰਗ ਬੜਿੰਗੀ ਲਕੜੀ
ਕਲਕੱਤਿਉਂ ਟੁਰੀ ਪਿਸ਼ਾਵਰ ਅਪੜੀ (ਸੜਕ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਇਕ ਮਰਦ ਮੈਂ ਡਿੱਠਾ ਜਾਂਦਾ
ਸੌ ਮਣਾਂ ਉਹ ਪੱਥਰ ਖਾਂਦਾ
ਮੂੰਹ ਵਿਚੋਂ ਕਢੇ ਅੱਗ ਦਾ ਲਾਂਬਾ
ਕਈ ਮਣਾਂ ਉਹ ਭਾਰ ਵੀ ਚੁੱਕਦਾ
ਤੇ ਘੰਟੇ ਵਿਚ ਪਿਸ਼ੌਰ ਪੁਚਾਂਦਾ।
(ਰੇਲ ਦਾ ਇੰਜਨ)

ਉਪਰੋਕਤ ਸਮੁੱਚੇ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਲੋਕ ਬੁਝਾਰਤਾਂ ਦੀ ਆਪਣੀ ਵਿਲੱਖਣਤਾ ਅਤੇ ਮਹੱਤਵ ਹੈ। ਲੋੜ ਅੱਜ ਇਸ ਲੋਪ ਹੋ ਰਹੇ ਵਿਰਸੇ ਨੂੰ ਸੰਭਾਲਣ ਦੀ। ਇਸ ਪਾਸੇ ਕੁਝ ਵਿਦਵਾਨ ਸੱਜਣਾਂ ਦੇਵਿੰਦਰ ਸਤਿਆਰਥੀ, ਮਹਿੰਦਰ ਸਿੰਘ ਰੰਧਾਵਾ, ਸੁਖਦੇਵ ਮਾਦਪੁਰੀ, ਬਿਕਰਮ ਸਿੰਘ ਘੁੰਮਣ ਅਤੇ ਕੁਝ ਸੰਸਥਾਵਾਂ ਜਿਵੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਰਾਮਪੁਰ ਲਿਖਾਰੀ ਸਭਾ ਨੇ ਇਨ੍ਹਾਂ ਦੀਆਂ ਕੁਝ ਵੰਨਗੀਆਂ ਇਕੱਠੀਆਂ ਕੀਤੀਆਂ ਹਨ। ਪਰ ਅਜੇ ਲੱਖਾਂ ਹੀ ਬੁਝਾਰਤਾਂ ਲੋਕਾਂ ਦੇ ਮੂੰਹਾਂ ਤੇ ਉਵੇਂ ਹੀ ਸਦੀਆਂ ਤੋਂ ਮੂੰਹੋਂ ਮੂੰਹੀਂ ਅਗੇ ਚੱਲ ਰਹੀਆਂ ਹਨ। ਇਨ੍ਹਾਂ ਨੂੰ ਲਿੱਪੀ-ਬੱਧ ਕਰਕੇ ਸੰਭਾਲਣ ਦੀ ਤੁਰੰਤ ਲੋੜ ਹੈ।

ਮੁਹਾਵਰੇ ਅਤੇ ਅਖਾਣ

ਮੁਹਾਵਰੇ ਅਤੇ ਅਖਾਣ ਕਿਸੇ ਭਾਸ਼ਾ ਦੀ ਜਿੰਦ ਜਾਨ ਹੁੰਦੇ ਹਨ ਜੋ ਭਾਸ਼ਾ ਦੇ ਟਕਸਾਲੀ ਨੁੱਕ ਨੂੰ ਬੰਨ੍ਹਣ ਵਿਚ ਯੋਗਦਾਨ ਪਾਉਂਦੇ ਹਨ। ਇਹ ਸਾਡੇ ਬਜ਼ੁਰਗਾਂ ਦੇ ਜੀਵਨ ਅਨੁਭਵ ਦੀ ਅਨਭੂਤੀ ਹੁੰਦੇ ਹਨ। ਜ਼ਿੰਦਗੀ ਦੇ ਤਜ਼ਰਬਿਆਂ ਦਾ ਤੱਤ ਜਾਂ ਨਿਚੋੜ ਹੁੰਦੇ ਹਨ। ਇਨ੍ਹਾਂ ਨਾਲ ਮਨੁੱਖ ਦੀ ਸਾਂਝ ਪਰੰਪਰਾ ਜਿਤਨੀ ਹੀ ਪੁਰਾਣੀ ਹੈ ਅਤੇ ਇਨ੍ਹਾਂ ਵਿਚ ਵਰ੍ਹਿਆਂ ਦਾ ਅਨੁਭਵ ਤੇ ਜਾਤੀ ਦੀ ਸਿਆਣਪ ਬੋਲਦੀ ਹੈ।

ਅਖਾਣ ਦੇ ਟਾਕਰੇ ਤੇ ਮੁਹਾਵਰਾ ਕਿਸੇ ਵਾਕ ਦਾ ਕੇਵਲ ਅੰਸ਼ ਮਾਤਰ ਹੀ ਹੁੰਦਾ ਹੈ। ਮੁਹਾਵਰਾ ਦੋ ਚਾਰ ਸ਼ਬਦਾਂ ਦਾ ਛੋਟਾ ਸਮੂਹ ਹੁੰਦਾ ਹੈ ਜਿਸ ਦੇ ਸ਼ਬਦੀ ਅਰਥ ਕੁਝ ਹੋਰ ਤੇ ਭਾਵ ਅਰਥ ਕੁਝ ਹੋਰ ਹੁੰਦੇ ਹਨ। ਇਹ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮਤਲਬ ਕਿਸੇ ਖਾਸ ਢੰਗ ਨਾਲ ਗੱਲ ਕਰਨਾ ਹੁੰਦਾ ਹੈ। ਰਾਮ ਨਰੇਸ਼ ਤ੍ਰਿਪਾਠੀ ਦੇ ਸ਼ਬਦਾਂ ਵਿਚ, ''ਮੁਹਾਵਰਾ ਕਿਸੇ ਭਾਸ਼ਾ ਅਥਵਾ ਬੋਲੀ ਵਿਚ ਪ੍ਰਯੁਕਤ ਹੋਣ ਵਾਲਾ ਉਹ ਵਾਕ-ਖੰਡ ਹੈ ਜੋ ਆਪਣੀ ਉਪਸਥਿਤੀ ਦੁਆਰਾ ਸੰਪੂਰਨ ਵਾਕ ਨੂੰ ਸਬਲ, ਸਤੇਜ, ਰੌਚਕ ਅਤੇ ਚੁਸਤ ਬਣਾ ਦੇਂਦਾ ਹੈ। ਸੰਸਾਰ ਵਿਚ ਮਨੁੱਖ ਨੇ ਆਪਣੇ ਕਾਰ ਵਿਹਾਰ ਵਿਚ ਜਿਨ੍ਹਾਂ ਜਿਨ੍ਹਾਂ ਵਸਤਾਂ ਅਤੇ ਵਿਚਾਰਾਂ ਨੂੰ ਵਧੇਰੇ ਨੇੜਿਓਂ ਤਕਿਆ ਹੈ, ਸਮਝਿਆ ਹੈ ਅਤੇ ਬਾਰ ਬਾਰ ਉਨ੍ਹਾਂ ਦਾ ਅਨੁਭਵ ਕੀਤਾ ਹੈ। ਉਨ੍ਹਾਂ ਨੂੰ ਉਸ ਨੇ ਸ਼ਬਦਾਂ ਵਿਚ ਬੰਨ੍ਹ ਦਿੱਤਾ ਹੈ। ਇਹ ਹੀ ਮੁਹਾਵਰੇ ਹਨ।[73]

ਅਖਾਣ ਆਪਣੇ ਆਪ ਵਿਚ ਪੂਰਨ ਵਾਕ ਹੁੰਦਾ ਹੈ। ਵਣਜਾਰਾ ਬੇਦੀ ਅਖਾਣਾਂ ਦੀ ਪਰਿਭਾਸ਼ਾ ਨਿਸਚਿਤ ਕਰਦੇ ਲਿਖਦੇ ਹਨ, ''ਅਖਾਣ ਨਿੱਤ ਦੀ ਬੋਲ ਚਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਵਰਤੀਂਦੇ ਪਰਵਾਨ ਹੋਏ ਉਹ ਕਥਨ ਹਨ, ਜਿਨ੍ਹਾਂ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਕੋਈ ਅਨੁਭਵ ਸੂਤ੍ਰ-ਬੱਧ ਕਰਕੇ ਦਿਲਖਿਚੱਵੀਂ ਜਾਂ ਅਲੰਕਾਰਕ ਬੋਲੀ ਵਿਚ ਪੇਸ਼ ਕੀਤਾ ਹੁੰਦਾ ਹੈ।[74] ਇਕ ਹੋਰ ਥਾਂ ਵਣਜਾਰਾ ਬੇਦੀ ਇਨ੍ਹਾਂ ਬਾਰੇ ਲਿਖਦੇ ਹਨ ਕਿ 'ਸੰਜਮ ਤੇ ਲੈਅ ਭਰਪੂਰ ਚੁਸਤ ਵਾਕ, ਜਿਨ੍ਹਾਂ ਵਿਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਣਾ ਪ੍ਰਭਾਵਸ਼ਾਲੀ ਵਿਧੀ ਨਾਲ ਸਮੋਇਆ ਹੁੰਦਾ ਹੈ।[75]

ਅਖਾਣਾਂ ਦੀ ਵਿਲੱਖਣਤਾ

ਅਖਾਣਾਂ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਜਾਂ ਲੱਛਣ ਹੋਣੇ ਚਾਹੀਦੇ ਹਨ:

1. ਸੰਖੇਪਤਾ
2. ਜੀਵਨ ਅਨੁਭਵ
3. ਦਿਲਖਿੱਚਵੀਂ ਤੇ ਢੁੱਕਵੀਂ ਸ਼ੈਲੀ
4. ਲੋਕ ਪ੍ਰਵਾਨਗੀ।

ਅਖਾਣ ਰੂਪਕ ਪੱਖ ਤੋਂ ਆਕਾਰ ਵਿਚ ਛੋਟੇ, ਭਾਵ ਵਿਚ ਤਿੱਖੇ ਤੇ ਸ਼ੈਲੀ ਦੇ ਪੱਖੋਂ ਗੁੰਦਵੀਂ ਵਿਧੀ ਦੇ ਹੁੰਦੇ ਹਨ। ਇਨ੍ਹਾਂ ਦੀ ਘਾੜਤ ਬੜੀ ਜੋਖਵੀਂ ਤੇ ਸੰਤੁਲਿਤ ਹੁੰਦੀ ਹੈ ਤੇ ਚਾਲ ਲੈਅ ਭਰਪੂਰ। ਇਕ ਨਿੱਕਾ ਜਿਹਾ ਅਖਾਣ ਵੀ ਰਚਨਾਤਮਕ ਪੱਖ ਤੋਂ ਕਈ ਗੁਣਾਂ ਦਾ ਧਾਰਨੀ ਹੁੰਦਾ ਹੈ, ਇਸ ਕਾਰਣ ਹੀ ਸਦੀਆਂ ਬੀਤ ਜਾਣ ਉਪਰੰਤ ਵੀ ਉਨ੍ਹਾਂ ਦੀ ਨੁਹਾਰ ਵਿਚ ਕੋਈ ਫ਼ਰਕ ਨਹੀਂ ਪੈਂਦਾ। ਇਨ੍ਹਾਂ ਵਿਚ ਮਨੁੱਖੀ ਜੀਵਨ ਦੀ ਸੂਝ ਅਤੇ ਲੰਮੇ ਅਨੁਭਵ ਦਾ ਨਿਚੋੜ ਭਰਿਆ ਹੋਇਆ ਹੁੰਦਾ ਹੈ।

ਅਖਾਣਾਂ ਦੀ ਮਹੱਤਾ

ਅਖਾਣ ਸਾਡੇ ਜੀਵਨ ਵਿਚ ਲਹੂ ਮਾਸ ਵਾਂਗ ਰਚੇ ਹੋਏ ਹਨ। ਜੀਵਨ ਦੇ ਰੋਜ਼ਾਨਾ ਕੰਮਾਂ ਕਾਰਾਂ ਵਿਚ, ਲੋਕ ਅੱਜ ਵੀ ਅਖਾਣਾਂ ਤੋਂ ਆਗਵਾਈ ਲੈਂਦੇ ਹਨ। ਇਨ੍ਹਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਾ ਹੈ:

1. ਗਿਆਨ ਕੋਸ਼

ਅਖਾਣ ਇਕ ਪ੍ਰਕਾਰ ਦਾ ਗਿਆਨ ਕੋਸ਼ ਹੈ ਜੋ ਸਾਡੇ ਜੀਵਨ ਦੇ ਵਿਭਿੰਨ ਪੱਖਾਂ ਵਿਚ ਅਗਵਾਈ ਕਰਦੇ ਹਨ। ਇਨ੍ਹਾਂ ਵਿਚ ਜੀਵਨ ਨਾਲ ਸੰਬੰਧਿਤ ਹਰ-ਗੱਲ ਬਾਰੇ ਨਿਰਣੇ ਲਏ ਗਏ ਹਨ। ਪਿੰਡਾਂ ਵਿਚ ਅੱਜ ਵੀ ਕਿਸੇ ਵਿਸ਼ੇ ਤੇ ਬਹਿਸ ਕਰਦੇ ਸਮੇਂ ਲੋਕੀਂ ਸਬੂਤ ਵਜੋਂ ਅਖਾਣਾਂ ਦੀ ਵਰਤੋਂ ਕਰਦੇ ਹਨ:

1. ਉਦਮ ਅਗੇ ਲੱਛਮੀ ਪੱਖੇ ਅਗੇ ਪੌਣ।
2. ਦੋ ਘਰਾਂ ਦਾ ਮਹਿਮਾਨ ਭੁੱਖਾ ਰਹਿੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸਦਾਚਰਕ ਸਿੱਖਿਆ

ਅਖਾਣਾਂ ਰਾਹੀਂ ਮਨੁੱਖ ਨੂੰ ਚੰਗੇਰਾ ਜੀਵਨ ਬਤੀਤ ਕਰਨ ਦੀ ਸਿੱਖਿਆ ਮਿਲਦੀ ਹੈ। ਸਾਨੂੰ ਇਕ ਦੂਜੇ ਦੇ ਦੁੱਖ ਸੁੱਖ ਵਿਚ ਭਾਈਵਾਲ ਬਣਨ ਚਾਹੀਦਾ ਹੈ। ਮਿੱਠੇ ਬਚਨ ਕਰਨੇ ਚਾਹੀਦੇ ਹਨ। ਉਦਾਹਰਣ ਵਜੋਂ:

1. ਮਿਠਿਤ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ।
2. ਕਰ ਭਲਾ ਸੋ ਹੋ ਭਲਾ, ਅੰਤ ਭਲੇ ਦਾ ਭਲਾ।
3. ਨੇਕੀ ਕਰ, ਕੂਏ ਮੇਂ ਡਾਲ।

3. ਅਟੱਲ ਸਚਾਈਆਂ

ਅਖਾਣਾਂ ਵਿਚ ਅਟੱਲ ਸਚਾਈਆਂ ਦਾ ਵਰਣਨ ਕੀਤਾ ਮਿਲਦਾ ਹੈ। ਜੋ ਕਦੇ ਬਦਲਦੀਆਂ ਨਹੀਂ। ਇਨ੍ਹਾਂ ਦੀ ਵਰਤੋਂ ਨਾਲ ਸਾਹਿਤ ਵੀ ਸਦੀਵੀ ਰੂਪ ਧਾਰਨ ਕਰ ਜਾਂਦਾ ਹੈ।

4. ਲੋਕ ਸਮੂਹ ਦੀ ਆਤਮਾ

ਅਖਾਣ ਲੋਕ ਸਮੂਹ ਦੇ ਜੀਵਨ ਅਨੁਭਵ ਦੀ ਅਨੁਭੂਤੀ ਹੁੰਦੇ ਹਨ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ,''ਅਖਾਣ ਵਿਚ ਪੁਰਖਾਂ ਦਾ ਅਨੁਭਵ ਤੇ ਜਾਤੀ ਦੀ ਸਿਆਣਪ ਕੈਪਸੂਲ ਵਿਚ ਪਈ ਚੀਜ਼ ਵਾਂਗ ਅਛੂਤੀ ਰਹਿੰਦੀ ਹੈ। ਜਾਤੀ ਦੀ ਸਮੁੱਚੀ ਪ੍ਰਤਿਭਾ ਅਖਾਣਾਂ ਵਿਚ ਢਲ ਕੇ ਪ੍ਰਾਣਧਾਰੀ ਹੋ ਜਾਂਦੀ ਹੈ। ਜਾਤੀ ਦੇ ਅਨੁਭਵ, ਲੋਕ ਪ੍ਰਵਾਹ ਵਿਚ ਰੀਂਗਦੇ ਰਹਿੰਦੇ ਹਨ ਤੇ ਫਿਰ ਕੋਈ ਸਮਾਂ ਆਉਂਦਾ ਹੈ, ਜਦੋਂ ਕਿਸੇ ਅਨੁਭਵੀ ਦੀ ਛੁਹ ਨਾਲ ਇਨ੍ਹਾਂ ਵਿਚੋਂ ਕੋਈ ਅਨੁਭਵ, ਸ਼ਬਦਾਂ ਦਾ ਸਰੂਪ ਧਾਰ ਲੈਂਦਾ ਹੈ।[76] ਅਖਾਣਾਂ ਰਾਹੀ ਵਿਅਕਤੀਆਂ ਦਾ ਅਨੁਭਵ ਪੀੜ੍ਹੀਓ ਪੀੜ੍ਹੀ ਅੱਗੇ ਤੁਰਦਾ ਯੁਗਾਂ ਦੇ ਪੈਂਡੇ ਮਾਰ ਲੈਂਦਾ ਹੈ।

5. ਭਾਸ਼ਾ ਦਾ ਠੁੱਕ ਬੰਨ੍ਹਦੇ ਹਨ।

ਭਾਸ਼ਾ ਦਾ ਠੁੱਕ ਬੰਨ੍ਹਣ ਵਿਚ ਮੁਹਾਵਰੇ ਤੇ ਅਖਾਣਾਂ ਦਾ ਵਿਸ਼ੇਸ਼ ਯੋਗਦਾਨ ਹੈ। ਕਰਨੈਲ ਸਿੰਘ ਥਿੰਦ[77] ਅਨੁਸਾਰ,''ਕਿਸੇ ਭਾਸ਼ਾ ਨੂੰ ਚੁਸਤ, ਮੁਹਾਵਰੇਦਾਰ, ਰੋਚਕ, ਬਲਵਾਨ ਅਤੇ ਟਕਸਾਲੀ ਬਣਾਉਣ ਵਿਚ ਮੁਹਾਵਰਿਆਂ ਅਤੇ ਅਖਾਣਾਂ ਦਾ ਬਹੁਤ ਹੱਥ ਹੁੰਦਾ ਹੈ। ਇਨ੍ਹਾਂ ਵਿਚ ਕਿਸੇ ਭਾਸ਼ਾ ਦੀ ਜਿੰਦ ਜਾਨ ਸਮੋਈ ਹੁੰਦੀ ਹੈ।''

ਅਖਾਣ ਅਤੇ ਮੁਹਾਵਰੇ ਲੋਕ ਸਾਹਿਤ ਦਾ ਵਿਸ਼ੇਸ਼ ਭਾਗ ਹਨ। ਵਿਸ਼ਿਸ਼ਟ ਸਾਹਿਤ ਨੂੰ ਰੰਗੀਨੀ ਪ੍ਰਦਾਨ ਕਰਨ ਵਿਚ ਇਨ੍ਹਾਂ ਦਾ ਚੋਖਾ ਹੱਥ ਹੈ। ਵਣਜਾਰਾ ਬੇਦੀ[78] ਨੇ ਅਖਾਣਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ:

1. ਲੌਕਿਕ
2. ਸਾਹਿਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਲੌਕਿਕ ਅਤੇ ਸਾਹਿਤਕ ਮੁਹਾਵਰੇ ਤੇ ਅਖਾਣਾਂ ਨੂੰ ਅੱਡ ਕਰਨਾ ਬੜਾ ਮੁਸ਼ਕਲ ਹੈ। ਇਹ ਕਿਸ ਤਰ੍ਹਾਂ ਨਿਰਣਾ ਕੀਤਾ ਜਾਵੇ ਕਿ ਲੋਕ ਪਰੰਪਰਾ ਤੋਂ ਕਿਹੜੇ ਅਖਾਣ ਮੁਹਾਵਰੇ ਸਾਹਿਤਕ ਮੁਹਾਵਰੇ ਵੱਲ ਪਰਤੇ ਹਨ। ਇਨ੍ਹਾਂ ਨੂੰ ਵੱਖ ਕਰਨ ਲਈ ਕੋਈ ਅਜੇਹੀ ਪਰਖ ਕਸੌਟੀ ਨਹੀਂ ਹੈ।

ਪੰਜਾਬੀ ਮੁਹਾਵਰੇ ਅਤੇ ਅਖਾਣਾਂ ਦੀ ਆਪਣੀ ਨਵੇਕਲੀ ਮਹੱਤਾ ਹੈ। ਜਿਨ੍ਹਾਂ ਵਿਚ ਸਾਡਾ ਜੀਵਨ ਚਿਤਰਿਆ ਮਿਲਦਾ ਹੈ। ਜੀਵਨ ਦੇ ਸੱਚ ਦਾ ਵਰਣਨ ਹੈ। ਸਾਨੂੰ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਦੀ ਲੋੜ ਹੈ ਕਿਉਂਕਿ ਬਹੁਤ ਸਾਰੇ ਮੁਹਾਵਰੇ ਤੇ ਅਖਾਣ ਮੂੰਹੋਂ ਮੂੰਹੀਂ ਚਲੇ ਆ ਰਹੇ ਹਨ। ਇਨ੍ਹਾਂ ਨੂੰ ਲਿੱਪੀ - ਬੱਧ ਕਰਕੇ ਲਿਖਿਤ ਰੂਪ ਵਿਚ ਲਿਆਉਣਾ ਚਾਹੀਦਾ ਹੈ। ਪੰਜਾਬੀ ਦੇ ਕੁਝ ਵਿਦਵਾਨ ਸੱਜਣ ਸ਼ਰਧਾ ਰਾਮ ਫਿਲੌਰੀ, ਮਹਿਤਾਬ ਸਿੰਘ, ਭਾਈ ਬਿਸ਼ਨਦਾਸ, ਦੇਵੀਦਾਸ ਹਿੰਦੀ, ਭਾਨੂੰ ਦੱਤ, ਇੰਦਰ ਸਿੰਘ, ਜੀਵਨ ਸਿੰਘ, ਸਾਹਿਬ ਸਿੰਘ ਤੇ ਮਹਿਤਾਬ ਸਿੰਘ, ਤਾਰਨ ਸਿੰਘ ਤੇ ਸਾਹਿਬ ਸਿੰਘ, ਵਣਜਾਰਾ ਬੇਦੀ ਤੇ ਬਿਕਰਮ ਸਿੰਘ ਘੁੰਮਣ ਦੇ ਜਤਨ ਸ਼ਲਾਘਾ ਯੋਗ ਹਨ। ਹੋਰ ਵਿਦਵਾਨ ਖੋਜੀਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਹਵਾਲੇ ਤੇ ਟਿੱਪਣੀਆਂ

1. ਵਣਜਾਰਾ ਬੇਦੀ, **ਪੰਜਾਬ ਦੀ ਲੋਕਧਾਰਾ**, ਪੰਨਾ 148
2. ਉਹੀ, ਪੰਨਾ 150
3. ਜਸਵਿੰਦਰ ਸਿੰਘ, **ਪੰਜਾਬੀ ਲੋਕ ਸਾਹਿਤ ਸ਼ਾਸਤਰ**, ਪੰਨਾ 9
4. ''ਹਿੰਦੀ ਸਾਹਿਤਯ ਪਰ ਲੋਕ ਸਾਹਿਤਯ ਕਾ ਪ੍ਰਭਾਵ '', **ਆਲੋਚਨਾ**, **ਪੰਨਾ** 47 ਉਧ੍ਰਿਤ ਕਰਨੈਲ ਸਿੰਘ ਥਿੰਦ, ਪੰਨਾ ੩੦
5. **ਲੋਕ ਸਾਹਿਤਯ ਦੀ ਭੂਮਿਕਾ**, ਪੰਨਾ 262
6. **ਪੰਜਾਬ ਦੀ ਲੋਕਧਾਰਾ**,ਪੰਨਾ 152
7. ਕੰਵਲਜੀਤ ਕੌਰ ਗਰੋਵਰ, **ਲੋਕਯਾਨ ਦਰਪਣ**, ਪੰਨਾ 46 ਤੋਂ ਉਧ੍ਰਿਤ
8. ਪੰਜਾਬ ਦੀ ਲੋਕਧਾਰਾ, ਪੰਨਾ 152
9. ਹਿੰਦੀ ਸਾਹਿਤਯ ਕੋਸ਼, ਪੰਨਾ 609
10. ਪੰਜਾਬੀ ਲੋਕ ਸਾਹਿਤ ਸ਼ਾਸਤਰ, ਪੰਨਾ 92
11. ਵਣਜਾਰਾ ਬੇਦੀ, **ਲੋਕਧਾਰਾ ਅਤੇ ਸਾਹਿਤ**, ਪੰਨਾ 92
12. ਉਹੀ, ਪੰਨਾ 81
13. ਉਹੀ, ਪੰਨਾ 68

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

14. **ਪੰਜਾਬੀ ਲੋਕ ਸਾਹਿਤ ਸ਼ਾਸਤਰ**, ਪੰਨਾ 47
15. **ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ**, ਪੰਨਾ 154
16. **ਮੇਰਾ ਪਿੰਡ**, ਪੰਨਾ 488 ਅਤੇ 498-500
17. ਉਹੀਂ ਰਚਨਾ, ਪੰਨਾ 180
18. ਉਹੀ, ਪੰਨਾ 211
19. ਉਹੀ, ਪੰਨਾ 205
20. **ਪੰਜਾਬੀ ਲੋਕਗੀਤ ਬਣਤਰ ਤੇ ਵਿਕਾਸ**, ਪੰਨਾ 47
21. ਉਹੀ ਰਚਨਾ, ਪੰਨਾ 265
22. **ਲੋਕਧਾਰਾ ਅਤੇ ਸਾਹਿਤ**, ਪੰਨਾ 72
23. ਹਿੰਦੀ ਭਕਤੀ ਸਾਹਿਤਯ ਮੇਂ ਲੋਕਤੱਤ੍ਵ, ਪੰਨਾ 6
24. **ਪੰਜਾਬ ਦੀ ਲੋਕਧਾਰਾ**, ਪੰਨਾ 153
25. **ਪੰਜਾਬ ਦੀ ਆਵਾਜ਼**, ਪੰਨਾ 75
26. **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ, 131
27. **ਪੰਜਾਬੀ ਲੋਕਧਾਰਾ**, ਪੰਨਾ 154
28. ਉਹੀ, ਪੰਨਾ 155
29. **ਹਿੰਦੀ ਭਕਤੀ ਸਾਹਿਤਯ ਮੇਂ ਲੋਕਤੱਤ੍ਵ** ਪੰਨਾ 7
30. **ਪੰਜਾਬ ਦੇ ਲੋਕ ਗੀਤ**
31. ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ
32. **ਲੋਕ ਕਾਵਿ ਸਿਰਜਣ ਪ੍ਰਕਿਰਿਆ**
33. **ਫੰਡਾਮੈਂਟਲਜ਼ ਆਫ ਫੋਕ ਲਿਟਰੇਚਰ**, ਪੰਨਾ166
34. **ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ**, ਪੰਨਾ 70
35. **ਵਣਜਾਰਾ ਬੇਦੀ, ਪੰਜਾਬ ਦੀ ਲੋਕਧਾਰਾ**, ਪੰਨਾ 173
36. **ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ**, ਪੰਨਾ 70
37. **ਪੰਜਾਬ ਦੀ ਲੋਕ ਧਾਰਾ**, ਪੰਨਾ 172
38. ਉਹੀ ਰਚਨਾ,ਪੰਨਾ 71
39. ਉਹੀ
40. **ਇਨਸਾਈਕਲੋਪੀਡੀਆ ਬ੍ਰਿਟੇਨਕਾ**, ਖੰਡ ਨੌਵਾਂ, ਪੰਨਾ 448

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

41. ਏ ਹੈਂਡ ਬੁੱਕ ਆਫ ਫੋਕ ਲੋਰ, ਪੰਨਾ 76
42. **ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ**
43. ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 53
44. **ਪੰਜਾਬੀ ਲੋਕਧਾਰਾ**, ਪੰਨਾ 173
45. ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ, ਪੰਨਾ 108
46. **ਲੋਕ ਸਾਹਿਤਯ ਕੀ ਭੂਮਿਕਾ**, ਪੰਨਾ 920
47. ਉਹੀ ਰਚਨਾ, ਪੰਨਾ 111
48. ਉਹੀ, ਪੰਨੇ 113-14
49. ਉਹੀ, ਪੰਨਾ 97
50. **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ 99
51. ਉਹੀ ਰਚਨਾ, ਪੰਨਾ 99
52. ਉਹੀ
53. **ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ** ਪੰਨਾ 165
54. **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ 97
55. ਉਹੀ ਰਚਨਾ, ਪੰਨਾ 107
56. ਉਹੀ, ਪੰਨਾ 90
57. ' 'ਲੋਕ ਕਹਾਣੀਆਂ ਦਾ ਮਹੱਤਵ'', **ਲੋਕਯਾਨ ਅਧਿਅਨ (ਸੰਪ. ਕਰਨੈਲ ਸਿੰਘ ਥਿੰਦ)**, ਪੰਨਾ 90
58. ਮਹਾਨ ਕੋਸ਼
59. **ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼**, ਪੰਨਾ 253
60. **ਲੋਕ ਸਾਹਿਤਯ ਦੀ ਭੂਮਿਕਾ**, ਪੰਨਾ 37
61. **ਫੌਰਮ ਐਂਡ ਸਟਾਈਲ ਇਨ ਪੋਇਟਰੀ**, ਪੰਨਾ 3
62. **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ 139
63. ''ਲੋਕ ਗਾਥਾ ਦਾ ਸਰੂਪ'', **ਲੋਕਯਾਨ ਅਧਿਐਨ**, ਪੰਨਾ 60
64. **ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼**, ਪੰਨਾ 391
65. **ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ 206
66. **ਪੰਜਾਬ ਦੀ ਲੋਕਧਾਰਾ**, ਪੰਨਾ 183
67. ਉਹੀ, ਪੰਨਾ 185

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

68. ਜਤਿੰਦਰ ਸਾਹਿਤ ਸਰੋਵਰ, ਪੰਨਾ 205
69. ਉਹੀ ਰਚਨਾ, ਪੰਨਾ 186
70. ਉਹੀ ਰਚਨਾ, ਪੰਨਾ 201
71. ਉਹੀ
72. ਪੰਜਾਬ ਦੀ ਲੋਕਧਾਰਾ, ਪੰਨਾ 186
73. ਹਿੰਦੀ ਸਾਹਿਤ ਕਾ ਬਿਹਤਰ ਇਤਿਹਾਸ, ਭਾਗ ਸੋਲ੍ਹਵਾਂ (ਪ੍ਰਸਤਾਵਨਾ)
74. ਲੋਕ ਆਖਦੇ ਹਨ, ਪੰਨਾ 15
75. ਪੰਜਾਬ ਦੀ ਲੋਕਧਾਰਾ, ਪੰਨਾ 18
76. ਉਹੀ
77. ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ 204
78. ਗੁਰੂ ਨਾਨਕ ਤੇ ਲੋਕ ਪ੍ਰਵਾਹ , ਪੰਨਾ 122

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਧਰਮ ਅਤੇ ਉਪਾਸ਼ਨਾ–ਵਿਧੀਆਂ

ਲੋਕ ਧਰਮ ਦੀ ਆਧਾਰਸ਼ਿਲਾ ਲੋਕ ਵਿਸ਼ਵਾਸ ਹਨ ਅਤੇ ਲੋਕ ਵਿਸ਼ਵਾਸ ਲੋਕਧਾਰਾ ਦਾ ਇਕ ਮਹੱਤਵਪੂਰਨ ਅੰਗ ਹਨ। ਆਦਿ ਮਨੁੱਖ ਜਦੋਂ ਜੰਗਲਾਂ ਵਿਚ ਰਹਿੰਦਾ ਸੀ, ਉਦੋਂ ਉਸ ਦੀ ਬੁੱਧੀ ਬਹੁਤ ਬਿਬੇਕ ਨਹੀਂ ਸੀ। ਉਹ ਕੁਦਰਤੀ ਸ਼ਕਤੀਆਂ ਸੂਰਜ, ਅੱਗ ਚੰਦ, ਤਾਰੇ ਅਤੇ ਹੋਰ ਗ੍ਰਹਿਆਂ ਤੋਂ ਬੜਾ ਭੈ-ਭੀਤ ਰਹਿੰਦਾ ਸੀ। ਉਸਨੂੰ ਹਮੇਸ਼ਾਂ ਇਸ ਗੱਲ ਦਾ ਤੌਖਲਾ ਰਹਿੰਦਾ ਸੀ ਕਿ ਕੁਦਰਤੀ ਸ਼ਕਤੀਆਂ ਉਸ ਨੂੰ ਕਿਧਰੇ ਨੁਕਸਾਨ ਨਾ ਪਹੁੰਚਾ ਦੇਣ। ਉਸ ਦੀ ਫ਼ਸਲ ਜਾਂ ਪਸ਼ੂਆਂ ਨੂੰ ਕੋਈ ਬੀਮਾਰੀ ਨਾ ਲੱਗ ਜਾਵੇ। ਲੋਕ ਮਾਨਸ ਨੇ ਇਨ੍ਹਾਂ ਦੀ ਵਾਸਤਵਿਕ ਹੋਂਦ ਨੂੰ ਮੰਨ ਲਿਆ ਹੈ। ਫਿਰ ਉਸ ਨੇ ਇਨ੍ਹਾਂ ਦੀ ਕਰੋਪੀ ਤੋਂ ਡਰਦੇ ਉਨ੍ਹਾਂ ਸ਼ਕਤੀਆਂ ਦੀ ਪੂਜਾ ਆਰੰਭ ਕਰ ਦਿੱਤੀ। ਉਸਦਾ ਇਹ ਪੱਕਾ ਨਿਸਚਾ ਬਣ ਗਿਆ ਕਿ ਜੋ ਕੰਮ ਨਹੀਂ ਹੋ ਸਕਦਾ, ਉਹ ਪੂਜਾ, ਅਰਦਾਸ ਅਤੇ ਸੁੱਖਣਾ ਸੁੱਖਣ ਨਾਲ ਹੋ ਸਕਦਾ ਹੈ। ਇਸ ਤਰ੍ਹਾਂ ਇਨ੍ਹਾਂ ਪਰਾਸਰੀਰਕ ਸ਼ਕਤੀਆਂ ਨੂੰ ਵੱਖ ਵੱਖ ਢੰਗਾਂ ਨਾਲ ਮਨਾਉਣ, ਖੁਸ਼ ਕਰਨ ਜਾਂ ਕਾਬੂ ਕਰਨ ਦੇ ਵੱਖ ਵੱਖ ਪੱਖਾਂ ਨੂੰ ਜਨਮ ਦਿੱਤਾ।

ਲੋਕ ਧਰਮ ਮਾਨਵ-ਵਾਦੀ ਹੈ। ਇਸ ਦਾ ਮਨੋਰਥ ਲੌਕਿਕ ਯੁੱਗ ਵਿਚ ਵਿਅਕਤੀ ਨੂੰ ਦੁੱਖਾਂ, ਕਸ਼ਟਾਂ, ਮੁਸੀਬਤਾਂ ਤੋਂ ਬਚਾਉਣਾ ਹੈ। ਕੁਦਰਤੀ ਸ਼ਕਤੀਆਂ ਦੇ ਚੰਗੇ 'ਪ੍ਰਭਾਵ ਨੂੰ ਗ੍ਰਹਿਣ ਕਰਵਾ' ਅਤੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਵੱਖੋ ਵੱਖਰੇ ਉਪਾ ਜਾਂ ਪੂਜਾ ਵਿਧੀਆਂ ਨੂੰ ਅਪਨਾਉਣਾ ਹੈ। ਜਦੋਂ ਕਿ ਵਿਸ਼ਿਸ਼ਟ ਧਰਮ ਵਿਚ ਪਾਰਲੌਕਿਕ ਜਗਤ ਵਿਚ ਖੁਸ਼ਹਾਲੀ ਅਤੇ ਜਨਮ ਮਰਨ ਤੋਂ ਮੁਕਤੀ ਦਿਵਾਉਣਾ ਹੈ। ਲੋਕ ਧਰਮ ਸਰਬ ਸਾਂਝਾ ਧਰਮ ਹੈ। ਸਾਰੇ ਫਿਰਕਿਆਂ ਅਤੇ ਵੱਖ ਵੱਖ ਵਿਸ਼ਿਸ਼ਟ ਧਰਮ ਦੇ ਧਾਰਨੀ ਵੀ ਇਸ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਪੂਜਾ ਵਿਧੀਆਂ ਨੂੰ ਅਪਨਾਉਂਦੇ ਹਨ। ਲੋਕ ਧਰਮ ਦਾ ਵਿਸ਼ਾਲ ਵਿਸ਼ਾ ਖੇਤਰ ਹੈ। ਕਰਨੈਲ ਸਿੰਘ ਥਿੰਦ ਦੇ ਵਿਚਾਰ ਅਨੁਸਾਰ, ''ਇਸ ਵਿਚ ਨਰਕ ਸਵੱਰਗ ਅਤੇ ਚੌਰਾਸੀ ਲੱਖ ਜੂਨਾਂ ਵਿਚ ਵਿਸ਼ਵਾਸ, ਦੇਵੀ ਦੇਵਤਿਆਂ ਦੀ ਪੂਜਾ, ਸੁਖਣਾ, ਮੰਨਤ, ਚੜ੍ਹਾਵਾ, ਵਰਤ, ਤੀਰਥ ਯਾਤਰਾ, ਤੀਰਥ ਇਸ਼ਨਾਨ, ਸੂਰਜ ਅਤੇ ਚੰਦ ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ ਪਾਠ, ਜੰਤਰ ਮੰਤਰ, ਸ਼ਰਾਧ, ਸ਼ਗਨ ਅਪਸ਼ਗਨ ਆਦਿ ਵਿਸ਼ੇ ਆਉਂਦੇ ਹਨ।''[1] ਅਸਲ ਵਿਚ ਲੋਕ ਧਰਮ ਇਕ ਅਜਿਹਾ ਸੰਕਲਪ ਹੈ ਜਿਸ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਨ-ਜੀਵਨ ਦੀਆਂ ਅਨੇਕਾਂ ਅੱਧ ਸੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਡਰ, ਤੌਖਲੇ ਸ਼ੰਕੇ ਅਤੇ ਭੈਅ ਲੋਕ ਧਰਮ ਦੀ ਹੋਂਦ ਨੂੰ ਨਿਰਧਾਰਿਤ ਕਰਨ ਵਿਚ ਸਹਾਈ ਹੁੰਦੇ ਹਨ।[2]

(ਓ) ਲੋਕ ਧਰਮ ਦੀ ਇਤਿਹਾਸਕ ਪਿੱਠ-ਭੂਮੀ ਅਤੇ ਪਛਾਣ

ਧਰਮ ਤੋਂ ਭਾਵ ਇਕ ਅਜਿਹੀ ਜੀਵਨ ਵਿਧੀ ਹੈ, ਜੋ ਜੀਵਨ ਨੂੰ ਕਿਸੇ ਉਚੇ ਆਦਰਸ਼ ਦੇ ਅਨੁਕੂਲ ਢਾਲਦੀ ਅਤੇ ਉਸ ਨੂੰ ਮਾਨਸਿਕ ਆਤਮਿਕ ਤ੍ਰਿਪਤੀ ਦਿੰਦੀ ਹੈ। ਸੰਸਾਰ ਵਿਚ ਇਸ ਸਮੇਂ 5000 ਦੇ ਕਰੀਬ ਧਰਮ ਹਨ। ਇਨ੍ਹਾਂ ਧਰਮਾਂ ਵਿਚ ਮਾਮੂਲੀ ਫ਼ਰਕ ਨਾਲ ਬਹੁਤ ਸਾਰੀਆਂ ਗੱਲਾਂ ਨੂੰ ਸਵੀਕਾਰ ਕੀਤਾ ਗਿਆ ਹੈ। ਜਿਵੇਂ ਇਕ ਜਾਂ ਇਕ ਤੋਂ ਵੱਧ ਦੇਵਤੇ, ਰੂਹਾਂ ਅਤੇ ਬਦਰੂਹਾਂ ਵਿਚ ਵਿਸ਼ਵਾਸ, ਭੌਤਿਕ ਅਤੇ ਪਰਾਭੌਤਿਕ ਸ਼ਕਤੀਆਂ ਵਿਚ ਵਿਸ਼ਵਾਸ, ਆਤਮਾ ਦੀ ਹੋਂਦ ਵਿਚ ਵਿਸ਼ਵਾਸ, ਹੋਣੀ, ਜਾਦੂ, ਟੂਣਾ ਅਤੇ ਕਰਾਮਾਤ, ਪੁਨਰ ਜਨਮ, ਨਰਕ ਅਤੇ ਸਵੱਰਗ ਆਦਿ। ਇਸ ਤੋਂ ਬਿਨਾਂ ਕੁਝ ਥਾਵਾਂ, ਵਕਤਾਂ, ਦਰੱਖਤਾਂ ਅਤੇ ਜਾਨਵਰਾਂ ਨੂੰ ਪਵਿੱਤਰ ਸਮਝਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਚਿੰਨ੍ਹ ਰੂਪ ਵਿਚ ਪੂਜਾ ਕੀਤੀ ਜਾਂਦੀ ਹੈ।[3]

ਲੋਕ ਧਰਮ ਦੀ ਇਤਿਹਾਸਕ ਪਿਠ ਭੂਮੀ ਨੂੰ ਸਮਝਣ ਲਈ ਮੂਲ ਧਰਮ ਅਤੇ ਆਦਿ-ਕਾਲੀਨ ਧਰਮ ਦੀਆਂ ਰੂੜ੍ਹੀਆਂ ਨੂੰ ਸਮਝਣ ਦੀ ਲੋੜ ਹੈ। ਪਰਾਤੱਤਵ ਵਿਗਿਆਨੀ ਅਤੇ ਮਾਨਵ ਵਿਗਿਆਨੀ ਆਪਣੀ ਖੋਜ ਦੇ ਆਧਾਰ ਤੇ ਇਸ ਸਿੱਟੇ ਤੇ ਪਹੁੰਚੇ ਹਨ ਕਿ ਅੱਜ ਤੋਂ ਤਕਰੀਬਨ 150, 000 ਸਾਲ ਪਹਿਲਾਂ ਵੱਸਣ ਵਾਲੇ ਸਾਡੇ ਪੂਰਵਜ ਵੀ ਕਿਸੇ ਨਾ ਕਿਸੇ ਰੂਪ ਵਿਚ ਪਰਾਭੌਤਿਕ ਸ਼ਕਤੀਆਂ ਦੀ ਪੂਜਾ ਕਰਦੇ ਹਨ।[4] ਪਰ ਸਾਡਾ ਲਿਖਤੀ ਇਤਿਹਾਸ ਤਾਂ ਅੱਜ ਤੋਂ 5000 ਸਾਲ ਪਿੱਛੇ ਤਕ ਦਾ ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਅੱਜ ਤੋਂ 150,000 ਸਾਲ ਪਹਿਲਾਂ ਪਿੱਤਰ ਪੂਜਾ ਪ੍ਰਚਲਤ ਸੀ ਅਤੇ ਮੌਤ ਪਿਛੋਂ ਉਹ ਆਤਮਾ ਦੀ ਹੋਂਦ ਨੂੰ ਮੰਨਦੇ ਸਨ ਤਾਂ ਇਹ ਗੱਲ ਜ਼ਰੂਰੀ ਹੈ ਕਿ ਇਨ੍ਹਾਂ ਵਿਸ਼ਵਾਸਾਂ ਵਿਚ ਲਿਖਤੀ ਇਤਿਹਾਸ ਤੱਕ ਜ਼ਰੂਰ ਪਰਿਵਰਤਨ ਆਇਆ ਹੋਵੇਗਾ। ਆਰੰਭਿਕ ਧਰਮ ਦੇ ਸਰੂਪ ਅਤੇ ਉਸ ਵਿਚ ਹੋਈਆਂ ਤਬਦੀਲੀਆਂ ਬਾਰੇ ਜਾਣਕਾਰੀ ਦੇਣ ਵਾਲਾ ਕੋਈ ਪ੍ਰਮਾਣਿਕ ਸ੍ਰੋਤ ਸਾਡੇ ਪਾਸ ਨਹੀਂ ਹੈ। ਪਰ ਇਕ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਧਰਮ ਦਾ ਜੋ ਸਰੂਪ ਪਹਿਲੇ ਸੀ ਉਹ ਲਿਖਤੀ ਇਤਿਹਾਸ ਤੱਕ ਪਹੁੰਚਦੇ ਜ਼ਰੂਰ ਕਾਫੀ ਤਬਦੀਲ ਹੋ ਚੁੱਕਾ ਹੋਵੇਗਾ।

ਪਰਾਇਤਿਹਾਸਕ ਕਾਲ ਦਾ ਧਰਮ ਮੂਲ ਧਰਮ ਸੀ। ਜਿਸ ਸਮੇਂ ਵਿਅਕਤੀ ਇਤਨਾ ਚੇਤੰਨ ਨਹੀਂ ਸੀ। ਉਨ੍ਹਾਂ ਪ੍ਰਕਿਰਤਿਕ ਘਟਨਾਵਾਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਨੇ ਮਨੁੱਖ ਵਿਚ ਡਰ ਦੀ ਭਾਵਨਾ ਨੂੰ ਪੈਦਾ ਕੀਤਾ ਅਤੇ ਇਸ ਡਰ ਤੋਂ ਮੁਕਤੀ ਪ੍ਰਾਪਤ ਕਰਨ ਲਈ ਮਨੁੱਖ ਨੇ ਜਿੰਨ੍ਹਾਂ ਵਿਸ਼ਵਾਸਾਂ ਅਤੇ ਪੂਰਵ ਕਰਮ ਕਾਂਡਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਂਦ ਵਿਚ ਲਿਆਂਦਾ ਉਹ ਮੂਲ ਧਰਮ ਸਮਝਿਆ ਗਿਆ। ਮੂਲ ਧਰਮ ਦੀਆਂ ਰੂੜ੍ਹੀਆਂ ਵਧੇਰੇ ਕਰਕੇ ਜਾਦੂ ਦੇ ਖੇਤਰ ਨਾਲ ਸੰਬੰਧਿਤ ਹਨ ਅਗੇ ਚਲ ਕੇ ਲੋਕ ਧਰਮ ਅਤੇ ਧਰਮ ਦਾ ਆਧਾਰ ਬਣਦੀਆਂ ਹਨ।[5]

ਸ਼ੁਰੂ ਵਿਚ ਮਨੁੱਖ ਨੂੰ ਧਰਮ ਦੀ ਕਿਉਂ ਲੋੜ ਪਈ? ਇਸ ਬਾਰੇ ਮਾਨਵ ਵਿਗਿਆਨੀਆਂ, ਮਨੋਵਿਗਿਆਨੀਆਂ ਅਤੇ ਸਮਾਜ ਵਿਗਿਆਨੀਆਂ ਨੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਅਤੇ ਉਨ੍ਹਾਂ ਦੇ ਕੁਝ ਸਿਧਾਂਤ ਆਪਸ ਵਿਚ ਮਿਲਦੇ ਵੀ ਹਨ। ਟੀ.ਬੀ. ਟੇਲਰ ਦੇ ਵਿਚਾਰ ਅਨੁਸਾਰ ਸੁਪਨੇ ਅਤੇ ਪ੍ਰਤਿਛਾਇਆ ਦੇ ਅਨੁਭਵ ਨੇ ਮਨੁੱਖ ਦਾਂ ਭੌਤਿਕ ਹੋਂਦ ਦੇ ਨਾਲ ਨਾਲ ਆਤਮਾ ਵਿਚ ਵੀ ਵਿਸ਼ਵਾਸ ਪੈਦਾ ਕੀਤਾ। ਇਸੇ ਵਿਸ਼ਵਾਸ ਦੇ ਆਧਾਰ ਤੇ ਮਨੁੱਖ ਨੇ ਮੁਰਦਿਆਂ ਨੂੰ ਵਿਧੀ ਪੂਰਵਕ ਦਫਨਾਉਣਾ ਅਤੇ ਪਿਛੋਂ ਪੂਜਣਾ ਸ਼ੁਰੂ ਕੀਤਾ। ਇਸ ਤਰ੍ਹਾਂ ਪਿਤਰਾਂ ਦੀ ਪੂਜਾ ਸ਼ੁਰੂ ਹੋਈ ਅਤੇ ਬਾਅਦ ਵਿਚ ਦੇਵੀ ਦੇਵਤਿਆਂ ਦਾ ਰੂਪ ਧਾਰਣ ਕਰ ਗਈ। ਆਰ. ਆਰ ਮੈਰਿਟ ਇਸ ਮੱਤ ਨਾਲ ਸਹਿਮਤ ਨਹੀਂ ਹੈ। ਉਸ ਦੇ ਵਿਚਾਰ ਅਨੁਸਾਰ ਪ੍ਰਕ੍ਰਿਤੀ ਪਿੱਛੇ ਕਾਰਜ ਕਰਨ ਵਾਲੇ ਜੀਵੰਤ ਤੱਤ ਦੀ ਹੋਂਦ ਦੇ ਅਨੁਭਵ ਨੇ ਧਰਮ ਦੀ ਨੀਂਹ ਰਖੀ। ਦੁਰਖੀਪ ਅਨੁਸਾਰ ਧਰਮ ਦੀ ਲੋੜ ਸਮਾਜਕ ਲੋੜ ਨਹੀਂ। ਪਵਿੱਤਰ ਅਤੇ ਅਪਵਿੱਤਰ ਦੇ ਸੰਕਲਪਾਂ ਦਾ ਪੁੰਨ-ਪਾਪ ਨਾਲ ਜੁੜਨਾ ਸਮਾਜਕ ਇਕਮੁੱਠਤਾ ਲਈ ਜ਼ਰੂਰੀ ਸੀ। ਫਰਾਇਡ ਧਰਮ ਨੂੰ ਬੱਚੇ ਦੀ ਅਸਹਾਰਾ ਸਥਿਤੀ ਤੇ ਉਸ ਦੀ ਪੂਰਤੀ ਲਈ ਪਿਤਾ ਦੀ ਲੋੜ ਵਿਚੋਂ ਪੈਦਾ ਹੋਇਆ ਦਸਦਾ ਹੈ। ਦੁਰਖੀਪ ਅਨੁਸਾਰ ਸਮਾਜ ਰੱਬ ਹੈ ਜਦ ਕਿ ਫਰਾਇਡ ਅਨੁਸਾਰ ਰੱਬ ਸ਼ਕਤੀਸ਼ਾਲੀ ਪਿਤਾ ਹੈ।[6] ਅਸਲ ਵਿਚ ਆਦਿਮ ਮਨੁੱਖ ਜਦੋਂ ਪ੍ਰਕ੍ਰਿਤਕ ਚੌਗਿਰਦੇ ਵਿਚ ਜੰਮਣ ਵਿਰਾਸਣ ਅਤੇ ਵਿਕਸਣ ਦੇ ਨਿਯਮਾਂ ਨੂੰ ਵੇਖਦਾ ਸੀ ਤਾਂ ਉਸ ਨੂੰ ਇਹ ਪਰਾਸਰੀਰਕ ਸ਼ਕਤੀਆਂ ਕ੍ਰਿਸ਼ਮਾ ਲਗਦਾ ਸੀ। ਆਪਣੀ ਕਲਪਨਾ ਅਤੇ ਵਿਸ਼ਵਾਸ ਨਾਲ ਉਸ ਨੇ ਇਨ੍ਹਾਂ ਸ਼ਕਤੀਆਂ ਦੀ ਹੋਂਦ ਨੂੰ ਵਾਸਤਵਿਕ ਰੂਪ ਵਿਚ ਪ੍ਰਵਾਨ ਕਰ ਲਿਆ ਅਤੇ ਇਨ੍ਹਾਂ 'ਚ ਚੰਗੇ ਪ੍ਰਭਾਵ ਗ੍ਰਹਿਣ ਕਰਨ ਅਤੇ ਚੰਦਰੇ ਪ੍ਰਭਾਵਾਂ ਤੋਂ ਮੁਕਤ ਹੋਣ ਦੇ ਜਤਨ ਕਰਨੇ ਆਰੰਭ ਕਰ ਦਿੱਤੇ। ਮਨੁੱਖ ਦੀ ਇੱਛਾ ਪੂਰਤੀ ਨੇ ਹੀ ਜਾਦੂ ਵਿਧੀਆਂ ਨੂੰ ਜਨਮ ਦਿੱਤਾ। ਮੁਢਲਾ ਧਰਮ ਜਾਦੂ ਦੀਆਂ ਉਹ ਵਿਧੀਆਂ ਹਨ ਜਿਨ੍ਹਾਂ ਰਾਹੀਂ ਮਨੁੱਖ ਆਪਣੀ ਇੱਛਾ ਪੂਰਤੀ ਵਿਚ ਯਕੀਨ ਰਖਦਾ ਸੀ। ਜਾਦੂ ਰਾਹੀਂ ਵਿਅਕਤੀ ਕਰਾਮਾਤੀ ਢੰਗ ਨਾਲ ਆਪਣਾ ਮੰਤਵ ਸਿੱਧ ਕਰਾਉਣਾ ਚਾਹੁੰਦਾ ਹੈ। ਇਸ ਜਾਦੂ ਵਿਧੀ ਤੇ ਕੋਈ ਮਾੜਾ ਪ੍ਰਭਾਵ ਨਾ ਪਵੇ ਇਸ ਵਾਸਤੇ ਉਸ ਨੇ ਕੁਝ ਨਕਾਹੀ ਦੇ ਨਿਯਮਾਂ ਦੀ ਪਾਲਣਾ ਸ਼ੁਰੂ ਕਰ ਦਿੱਤੀ। ਕਿਉਂਕਿ ਜਾਦੂ ਦੇ ਸਿਧਾਂਤ ਅਨੁਸਾਰ ਕੁਝ ਖ਼ਾਸ ਤਰ੍ਹਾਂ ਦੀਆਂ ਕ੍ਰਿਆਵਾਂ ਕਰਨ ਨਾਲ ਕੁਝ ਖ਼ਾਸ ਤਰ੍ਹਾਂ ਦੇ ਪ੍ਰਭਾਵ ਪੈਦਾ ਹੁੰਦੇ ਹਨ। ਇਸ ਲਈ ਅਣਸੁਖਾਵੇਂ ਪ੍ਰਭਾਵਾਂ ਤੋਂ ਬਚਣ ਲਈ ਮਨੁੱਖ ਨੇ ਕੁਝ ਕਾਰਜਾਂ ਨੂੰ ਨਾ ਕਰਨ ਬਾਰੇ ਸੋਚਿਆ। ਚੇਲੇ ਅਤੇ ਧਾਰਮਿਕ ਮੁਖੀ ਪੂਜਾ ਪਾਠ ਅਤੇ ਹੋਰ ਅਨੁਸ਼ਠਾਨਾਂ ਸਮੇਂ ਇਨ੍ਹਾਂ ਦੀ ਪਾਲਣਾ ਕਰਨੀ ਜ਼ਰੂਰੀ ਸਮਝਦੇ ਹਨ। ਜਾਦੂ ਦੀਆਂ ਇਹ ਪੁਰਾਤਨ ਵਿਧੀਆਂ ਮਨੁੱਖ ਦੀਆਂ ਮੁੱਢਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਰੂਰਤਾਂ ਤੇ ਨਿਰਭਰ ਸਨ ਜਿਵੇਂ ਭੁੱਖ, ਇਸਤਰੀ ਅਤੇ ਸੰਤਾਨ ਦੀ ਪ੍ਰਾਪਤੀ ਆਦਿ। ਜਿਉਂ ਜਿਉਂ ਸਮਾਂ ਬੀਤਦਾ ਗਿਆ ਤਿਵੇਂ ਤਿਵੇਂ ਮਨੁੱਖੀ ਜੀਵਨ ਗੁੰਝਲਦਾਰ ਹੁੰਦਾ ਗਿਆ ਅਤੇ ਇਨ੍ਹਾਂ ਕਰਮਕਾਂਡੀ ਵਿਧੀਆਂ ਦਾ ਘੇਰਾ ਵੀ ਫੈਲਦਾ ਗਿਆ। ਜਾਦੂ ਸੰਬੰਧੀ ਵਿਸ਼ਵਾਸ ਤੇ ਵਹਿਮ ਭਰਮ ਜੀਵਨ ਦਾ ਜ਼ਰੂਰੀ ਅੰਗ ਬਣ ਗਏ। ਕੁਦਰਤੀ ਆਫਤਾਂ ਸਾਹਮਣੇ ਮਨੁੱਖ ਦੇ ਸ਼ਕਤੀਹੀਨ ਹੋਣ ਕਾਰਨ ਵਿਅਕਤੀ ਦੇਵੀ ਪੂਜਾ ਕਰਨ ਲੱਗਾ ਅਤੇ ਉਸ ਦਾ ਜੀਵਨ ਧਾਰਮਕ ਬਣਨ ਲੱਗਾ। ਧਰਮ ਦਾ ਆਧਾਰ ਵੀ ਜਾਦੂ ਦੀਆਂ ਰੂੜ੍ਹੀਆਂ ਹੀ ਸਨ। ਵਿਅਕਤੀ ਵਧੇਰੇ ਸ਼ਰਧਾਲੂ ਬਣ ਗਿਆ। ਕਿਉਂਕਿ ਮਨੁੱਖੀ ਵਿਸ਼ਵਾਸ ਬਣ ਗਿਆ ਕਿ ਇਨ੍ਹਾਂ ਦੀ ਪੂਜਾ ਨਾਲ ਸੁੱਖ ਆਰਾਮ ਅਤੇ ਪਦਾਰਥਕ ਚੀਜ਼ਾਂ ਦੀ ਪ੍ਰਾਪਤੀ ਹੁੰਦੀ ਹੈ। ਵਿਅਕਤੀ ਨੇ ਇਨ੍ਹਾਂ ਨੂੰ ਮਹਾਂ ਸ਼ਕਤੀਆਂ ਸਵੀਕਾਰ ਕਰ ਲਿਆ। ਪੰਜਾਬੀ ਲੋਕ ਧਰਮ ਦੀਆਂ ਰੂੜ੍ਹੀਆਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।[7]

1. ਪੂਜਾ ਵਿਧੀਆਂ ਜੋ ਨਿਰੋਲ ਡਰ ਦੀ ਉਪਜ ਹਨ ਜਿਵੇਂ ਸੱਪਾਂ ਦੀ ਪੂਜਾ ਅਤੇ ਬਦਰੂਹਾਂ ਦੀ ਪੂਜਾ ਆਦਿ
2. ਪੂਜਾ ਵਿਧੀਆਂ ਜੋ ਨਿਰੋਲ ਸ਼ਰਧਾ ਭਾਵਨਾ ਦੀ ਉਪਜ ਹਨ ਜਿਵੇਂ ਰੁੱਖ-ਪੂਜਾ, ਧਰਤੀ ਪੂਜਾ, ਗਊ ਦੀ ਪੂਜਾ ਅਤੇ ਚੰਨ ਸੂਰਜ ਦੀ ਪੂਜਾ ਆਦਿ।
3. ਪੂਜਾ-ਵਿਧੀਆਂ ਜੋ ਡਰ ਅਤੇ ਸ਼ਰਧਾ ਦੋਹਾਂ ਦੀ ਉਪਜ ਹਨ ਜਿਵੇਂ ਪਾਣੀ ਦੀ ਪੂਜਾ, ਅੱਗ ਦੀ ਪੂਜਾ, ਦੇਵੀ ਦੇਵਤਿਆਂ ਦੀ ਪੂਜਾ, ਪਿੱਤਰਾਂ ਦੀ ਪੂਜਾ।

ਉਪਰੋਕਤ ਸ਼ਰਧਾ ਭਾਵਨਾ ਕਾਰਨ ਕਈ ਵਿਸ਼ਵਾਸਾਂ ਅਤੇ ਵਹਿਮ ਭਰਮਾਂ ਅਤੇ ਮਿੱਥਾਂ ਦਾ ਜਨਮ ਹੋਇਆ। ਲੋਕ ਧਰਮ ਦੇ ਅਨੁਆਈ ਕਿਸੇ ਵੀ ਪੀਰ ਫਕੀਰ ਦੀ ਦੈਵੀ ਸਥਾਪਤੀ ਲਈ ਉਸ ਵਿਚ ਦੋ ਗੁਣਾਂ ਦਾ ਹੋਣਾ ਜ਼ਰੂਰੀ ਸਮਝਦੇ ਹਨ। ਪਹਿਲਾ ਉਸਦਾ ਕਰਾਮਾਤੀ ਹੋਣਾ ਅਤੇ ਦੂਜਾ ਉਸ ਦਾ ਪਰਾਸਰੀਰਕ ਸ਼ਕਤੀਆਂ ਤੇ ਕਾਬੂ ਹੋਣਾ। ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਇਨ੍ਹਾਂ ਪਰਾਸਰੀਰਕ ਸ਼ਕਤੀਆਂ ਦਾ ਘੇਰਾ ਬਹੁਤ ਫੈਲਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਤੇ ਸਿੱਖ ਗੁਰੂ ਸਾਹਿਬਾਨ ਨੇ ਕਰਾਮਾਤਾਂ ਦਾ ਖੰਡਨ ਕੀਤਾ ਹੈ। ਪਰ ਉਨ੍ਹਾਂ ਨੇ ਸ਼ਰਧਾਲੂਆਂ ਨੇ ਉਨ੍ਹਾਂ ਨਾਲ ਵੀ ਬਹੁਤ ਸਾਰੀਆਂ ਕਰਾਮਾਤਾਂ ਜੋੜ ਲਈਆਂ ਹਨ। ਜਿਵੇਂ ਪਹਾੜ ਨੂੰ ਪੰਜੇ ਨਾਲ ਰੋਕਣਾ ਜਾਂ ਉੱਜੜੀ ਖੇਤੀ ਨੂੰ ਹਰਾ ਭਰਾ ਕਰਨਾ ਆਦਿ।

ਇਸ ਤਰ੍ਹਾਂ ਇਹ ਪਰੰਪਰਾਗਤ ਰੂੜ੍ਹੀਆਂ ਜੋ ਵਿਸ਼ਿਸ਼ਟ ਧਰਮ ਦੇ ਨਾਇਕਾਂ ਨਾਲ ਜੋੜ ਦਿੱਤੀਆਂ ਜਾਂਦੀਆਂ ਜਿਸ ਕਾਰਨ ਇਹ ਨਾਇਕ ਉਸ ਵਿਸ਼ੇਸ਼ ਧਰਮ ਦੇ ਨਾ ਹੋ ਕੇ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਦੇ ਸਾਂਝੇ ਪੀਰ ਬਣ ਗਏ ਹਨ ਜਿਵੇਂ ਗੁਰੂ ਨਾਨਕ, ਸ਼ੇਖ਼ ਫ਼ਰੀਦ, ਹੈਦਰ, ਸਖੀ ਸਰਵਰ, ਗੁਗਾ ਪੀਰ ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਵਿਚ ਸਮੇਂ ਸਮੇਂ ਰਾਜਨੀਤਕ ਤਬਦੀਲੀ ਹੋਣ ਕਾਰਨ ਇਥੇ ਦੇ ਸਭਿਆਚਾਰ ਤੇ ਪ੍ਰਭਾਵ ਪੈਂਦਾ ਰਿਹਾ ਹੈ। ਬਾਹਰਲੇ ਹਮਲਾਆਵਰ ਇਥੇ ਆਉਂਦੇ ਰਹੇ ਅਤੇ ਫਿਰ ਕੁਝ ਪੱਕੇ ਤੌਰ ਤੇ ਪੰਜਾਬ ਵਿਚ ਰਹਿਣ ਲਗ ਪਏ। ਇਸ ਤਰ੍ਹਾਂ ਇਨ੍ਹਾਂ ਲੋਕਾਂ ਨੇ ਇਥੋਂ ਦੇ ਸਭਿਆਚਾਰ ਨੂੰ ਪ੍ਰਭਾਵਿਤ ਵੀ ਕੀਤਾ ਅਤੇ ਇਥੋਂ ਦੇ ਸਭਿਆਚਾਰ ਤੋਂ ਪ੍ਰਭਾਵਿਤ ਵੀ ਹੋਏ। ਜਦੋਂ ਪੰਜਾਬ ਵਿਚ ਆਰੀਆ ਲੋਕ ਆਏ ਤਾਂ ਇਥੇ ਦਰਾਵੜ ਲੋਕ ਰਹਿੰਦੇ ਸਨ। ਆਰੀਆ ਲੋਕਾਂ ਨੇ ਭਾਵੇਂ ਦਰਾਵੜ ਲੋਕਾਂ ਨੂੰ ਆਪਣੇ ਗੁਲਾਮ ਬਣਾ ਲਿਆ। ਪਰ ਆਰੀਆ ਲੋਕ ਦਰਾਵੜ ਲੋਕਾਂ ਦੇ ਜੀਵਨ ਢੰਗ ਤੋਂ ਕਾਫੀ ਪ੍ਰਭਾਵਿਤ ਹੋਏ। ਦਰਾਵੜ ਲੋਕਾਂ ਦੀਆਂ ਅਨੇਕਾਂ ਪੂਜਾ ਵਿਧੀਆਂ, ਆਰੀਆ ਲੋਕਾਂ ਦੇ ਧਰਮ ਦਾ ਅੰਗ ਬਣ ਗਈਆਂ। ਗਊ ਪੂਜਾ, ਲਿੰਗ ਪੂਜਾ, ਧਰਤੀ ਦੀ ਮਾਤਾ ਦੇ ਰੂਪ ਵਿਚ ਪੂਜਾ ਆਦਿ ਧਾਰਮਿਕ ਰੂੜ੍ਹੀਆਂ ਜੋ ਅੱਜ ਵੀ ਪੰਜਾਬੀ ਲੋਕ ਧਰਮ ਦਾ ਅੰਗ ਹਨ। ਦਰਾਵੜ ਮੂਲ ਦੀਆਂ ਹਨ।[8] ਦਰਾਵੜ ਲੋਕ ਸ਼ਿਵ ਜੀ ਦੀ ਪੂਜਾ ਕਰਦੇ ਸਨ ਜੋ ਬਾਅਦ ਵਿਚ ਆਰੀਆ ਦਾ ਦੇਵਤਾ ਬਣਿਆ। ਆਰੀਆ ਲੋਕਾਂ ਦਾ ਪਹਿਲਾ ਧਰਮ ਬਲੀ ਦੇ ਕੇ ਦੇਵਤਿਆਂ ਨੂੰ ਖੁਸ਼ ਕਰਨਾ ਸੀ। ਇਸ ਦੇ ਨਾਲ ਹੀ ਉਹ ਰੁੱਖ, ਸੱਪ, ਸੂਰਜ ਆਦਿ ਦੀ ਪੂਜਾ ਵੀ ਕਰਦੇ ਸਨ। ਉਹ ਸ਼ਿਵ ਅਤੇ ਬ੍ਰਹਮਾ ਦੋਹਾਂ ਦੀ ਪੂਜਾ ਕਰਦੇ ਸਨ ਪਰ ਪਿਛੋਂ ਉਨ੍ਹਾਂ ਵਿਚ ਸ਼ਿਵ ਪੂਜਾ ਹੀ ਪ੍ਰਧਾਨ ਹੋ ਗਈ। ਲੋਕਾਂ ਦੀ ਇਹ ਵਿਚਾਰਧਾਰਾ ਬਣ ਚੁੱਕੀ ਸੀ ਕਿ ਸਾਰਾ ਬ੍ਰਹਮੰਡ ਦੇਵਤਿਆਂ ਦੇ ਅਧੀਨ ਹੈ ਅਤੇ ਦੇਵਤੇ ਬ੍ਰਾਹਮਣਾਂ ਦੇ ਇਸ ਕਰਕੇ ਸਾਧਾਰਨ ਲੋਕਾਂ ਨੇ ਬ੍ਰਾਹਮਣਾਂ ਨੂੰ ਹੀ ਦੇਵਤੇ ਮੰਨਣਾ ਸ਼ੁਰੂ ਕਰ ਦਿੱਤਾ।

ਪੰਜਾਬ ਵਿਚ ਬਾਹਰੋਂ ਸੀਥੀਅਨ ਕੌਮਾਂ ਵੀ ਆਈਆਂ ਉਨ੍ਹਾਂ ਨੇ ਵੀ ਇਥੋਂ ਦੇ ਲੋਕਾਂ ਦੀ ਰਹਿਣੀ ਬਹਿਣੀ ਨੂੰ ਪ੍ਰਭਾਵਿਤ ਕੀਤਾ। ਇਹ ਲੋਕ ਸੂਰਜ ਅਗਨੀ ਅਤੇ ਰੁੱਖ ਪੂਜਾ ਦੇ ਨਾਲ ਸੱਪ ਦੀ ਪੂਜਾ ਵੀ ਕਰਦੇ ਸਨ। ਅੱਠਵੀਂ ਸਦੀ ਵਿਚ ਮੁਸਲਮਾਨ ਪੰਜਾਬ ਵਿਚ ਆ ਗਏ ਅਤੇ ਫਿਰ ਇਥੇ ਹੀ ਰਹਿਣ ਲੱਗ ਪਏ। ਉਨ੍ਹਾਂ ਦੀ ਰਹਿਣੀ ਬਹਿਣੀ ਨੇ ਵੀ ਇਥੋਂ ਲੋਕਾਂ ਨੂੰ ਪ੍ਰਭਾਵਿਤ ਕੀਤਾ। ਬੁੱਧ ਮੱਤ ਨੇ ਬੁੱਤ ਪੂਜਾ ਨੂੰ ਕਾਫੀ ਫੈਲਾਇਆ ਸੀ। ਪਰ ਮੁਸਲਮਾਨ ਬੁੱਤ ਪੂਜਾ ਦੇ ਵਿਰੋਧੀ ਸਨ। ਇਥੋਂ ਦੀਆਂ ਬਹੁਤ ਸਾਰੀਆਂ ਜਾਤੀਆਂ ਜਿਨ੍ਹਾਂ ਨੂੰ ਸੂਦਰ ਸਮਝਿਆ ਜਾਂਦਾ ਸੀ ਉਨ੍ਹਾਂ ਨੇ ਮੁਸਲਮਾਨ ਧਰਮ ਨੂੰ ਗ੍ਰਹਿਣ ਕਰ ਲਿਆ। ਅਜੇਹੇ ਲੋਕਾਂ ਦੇ ਧਾਰਮਿਕ ਵਿਸ਼ਵਾਸ ਨਾ ਤਾਂ ਨਿਰੋਲ ਹਿੰਦੂਆਂ ਵਾਲੇ ਸਨ ਅਤੇ ਨਾ ਨਿਰੋਲ ਇਸਲਾਮ ਵਾਲੇ। ਮੁਸਲਮਾਨਾਂ ਨੇ ਲੰਮਾ ਸਮਾਂ ਪੰਜਾਬ ਤੇ ਰਾਜ ਕੀਤਾ। ਇਸ ਤਰ੍ਹਾਂ ਹਿੰਦੂਆਂ ਨੇ ਮੁਸਲਮਾਨ ਪੀਰਾਂ ਫਕੀਰਾਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ ਅਤੇ ਮੁਸਲਮਾਨਾਂ ਨੇ ਵੀ ਬਹੁਤ ਸਾਰੀਆਂ ਰੀਤਾਂ ਰਸਮਾਂ ਹਿੰਦੂਆਂ ਵਾਲੀਆਂ ਅਪਨਾ ਲਈਆਂ।

ਉਪਰੋਕਤ ਸਾਰੀ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਪੰਜਾਬੀ ਲੋਕ ਧਰਮ ਵਿਚ ਜਿਥੇ ਜਿਥੇ ਮੂਲ ਤੇ ਆਦਿ-ਕਾਲੀਨ ਧਰਮ ਦੀਆਂ ਰੂੜ੍ਹੀਆਂ ਹਨ ਉਥੇ ਇਸ ਵਿਚ ਬਾਹਰੋਂ ਆਏ ਹਮਲਾਵਰਾਂ ਦੇ ਧਰਮ ਦੀਆਂ ਰੂੜ੍ਹੀਆਂ ਵੀ ਸ਼ਾਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋ ਗਈਆ ਹਨ। ਪੰਜਾਬੀ ਲੋਕ ਧਰਮ ਵਿਚ ਬਹੁਤ ਸਾਰੀਆਂ ਉਪਾਸਨਾ ਵਿਧੀਆਂ ਅਤੇ ਮਨੌਤਾ ਹੋਣ ਲੱਗ ਪਈਆਂ ਹਨ।

(ਅ) ਪ੍ਰਮੁੱਖ ਪੰਜਾਬੀ ਉਪਾਸਨਾ ਵਿਧੀਆਂ ਅਤੇ ਮਨੌਤਾਂ

ਜਿਵੇਂ ਕਿ ਅਸੀਂ ਪਿੱਛੇ ਵਰਣਨ ਕਰ ਚੁੱਕੇ ਹਾਂ ਕਿ ਪੰਜਾਬੀ ਲੋਕ ਧਰਮ ਵਿਚ ਬਹੁਤ ਸਾਰੇ ਦੇਵੀ ਦੇਵਤਿਆਂ ਅਤੇ ਹੋਰ ਪਰਾਸਰੀਰਕ ਸ਼ਕਤੀਆਂ ਦੀ ਪੂਜਾ ਕੀਤੀ ਜਾਂਦੀ ਹੈ। ਹਰ ਆਏ ਦਿਨ ਸੰਤਾਂ, ਪੀਰਾਂ, ਫਕੀਰਾਂ ਦੇ ਨਾਵਾਂ ਨਾਲ ਕਰਾਮਾਤੀ ਸਾਖੀਆਂ ਜੋੜ ਕੇ ਅਨੇਕਾਂ ਹੋਰ ਧਾਰਮਕ ਸਥਾਨਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਲੋਕਾਂ ਵਿਚ ਧਾਰਮਿਕ ਅੰਧ ਵਿਸ਼ਵਾਸ ਘਰ ਕਰ ਗਿਆ ਹੈ ਕਿ ਉਹ ਮੁਸੀਬਤਾਂ ਵਿਚੋਂ ਤਾਂ ਹੀ ਬੱਚ ਸਕਦੇ ਹਨ ਜੇਕਰ ਉਹ ਇਨ੍ਹਾਂ ਦੀ ਪੂਜਾ ਜਾਂ ਮੰਨਤ ਆਦਿ ਮੰਨਣਗੇ। ਭਾਵੇਂ ਵਿਸ਼ਿਸ਼ਟ ਧਰਮਾਂ ਦੇ ਬਾਨੀਆਂ ਨੇ ਇਨ੍ਹਾਂ ਪੂਜਾ ਵਿਧੀਆਂ ਜਾਂ ਮੰਨਤਾਂ ਆਦਿ ਮੰਨਣ ਨੂੰ ਧਾਰਮਿਕ ਪਖੰਡ ਜਾਂ ਫੋਕੇ ਕਰਮ ਕਾਂਡ ਹੀ ਦਸਿਆ ਹੈ। ਪਰ ਲੋਕ ਮਨ ਅਜੇ ਤੱਕ ਉਸੇ ਤਰ੍ਹਾਂ ਇਨ੍ਹਾਂ ਪਰਾਭੌਤਿਕ ਸ਼ਕਤੀਆਂ ਵਿਚ ਯਕੀਨ ਰੱਖਦਾ ਹੈ ਅਤੇ ਵੱਖ ਵੱਖ ਢੰਗਾਂ ਨਾਲ ਇਨ੍ਹਾਂ ਦੀ ਪੂਜਾ ਕਰਕੇ ਇਨ੍ਹਾਂ ਨੂੰ ਖੁਸ਼ ਰੱਖਣ ਦਾ ਯਤਨ ਕਰਦਾ ਆ ਰਿਹਾ ਹੈ। ਲੋਕ ਜੀਵਨ ਵਿਚ ਪ੍ਰਚਲਤ ਇਹ ਰਿਵਾਇਤੀ ਪੂਜਾ ਵਿਧੀਆਂ ਸਾਡੇ ਜੀਵਨ ਦਾ ਅਨਿੱਖੜ ਅੰਗ ਬਣ ਚੁੱਕੀਆਂ ਹਨ। ਇਥੇ ਕੁਝ ਪ੍ਰਮੁੱਖ ਪੂਜਾ ਵਿਧੀਆਂ ਅਤੇ ਮੰਨਤਾਂ ਦਾ ਵਰਣਨ ਕਰਦੇ ਹਾਂ।

1. ਆਰਤੀ

ਆਰਤੀ ਇਕ ਧਾਰਮਿਕ ਰਸਮ ਹੈ ਜਿਸ ਵਿਚ ਕਿਸੇ ਦੇਵੀ ਦੇਵਤੇ ਦੀ ਮੂਰਤੀ ਅਗੇ ਥਾਲ ਵਿਚ ਦੀਵੇ ਰੱਖ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਜਗਾ ਕੇ ਉਹ ਥਾਲ ਉਸ ਅਗੇ ਘੁਮਾਇਆ ਜਾਂਦਾ ਹੈ ਅਤੇ ਉਸ ਦੇਵੀ ਦੇਵਤੇ ਜਾਂ ਇਸ਼ਟ ਦੀ ਅਰਾਧਨਾ ਕੀਤੀ ਜਾਂਦੀ ਹੈ। ਗੁਰੂ ਨਾਨਕ, ਭਗਤ ਕਬੀਰ, ਨਾਮਦੇਵ, ਭਗਤ ਰਵਿਦਾਸ ਆਦਿ ਨੇ ਇਸ ਰਸਮ ਦਾ ਖੰਡਨ ਕੀਤਾ ਹੈ ਅਤੇ ਇਸ ਸੰਬੰਧੀ ਉਨ੍ਹਾਂ ਨੇ ਸ਼ਬਦ ਉਚਾਰੇ ਹਨ। ਪਰ ਲੋਕ ਮਨ ਨੂੰ ਬਦਲਣ ਵਿਚ ਉਹ ਵੀ ਅਸਫਲ ਰਹੇ ਹਨ। ਅੱਜ ਉਨ੍ਹਾਂ ਦੇ ਉਪਾਸ਼ਕ ਉਨ੍ਹਾਂ ਹੀ ਸ਼ਬਦਾਂ ਨੂੰ ਜਿਨ੍ਹਾਂ ਵਿਚ ਆਰਤੀ ਪੂਜਾ ਦਾ ਖੰਡਨ ਕੀਤਾ ਗਿਆ ਹੈ। ਉਨ੍ਹਾਂ ਦੀਆਂ ਮੂਰਤੀਆਂ ਸਾਹਮਣੇ ਥਾਲ ਵਿਚ ਦੀਵੇ ਜਗਾ ਕੇ ਘੁਮਾਉਂਦੇ ਹਨ ਅਤੇ ਸ਼ਬਦ ਦਾ ਗਾਇਨ ਕਰਦੇ ਹਨ।

2. ਮੂਰਤੀ ਪੂਜਾ

ਲੋਕ ਮਾਨਸ ਦਾ ਇਹ ਵਿਸ਼ਵਾਸ ਬਣ ਚੁੱਕਾ ਹੈ ਕਿ ਕਿਸੇ ਦੇਵੀ ਦੇਵਤੇ ਜਾਂ ਪੀਰ ਫਕੀਰ ਦੀ ਪੂਜਾ ਤਾਂ ਹੀ ਠੀਕ ਹੋ ਸਕਦੀ ਹੈ ਜੇਕਰ ਉਸ ਦੀ ਮੂਰਤੀ ਬਣਾ ਕੇ ਪੂਜਾ ਕੀਤੀ ਜਾਵੇ। ਇਨ੍ਹਾਂ ਦੇ ਅਨੁਆਈ ਉਨ੍ਹਾਂ ਦੀਆਂ ਮੂਰਤੀਆਂ ਬਣਾਉਂਦੇ ਹਨ। ਉਨ੍ਹਾਂ ਅਗੇ ਧੂਪ ਜਗਾਏ ਜਾਂਦੇ ਹਨ। ਦੁੱਧ ਨਾਲ ਇਸ਼ਨਾਨ ਕਰਾਏ ਜਾਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਉਨ੍ਹਾਂ ਦੇ ਖਾਣ ਲਈ ਤਰ੍ਹਾਂ ਤਰ੍ਹਾਂ ਦੇ ਭੋਜਨ ਧਰੇ ਜਾਂਦੇ ਹਨ ਤਾਂ ਜੋ ਸੰਬੰਧਤ ਦੇਵੀ ਦੇਵਤਾ ਖੁਸ਼ ਹੋ ਕੇ ਉਨ੍ਹਾਂ ਦਾ ਕਾਰਜ ਸਿੱਧ ਕਰ ਦੇਵੇ ਜਾਂ ਬਣੀ ਮੁਸੀਬਤ ਚੋਂ ਉਨ੍ਹਾਂ ਨੂੰ ਕੱਢ ਲਵੇ। ਵਿਸ਼ਿਸ਼ਟ ਧਾਰਮਿਕ ਬਾਨੀਆਂ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ ਜਿਵੇਂ ਗੁਰੂ ਨਾਨਕ, ਭਗਤ ਕਬੀਰ, ਨਾਮਦੇਵ, ਭਗਤ ਰਵਿਦਾਸ ਆਦਿ ਨੇ। ਪਰ ਇਨ੍ਹਾਂ ਗੁਰੂਆਂ, ਪੀਰਾਂ, ਭਗਤਾਂ ਦੇ ਅਨੁਆਈ ਅੱਜ ਵੀ ਇਨ੍ਹਾਂ ਦੀਆਂ ਮੂਰਤੀਆਂ ਬਣਾ ਕੇ ਘਰੇਲੂ ਮਕਾਨਾਂ ਦੇ ਮੁੱਖ ਗੇਟ ਉਪਰ ਲਾਉਂਦੇ ਹਨ। ਇਨ੍ਹਾਂ ਦੀਆਂ ਫੋਟੋਆਂ ਅਗੇ ਮੱਥੇ ਟੇਕਦੇ ਹਨ ਅਤੇ ਧੂਪ ਜਗਾਉਂਦੇ ਹਨ। ਕਹਿਣ ਦਾ ਭਾਵ ਕਿ ਲੋਕ ਮਾਨਸ ਦਾ ਮੂਰਤੀ ਪੂਜਾ ਪ੍ਰਤੀ ਜੋ ਵਿਸ਼ਵਾਸ ਜਾਂ ਸ਼ਰਧਾ ਹੈ ਉਸ ਵਿਚ ਸਮੇਂ ਦੀ ਤਬਦੀਲੀ ਨਾਲ ਕੋਈ ਬਹੁਤਾ ਫ਼ਰਕ ਨਹੀਂ ਆਇਆ ਹੈ।

3. ਮੜ੍ਹੀ ਮਸਾਣ ਦਾ ਪੂਜਾ

ਵੱਡੇ ਦੇਵੀ ਦੇਵਤੇ ਦਾ ਮੰਦਰ ਜਾਂ ਮੂਰਤੀ ਤਾਂ ਕਿਸੇ ਵੱਡੇ ਪਿੰਡ ਜਾਂ ਨਗਰ ਵਿਚ ਹੋਵੇਗੀ ਪਰ ਸਥਾਨਕ ਦੇਵੀ ਦੇਵਤਿਆਂ ਦੀਆਂ ਮੜ੍ਹੀਆਂ, ਮਟੀਲੇ, ਤੇ ਭੌਣ ਹਰ ਪਿੰਡ ਵਿਚ ਦੇਖੇ ਜਾ ਸਕਦੇ ਹਨ। ਇਹ ਮੜ੍ਹੀਆਂ ਦੋ ਕੁ ਹੱਥ ਉੱਚੀਆਂ ਇੱਟਾਂ ਦੀਆਂ ਬਣੀਆਂ ਹੁੰਦੀਆਂ ਹਨ। ਉਪਰ ਕਲੀ ਫੇਰੀ ਹੋਈ ਹੁੰਦੀ ਹੈ। ਉਪਰ ਅੰਡੇਦਾਰ ਗੋਲਾਈ ਹੁੰਦੀ ਹੈ। ਇਨ੍ਹਾਂ ਵਿਚ ਕੋਈ ਮੂਰਤੀ ਨਹੀਂ ਹੁੰਦੀ ਸਿਰਫ ਦੀਵਾ ਜਗਾਣ ਜਿੰਨੀ ਥੋੜੀ ਜਿਹੀ ਜਗ੍ਹਾ ਹੁੰਦੀ ਹੈ। ਇਹ ਸਥਾਨਕ ਦੇਵੀ ਦੇਵਤੇ ਕਈ ਤਰ੍ਹਾਂ ਦੇ ਹੁੰਦੇ ਹਨ। ਇਕ ਤਾਂ ਉਹ ਹਨ ਜਿਨ੍ਹਾਂ ਨੂੰ ਖੁਸ਼ ਰਖਣ ਨਾਲ ਖੇਤਾਂ ਦੀ ਪੈਦਾਵਾਰ ਵਧਦੀ ਹੈ। ਕੁਝ ਕੁ ਦੇਵੀ ਦੇਵਤੇ ਬੱਚਿਆਂ ਆਦਿ ਨੂੰ ਰੋਗਾਂ ਤੋਂ ਬਚਾਉਂਦੇ ਹਨ। ਜੇ ਕਰ ਇਨ੍ਹਾਂ ਨੂੰ ਨਰਾਜ਼ ਕਰ ਲਿਆ ਜਾਵੇਂ ਤਾਂ ਕਈ ਵਾਰ ਇਹ ਆਪਣੀ ਕਰੋਪੀ ਦਾ ਸ਼ਿਕਾਰ ਸਾਰੇ ਪਿੰਡ ਨੂੰ ਬਣਾ ਲੈਦੇ ਹਨ। ਭਾਵੇਂ ਗੁਰਬਾਣੀ ਵਿਚ ਮੜ੍ਹੀ ਮਸਾਣ ਦੀ ਪੂਜਾ ਦੀ ਸਖਤ ਮਨਾਹੀ ਕੀਤੀ ਗਈ ਹੈ, ਪਰ ਅਜੇ ਵੀ ਪਿੰਡਾਂ ਨਗਰਾਂ ਵਿਚ ਨਵੀਆਂ ਮੜ੍ਹੀਆਂ ਬਣ ਰਹੀਆਂ ਹਨ। ਲੋਕ ਚਕਿਤਸਾ ਵਾਲੇ ਚੇਲੇ ਭੂਪੇ ਅਜੇਹੀਆਂ ਮੜ੍ਹੀਆਂ ਬਨਾਉਣ ਲਈ ਲੋਕਾਂ ਨੂੰ ਕਹਿ ਰਹੇ ਹਨ। ਹਰ ਪਿੰਡ ਵਿਚ ਅਜੇਹੀਆਂ ਮੜ੍ਹੀਆਂ ਦੀ ਗਿਣਤੀ ਕਾਫੀ ਹੈ।

4. ਗ੍ਰਹਿਆਂ ਦੀ ਪੂਜਾ

ਜਨ ਜੀਵਨ ਵਿਚ ਸੂਰਜ ਚੰਦਰਮਾਂ ਅਤੇ ਧਰਤੀ ਆਦਿ ਹੋਰ ਗ੍ਰਹਿ ਦੀ ਪੂਜਾ ਆਦਿ ਕਾਲ ਤੋਂ ਹੀ ਕੀਤੀ ਜਾ ਰਹੀ ਹੈ। ਸੂਰਜ ਅਤੇ ਚੰਦ ਦੀ ਗ੍ਰਹਿਣ ਲਗਣ ਕਰਕੇ ਪੂਜਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਮੰਗਲ, ਬੁੱਧ, ਬ੍ਰਹਸਪਤਿ, ਸ਼ੁਕਰ, ਸ਼ਨੀ, ਅਤੇ ਰਾਹੂ ਕੇਤੂ ਗ੍ਰਹਿਾਂ ਦੀ ਪੂਜਾ ਖਾਸ ਮੌਕਿਆਂ ਤੇ ਵਿਧੀ ਪੂਰਵਕ ਕੀਤੀ ਜਾਂਦੀ ਹੈ।

5. ਸੀਤਲਾ ਦੇਵੀ

ਪੰਜਾਬ ਵਿਚ ਸਭ ਤੋਂ ਭੈ-ਦਾਇਕ ਦੇਵੀ ਸੀਤਲਾ ਮਾਈ ਹੈ, ਜਿਸ ਨੂੰ ਮਾਤਾ ਵੀ ਕਹਿੰਦੇ ਹਨ। ਇਹੋ ਦੇਵੀ ਬੱਚਿਆਂ ਵਿਚ ਚੇਚਕ ਰੋਗ ਫੈਲਾਂਦੀ ਹੈ। ਜਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਬੱਚੇ ਨੂੰ ਚੇਚਕ ਦੇ ਦਾਣੇ ਨਿਕਲਦੇ ਹਨ ਤਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਰੋਗੀ ਵਿਚ ਦੇਵੀ ਪ੍ਰਵੇਸ਼ ਕਰ ਗਈ ਹੈ। ਬੀਮਾਰੀ ਦੇ ਦਿਨਾਂ ਵਿਚ ਕੋਈ ਅਜੇਹਾ ਕੰਮ ਨਹੀਂ ਕੀਤਾ ਜਾਂਦਾ ਜਿਸ ਨਾਲ ਉਹ ਨਰਾਜ਼ ਹੋ ਜਾਵੇ। ਜਿਵੇਂ ਰੋਗੀ ਉਪਰ ਕਾਲਾ ਕਪੜਾ ਨਹੀਂ ਦਿੱਤਾ ਜਾਂਦਾ। ਘਰ ਵਿਚ ਲਸਣ, ਪਿਆਜ, ਮਾਸ, ਸ਼ਰਾਬ ਆਦਿ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸਾਬਨ, ਤੇਲ ਤੇ ਦਾਤਨ ਦੀ ਵਰਤੋਂ ਨਹੀਂ ਕੀਤੀ ਜਾਂਦੀ। ਘਰ ਵਿਚ ਕਿਸੇ ਦੇਵੀ ਦੇ ਪੁਜਾਰੀ ਪਾਸੋਂ ਡਾਲੀ ਕਰਾਈ ਜਾਂਦੀ ਹੈ। ਉਸ ਨੂੰ ਖੁਸ਼ ਰੱਖਣ ਲਈ ਉਸ ਦੇ ਵਾਹਣ ਖੋਤੇ ਨੂੰ ਗੁਲਗਲੇ ਖੁਆਏ ਜਾਂਦੇ ਹਨ। ਕਿੱਕਰ ਦਾ ਬ੍ਰਿਛ ਜਿਸ ਉਪਰ ਉਸ ਦਾ ਨਿਵਾਸ ਮੰਨਿਆ ਜਾਂਦਾ ਹੈ ਉਸ ਦੀਆਂ ਜੜ੍ਹਾ ਨੂੰ ਪਾਣੀ ਦਿੱਤਾ ਜਾਂਦਾ ਹੈ। ਸਾਉਣ ਦੇ ਮਹੀਨੇ, ਸੀਤਲਾ ਸਪਤਮੀ ਵਾਲੇ ਦਿਨ, ਕਈ ਤੀਵੀਆਂ ਸੀਤਲਾ ਦੇਵੀ ਦੀ ਉਚੇਚੀ ਪੂਜਾ ਕਰਦੀਆਂ ਹਨ। ਇਸ ਤਿਥ ਨੂੰ ਜਰਗ ਵਿਚ ਇਕ ਭਾਰੀ ਮੇਲਾ ਲਗਦਾ ਹੈ, ਜਿਸ ਵਿਚ ਬੇਹੇ ਗੁਲਗਲੇ ਖੋਤਿਆਂ ਨੂੰ ਖਵਾਂਦੇ ਅਤੇ ਮਾਤਾ ਨੂੰ ਭੇਟਾ ਚਾੜ੍ਹਦੇ ਹਨ। ਗੁਰਬਾਣੀ ਵਿਚ ਸੀਤਲਾ ਪੂਜਾ ਦੀ ਮਨਾਹੀ ਕੀਤੀ ਗਈ ਹੈ। ਮੈਡੀਕਲ ਵਿਗਿਆਨ ਨੇ ਭਾਵੇਂ ਇਸ ਨੂੰ ਬੀਮਾਰੀ ਦਸਿਆ ਹੈ ਅਤੇ ਇਸ ਦੇ ਡਾਕਟਰੀ ਇਲਾਜ ਦੀ ਸਿਫਾਰਸ਼ ਕੀਤੀ ਹੈ। ਲੋਕ ਅਜੇ ਵੀ ਅਜੇਹੇ ਸਮੇਂ ਭਾਵੇਂ ਦਵਾ ਦਾਰੂ ਕਰਦੇ ਹਨ ਪਰ ਨਾਲ ਇਸ ਦੀ ਪੂਜਾ ਜਰੂਰ ਕਰਦੇ ਹਨ।

6. ਦੁਆਦਸ਼ ਸਿਲਾ

ਸ਼ਿਵ ਦੇ ਬਾਰਾਂ ਜੋਤਿ ਲਿੰਗ ਅਥਵਾ ਪੱਥਰ ਦੀਆਂ ਬਣੀਆਂ ਮੂਰਤੀਆਂ ਜਿਨ੍ਹਾਂ ਦਾ ਵਰਣਨ ਵੱਖ ਵੱਖ ਰੂਪਾਂ ਵਿਚ ਕੀਤਾ ਜਾਂਦਾ ਹੈ, ਦੁਆਦਸ਼ ਸਿਲਾ ਅਖਵਾਉਂਦਾ ਹੈ। ਇਸ ਦੇ ਭਗਤ ਇਨ੍ਹਾਂ ਦੀ ਪੂਜਾ ਕਰਕੇ ਮਨ ਇੱਛਤ ਫ਼ਲ ਪ੍ਰਾਪਤ ਕਰਨ ਦੀ ਅਭਿਲਾਸ਼ਾ ਰਖਦੇ ਹਨ।

7. ਗੁੱਗਾ ਪੀਰ ਦੀ ਪੂਜਾ

ਗੁੱਗਾ ਪੀਰ ਨੂੰ ਸੱਪਾਂ ਦਾ ਦੇਵਤਾ ਮੰਨਿਆ ਗਿਆ ਹੈ। ਗੁੱਗੇ ਨੌਮੀ ਵਾਲੇ ਦਿਨ ਉਹ ਗੁੱਗੇ ਦੇ ਝੰਡੇ ਨੂੰ, ਜੋ ਰੰਗ-ਬਰੰਗੀਆਂ ਟਾਕੀਆਂ, ਮੋਰ ਪੰਖਾਂ, ਨਾਰੀਅਲਾਂ ਤੇ ਕੌਡਾਂ ਨਾਲ ਸ਼ਿੰਗਾਰਿਆਂ ਹੁੰਦਾ ਹੈ। ਇਸਤਰੀਆਂ ਗੁੱਗੇ ਨੂੰ ਖੁਸ਼ ਕਰਨ ਲਈ ਸੱਪਾਂ ਦੀਆਂ ਵਰਮੀਆਂ ਤੇ ਸੇਵੀਆਂ ਅਤੇ ਦੁੱਧ ਪਾਉਂਦੀਆਂ ਹਨ ਤਾਂ ਜੋ ਗੁੱਗਾ ਮਿਹਰ ਦੀ ਨਜ਼ਰ ਰਖੇ। ਘਰਾਂ ਵਿਚ ਕੱਚੀ ਲੱਸੀ ਦਾ ਛਿੱਟਾ ਦਿੱਤਾ ਜਾਂਦਾ ਹੈ। ਛਪਾਰ ਵਿਚ ਇਸ ਦਿਨ ਵੱਡਾ ਮੇਲਾ ਲਗਦਾ ਹੈ। ਜਿਥੇ ਗੁੱਗੇ ਦੀ ਮੜੀ ਹੈ। ਇਸ ਮੇਲੇ ਵਿਚ, ਗੁੱਗੇ ਦੇ ਭਗਤ ਮੜੀ ਦੇ ਆਸ ਪਾਸ ਬੈਠ ਕੇ ਧਰਤੀ ਵਿਚੋਂ ਸੱਤ ਵਾਰੀ ਮਿੱਟੀ ਕੱਢਦੇ ਹਨ। ਲੋਕਾਂ ਦਾ ਨਿਸਚਾ ਹੈ ਕਿ ਮਿੱਟੀ ਕੱਢਣ ਨਾਲ ਗੁੱਗੇ ਦੀ ਮਿਹਰ ਹੋ ਜਾਂਦੀ ਹੈ ਤੇ ਫਿਰ ਸੱਪ ਨੇੜੇ ਨਹੀਂ ਢੁਕਦਾ ਹੈ। ਮਿੱਟੀ ਕੱਢਣ ਦੀ ਪ੍ਰਥਾ ਪ੍ਰਾਚੀਨ ਕਾਲ ਤੋਂ ਹੀ ਧਾਰਮਕ ਭਾਵਨਾ ਦਾ ਅੰਗ ਬਣੀ ਹੋਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8. ਖਵਾਜ਼ਾ ਖਿਜ਼ਰ ਦੀ ਪੂਜਾ

ਖਵਾਜ਼ਾ ਖਿਜ਼ਰ ਪਾਣੀ ਦਾ ਦੇਵਤਾ ਹੈ ਤੇ ਹਿੰਦੂ ਮੁਸਲਮਾਨ ਦੋਵੇਂ ਇਸ ਨੂੰ ਇਕੋ ਸ਼ਰਧਾ ਨਾਲ ਪੂਜਦੇ ਹਨ। ਇਹ ਮੁਸਲਮਾਨਾਂ ਦੇ, ਪੰਜਾਂ ਪੀਰਾਂ ਵਿਚੋਂ ਮੁਖੀ ਪੀਰ ਹੈ, ਜੋ ਅੰਮ੍ਰਿਤ ਦੇ ਚਸ਼ਮੇ ਵਿਚੋਂ ਦੋ ਘੁੱਟ ਪੀ ਕੇ ਸਦਾ ਲਈ ਅਮਰ ਤੇ ਅਜਰ ਹੋ ਗਿਆ। ਮਲਾਹ ਬੇੜੀ ਨੂੰ ਸਮੁੰਦਰ, ਦਰਿਆ ਵਿਚ ਠੇਹਲਣ ਤੋਂ ਪਹਿਲਾਂ ਖਿਜ਼ਰ ਦੀ ਅਰਾਧਨਾ ਕਰਦੇ ਹਨ। ਘਰ ਵਿਚ ਖੂਹ ਪੁੱਟਣ ਸਮੇਂ, ਟਿਊਬਵੈਲ, ਨਲਕਾ ਲਾਉਣ ਸਮੇਂ ਇਸਦੀ ਪੂਜਾ ਕੀਤੀ ਜਾਂਦੀ ਹੈ। ਇਸ ਨੂੰ ਖੁਸ਼ ਕਰਨ ਲਈ ਕਣਕ ਮੱਕੀ ਦਾ ਮਿੱਠਾ ਦਲੀਆ ਚੜ੍ਹਾਇਆ ਜਾਂਦਾ ਹੈ ਤਾਂ ਜੋ ਖੂਹ ਵਿਚੋਂ ਪਾਣੀ ਮਿੱਠਾ ਅਤੇ ਵਧੇਰੇ ਨਿਕਲੇ। ਹੜ੍ਹ ਦੇ ਦਿਨਾਂ ਵਿਚ ਖਿਜ਼ਰ ਪੀਰ ਨੂੰ ਖੁਸ਼ ਰੱਖਣ ਲਈ ਉਚੇਚੀਆਂ ਭੇਟਾਂ ਕਰਵਾਈਆਂ ਜਾਂਦੀਆਂ ਹਨ। ਨਾਰੀਅਲ ਨੂੰ ਦੱਬ ਦੇ ਘਾਹ ਵਿਚ ਵਲ੍ਹੇਟ ਕੇ, ਮੌਲੀ ਦੇ ਧਾਗੇ ਨਾਲ ਬੰਨ੍ਹ ਕੇ, ਦਰਿਆ ਦੀ ਭੇਟ ਕੀਤਾ ਜਾਂਦਾ ਹੈ। ਖਿਜ਼ਰ ਦੇਵ ਨੂੰ ਖੁਸ਼ ਕਰਨ ਲਈ ਇਹ ਪੂਜਾ ਹਰ ਸਾਲ ਕਰਵਾਉਂਦੇ ਹਨ। ਇਸ ਦਾ ਬੇੜਾ ਬਣਾ ਕੇ ਵਿਚ ਦੀਵੇ ਜਗਾਕੇ ਪਿੰਡ ਦੇ ਛੱਪੜ ਆਦਿ ਵਿਚ ਠੇਲਿਆ ਜਾਂਦਾ ਹੈ। ਬੱਚਿਆਂ ਲੋਕਾਂ ਵਿਚ ਕੜ੍ਹੀ (ਅੰਮ੍ਰਿਤੀ), ਚੌਲ ਆਦਿ ਵਰਤਾਏ ਜਾਂਦੇ ਹਨ। ਨਵਾਂ ਖੂਹ ਪੁੱਟਣ ਲੱਗਿਆਂ ਖ਼ਵਾਜਾ ਖਿਜ਼ਰ ਨੂੰ ਖੁਸ਼ ਕਰਨ ਲਈ ਮਿੱਟੀ ਦਾ ਇਕ ਡਲਾ ਅਣਖੁਣਿਆਂ ਛੱਡ ਦਿੱਤਾ ਜਾਂਦਾ ਹੈ ਤੇ ਜਦੋਂ ਤਕ ਖੂਹ ਵਿਚੋਂ ਪਾਣੀ ਸਿੰਮਦਾ ਨਹੀਂ ਉਸ ਡਲੇ ਨੂੰ ਪੁੱਟਿਆ ਨਹੀਂ ਜਾਂਦਾ। ਇਸ ਮਿੱਟੀ ਦੇ ਡਲੇ ਨੂੰ ਖ਼ਵਾਜਾ ਖਿਜ਼ਰ ਦਾ ਪੂਜਾ ਸਥਾਨ ਮੰਨ ਕੇ, ਖੂਹ ਦੀ ਖੁਦਾਈ ਦੇ ਦੌਰਾਨ, ਇਥੇ ਨਿੱਤ ਦੀਵੇ ਦੀ ਜੋਤ ਬਾਲੀ ਜਾਂਦੀ ਹੈ ਤੇ ਭੇਟਾ ਚਾੜ੍ਹੀਆਂ ਜਾਂਦੀਆਂ ਹਨ। ਖੂਹ ਵਿਚ ਚੱਕ ਧਰਨ ਵੇਲੇ ਇਕ ਸੰਧੂਰ ਧੂੜਿਆ ਨਾਰੀਅਲ ਜਿਸ ਨੂੰ ਮੌਲੀ ਦੇ ਸੱਤ ਧਾਗਿਆਂ ਨਾਲ ਵਲ੍ਹੇਟਿਆ ਹੁੰਦਾ ਹੈ, ਜਲ ਦੇਵਤੇ ਦੀ ਭੇਟਾ ਕੀਤਾ ਜਾਂਦਾ ਹੈ।

9. ਧਰਨੀ ਦੇਵੀ ਦੀ ਪੂਜਾ

ਪੰਜਾਬੀਆਂ ਦਾ ਧਰਤੀ ਨਾਲ ਅਥਾਹ ਪਿਆਰ ਹੈ। ਇਹ ਉਨ੍ਹਾਂ ਵਾਸਤੇ ਅੰਨ ਦਾਤਾ ਹੈ। ਉਹ ਧਰਤੀ ਨੂੰ ਮਾਂ ਵਾਂਗ ਪੂਜਦੇ ਹਨ। ਧਰਤੀ ਮਾਤਾ ਨੂੰ 'ਧਰਤੀ ਦੇਵੀ' ਵੀ ਕਿਹਾ ਜਾਂਦਾ ਹੈ। ਉਸ ਦੀ ਕੋਈ ਮੜ੍ਹੀ ਜਾਂ ਪੂਜਾ ਸਥਾਨ ਨਹੀਂ ਸਿਰਜਿਆ ਜਾਂਦਾ ਅਤੇ ਨਾ ਹੀ ਇਸ ਦੀ ਕੋਈ ਮੂਰਤੀ ਬਣਾਈ ਜਾਂਦੀ ਹੈ ਕਿਉਂਕਿ ਉਹ ਭੂਮੀ ਦੇ ਰੂਪ ਵਿਚ ਸਰਵਵਿਆਪਕ ਹੈ। ਪਰ ਕਈ ਪਿੰਡਾਂ ਵਿਚ ਕਿਸੇ ਪਵਿੱਤਰ ਦਰੱਖਤ ਹੇਠਾਂ ਪੱਥਰਾਂ, ਗੀਟਿਆਂ ਜਾਂ ਠੀਕਰੀਆਂ ਦੀ ਢੇਰੀ ਜਿਹੀ ਵੇਖਣ ਵਿਚ ਆਉਂਦੀ ਹੈ। ਇਹੋ ਧਰਤੀ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਪਿੰਡ ਦੇ ਲੋਕੀਂ ਇਸੇ ਥਾਂ ਧਰਨੀ ਦੇਵੀ ਦੀਆਂ ਸੁੱਖਣਾ, ਦੁੱਧ, ਫ਼ਲ ਤੇ ਅੰਨ ਭੇਟ ਕਰਦੇ ਹਨ। ਇਸ ਦੀ ਭੇਟਾ ਕਈ ਰੂਪਾਂ ਵਿਚ ਕੀਤੀ ਜਾਂਦੀ ਹੈ। ਗਊ, ਮੱਝ ਚੋਣ ਸਮੇਂ ਕੁਝ ਧਾਰਾਂ ਧਰਤੀ ਤੇ ਮਾਰੀਆਂ ਜਾਂਦੀਆਂ ਹਨ। ਫ਼ਸਲ ਦੀ ਵਾਢੀ ਸਮੇਂ ਕੁਝ ਬੂਟੇ ਧਰਨੀ ਦੇਵੀ ਦੀ ਭੇਟਾ ਵਜੋਂ ਛੱਡ ਦਿੱਤੇ ਜਾਂਦੇ ਹਨ। ਨਵੇਂ ਮਕਾਨ ਦੀ ਨੀਂਹ ਰੱਖਣ ਲੱਗਿਆਂ,

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਹਿਲਾਂ ਨਾਰੀਅਲ, ਸੰਧੂਰ, ਚਾਂਦੀ ਦੇ ਕੁਝ ਸਿੱਕੇ, ਮੋਤੀ, ਘੋਗੇ ਤੇ ਕੌਡੀਆਂ ਆਦਿ ਮੌਲੀ ਦੇ ਧਾਗੇ ਵਿਚ ਪਰੋ ਕੇ ਧਰਤੀ ਮਾਤਾ ਦੀ ਭੇਟ ਚਾੜ੍ਹੇ ਜਾਂਦੇ ਹਨ ਤਾਂ ਜੋ ਇਥੇ ਵੱਸਣ ਵਾਲਿਆਂ ਉਤੇ ਧਰਤੀ ਮਾਤਾ ਦੀ ਬਖ਼ਸ਼ਸ਼ ਰਹੇ। ਆਮ ਲੋਕਾਂ ਦਾ ਵਿਚਾਰ ਹੈ ਕਿ ਧਰਤੀ ਮਹੀਨੇ ਵਿਚ ਸੱਤ ਦਿਨ ਸੌਂਦੀ ਹੈ। ਇਨ੍ਹਾਂ ਦਿਨਾਂ ਵਿਚ ਖ਼ੁਦਾਈ ਕਰਨੀ, ਹਲ ਵਾਹੁਣਾ, ਬੀਜਾਈ ਤੇ ਗੋਡੀ ਆਦਿ ਕਰਨੀ ਠੀਕ ਨਹੀਂ। ਇਸ ਬਾਰੇ ਇਕ ਕਹਾਵਤ ਹੈ:

ਸੰਗਰਾਂਦ ਮਿਤੀ, ਦਿਨ ਪੰਜਵੀਂ
ਨਾਵੇਂ, ਸਤਵੇਂ, ਲੋਇ
ਦਸਵੀਂ, ਇਕੀਸਵੀਂ, ਚੌਬੀਸਵੀਂ
ਸੱਤ ਦਿਨ ਸਰਨੀ ਸੋਇ।

ਇਸ ਤੋਂ ਬਿਨਾਂ ਪੰਜਾਬ ਦੇ ਵੱਖੋ ਵੱਖ ਖਿੱਤਿਆਂ ਵਿਚ ਇਸ ਦੀ ਪੂਜਾ ਵੱਖੋ ਵੱਖ ਢੰਗਾਂ ਨਾਲ ਕੀਤੀ ਜਾਂਦੀ ਹੈ।

10. ਜਠੇਰਿਆਂ ਦੀ ਪੂਜਾ

ਜਠੇਰਾ ਕਿਸੇ ਖ਼ਾਨਦਾਨ ਦਾ ਮੋਢੀ ਹੁੰਦਾ ਹੈ, ਜਿਸ ਦੀ ਪੂਜਾ ਉਸ ਦੀ ਸੰਤਾਨ ਕਰਦੀ ਹੈ। ਜਠੇਰਿਆਂ ਦੀ ਪੂਜਾ ਦਾ ਰਿਵਾਜ਼ ਜੱਟਾਂ ਵਿਚ ਹੈ ਅਤੇ ਇਹ ਪਿਤਰ ਪੂਜਾ ਦਾ ਹੀ ਇਕ ਰੂਪ ਹੈ। ਜਠੇਰੇ ਦੀ ਸਮਾਧ, ਪਿੰਡ ਦੀ ਬਾਹਰਲੀ ਹੱਦ ਤੇ ਕਿਸੇ ਜੰਡੀ ਦੇ ਦਰੱਖਤ ਹੇਠਾਂ, ਉੱਚੀ ਥੇਹ ਦੀ ਸ਼ਕਲ ਦੀ ਹੁੰਦੀ ਹੈ। ਬੱਚੇ ਦੇ ਜਨਮ, ਵਿਆਹ ਤੇ ਸਮਾਜਕ ਰੀਤਾਂ ਰਸਮਾਂ ਵੇਲੇ ਜਠੇਰਿਆਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਦੁੱਧ, ਘਿਉ ਤੇ ਫ਼ਲ ਭੇਟ ਕੀਤੇ ਜਾਂਦੇ ਹਨ। ਸਾਲ ਵਿਚ ਕਿਸੇ ਨਿਸਚਿਤ ਦਿਨ ਜਠੇਰੇ ਦੀ ਪੂਜਾ ਵਿਸ਼ੇਸ਼ ਰੂਪ ਵਿਚ ਕੀਤੀ ਜਾਂਦੀ ਹੈ। ਉਸ ਦੇ ਖ਼ਾਨਦਾਨ ਦੇ ਲੋਕ ਦੂਰੋਂ ਦੂਰੋਂ ਆ ਕੇ ਛੱਪੜ ਵਿਚੋਂ ਮਿੱਟੀ ਕੱਢ ਕੇ ਜਠੇਰੇ ਦੇ ਸਥਾਨ ਉਤੇ ਪਾਉਂਦੇ ਹਨ। ਜਠੇਰਿਆਂ ਵਾਂਗ ਜੱਟਾਂ, ਰਾਜਪੂਤਾਂ ਵਿਚ ਸਤੀਆਂ ਦੀ ਪੂਜਾ ਦੀ ਵੀ ਪ੍ਰਥਾ ਹੈ। ਸਤੀਆਂ ਉਨ੍ਹਾਂ ਤੀਵੀਆਂ ਦੇ ਸਮਾਰਕ ਹਨ ਜੋ ਆਪਣੇ ਪਤੀ ਦੇ ਨਾਲ ਚਿਖਾ ਵਿਚ ਪੈ ਕੇ ਸੜ ਗਈਆਂ। ਇਸ ਪੂਜਾ ਦਾ ਵੀ ਗੁਰਬਾਣੀ ਵਿਚ ਖੰਡਨ ਕੀਤਾ ਗਿਆ ਹੈ।

11. ਪਿਤਰਾਂ ਦਾ ਪੂਜਾ

ਮੋਏ ਪਿਤਰਾਂ ਨੂੰ ਖੁਸ਼ ਕਰਨ ਲਈ ਉਸ ਦੇ ਪਰਿਵਾਰ ਵਲੋਂ ਸਰਾਧ ਕੀਤੇ ਜਾਂਦੇ। ਪਰਿਵਾਰ ਵਲੋਂ ਬ੍ਰਾਹਮਣਾ ਨੂੰ ਭੋਜਨ ਖੁਆਇਆ ਜਾਂਦਾ ਹੈ ਅਤੇ ਮ੍ਰਿਤਕ ਦੇ ਨਾਂ ਤੇ ਉਸ ਨੂੰ ਪੁਸ਼ਾਕ ਦਿੱਤੀ ਜਾਂਦੀ ਹੈ। ਹੋਰ ਕਈ ਪ੍ਰਕਾਰ ਦੀ ਸਾਮਗ੍ਰੀ ਦਿੱਤੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

12. ਛੋਟੀ ਦੇਵੀ ਦੀ ਪੂਜਾ

ਬੱਚੇ ਦੇ ਜਨਮ ਤੋਂ ਛੇਵੇਂ ਦਿਨ ਛੋਟੀ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ। ਇਹ ਦੇਵੀ ਚੰਦਰੀਆਂ ਰੂਹਾਂ ਤੇ ਬਦਨਜ਼ਰ ਤੋਂ ਬੱਚੇ ਦੀ ਰੱਖਿਆ ਕਰਦੀ ਹੈ।

13. ਸਾਂਝੀ ਦੇਵੀ ਦੀ ਪੂਜਾ

ਨੌਰਾਤਿਆਂ ਦੇ ਦਿਨਾਂ ਵਿਚ ਕੁਆਰੀਆਂ ਕੁੜੀਆਂ ਸਾਂਝੀ ਦੇਵੀ ਤੇ ਗੌਰਜਾਂ ਦੀ ਪੂਜਾ ਕਰਦੀਆਂ ਹਨ। ਪਹਿਲੇ ਨੌਰਾਤੇ ਨੂੰ ਗੋਹੇ ਵਿਚ ਮਿੱਟੀ ਗੁੰਨ ਕੇ, ਘਰ ਦੀ ਕਿਸੇ ਕੰਧ ਉਤੇ ਸਾਂਝੀ ਮਾਈ ਦੀ ਮੂਰਤੀ ਬਣਾ ਲਈ ਜਾਂਦੀ ਹੈ। ਮੂਰਤੀ ਨੂੰ ਕਲਾਤਮਕ ਢੰਗ ਨਾਲ ਸਜਾਇਆ ਜਾਂਦਾ ਹੈ। ਉਸ ਨੂੰ ਫੁੱਲਾਂ, ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਇਸ ਦੀ ਪੂਜਾ ਹਰ ਸ਼ਾਮ ਵੇਲੇ ਕੀਤੀ ਜਾਂਦੀ ਹੈ। ਕੁੜੀਆਂ ਸਾਂਝੀ ਮਾਈ ਦੇ ਜੱਸ ਵਿਚ ਗੀਤ ਗਾਉਂਦੀਆਂ ਹਨ:

ਨੀ ਤੂੰ ਜਾਗ ਸਾਂਝੀ ਜਾਗ।
ਸਾਡੇ ਜਾਗ ਪੈਣ ਭਾਗ।
ਮੈਂ ਆਈ ਤੇਰੇ ਦਵਾਰ।
ਮੈਨੂੰ ਤਾਰ ਮਾਈ ਤਾਰ।
ਮੇਰੀ ਪੂਜਾ ਲੇਖੇ ਲਾਈਂ।
ਮੇਰੀਆਂ ਦੂਰ ਰਹਿਣ ਬਲਾਈਂ।
ਜਾਗ, ਸਾਂਝੀ, ਜਾਗ।

ਕੁੜੀਆਂ ਜੋਤਾਂ ਜਗਾ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਸ਼ੱਕਰ ਤੇ ਤਿਲਚੌਲੀ ਰਲਾ ਕੇ ਬਣਾਇਆ ਪ੍ਰਸ਼ਾਦ ਵੰਡਦੀਆਂ ਹਨ। ਦੁਸਹਿਰੇ ਵਾਲੇ ਦਿਨ, ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ ਨਾਲੇ ਵਿਚ, ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ।

ਉਪਰੋਕਤ ਦੇਵੀ ਦੇਵਤਿਆਂ ਤੋਂ ਬਿਨਾਂ ਹੋਰ ਬਹੁਤ ਸਾਰੇ ਸਥਾਨਕ ਪੀਰਾਂ ਦੇ ਮਜ਼ਾਰਾਂ ਤੇ ਲੋਕੀ ਜਾ ਕੇ ਪੂਜਾ ਕਰਦੇ ਹਨ। ਸੁਖਨਾ ਸੁਖਦੇ ਅਤੇ ਮੰਨਤਾਂ ਮੰਨਦੇ ਹਨ। ਜਿਵੇਂ ਸਖੀ ਸਰਵਰ, ਹੈਦਰ ਸ਼ੇਖ਼ ਆਦਿ ਦੀਆਂ ਮੰਨਤਾਂ ਮੰਨੀਆਂ ਜਾਂਦੀਆਂ ਹਨ।

ਉਪਰੋਕਤ ਦੇਵੀ ਦੇਵਤਿਆਂ ਆਦਿ ਦੀ ਪੂਜਾ ਲੋਕ ਮਾਨਸ ਵਲੋਂ ਆਦਿ ਸਮੇਂ ਤੋਂ ਨਿਰੰਤਰ ਕੀਤੀ ਜਾ ਰਹੀ ਹੈ। ਭਾਵੇਂ ਵਿਸ਼ਿਸ਼ਟ ਧਰਮਾਂ ਦੇ ਗੁਰੂਆਂ ਨੇ ਇਨ੍ਹਾਂ ਨੂੰ ਫੋਕੇ ਕਰਮ ਕਾਂਡ, ਅੰਧ-ਵਿਸ਼ਵਾਸ ਕਰਕੇ ਨਿੰਦਿਆ ਹੈ ਅਤੇ ਲੋਕਾਂ ਨੂੰ ਮੜ੍ਹੀ ਮਸਾਣ ਦੀ ਪੂਜਾ ਛੱਡਕੇ ਇਕ ਸੱਚੇ ਰੱਬ ਦੀ ਅਰਾਧਨਾ ਕਰਨ ਅਤੇ ਨਾਮ ਜਪਣ ਲਈ ਕਿਹਾ ਹੈ। ਵਿਸ਼ਿਸ਼ਟ ਧਰਮ ਦੇ ਅਨੁਆਈ ਆਪਣੇ ਧਰਮ ਵਿਚ ਸ਼ਰਧਾ ਤੇ ਯਕੀਨ ਰੱਖਦੇ ਹਨ। ਪਰ ਉਹ ਲੋਕ ਧਰਮ ਦੇ ਦੇਵੀ ਦੇਵਤਿਆਂ ਦੀ ਪਰੰਪਰਾਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਢੰਗ ਨਾਲ ਪੂਜਾ ਉਸੇ ਤਰ੍ਹਾਂ ਕਰੀ ਜਾ ਰਹੇ ਹਨ ਸਗੋਂ ਇਨ੍ਹਾਂ ਵਿਚ ਹੋਰ ਨਵੇਂ ਪੀਰਾਂ, ਫਕੀਰਾਂ ਨੂੰ ਵੀ ਵਧਾ ਰਹੇ ਹਨ। ਇਹ ਲੋਕ ਮਾਨਸ ਦਾ ਇਕ ਅੰਗ ਬਣੇ ਹੋਏ ਹਨ।

(ਏ) ਲੋਕ ਧਰਮ ਅਤੇ ਵਿਸ਼ਿਸ਼ਟ ਧਰਮ ਦਾ ਆਪਸੀ ਸੰਬੰਧ ਅਤੇ ਅੰਤਰ ਨਿਖੇੜ

ਲੋਕ ਧਰਮ ਅਤੇ ਵਿਸ਼ਿਸ਼ਟ ਧਰਮ ਨੂੰ ਕਈ ਵਾਰ ਇਕ ਹੀ ਸਮਝ ਲਿਆ ਜਾਂਦਾ ਹੈ ਕਿਉਂਕਿ ਦੋਹਾਂ ਧਰਮਾਂ ਦੀ ਪ੍ਰਕ੍ਰਿਤੀ ਆਪਸ ਵਿਚ ਕਾਫੀ ਮਿਲਦੀ ਜੁਲਦੀ ਹੈ। ਦੋਹਾਂ ਦਾ ਉਦੇਸ਼ ਮਾਨਵ ਦੀ ਭਲਾਈ ਕਰਨਾ ਹੈ। ਦੋਹਾਂ ਧਰਮਾਂ ਦੇ ਅਨੁਆਈ ਕੁਦਰਤੀ ਸ਼ਕਤੀਆਂ ਅਗੇ ਆਪਣੇ ਆਪ ਨੂੰ ਸ਼ਕਤੀਹੀਨ ਅਨੁਭਵ ਕਰਦੇ ਹਨ। ਦੋਹਾਂ ਧਰਮਾਂ ਦੇ ਅਨੁਆਈ ਆਪਣੇ ਇਸ਼ਟ ਜਾਂ ਦੇਵੀ ਦੇਵਤੇ ਨੂੰ ਖੁਸ਼ ਕਰਨ ਲਈ ਵੱਖੋ ਵੱਖ ਪੂਜਾ ਵਿਧੀਆਂ ਦੀ ਵਰਤੋਂ ਕਰਦੇ ਹਨ ਤਾਂ ਜੋ ਉਹ ਆਪਣੀ ਇੱਛਾ ਮੁਤਾਬਕ ਫ਼ਲ ਪ੍ਰਾਪਤ ਕਰ ਸਕਣ।

ਦੋਹਾਂ ਹੀ ਧਰਮਾਂ ਵਿਚ ਤਰਕ, ਦਲੀਲ ਲਈ ਕੋਈ ਥਾਂ ਨਹੀਂ। ਦੋਹਾਂ ਦਾ ਧੁਰ ਵਿਸ਼ਵਾਸ, ਪ੍ਰੇਮ ਤੇ ਸੇਵਾ ਭਾਵ ਹੈ। ਦੋਹਾਂ ਹੀ ਧਰਮਾਂ ਦੇ ਅਨੁਆਈ ਆਤਮਾ ਅਤੇ ਪਰਾਸਰੀਰਕ ਸ਼ਕਤੀਆਂ ਵਿਚ ਵਿਸ਼ਵਾਸ ਰਖਦੇ ਹਨ। ਦੋਹਾਂ ਵਿਚ ਹੀ ਪੂਜਾ, ਪਾਠ, ਪੁੰਨ ਦਾਨ ਆਦਿ ਕਰਨ ਵਿਚ ਯਕੀਨ ਰਖਦੇ ਹਨ। ਲੋਕ ਧਰਮ ਹੀ ਵਿਸ਼ਿਸ਼ਟ ਧਰਮ ਦਾ ਜਨਮ ਦਾਤਾ ਹੈ। ਜਦੋਂ ਲੋਕ ਧਰਮ ਕਿਸੇ ਵਿਸ਼ੇਸ਼ ਵਿਚਾਰਧਾਰਾ ਨਾਲ ਜੁੜ ਜਾਂਦਾ ਹੈ, ਤੇ ਉਸਨੂੰ ਨਿਯਮ-ਬੱਧ ਕਰਕੇ ਪ੍ਰਚਾਰਿਅ ਜਾਂ ਸਿਖਾਇਆ ਜਾਂਦਾ ਹੈ ਤਾਂ ਉਹ ਲੋਕ ਧਰਮ ਨਾ ਰਹਿ ਕੇ ਵਿਸ਼ਿਸ਼ਟ ਧਰਮ ਬਣ ਜਾਂਦਾ ਹੈ।

ਧਰਮ, ਭਾਵੇਂ ਉਹ ਲੋਕ ਧਰਮ ਜਾਂ ਵਿਸ਼ਿਸ਼ਟ ਧਰਮ, ਕਿਸੇ ਜਾਤੀ ਜਾਂ ਸਮਾਜ ਦੀ ਸਭਿਆਚਾਰਕ ਪਹੁੰਚ ਦਾ ਫ਼ਲ ਹੁੰਦਾ ਹੈ। ਦੋਹਾਂ ਧਰਮਾਂ ਵਿਚ ਕਾਫੀ ਸਾਂਝ ਹੋਣ ਤੇ ਵੀ ਇਨ੍ਹਾਂ ਵਿਚ ਕੁਝ ਬੁਨਿਆਦੀ ਅੰਤਰ ਨਿਖੇੜ ਵੀ ਹੈ।

ਲੋਕ ਧਰਮ ਅਤੇ ਵਿਸ਼ਿਸ਼ਟ ਧਰਮ ਦਾ ਅੰਤਰ ਨਿਖੇੜ

1. ਵਿਸ਼ਿਸ਼ਟ ਧਰਮ ਦੀ ਸਥਾਪਨਾ ਕੋਈ ਵਿਸ਼ੇਸ਼ ਵਿਅਕਤੀ ਕਰਦਾ ਹੈ ਜਿਸ ਨੂੰ ਉਸ ਧਰਮ ਦਾ ਬਾਨੀ ਸਵੀਕਾਰ ਕੀਤਾ ਜਾਂਦਾ ਹੈ। ਜਿਵੇਂ ਬੁੱਧ ਧਰਮ ਲਈ ਮਹਾਤਮਾ ਬੁੱਧ, ਈਸਾਈ ਧਰਮ ਲਈ ਹਜ਼ਰਤ ਈਸਾ, ਇਸਲਾਮ ਲਈ ਹਜ਼ਰਤ ਮੁਹੰਮਦ, ਸਿੱਖ ਧਰਮ ਲਈ ਗੁਰੂ ਨਾਨਕ ਆਦਿ ਨੂੰ ਇਨ੍ਹਾਂ ਧਰਮਾਂ ਦੇ ਮੋਢੀ ਗਿਣਿਆ ਗਿਆ ਹੈ। ਪਰ ਲੋਕ ਧਰਮ ਦੀ ਸਥਾਪਨਾ ਕੋਈ ਇਕ ਵਿਅਕਤੀ ਵਿਸ਼ੇਸ਼ ਨਹੀਂ ਕਰਦਾ ਹੈ। ਇਸ ਦਾ ਕਿਸੇ ਇਕ ਨਾਂ ਨਾਲ ਜੁੜਿਆ ਹੋਣਾ ਜ਼ਰੂਰੀ ਨਹੀਂ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਵਿਸ਼ਿਸ਼ਟ ਧਰਮ ਦੀ ਆਪਣੀ ਵਿਚਾਰਧਾਰਾ ਹੁੰਦੀ ਹੈ ਜਿਸ ਦੇ ਅਨੁਸਾਰ ਉਸਦੇ ਨਿਯਮ ਅਤੇ ਮਨਾਹੀਆਂ ਦੀ ਸਥਾਪਨਾ ਹੁੰਦੀ ਹੈ। ਇਸ ਦੇ ਸ਼ਰਧਾਲੂਆਂ ਨੂੰ ਉਨ੍ਹਾਂ ਨਿਯਮਾਂ ਅਤੇ ਮਨਾਹੀਆਂ ਦੀ ਪਾਲਣਾ ਸਖਤੀ ਨਾਲ ਕਰਨੀ ਪੈਂਦੀ ਹੈ। ਜੇ ਕੋਈ ਉਸ ਧਰਮ ਦਾ ਸ਼ਰਧਾਲੂ ਇਨ੍ਹਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਨੂੰ ਧਰਮ ਵਿਚੋਂ ਛੇਕ ਦਿੱਤਾ ਜਾਂਦਾ ਹੈ। ਜਿਵੇਂ ਇਸਲਾਮ ਧਰਮ ਦੇ ਸ਼ਰਧਾਲੂ ਵਾਸਤੇ ਪੰਜ ਵੇਲੇ ਨਿਮਾਜ਼ ਪੜ੍ਹਨੀ, ਰਮਜ਼ਾਨ ਦੇ ਮਹੀਨੇ ਰੋਜ਼ੇ ਰੱਖਣੇ, ਕਲਮਾ ਪੜ੍ਹਨੀਆਂ ਲਾਜ਼ਮੀ ਹਨ। ਇਸ ਤਰ੍ਹਾਂ ਸਿੱਖਾਂ ਵਾਸਤੇ ਪੰਜ ਕਕਾਰ ਰਖਣੇ ਲਾਜ਼ਮੀ ਹਨ। ਪਰ ਲੋਕ ਧਰਮ ਵਿਚ ਕੋਈ ਅਜੇਹੀਆਂ ਸਖਤ ਮਨਾਹੀਆਂ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ ਹੈ। ਉਹ ਬੰਦਸ਼ ਕਬੂਲਣ ਤੋਂ ਬਿਨਾਂ ਵੀ ਮਨ ਇੱਛਤ ਫ਼ਲ ਦੀ ਪ੍ਰਾਪਤੀ ਕਰ ਸਕਦਾ ਹੈ। ਜਿਵੇਂ ਲੋਕ ਧਰਮ ਦੇ ਅਨੁਆਈ ਅਜੇਹੀਆਂ ਬੰਦਸ਼ਾਂ ਦੇ ਵਿਰੋਧ ਵਿਚ ਇਹ ਦਲੀਲ ਦੇਂਦੇ ਹਨ:

ਰੱਬ ਫਿਰਦਾ ਧੰਨੇ ਦੇ ਖੁਰ ਵੱਢਦਾ
ਓਨ੍ਹੇ ਕਿਹੜੀ ਕੱਛ ਪਾਈ ਸੀ।

3. ਵਿਸ਼ਿਸ਼ਟ ਧਰਮ ਦਾ ਕੋਈ ਨਾ ਕੋਈ ਨਾਂ ਜ਼ਰੂਰ ਹੁੰਦਾ ਹੈ ਜਿਵੇਂ ਹਿੰਦੂ ਮੱਤ, ਜੈਨ ਮੱਤ, ਬੁੱਧ ਮੱਤ, ਸਿੱਖ ਧਰਮ, ਇਸਾਈ ਧਰਮ, ਇਸਲਾਮ ਧਰਮ ਆਦਿ। ਉਥੇ ਲੋਕ ਧਰਮ ਦਾ ਕੋਈ ਵਿਸ਼ੇਸ਼ ਨਾਂ ਨਹੀ ਹੁੰਦਾ।

4. ਹਰ ਵਿਸ਼ਿਸ਼ਟ ਧਰਮ ਦਾ ਕੋਈ ਧਾਰਮਕ ਗ੍ਰੰਥ ਹੁੰਦਾ ਹੈ ਜਿਸ ਵਿਚ ਉਸ ਧਰਮ ਦੀ ਵਿਚਾਰਧਾਰਾ ਦਰਸਾਈ ਹੁੰਦੀ ਹੈ ਜਿਵੇਂ ਇਸਲਾਮ ਧਰਮ ਦਾ 'ਕੁਰਾਨ ਸ਼ਰੀਫ' ਈਸਾਈ ਧਰਮ ਦੀ 'ਬਾਈਬਲ' ਸਿਖ ਧਰਮ ਦਾ 'ਸ੍ਰੀ ਗੁਰੂ ਗਰੰਥ ਸਾਹਿਬ'। ਪਰ ਲੋਕ ਧਰਮ ਦਾ ਕੋਈ ਵਿਸ਼ੇਸ਼ ਧਾਰਮਿਕ ਗਰੰਥ ਨਹੀਂ ਹੁੰਦਾ ਹੈ।

5. ਵੱਖੋ ਵੱਖਰੇ ਵਿਸ਼ਿਸ਼ਟ ਧਰਮ ਦੀਆਂ ਪੂਜਾ ਵਿਧੀਆਂ ਅਤੇ ਕਰਮ ਕਾਂਡ ਵੱਖੋ ਵੱਖਰੇ ਹੁੰਦੇ ਹਨ। ਕਈ ਵਾਰ ਇਨ੍ਹਾਂ ਵਿਚ ਦੂਜੇ ਧਰਮਾਂ ਦੀਆਂ ਪੂਜਾ ਵਿਧੀਆਂ ਜਾਂ ਕਰਮ ਕਾਂਡਾਂ ਦਾ ਦੂਜੇ ਧਰਮ ਵਲੋਂ ਖੰਡਨ ਵੀ ਕੀਤਾ ਹੁੰਦਾ ਹੈ ਜਿਸ ਨਾਲ ਦੋ ਵਿਸ਼ਿਸ਼ਟ ਧਰਮਾਂ ਵਿਚ ਆਪਸੀ ਵਿਰੋਧ ਵੀ ਉਤਪੰਨ ਹੋ ਜਾਂਦਾ ਹੈ। ਅਤੇ ਕਈ ਵਾਰ ਇਨ੍ਹਾਂ ਵਲੋਂ ਆਪਣੇ ਧਰਮ ਨੂੰ ਵਧੇਰੇ ਸ਼ਰੇਸ਼ਟ ਦੱਸਣ ਦੀ ਰੁੱਚੀ ਦੋਹਾਂ ਧਰਮਾਂ ਦੇ ਫਿਰਕਿਆਂ ਵਿਚਕਾਰ ਦੰਗੇ ਫਸਾਦ ਵੀ ਕਰਵਾ ਦੇਂਦੀ ਹੈ। ਪਰ ਲੋਕ ਧਰਮ ਦੇ ਸਾਰੇ ਅਨੁਆਈ ਇਕੋ ਜੇਹੀਆਂ ਪੂਜਾ ਵਿਧੀਆਂ ਦੀ ਵਰਤੋਂ ਕਰਦੇ ਹਨ। ਲੋਕ ਧਰਮ ਵਿਚ ਵੱਖੋ ਵੱਖਰੇ ਦੇਵੀ ਦੇਵਤਿਆਂ ਅਤੇ ਪੀਰਾਂ ਫ਼ਕੀਰਾਂ ਦਾ ਸਮਾਨ ਰੂਪ ਵਿਚ ਸਤਿਕਾਰ ਕੀਤਾ ਜਾਂਦਾ ਹੈ। ਲੋਕ ਧਰਮ ਦੇ ਸ਼ਰਧਾਲੂ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਰ ਬਹੁਤ ਸਾਰੇ ਦੇਵੀ ਦੇਵਤਿਆਂ ਦੀ ਇਕੱਠਿਆਂ ਵੀ ਪੂਜਾ ਕਰ ਲੈਂਦੇ ਹਨ। ਜਿਵੇਂ ਇਕ ਪੂਜਾ ਗੀਤ ਵਿਚੋਂ ਇਸ ਦਾ ਪ੍ਰਮਾਣ ਮਿਲਦਾ ਹੈ:

ਦੇਵੀ ਦੀ ਮੈਂ ਕਰਾਂ ਕੜਾਹੀ,
ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬੱਕਰਾ,
ਨੰਗੇ ਪੈਰੀਂ ਜਾਵਾਂ।
ਹਨੂਮਾਨ ਦੀ ਦੇਵਾਂ ਮੰਨੀ,
ਰਤੀ ਫ਼ਰਕ ਨਾ ਪਾਵਾਂ।
ਨੀ ਮਾਤਾ ਭਗਵੰਤੀਏ,
ਮੈਂ ਤੇਰਾ ਜੱਸ ਗਾਵਾਂ।

6. ਵਿਸ਼ਿਸ਼ਟ ਧਰਮ ਦੇ ਪੂਜਾ ਸਥਾਨ ਵਿਚ ਸਿਰਫ ਉਸ ਧਰਮ ਦੇ ਸ਼ਰਧਾਲੂ ਹੀ ਜਾਂਦੇ ਹਨ। ਜਿਵੇਂ ਗਿਰਜਾ, ਮੰਦਰ, ਮਸਜਿਦ, ਗੁਰਦਵਾਰਾ ਆਦਿ ਵਿਚ ਉਸ ਧਰਮ ਨਾਲ ਸੰਬੰਧਿਤ ਵਿਅਕਤੀ ਹੀ ਜਾਂਦੇ ਹਨ ਹੋਰ ਬਹੁਤ ਘੱਟ। ਪਰ ਲੋਕ ਧਰਮ ਦੇ ਸਥਾਨਾਂ ਉਪਰ ਲੋਕ ਸਮਾਜ ਭਾਵਨਾਂ ਤੋਂ ਪ੍ਰੇਰਿਤ ਤੇ ਇਕੋ ਆਸ਼ੇ ਨਾਲ ਇੱਕਤਰ ਹੁੰਦੇ ਹਨ।

7. ਵਿਸ਼ਿਸ਼ਟ ਧਰਮ ਦੀ ਆਯੂ ਬੜੀ ਥੋੜੀ ਹੁੰਦੀ ਹੈ। ਵਿਸ਼ਿਸ਼ਟ ਧਰਮ ਕਿਸੇ ਵਿਸ਼ੇਸ਼ ਸਮੇਂ ਵਿਚ ਹੀ ਵਧੇਰੇ ਪ੍ਰਸਿੱਧ ਹੁੰਦਾ ਹੈ। ਉਸ ਪਿਛੋਂ ਉਸਦੇ ਮੰਨਣ ਵਾਲਿਆਂ ਦੀ ਗਿਣਤੀ ਘੱਟ ਜਾਂਦੀ ਹੈ। ਜਿਵੇਂ ਬੁੱਧ ਧਰਮ ਅਤੇ ਜੈਨ ਧਰਮ ਕਿਸੇ ਸਮੇਂ ਭਾਰਤ ਵਿਚ ਵਿਸ਼ੇਸ਼ ਮਹੱਤਾ ਰਖਦਾ ਸੀ ਪਰ ਅੱਜ ਇਸਦੇ ਸ਼ਰਧਾਲੂ ਬੜੇ ਘੱਟ ਹਨ। ਪਰ ਲੋਕ ਧਰਮ ਆਦਿ ਕਾਲ ਤੋਂ ਨਿਰੰਤਰ ਆਪਣੀ ਹੋਂਦ ਬਰਕਰਾਰ ਰੱਖ ਰਿਹਾ ਹੈ।

8. ਲੋਕ ਧਰਮ ਅਤੇ ਵਿਸ਼ਿਸ਼ਟ ਧਰਮ ਦਾ ਇਕ ਬੁਨਿਆਦੀ ਫ਼ਰਕ ਇਹ ਹੈ ਕਿ ਲੋਕ ਧਰਮ ਵਿਚ ਵਿਅਕਤੀਆਂ ਦੀਆਂ ਤਤਕਾਲੀਨ ਸੱਮਸਿਆਵਾਂ ਜਿਵੇਂ ਬੀਮਾਰੀ ਤੋਂ ਛੁਟਕਾਰਾ, ਸੰਤਾਨ ਜਾਂ ਤਰੱਕੀ ਆਦਿ ਉਪਰ ਜ਼ੋਰ ਦਿੱਤਾ ਜਾਂਦਾ ਹੈ। ਭਾਵ ਮਨੁੱਖ ਨੂੰ ਜੇ ਇਸ ਸੰਸਾਰ ਵਿਚ ਦੁੱਖ ਤਕਲੀਫ ਹਨ ਉਨ੍ਹਾਂ ਤੋਂ ਮਨੁੱਖ ਨੂੰ ਛੁਟਕਾਰਾ ਦਿਵਾਉਣਾ ਹੈ। ਲੋਕ ਧਰਮ ਵਰਤਮਾਨ ਸਮੇਂ ਦੀ ਗੱਲ ਕਰਦਾ ਹੈ। ਪਰ ਵਿਸ਼ਿਸ਼ਟ ਧਰਮ ਵਿਚ ਵਿਅਕਤੀ ਨੂੰ ਜੋ ਸਮੱਸਿਆਵਾਂ ਪਾਰਲੌਕਿਕ ਜਗਤ ਵਿਚ ਆਉਣੀਆਂ ਹਨ ਉਨ੍ਹਾਂ ਤੋਂ ਮੁਕਤੀ ਦਿਵਾਉਣ ਦੀ ਗੱਲ ਕਰਦਾ ਹੈ। ਜਦੋਂ ਕਦੇ ਕਿਸੇ ਵਿਸ਼ਿਸ਼ਟ ਧਰਮ ਵਿਚ ਲੋਕਾਂ ਦੀਆਂ ਤਤਕਾਲੀਨ ਸਮੱਸਿਆਵਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਹ ਉਸ ਉਪਰ ਲੋਕ ਧਰਮ ਦਾ ਪ੍ਰਭਾਵ ਹੀ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਧਰਮ ਦੀ ਸਾਰਥਕਤਾ ਤੇ ਮਹੱਤਵ

ਲੋਕ ਧਰਮ ਕੇਵਲ ਵਹਿਮਾਂ ਭਰਮਾਂ ਜਾਂ ਵਿਸ਼ਵਾਸਾਂ ਵਿਚ ਹੀ ਮਨੁੱਖ ਨੂੰ ਜਕੜ ਕੇ ਨਹੀਂ ਰੱਖਦਾ ਸਗੋਂ ਉਸ ਦੀਆਂ ਸੁਤੰਤਰ ਪ੍ਰਵਿਰਤੀਆਂ ਨੂੰ ਉਤੇਜਿਤ ਵੀ ਕਰਦਾ ਹੈ। ਲੋਕ ਧਰਮ ਪਹਿਲਾਂ ਤੋਂ ਹੀ ਜਾਤ ਪਾਤ, ਉੱਚ ਨੀਚ ਦੇ ਬੰਧਨਾਂ ਤੋਂ ਮੁਕਤ ਰਿਹਾ ਹੈ। ਇਸ ਵਿਚ ਕਦੇ ਕੋਈ ਫ਼ਿਰਕੂ ਤਨਾਅ ਦੀ ਗੱਲ ਨਹੀਂ ਹੋਈ। ਗੁਗਾ ਪੀਰ ਦਾ ਮੇਲਾ, ਜਗਰਾਂਵਾਂ ਦੀ ਰੋਸ਼ਨੀ, ਹੈਦਰ ਸ਼ੇਖ ਦੀ ਚੌਕੀ, ਪੀਰ ਬੰਨਾ ਬੰਨੋਈ ਦਾ ਮੇਲਾ, ਹਿੰਦੂ, ਸਿੱਖ ਅਤੇ ਮੁਸਲਮਾਨ ਸਾਂਝੇ ਤੌਰ ਤੇ ਮਨਾਉਂਦੇ ਰਹੇ ਹਨ। ਲੋਕ ਮਨ ਦੀ ਇਹ ਖ਼ੂਬੀ ਰਹੀ ਹੈ ਕਿ ਜਿਥੇ ਉਹ ਵਿਸ਼ਿਸ਼ਟ ਧਰਮ ਦੇ ਅਸੂਲਾਂ ਦੀ ਪਾਲਣਾ ਵੀ ਕਰਦਾ ਹੈ ਉਥੇ ਧਰਮ ਦੇ ਕਰਮਕਾਂਡ ਵੀ ਨਿਭਾਉਂਦਾ ਰਿਹਾ ਹੈ। ਲੋਕ ਧਰਮ ਵਿਚ ਜੋ ਭਾਈਚਾਰਕ ਇਕਸੁਰਤਾ ਦੀ ਭਾਵਨਾ ਨਿਰੰਤਰ ਕੰਮ ਕਰ ਰਹੀ ਹੈ, ਉਹੀ ਇਸ ਧਰਮ ਦੀ ਸਾਰਥਕਤਾ ਤੇ ਮਹੱਤਵ ਨੂੰ ਦਰਸਾਉਂਦੀ ਹੈ। ਲੋਕ ਵਿਸ਼ਵਾਸ ਹਮੇਸ਼ਾ ਬੰਦਸ਼ਾਂ ਤੋ ਵਿਅੰਗ ਕਰਦਾ ਰਿਹਾ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੋਕ ਧਰਮ ਵਿਸ਼ਿਸ਼ਟ ਧਰਮ ਨੂੰ ਹਮੇਸ਼ਾ ਪ੍ਰਭਾਵਿਤ ਕਰਦਾ ਰਿਹਾ ਹੈ ਅਤੇ ਪ੍ਰਭਾਵਿਤ ਹੁੰਦਾ ਵੀ ਰਿਹਾ ਹੈ।

(ਹਵਾਲੇ ਤੇ ਟਿੱਪਣੀਆਂ)

1. **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ 163
2. ਜੀਤ ਸਿੰਘ ਜੋਸ਼ੀ, **ਪੰਜਾਬੀ ਸਭਿਆਚਾਰ ਬਾਰੇ**, ਪੰਨਾ 90
3. ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਪੰਨਾ 45
4. Johan, C. Messenger, "Folk Religion", *Folklore and Folk Life Ced Richard of Dorson, P. 216.*
5. ਉਹੀ ਰਚਨਾ, ਪੰਨਾ 44
6. ਉਧ੍ਰਿਤ ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਪੰਨਾ 45
7. ਉਹੀ, ਪੰਨਾ 47
8. R. N. Saletore, *Encyclopaedia of Indian Culture*, Vol. III, P. 971

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਵਿਸ਼ਵਾਸ ਤੇ ਰਹੁ ਰੀਤਾਂ

(ੳ) ਲੋਕ ਵਿਸ਼ਵਾਸ ਅਤੇ ਵਹਿਮ ਭਰਮ

ਵਹਿਮ ਭਰਮ ਦੀ ਆਧਾਰਸ਼ਿਲਾ ਡਰ ਹੈ। ਜਦੋਂ ਵਿਅਕਤੀ ਵੱਖ ਵੱਖ ਕੁਦਰਤੀ ਸ਼ਕਤੀਆਂ ਤੋਂ ਡਰਨ ਲੱਗਾ ਤਾਂ ਉਸ ਨੇ ਆਪਣੀ ਮਾਨਸਿਕ ਕਮਜ਼ੋਰੀ ਨੂੰ ਸਹਾਰਾ ਦੇਣ ਲਈ ਅਨੇਕਾਂ ਪੂਜਾ ਵਿਧੀਆਂ ਨੂੰ ਅਪਨਾਉਣਾ ਸ਼ੁਰੂ ਕੀਤਾ, ਜਿਸ ਨਾਲ ਵੱਖੋ ਵੱਖਰੇ ਵਹਿਮ ਭਰਮ ਵੀ ਪ੍ਰਚਲਿਤ ਹੋ ਗਏ। ਰੀਵਰ ਅਤੇ ਬੌਸਵੈਲ[1] ਦੇ ਵਿਚਾਰ ਅਨੁਸਾਰ ਵਿਸ਼ਵਾਸ ਪਰੰਪਰਾਗਤ ਰੂਪ ਵਿਚ ਪ੍ਰਚਲਿਤ ਕਰਮ ਕਾਂਡਾਂ, ਰਹੁ ਰੀਤਾਂ, ਪੂਜਾ ਵਿਧੀਆਂ, ਪੁਰਬਾਂ, ਵਰਤਾਂ, ਪ੍ਰਥਾਵਾਂ ਅਤੇ ਸੰਸਕਾਰਾਂ ਆਦਿ ਦਾ ਸਮੂਹ ਹੈ, ਜਿਨ੍ਹਾਂ ਨਾਲ ਜਨ-ਸਾਧਾਰਨ ਦੀ ਭਾਵਨਾ ਜੁੜੀ ਹੋਈ ਹੁੰਦੀ ਹੈ। ਇਨ੍ਹਾਂ ਦੀ ਵਰਤੋਂ ਆਦਿ ਕਾਲ ਤੋਂ ਮਨੁੱਖੀ ਜੀਵਨ ਦੇ ਵਿਸ਼ੇਸ਼ ਮੌਕਿਆਂ ਤੇ ਕੀਤੀ ਜਾਂਦੀ ਰਹੀ ਹੈ। ਵਹਿਮਾਂ ਭਰਮਾਂ ਦੀ ਉਤਪਤੀ ਸੰਬੰਧੀ ਵਣਜਾਰਾ ਬੇਦੀ[2] ਲਿਖਦੇ ਹਨ, ''ਮਨੁੱਖ ਪ੍ਰਾਕ੍ਰਿਤੀ ਦੇ ਸੁਭਾਵ ਨੂੰ ਸਮਝਣੋਂ ਅਸਮਰੱਥ ਹੋਣ ਕਰਕੇ ਡਰਿਆ ਤੇ ਸਹਿਮਿਆ ਰਹਿੰਦਾ ਸੀ, ਜਦੋਂ ਉਹ ਹਰ ਜੜ੍ਹ ਵਸਤੂ ਵਿਚ ਕਿਸੇ ਭਲੀ ਜਾਂ ਚੰਦਰੀ ਆਤਮਾ ਦੀ ਹੋਂਦ ਨੂੰ ਮੰਨ ਕੇ, ਉਸਦੇ ਚੰਗੇ ਪ੍ਰਭਾਵ ਨੂੰ ਗ੍ਰਹਿਣ ਕਰਨ ਤੇ ਚੰਦਰੇ ਤੋਂ ਮੁਕਤ ਹੋਣ ਲਈ ਕਈ ਰੀਤਾਂ ਤੇ ਟੂਣੇ ਕੀਤਾ ਕਰਦਾ ਸੀ ਤੇ ਹਰ ਘਟਨਾ ਕਿਸੇ ਗੈਬੀ ਸ਼ਕਤੀ ਕਰਕੇ ਵਾਪਰਦੀ ਹੈ, ਦਾ ਵਿਸ਼ਵਾਸ ਰਖਦਾ ਸੀ ਤਾਂ ਅਨੇਕਾਂ ਵਹਿਮਾਂ ਭਰਮਾਂ ਦਾ ਜਨਮ ਹੋਇਆ।''

ਵਹਿਮ ਭਰਮ ਅਤੇ ਵਿਸ਼ਵਾਸ ਇਕ ਦੂਸਰੇ ਤੇ ਟਿਕੇ ਹੋਏ ਹਨ। ਇਨ੍ਹਾਂ ਦੋਹਾਂ ਦਾ ਅੰਤਰ ਨਿਖੇੜ ਕਰਨਾ ਅਸੰਭਵ ਹੈ। ਗੁਰਮੀਤ ਸਿੰਘ ਨੇ ਕੇ.ਡੀ. ਹੈਂਡ ਦੇ ਹਵਾਲੇ ਨਾਲ ਇਨ੍ਹਾਂ ਦਾ ਅੰਤਰ ਨਿਖੇੜ ਕਰਦੇ ਹੋਏ ਲਿਖਿਆ ਹੈ ਕਿ ਜਿਥੇ ਵਹਿਮ ਭਰਮ ਅਵਿਗਿਆਨਕ ਅਤੇ ਅਤਾਰਕਿਕ ਆਧਾਰਾਂ ਉਪਰ ਉਸਰੇ ਹੋਏ ਹੁੰਦੇ ਹਨ ਉਥੇ ਲੋਕ ਵਿਸ਼ਵਾਸ ਜ਼ਰੂਰੀ ਨਹੀਂ ਕਿ ਹਮੇਸ਼ਾਂ ਗ਼ਲਤ ਅਤੇ ਅਵਿਗਿਆਨਕ ਨਿਰਣੈ ਤੇ ਹੀ ਆਧਾਰਿਤ ਹੋਣ। ਲੋਕ ਵਿਸ਼ਵਾਸਾਂ ਦਾ ਆਧਾਰ ਪੂਰਨ ਜਾਂ ਅੰਸ਼ਕ ਰੂਪ ਵਿਚ ਤੱਥ ਵੀ ਹੋ ਸਕਦਾ ਹੈ।[3]

ਵਹਿਮਾਂ ਭਰਮਾਂ ਅਤੇ ਵਿਸ਼ਵਾਸਾਂ ਦਾ ਵਿਸ਼ਾਲ ਵਿਸ਼ੈ ਖੇਤਰ ਹੈ। ਇਹ ਮਨੁੱਖ ਦੇ ਜੀਵਨ ਦੇ ਹਰ ਪੜਾਅ, ਹਰ ਅੰਗ ਅਤੇ ਹਰ ਸਮੇਂ ਨਾਲ ਸੰਬੰਧ ਰਖਦੇ ਹਨ। ਕੋਈ ਅਜੇਹਾ ਮੌਕਾ ਜਾਂ ਘਟਨਾ ਨਹੀਂ ਹੁੰਦੀ ਜਦੋਂ ਉਸ ਸੰਬੰਧੀ ਵੱਖੋ ਵੱਖਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਹਿਮ ਭਰਮ ਅਤੇ ਵਿਸ਼ਵਾਸ ਨਾ ਪਾਏ ਜਾਂਦੇ ਹੋਣ। ਇਨ੍ਹਾਂ ਕਾਰਨਾਂ ਕਰਕੇ ਇਨ੍ਹਾਂ ਦਾ ਵਰਗੀਕਰਣ ਕਰਨਾ ਮੁਸ਼ਕਲ ਹੈ। ਇਥੇ ਅਸੀਂ ਉਨ੍ਹਾਂ ਵਿਸ਼ੇਸ਼ ਵਹਿਮਾਂ ਭਰਮਾਂ ਅਤੇ ਵਿਸ਼ਵਾਸਾਂ ਦਾ ਵਰਣਨ ਕਰਦੇ ਹਾਂ ਜਿਨ੍ਹਾਂ ਦਾ ਮਨੁੱਖੀ ਜੀਵਨ ਨਾਲ ਸਦੀਆਂ ਤੋਂ ਸੰਬੰਧ ਰਿਹਾ ਹੈ।

1. ਜਨਮ, ਵਿਆਹ ਅਤੇ ਮੌਤ ਸੰਬੰਧੀ

ਵਹਿਮ ਭਰਮ ਬੱਚੇ ਦੇ ਗਰਭ ਵਿਚ ਪੈਣ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਮੱਸਿਆ ਤੋਂ ਅਗਲੇ ਏਕਮ ਤੋਂ ਪੰਜਮੀ ਦੌਰਾਨ ਗਰਭ ਠਹਿਰ ਜਾਵੇ ਤਾਂ ਮੁੰਡਾ ਹੁੰਦਾ ਹੈ। ਜੇਕਰ ਗਰਭਵਤੀ ਦੇ ਦੁੱਧ ਦੀ ਧਾਰ ਮੋਟੀ ਹੋਵੇ ਤਾਂ ਮੁੰਡਾ ਹੁੰਦਾ ਹੈ, ਜੇਕਰ ਪਤਲੀ ਹੋਵੇ ਤਾਂ ਕੁੜੀ ਹੁੰਦੀ ਹੈ। ਸਵੇਰ ਸਾਰ ਜਨਮ ਲੈਣ ਵਾਲਾ ਬੱਚਾ ਭਾਗਾਂ ਵਾਲਾ ਸਮਝਿਆ ਜਾਂਦਾ ਹੈ। ਜੇ ਬੱਚਾ ਉਪਰਲੇ ਦੰਦ ਪਹਿਲਾਂ ਕੱਢ ਲਵੇ ਤਾਂ ਉਹ ਮਾਮੇ ਲਈ ਭੈੜਾ ਹੁੰਦਾ ਹੈ। ਜੇਕਰ ਕੋਈ ਬੱਚਾ ਤਿੰਨ ਕੁੜੀਆਂ ਤੋਂ ਬਾਅਦ ਜਨਮੇ ਤਾਂ ਉਸ ਨੂੰ ਤ੍ਰਿਖਲ ਆਖਦੇ ਹਨ। ਜੇਕਰ ਬੱਚਾ ਸਵਾ ਮਹੀਨੇ ਦੇ ਅੰਦਰ ਮਰ ਜਾਵੇ ਅਤੇ ਉਸਦੀ ਮਾਂ ਦਾ ਪਰਛਾਵਾਂ ਕਿਸੇ ਬੱਚੇ ਤੇ ਪੈ ਜਾਵੇ ਤਾਂ ਉਸ ਬੱਚੇ ਨੂੰ ਸੋਕੜੇ ਦੀ ਬੀਮਾਰੀ ਹੋ ਜਾਂਦੀ ਹੈ। ਇਸ ਤਰ੍ਹਾਂ ਵਿਆਹ ਸੰਬੰਧੀ ਵਹਿਮ ਭਰਮ ਪਾਏ ਜਾਂਦੇ ਹਨ। ਸਾਹਾ ਅਤੇ ਰਿਸ਼ਤਾ ਕਰਨ ਸਮੇਂ ਦਿਨਾਂ ਅਤੇ ਗ੍ਰਿਹਾਂ ਦਾ ਖਾਸ ਖ਼ਿਆਲ ਰਖਿਆ ਜਾਂਦਾ ਹੈ।

2. ਗ੍ਰਿਹਾਂ ਸੰਬੰਧੀ

ਵਹਿਮਾਂ ਭਰਮਾਂ ਦਾ ਸੰਬੰਧ ਗ੍ਰਿਹਾਂ ਨਾਲ ਵੀ ਹੈ। ਸ਼ਨੀ ਅਤੇ ਮੰਗਲ ਗ੍ਰਿਹ ਠੀਕ ਨਹੀਂ ਮੰਨੇ ਜਾਂਦੇ ਹਨ। ਮੰਗਲ ਗ੍ਰਿਹ ਹੇਠ ਜੰਮਿਆਂ ਬੱਚਾ ਮੰਗਲੀਕ ਹੁੰਦਾ ਹੈ। ਇਨ੍ਹਾਂ ਦੇ ਵਿਆਹ ਸੰਬੰਧੀ ਵੀ ਇਹ ਵਹਿਮ ਕੀਤਾ ਜਾਂਦਾ ਹੈ ਕਿ ਜੇਕਰ ਮੰਗਲ ਗ੍ਰਿਹ ਵਾਲੇ ਬੱਚੇ ਦਾ ਵਿਆਹ, ਉਸੇ ਗ੍ਰਿਹ ਵਾਲੇ ਬੱਚੇ ਨਾਲ ਨਾ ਕੀਤਾ ਜਾਵੇ ਤਾਂ ਦੋਹਾਂ ਵਿਚੋਂ ਕਿਸੇ ਇਕ ਦੀ ਮੌਤ ਹੋ ਸਕਦੀ ਹੈ। ਇਸੇ ਤਰ੍ਹਾਂ ਸ਼ਨੀ ਗ੍ਰਿਹ ਵਾਲੇ ਬੱਚੇ ਦਾ ਗ੍ਰਿਹ ਦੂਰ ਕਰਨ ਲਈ ਸ਼ਨੀਚਰਵਾਰ ਨੂੰ ਤੇਲ ਦਾਨ ਕੀਤਾ ਜਾਂਦਾ ਹੈ। ਬੁੱਧ, ਬ੍ਰਿਹਸਪਤ ਤੇ ਸ਼ੁਕਰ ਚੰਗੀ ਭਾਵਨਾਂ ਵਾਲੇ ਗ੍ਰਿਹ ਮੰਨੇ ਜਾਂਦੇ ਹਨ। ਇਨ੍ਹਾਂ ਦੇ ਪ੍ਰਭਾਵ ਹੇਠ ਜੰਮਿਆਂ ਬਾਲਕ ਸਦਾ ਅਰੋਗ ਤੇ ਨਰੋਆ ਰਹਿੰਦਾ ਹੈ। ਇਸੇ ਤਰ੍ਹਾਂ ਨਖਸ਼ਤਰਾਂ ਸੰਬੰਧੀ ਵਹਿਮ ਭਰਮ ਪਾਏ ਜਾਂਦੇ ਹਨ। ਨਖਸ਼ਤਰਾਂ ਵਿਚੋਂ 'ਮੂਲ' ਸਭ ਤੋਂ ਭੈੜਾ ਮੰਨਿਆ ਜਾਂਦਾ ਹੈ। ਇਹੋ ਜਿਹਾ ਬੱਚਾ ਮਾਤਾ ਪਿਤਾ ਲਈ ਚੰਗਾ ਨਹੀਂ ਹੁੰਦਾ ਹੈ। 12 ਸਾਲ ਤਕ ਪਿਓ ਅਜੇਹੇ ਬੱਚੇ ਦੇ ਮੱਥੇ ਨਹੀਂ ਲਗਦਾ ਹੈ।

3. ਸੂਰਜ, ਚੰਦ ਤੇ ਤਾਰਿਆਂ ਸੰਬੰਧੀ

ਸੂਰਜ ਸੰਬੰਧੀ ਇਹ ਵਹਿਮ ਪਾਇਆ ਜਾਂਦਾ ਹੈ ਕਿ ਜੇ ਕੋਈ ਵਿਅਕਤੀ ਸੰਗਰਾਂਦ ਨੂੰ ਸੂਰਜ ਦਾ ਬਿੰਬ ਨਿਰਮਲ ਜਲ ਦੇ ਕਟੋਰੇ ਵਿਚ ਉਤਾਰ ਕੇ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰ੍ਹਾ ਪੀਏ ਤਾਂ ਉਸ ਦਾ ਬੜਾ ਤੇਜ ਪ੍ਰਤਾਪ ਹੁੰਦਾ ਹੈ। ਜੇਕਰ ਨਵੀਂ ਵਿਆਹੀ ਕੁੜੀ ਇਕ ਸਾਲ ਦੂਜ ਦਾ ਨਵਾਂ ਚੰਨ ਚੜ੍ਹਦਾ ਵੇਖੇ ਤਾਂ ਬਜ਼ੁਰਗ ਔਰਤਾਂ ਆਖਦੀਆਂ ਹਨ ਉਸ ਦੇ ਘਰ ਦੂਜ ਦੇ ਚੰਨ ਵਰਗਾ ਪੁੱਤਰ ਜੰਮਦਾ ਹੈ। ਨਵਾਂ ਚੰਨ ਦੂਜ ਜਾਂ ਤੀਜ ਵਾਲਾ ਵੇਖਣਾ ਸ਼ੁੱਭ ਹੁੰਦਾ ਹੈ। ਚੌਥ ਵਾਲਾ ਚੰਨ ਮਾੜਾ ਮੰਨਿਆ ਗਿਆ ਹੈ। ਇਸੇ ਤਰ੍ਹਾਂ ਤਾਰਾ ਟੁੱਟਣ ਵੇਲੇ ਜੇ ਕੋਈ ਵਿਅਕਤੀ ਉਸ ਸਮੇਂ ਕੱਪੜੇ ਦੀ ਗੰਢ ਮਾਰ ਲਵੇ ਤਾਂ ਉਸ ਦੀ ਹਰ ਇੱਛਾ ਪੂਰੀ ਹੋ ਸਕਦੀ ਹੈ। ਗੰਢ ਮਾਰਨ ਨਾਲ ਟੁੱਟਦੇ ਤਾਰੇ ਦੀ ਦੈਵੀ ਸ਼ਕਤੀ ਗੰਢ ਵਾਲੇ ਸ਼ਖ਼ਸ ਦੇ ਵੱਸ ਹੋ ਜਾਂਦੀ ਹੈ।

4. ਦਿਸ਼ਾਵਾਂ ਸੰਬੰਧੀ

ਹਿੰਦੂ ਪੁਰਾਣ ਧਾਰਾ ਅਨੁਸਾਰ ਦਸਾਂ ਦਿਸ਼ਾਵਾਂ ਦੇ ਵੱਖੋ ਵੱਖਰੇ ਦੇਵਤੇ ਰਖਿਅਕ ਹਨ। ਜਿਸ ਦਿਸ਼ਾ ਵੱਲ ਜਾਣਾ ਹੋਵੇ ਉਸ ਦੇਵਤੇ ਦੀ ਪਹਿਲੇ ਪੂਜਾ ਕਰਨ ਨਾਲ ਸਫਰ ਸੌਖਾ ਹੋ ਜਾਂਦਾ ਹੈ। ਮੰਗਲ ਤੇ ਬੁੱਧ ਨੂੰ ਉੱਤਰ ਵੱਲ ਸਫ਼ਰ ਕਰਨਾ ਮਾੜਾ ਹੁੰਦਾ ਹੈ। ਪਰ ਸੋਮਵਾਰ ਤੇ ਸ਼ੁੱਕਰਵਾਰ ਚੰਗਾ ਹੁੰਦਾ ਹੈ। ਮੰਗਲ ਤੇ ਬੁੱਧ ਨੂੰ ਪਹਾੜ ਵੱਲ ਸਫ਼ਰ ਕਰਨਾ ਠੀਕ ਨਹੀਂ ਹੈ :

ਮੰਗਲ ਬੁੱਧ ਨਾ ਜਾਈਏ ਪਹਾੜ।
ਜਿੱਤੀ ਬਾਜ਼ੀ ਆਈਏ ਹਾਰ।

5. ਦਿਨਾਂ ਮਹੀਨਿਆਂ ਸੰਬੰਧੀ

ਕੁਝ ਵਹਿਮ ਭਰਮ ਦਿਨਾਂ ਮਹੀਨਿਆਂ ਸੰਬੰਧੀ ਵੀ ਪਾਏ ਜਾਂਦੇ ਹਨ। ਬੁੱਧਵਾਰ ਸ਼ੁਰੂ ਕੀਤਾ ਕੰਮ ਸਫਲਤਾ ਨਾਲ ਤੋੜ ਚੜ੍ਹਦਾ ਹੈ - ਬੁੱਧ ਕੰਮ ਸੁੱਧ। ਨਵੇਂ ਕਪੜੇ ਬੁੱਧਵਾਰ ਅਤੇ ਸ਼ਨੀਚਰਵਾਰ ਵਾਲੇ ਦਿਨ ਪਾਏ ਚੰਗੇ ਹੰਢਦੇ ਹਨ। ਗਹਿਣਾ ਐਤਵਾਰ ਨੂੰ ਪਾਉਣਾ ਚਾਹੀਦਾ ਹੈ। ''ਬੁੱਧ ਸ਼ਨੀਚਰ ਕੱਪੜਾ ਗਹਿਣਾ ਐਤਵਾਰ।'' ਵੀਰਵਾਰ ਸਿਰ ਨਹੀਂ ਨਹਾਉਣਾ ਚਾਹੀਦਾ ਅਤੇ ਨਾ ਹੀ ਕਪੜੇ ਧੋਣੇ ਚਾਹੀਦੇ ਹਨ। ਇਸ ਤਰ੍ਹਾਂ ਰਿਜ਼ਕ ਦਾ ਘਾਟਾ ਪੈਂਦਾ ਹੈ। ਸ਼ਨੀਚਰ ਵਾਰ ਅਤੇ ਮੰਗਲਵਾਰ ਸਿਰ ਨੂੰ ਤੇਲ ਨਹੀਂ ਲਾਉਣਾ ਚਾਹੀਦਾ ਹੈ। ਬੁੱਧਵਾਰ ਫ਼ਸਲ ਬੀਜਣੀ ਚਾਹੀਦੀ ਹੈ ਤੇ ਮੰਗਲਵਾਰ ਕਟਾਈ ਕਰਨੀ ਚਾਹੀਦੀ ਹੈ। ਜਿਵੇਂ ਕਿਹਾ ਗਿਆ ਹੈ:

ਮੰਗਲ ਦਾਤੀ ਬੁੱਧ ਬਿਜਾਈ।

ਬੁੱਧਵਾਰ ਗਊ, ਸ਼ੁੱਕਰਵਾਰ ਘੋੜੀ ਤੇ ਸ਼ਨਿਚਰਵਾਰ ਮੱਝ ਖਰੀਦਣੀ ਚੰਗੀ ਨਹੀਂ ਹੈ।

ਕੁਝ ਮਹੀਨੇ ਅਜੇਹੇ ਹਨ ਜਿਨ੍ਹਾਂ ਵਿਚ ਪਸ਼ੂਆਂ ਦਾ ਸੂਣਾ ਠੀਕ ਨਹੀਂ ਹੈ। ਚੇਤਰ ਮਹੀਨੇ ਕੁੱਤੀ, ਵਿਸਾਖ ਵਿਚ ਊਠਣੀ, ਜੇਠ ਵਿਚ ਬਿੱਲੀ, ਸਾਵਣ ਦੇ ਮਹੀਨੇ ਘੋੜੀ ਤੇ ਖੋਤੀ, ਭਾਦੋਂ ਦੇ ਮਹੀਨੇ ਗਊ, ਮੱਘਰ ਦੇ ਮਹੀਨੇ ਮੱਝ ਤੇ ਪੋਹ ਵਿਚ ਬੱਕਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਈ ਹੋਈ ਚੰਗੀ ਨਹੀਂ ਹੁੰਦੀ ਹੈ। ਜਿਸ ਘਰ ਵਿਚ ਅਜੇਹਾ ਪਸ਼ੂ ਸੂਏਗਾ, ਉਸ ਘਰ ਦੁਖ ਕਲੇਸ਼ ਰਹੇਗਾ। ਇਸ ਤਰ੍ਹਾਂ ਕੱਤਕ ਅਤੇ ਪੋਹ ਵਿਆਹ ਕਰਨ ਵਾਸਤੇ ਮਾੜੇ ਸਮਝੇ ਜਾਂਦੇ ਹਨ। ਸਾਉਣ ਮਹੀਨੇ ਪਹਿਲੀ ਵਿਆਹੀ ਬਹੂ ਆਪਣੀ ਸੱਸ ਦੇ ਮੱਥੇ ਨਹੀਂ ਲਗਦੀ ਹੈ।

6. ਜੀਵ ਜੰਤੂਆਂ ਅਤੇ ਪਸ਼ੂਆਂ ਸੰਬੰਧੀ

ਜੀਵ ਜੰਤੂਆਂ ਅਤੇ ਪਸ਼ੂਆਂ ਸੰਬੰਧੀ ਵੀ ਬਹੁਤ ਸਾਰੇ ਵਹਿਮ ਭਰਮ ਪਾਏ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਉੱਲੂ ਉਜਾੜ ਮੰਗਦਾ ਹੈ, ਜਿਸ ਕੋਠੇ ਉਤੇ ਦਿਨੇ ਉੱਲੂ ਬੈਠੇ ਉਹ ਘਰ ਵਸਦਾ ਨਹੀਂ ਹੈ। ਸੱਪ ਨੂੰ 'ਸੱਪ' ਨਹੀਂ ਕਹਿਣਾ ਚਾਹੀਦਾ ਸਗੋਂ 'ਕੀੜਾ' ਆਖਣਾ ਚਾਹੀਦਾ ਹੈ। ਇਸ ਨਾਲ ਸੱਪ ਅੰਨ੍ਹਾਂ ਹੋ ਜਾਂਦਾ ਹੈ। ਜੇਕਰ ਸੱਪ ਆਖੀਏ ਤਾਂ ਉਹ ਝੱਟ ਛੁੱਟ ਜਾਂਦਾ ਹੈ। ਸੱਪ ਨੂੰ ਮਾਰ ਕੇ ਆਮ ਦਰਵਾਜ਼ੇ ਰਾਹੀਂ ਬਾਹਰ ਨਹੀਂ ਸੁਟਣਾ ਚਾਹੀਦਾ ਸਗੋਂ ਖਿੜਕੀ ਜਾਂ ਕਿਸੇ ਮੋਰੀ ਰਾਹੀਂ ਬਾਹਰ ਸੁਟਣਾ ਚਾਹੀਦਾ ਹੈ, ਨਹੀਂ ਤਾਂ ਸੱਪ ਦੀ ਪ੍ਰੇਤ-ਆਤਮਾ ਘਰ ਵਿਚ ਹਮੇਸ਼ਾਂ ਦੁੱਖ ਤੇ ਕਲੇਸ਼ ਦੇਂਦੀ ਰਹੇਗੀ। 100 ਸਾਲ ਦੀ ਉਮਰ ਭੋਗਣ ਤੇ ਸੱਪ ਇੱਛਾ ਧਾਰੀ ਬਣ ਜਾਂਦਾ ਹੈ ਅਤੇ ਉਹ ਆਪਣੀ ਇੱਛਾ ਨਾਲ ਕੋਈ ਵੀ ਰੂਪ ਧਾਰਨ ਕਰ ਸਕਦਾ ਹੈ। ਜੇ ਸੱਪ ਉਪਰ ਕਿਸੇ ਗਰਭਵਤੀ ਇਸਤਰੀ ਦਾ ਪਰਛਾਵਾਂ ਪੈ ਜਾਏ ਤਾਂ ਸੱਪ ਦੀ ਤੋਰ ਮੱਠੀ ਹੋ ਜਾਂਦੀ ਹੈ। ਘਰ ਵਿਚ ਨਵਾਂ ਭਾਂਡਾ ਲਿਆਂਦਿਆ ਜਾਵੇ ਤਾਂ ਘੋੜੇ ਨੂੰ ਸੁੰਘਾ ਲਿਆ ਜਾਂਦਾ ਹੈ। ਸੂਰ ਦਾ ਮਾਸ ਖਾਣ ਨਾਲ ਜਾਂ ਸੂਰ ਦੇ ਦੰਦ ਧਾਗੇ ਨਾਲ ਬੰਨ੍ਹ ਕੇ ਗਲੇ ਲਟਕਾਣ ਨਾਲ ਚੰਦਰੀ ਨਜ਼ਰ ਨਹੀਂ ਲੱਗਦੀ ਹੈ। ਜੇ ਕੀੜੀਆਂ ਬਾਹਰੋਂ ਦਾਣੇ ਢੋਅ ਕੇ ਘਰ ਲਿਆਉਣ ਤਾਂ ਘਰ ਵਿਚ ਖੁਸ਼ਹਾਲੀ ਵੱਸਦੀ ਹੈ। ਜੇਕਰ ਬਾਹਰ ਲਿਜਾਣ ਤਾਂ ਵਪਾਰ ਵਿਚ ਘਾਟੇ ਦਾ ਡਰ ਹੈ।

7. ਸਰੀਰਕ ਅੰਗਾਂ ਸੰਬੰਧੀ

ਕੁਝ ਵਹਿਮ ਭਰਮ ਸਰੀਰ ਦੇ ਅੰਗਾਂ ਦੇ ਫਰਕਣ ਨਾਲ ਵੀ ਸੰਬੰਧਿਤ ਹਨ। ਆਦਮੀ ਦੀ ਸੱਜੀ ਅੱਖ ਫਰਕੇ ਤਾਂ ਚੰਗੀ ਅਤੇ ਖੱਬੀ ਫਰਕੇ ਤਾਂ ਮਾੜੀ ਹੁੰਦੀ ਹੈ। ਔਰਤ ਦੀ ਖੱਬੀ ਚੰਗੀ ਅਤੇ ਸੱਜੀ ਮਾੜੀ ਹੁੰਦੀ ਹੈ। ਆਦਮੀ ਦੇ ਸੱਜੇ ਹੱਥ ਵਿਚ ਖਾਰਸ਼ ਹੋਵੇ ਤਾਂ ਧਨ ਦੌਲਤ ਦੀ ਪ੍ਰਾਪਤੀ ਦੀ ਨਿਸ਼ਾਨੀ ਹੈ, ਜੇ ਖੱਬੀ ਤਲੀ ਤੇ ਹੋਵੇ ਤਾਂ ਖਰਚ ਹੋਣ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਔਰਤ ਦੀ ਖੱਬੀ ਤਲੀ ਤੇ ਖਾਰਸ਼ ਹੋਵੇ ਤਾਂ ਚੰਗੀ ਅਤੇ ਸੱਜੀ ਤੇ ਮਾੜੀ, ਪੈਰਾਂ ਵਿਚ ਖਾਰਸ਼ ਹੋਵੇ ਤਾਂ ਸਫ਼ਰ ਕਰਨ ਦੀ ਨਿਸ਼ਾਨੀ ਹੈ।

8. ਨਜ਼ਰ ਸੰਬੰਧੀ

ਮਾੜੀ ਨਜ਼ਰ ਤੋਂ ਲੋਕੀਂ ਬਹੁਤ ਡਰਦੇ ਹਨ। ਕਹਿੰਦੇ ਹਨ ਕਿ ਜੇ ਮਾੜੀ ਨਜ਼ਰ ਪੱਥਰ ਤੇ ਪੈ ਜਾਵੇ ਤਾਂ ਪੱਥਰ ਪਾਟ ਜਾਂਦਾ ਹੈ। ਦੁੱਧ ਅਤੇ ਪੁੱਤ ਦੋਹਾਂ ਨੂੰ ਬੁਰੀ ਨਜ਼ਰ ਤੋਂ ਬਚਾਇਆ ਜਾਂਦਾ ਹੈ। ਦੁੱਧ ਚੋਣ ਤੋਂ ਬਾਅਦ ਬੁਰੀ ਨਜ਼ਰ ਤੋਂ ਬਚਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਢਕ ਲਿਆ ਜਾਂਦਾ ਹੈ। ਸੋਹਣੇ ਬੱਚੇ ਦੇ ਮੱਥੇ ਤੇ ਕਾਲਾ ਟਿੱਕਾ ਲਗਾ ਦਿੱਤਾ ਜਾਂਦਾ ਹੈ। ਨਵਾਂ ਮਕਾਨ ਬਣਾ ਕੇ ਉਸ ਦੇ ਮੋਹਰੇ ਕਾਲੀ ਤੌੜੀ ਟੰਗ ਦਿੱਤੀ ਜਾਂਦੀ ਹੈ। ਨਵਾਂ ਸਕੂਟਰ ਕਾਰ ਖਰੀਦਣ ਤੋਂ ਬਾਅਦ ਉਸ ਤੇ ਕਾਲਾ ਰਿਬਨ ਜਾਂ ਕਾਲੀ ਡੋਰੀ ਬੰਨ੍ਹ ਦਿੱਤੀ ਜਾਂਦੀ ਹੈ। ਤੀਵੀਆਂ ਬਾਹਾਂ ਵਿਚ ਪਾਈਆਂ ਸੋਨੇ ਦੀਆਂ ਚੂੜੀਆਂ ਨਾਲ ਕਾਲਾ ਧਾਗਾ ਬੰਨ੍ਹ ਲੈਂਦੀਆਂ ਹਨ। ਫੁੱਲਕਾਰੀ ਦਾ ਕੋਈ ਇਕ ਫੁੱਲ ਅਧੂਰਾ ਰਹਿਣ ਦਿੱਤਾ ਜਾਂਦਾ ਹੈ ਜਾਂ ਕੁਢੱਬਾ ਕੱਢਿਆ ਜਾਂਦਾ ਹੈ। ਮਾੜੀ ਨਜ਼ਰ ਤੋਂ ਬਚਣ ਲਈ ਬੱਚੇ ਦੇ ਗਲ ਵਿਚ ਨਜ਼ਰ ਬਟੂ ਜਾਂ ਸੂਰ ਦਾ ਦੰਦ ਤਾਂਬੇ ਵਿਚ ਮੜ੍ਹਕੇ ਪਾ ਦਿੱਤਾ ਜਾਂਦਾ ਹੈ। ਜੇ ਕਿਸੇ ਬੱਚੇ ਜਾਂ ਪਸ਼ੂ ਨੂੰ ਬੁਰੀ ਨਜ਼ਰ ਲੱਗ ਜਾਵੇ ਤਾਂ ਉਸ ਦੇ ਮੱਥੇ ਨਾਲ ਸੱਤ ਸੁਕੀਆਂ ਮਿਰਚਾਂ ਛੁਹਾਕੇ ਅੱਗ ਵਿਚ ਸੁੱਟ ਦਿੱਤੀਆਂ ਜਾਂਦੀਆਂ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇ ਧੂੰਆਂ ਅੱਖਾਂ ਨੂੰ ਕੌੜਾ ਨਾ ਲੱਗੇ ਤਾਂ ਸਮਝਿਆ ਜਾਂਦਾ ਹੈ ਕਿ ਉਸ ਨੂੰ ਭੈੜੀ ਨਜ਼ਰ ਲੱਗੀ ਹੋਈ ਹੈ। ਜਿਸ ਵਿਅਕਤੀ ਦੀ ਨਜ਼ਰ ਲੱਗੀ ਹੋਵੇ ਉਸ ਦੇ ਪੈਰਾਂ ਦੀ ਮਿੱਟੀ ਚੁੱਕ ਕੇ ਅੱਗ ਵਿਚ ਸੁੱਟਣ ਨਾਲ ਨਜ਼ਰ ਦਾ ਭੈੜਾ ਅਸਰ ਹਟ ਜਾਂਦਾ ਹੈ। ਹਰ ਪਿੰਡ ਜਾਂ ਸ਼ਹਿਰ ਵਿਚ ਕੁਝ ਅਜੇਹੇ ਮਰਦ ਅਤੇ ਔਰਤਾਂ ਹੁੰਦੀਆਂ ਹਨ ਜਿਨ੍ਹਾਂ ਦੀ ਨਜ਼ਰ ਲੱਗਣ ਤੋਂ ਲੋਕੀਂ ਆਪਣੇ ਦੁੱਧ, ਪੁੱਤ ਅਤੇ ਹੋਰ ਚੀਜ਼ਾਂ ਨੂੰ ਬਚਾ ਕੇ ਰੱਖਣ ਦਾ ਜਤਨ ਕਰਦੇ ਹਨ।

9. ਅੰਕਾਂ ਸੰਬੰਧੀ

ਅੰਕਾਂ ਦੇ ਚੰਗੇ ਮਾੜੇ ਸੰਬੰਧੀ ਵੀ ਵਹਿਮ ਭਰਮ ਪਾਏ ਜਾਂਦੇ ਹਨ। ਪੰਜਾਬ ਵਿਚ 5, 7, 11, 12 ਅੰਕਾਂ ਦੇ ਰਹੱਸਮਈ ਪ੍ਰਭਾਵ ਮੰਨੇ ਜਾਂਦੇ ਹਨ। ਜਿਵੇਂ ਪੰਜਾਂ ਵਿਚ ਪਰਮੇਸ਼ਰ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇਕਰ ਕਿਸੇ ਔਰਤ ਨੂੰ ਅਠਰਾਹ ਦੀ ਬੀਮਾਰੀ ਹੋ ਜਾਵੇ ਅਤੇ ਉਹ ਪੰਜਾਂ ਖੂਹਾਂ ਦਾ ਪਾਣੀ ਮੰਤਰ ਕੇ ਪੀਵੇ ਤਾਂ ਬੀਮਾਰੀ ਦੂਰ ਹੋ ਸਕਦੀ ਹੈ। ਜੇਕਰ ਕੋਈ ਬਾਂਝ ਇਸਤਰੀ ਸੱਤ ਪ੍ਰਕਾਰ ਦੇ ਅਨਾਜ ਆਪਣੀ ਚੁੰਨੀ ਨਾਲ ਚਾਲੀ ਦਿਨ ਬੰਨ੍ਹ ਕੇ ਰੱਖੇ ਤਾਂ ਉਸ ਦੇ ਘਰ ਉਲਾਦ ਹੋ ਸਕਦੀ ਹੈ। ਇਸੇ ਤਰ੍ਹਾਂ ਕੁਝ ਅੰਕਾਂ ਦੇ ਮਾੜੇ ਹੋਣ ਬਾਰੇ ਵੀ ਵਹਿਮ ਭਰਮ ਹਨ। ਤਿੰਨ ਨੂੰ ਮਾੜਾ ਗਿਣਿਆ ਗਿਆ ਹੈ। ''ਤੀਜਾ ਰਲਿਆ ਤੇ ਘਰ ਗਲਿਆ'' ਬੜਾ ਮਸ਼ਹੂਰ ਹੈ। ਪੱਛਮੀ ਦੇਸ਼ਾਂ ਵਿਚ ਤੇਰ੍ਹਾਂ ਅੰਕਾਂ ਨੂੰ ਮਾੜਾ ਸਮਝਿਆ ਜਾਂਦਾ ਹੈ। ਪੰਜਾਬ ਵਿਚ ਚੰਡੀਗੜ੍ਹ ਬਨਾਉਣ ਵਾਲਾ ਨਕਸ਼ਾ ਨਵੀਸ ਯੂਰਪ ਦਾ ਸੀ, ਸ਼ਾਇਦ ਇਸੇ ਕਾਰਨ ਚੰਡੀਗੜ੍ਹ ਵਿਚ 13 ਸੈਕਟਰ ਨਹੀਂ ਹੈ। ਪੰਜਾਬ ਵਿਚ ਤੇਰਾਂ ਅੰਕ ਚੰਗਾ ਮੰਨਿਆਂ ਜਾਂਦਾ ਹੈ ਤੇ ਬਾਬੇ ਨਾਨਕ ਦੀ ਤੇਰਾਂ ਦੀ ਧਾਰਨਾ ਨਾਲ ਜੋੜਿਆ ਜਾਂਦਾ ਹੈ।

10. ਬਦ ਰੂਹਾਂ ਸੰਬੰਧੀ

ਬਦ ਰੂਹਾਂ ਦੀ ਹੋਂਦ ਸੰਬੰਧੀ ਵੀ ਬਹੁਤ ਸਾਰੇ ਵਹਿਮ ਭਰਮ ਅਤੇ ਵਿਸ਼ਵਾਸ ਪਾਏ ਜਾਂਦੇ ਹਨ। ਲੋਕੀਂ ਡੈਣ, ਭੂਤ, ਜਿੰਨ, ਛਲੇਡਾ, ਚੁੜੈਲ ਆਦਿ ਬਦਰੂਹਾਂ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ। ਡੈਣ ਬਾਰੇ ਲੋਕਾਂ ਦੀ ਇਹ ਧਾਰਨਾ ਹੈ ਕਿ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਉਂਦੀ ਜਾਦੂਗਰਨੀ ਹੈ ਜੋ ਬੱਚਿਆਂ ਦਾ ਕਲੇਜਾ ਕੱਢ ਕੇ ਖਾ ਜਾਂਦੀ ਹੈ। ਡੈਣ ਸੰਬੰਧੀ ਇਹ ਵਿਸ਼ਵਾਸ ਵੀ ਪ੍ਰਚਲਿਤ ਹੈ ਕਿ ਕਿਸੇ ਕਾਰਨ ਜੇਕਰ ਉਸਦਾ ਜ਼ੋਰ ਕਿਸੇ ਦੂਸਰੇ ਵਿਅਕਤੀ ਉਪਰ ਨਾ ਚਲਦਾ ਹੋਵੇ ਤਾਂ ਉਹ ਆਪਣੇ ਹਮਲੇ ਦਾ ਸ਼ਿਕਾਰ ਆਪਣੇ ਨਜ਼ਦੀਕੀ ਰਿਸ਼ਤੇਦਾਰ ਜਾਂ ਖੁਦ ਆਪਣੇ ਬੱਚੇ ਨੂੰ ਵੀ ਬਣਾ ਲੈਂਦੀ ਹੈ। ਜੇਕਰ ਕੋਈ ਗਰਭਵਤੀ ਇਸਤਰੀ ਮਰ ਜਾਵੇ ਤਾਂ ਉਹ ਚੁੜੈਲ ਬਣ ਜਾਂਦੀ ਹੈ। ਛਲੇਡਾ ਵੀ ਇਕ ਸ਼ਕਤੀ ਸ਼ਾਲੀ ਬਦਰੂਹ ਸਮਝੀ ਜਾਂਦੀ ਹੈ। ਇਹ ਕੁਆਰੇ ਮਰੇ ਹੋਏ ਲੜਕੇ ਦੀ ਰੂਹ ਸਮਝੀ ਜਾਂਦੀ ਹੈ। ਲੋਕ ਵਿਸ਼ਵਾਸ ਹੈ ਕਿ ਇਹ ਆਪਣਾ ਰੂਪ ਬਦਲਕੇ ਲੋਕਾਂ ਨੂੰ ਦੁਖੀ ਕਰਦਾ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਾਤ ਨੂੰ ਜੇਕਰ ਕੋਈ ਵਿਅਕਤੀ ਉਸ ਥਾਂ ਚਲਾ ਜਾਵੇ ਜਿਥੇ ਛਲੇਡਾ ਰਹਿੰਦਾ ਹੋਵੇ ਤਾਂ ਉਹ ਆਪਣੇ ਸ਼ਿਕਾਰ ਨੂੰ ਗੋਤੇ ਦੇ ਕੇ ਮਾਰਦਾ ਹੈ। ਕੋਈ ਵਿਅਕਤੀ ਅਚਾਨਕ ਦੁਰਘਟਨਾ ਵਿਚ ਮਾਰਿਆ ਜਾਵੇ ਜਾਂ ਖੁਦਕਸ਼ੀ ਕਰ ਲਵੇ ਉਹ ਭੂਤ ਬਣ ਜਾਂਦਾ ਹੈ। ਸੋਕੜੇ ਨਾਲ ਮਰੇ ਬੱਚੇ ਦੀ ਰੂਹ ਜੇਕਰ ਤੰਦਰੁਸਤ ਬੱਚੇ ਦੇ ਸਰੀਰ ਵਿਚ ਪ੍ਰਵੇਸ਼ ਕਰ ਜਾਵੇ ਤਾਂ ਉਸ ਬੱਚੇ ਨੂੰ ਸੋਕੜਾ ਹੋ ਜਾਂਦਾ ਹੈ। ਬਦਰੂਹਾਂ ਤੋਂ ਬਚਣ ਦਾ ਇਲਾਜ ਕੋਈ ਸਿਆਣਾ ਜਾਂ ਚੇਲਾ ਕਰਦਾ ਹੈ।

11. ਨਿੱਛ ਸੰਬੰਧੀ

ਜੇਕਰ ਕਿਸੇ ਕੰਮ ਨੂੰ ਕਰਨ ਲੱਗੇ ਨਿੱਛ ਪੈ ਜਾਵੇ ਤਾਂ ਕੰਮ ਨਾ ਪੂਰਾ ਹੋਣ ਦੀ ਨਿਸ਼ਾਨੀ ਹੈ। ਜੇਕਰ ਕਿਧਰੇ ਜਾਣਾ ਹੋਵੇ ਅਤੇ ਸਾਹਮਣੇ ਤੋਂ ਕੋਈ ਵਿਅਕਤੀ ਨਿੱਛ ਮਾਰ ਦੇਵੇ ਤਾਂ ਕੰਮ ਪੂਰਾ ਨਹੀਂ ਹੁੰਦਾ ਹੈ। ਪਰ ਜੇਕਰ ਦੋ ਨਿੱਛਾਂ ਲਗਾਤਾਰ ਪੈ ਜਾਣ ਤਾਂ ਕੰਮ ਹੋਣ ਦੀ ਨਿਸ਼ਾਨੀ ਹੈ। ਜੇਕਰ ਕਿਸੇ ਬੰਦੇ ਦੀ ਪਿੱਠ ਪਿਛੋਂ ਨਿੱਛ ਪਏ ਤਾਂ ਵੀ ਚੰਗੀ ਸਮਝੀ ਜਾਂਦੀ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਵਹਿਮ ਭਰਮ ਤੇ ਵਿਸ਼ਵਾਸ ਸਾਡੇ ਲੋਕ ਜੀਵਨ ਵਿਚ ਕਿੰਨੀ ਤਰ੍ਹਾਂ ਸਮਾਏ ਹੋਏ ਹਨ। ਸਾਡਾ ਕੋਈ ਕੰਮ ਕਾਰ ਇਨ੍ਹਾਂ ਦੇ ਪ੍ਰਭਾਵ ਤੋਂ ਅਭਿੱਜ ਨਹੀਂ। ਇਸੇ ਤਰ੍ਹਾਂ ਦੇ ਬਹੁਤ ਸਾਰੇ ਵਹਿਮ ਭਰਮ ਹੋਰ ਅਨੇਕਾਂ ਹਨ। ਜਿਉਂ ਜਿਉਂ ਲੋਕਾਂ ਦਾ ਗਿਆਨ ਵਧ ਰਿਹਾ ਹੈ, ਉਸ ਨਾਲ ਹੀ ਵਹਿਮਾਂ ਭਰਮਾਂ ਦੀ ਜਕੜ ਘੱਟ ਹੋ ਰਹੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਅਨਪੜ੍ਹ ਲੋਕੀਂ ਹੀ ਇਨ੍ਹਾਂ ਦੀ ਜਕੜ ਵਿਚ ਜਕੜੇ ਹੋਏ ਹਨ, ਪਰ ਪੜ੍ਹੇ ਲਿਖੇ ਲੋਕੀਂ ਵੀ ਇਨ੍ਹਾਂ ਵਿਚ ਉਸੇ ਤਰ੍ਹਾਂ ਸਾਂਝੀਦਾਰ ਹਨ ਭਾਵੇਂ ਘੱਟ। ਲੋਕ ਵਿਸ਼ਵਾਸ ਨਿਰੇ ਵਹਿਮ ਹੀ ਨਹੀਂ ਸਗੋਂ ਕਿਧਰੇ ਕਿਧਰੇ ਇਨ੍ਹਾਂ ਦਾ ਵਿਗਿਆਨਕ ਆਧਾਰ ਵੀ ਹੈ। ਵਿਸ਼ਿਸ਼ਟ ਧਰਮ ਵਾਲੇ ਭਾਵੇਂ ਇਨ੍ਹਾਂ ਨੂੰ ਫੋਕੇ ਵਹਿਮ ਹੀ ਆਖਣ, ਪਰ ਉਹ ਵੀ ਕਿਸੇ ਨਾ ਕਿਸੇ ਤਰ੍ਹਾਂ ਇਨ੍ਹਾਂ ਦੇ ਪ੍ਰਭਾਵ ਨੂੰ ਕਬੂਲਦੇ ਹਨ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਜਾਦੂ ਟੂਣੇ

ਸ਼ੁਰੂ ਤੋਂ ਹੀ ਮਨੁੱਖ ਵਿਚ ਕੁਦਰਤੀ ਸ਼ਕਤੀਆਂ ਉਪਰ ਕਾਬੂ ਪਾਉਣ ਤੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਆਪਣੀ ਇੱਛਾ ਮੁਤਾਬਕ ਕਰਨ ਦੀ ਬੜੀ ਪ੍ਰਬਲ ਇੱਛਾ ਰਹੀ ਹੈ। ਮਨੁੱਖ ਦਾ ਇਹ ਵਿਸ਼ਵਾਸ ਬਣ ਗਿਆ ਹੈ ਕਿ ਉਹ ਜਾਦੂ ਟੂਣੇ, ਮੰਤਰ ਜੰਤਰ ਨਾਲ ਅਸੰਭਵ ਕੰਮਾਂ ਨੂੰ ਸੰਭਵ ਬਣਾ ਸਕਦਾ ਹੈ। ਉਸ ਦੇ ਇਸ ਵਿਸ਼ਵਾਸ ਨਾਲ ਹੀ ਜਾਦੂ ਟੂਣੇ ਦਾ ਜਨਮ ਹੋਇਆ। ਵਣਜਾਰਾ ਬੇਦੀ ਅਨੁਸਾਰ ਜਾਦੂ ਇਕ ਕਲਾ ਹੈ, ਜੋ ਦੋ ਗੱਲਾਂ ਮਿਥ ਕੇ ਤੁਰਦੀ ਹੈ। ਇਕ ਇਹ ਕਿ ਪ੍ਰਾਕ੍ਰਿਤੀ ਵਿਚ ਹਰੇਕ ਕਾਰਨ ਕਿਸੇ ਕਾਰਜ ਨੂੰ ਜਨਮ ਦੇਂਦਾ ਹੈ ਤੇ ਇਕ ਘਟਨਾ ਪਿਛੋਂ ਦੂਜੀ ਘਟਨਾ ਬਿਨਾਂ ਕਿਸੇ ਦੈਵੀ ਜਾਂ ਅਧਿਆਤਮਕ ਸ਼ਕਤੀ ਦੇ ਦਖਲ ਦੇ ਆਪਣੇ ਆਪ ਸਹਿਜ ਰੂਪ ਵਿਚ ਹੀ ਵਾਪਰਦੀ ਹੈ। ਇਸ ਲਈ ਜੇ ਮੰਤਰਾਂ, ਕਰਮ ਕਾਂਡਾਂ ਤੇ ਰੀਤਾਂ ਨਾਲ, ਉਹ ਵਸਤੂ ਜਾਂ ਸਥਿਤੀ ਉਤੇ ਕਾਬੂ ਪਾ ਲੈਣ ਦਾ ਭਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਸੱਚ ਮੁੱਚ ਹੀ ਵੱਸ ਵਿਚ ਹੋ ਜਾਂਦੀ ਹੈ।[4] ਜਾਦੂ ਟੂਣੇ ਲੋਕ ਚਕਿਤਸਾ ਦੀ ਇਕ ਸ਼ਾਖ ਹਨ। ਗੁਰਮੀਤ ਸਿੰਘ ਅਨੁਸਾਰ ਚਕਿਤਸਾ ਦੀ ਦ੍ਰਿਸ਼ਟੀ ਤੋਂ ਜਾਦੂ ਦੇ ਖੇਤਰ ਵਿਚ ਕੇਵਲ ਜੜ੍ਹੀ ਬੂਟੀਆਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦੀ ਵਰਤੋਂ ਪਿਛੇ ਕੋਈ ਲੋਕ ਵਿਸ਼ਵਾਸ ਜਾਂ ਧਾਰਮਿਕ ਰੂੜ੍ਹੀ ਮੌਜੂਦ ਹੋਵੇ।[5]

ਜਾਦੂ ਟੂਣੇ ਦੇ ਮਾਹਰ ਵਿਅਕਤੀ ਨੂੰ ਸਿਆਣਾ ਜਾਂ ਚੇਲਾ ਆਖਿਆ ਜਾਂਦਾ ਹੈ। ਧਰਮ ਅਤੇ ਜਾਦੂ ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਬਹੁਤ ਸਾਰੇ ਮੰਤਰਾਂ ਵਿਚ ਗੁਰੂ ਪੀਰਾਂ ਦੇ ਨਾਮ ਸ਼ਾਮਲ ਹੁੰਦੇ ਹਨ। ਵਣਜਾਰਾ ਬੇਦੀ ਅਨੁਸਾਰ, ''ਮਨੁੱਖ ਜਾਤੀ ਦੇ ਮਾਨਸਕ ਵਿਕਾਸ ਵਿਚ, ਜਾਦੂ ਤੇ ਧਰਮ ਦੋਵੇਂ ਦੋ ਮਹੱਤਵਪੂਰਨ ਪੜਾਅ ਰਹੇ ਹਨ। ਜਾਦੂ-ਟੂਣਾ ਧਰਮ ਦੇ ਹੇਠਲੇ ਰਦੇ ਹਨ। ਧਰਮ ਦੇ ਕਈ ਅੰਕੁਰ ਜਾਦੂ ਟੂਣੇ ਵਿਚੋਂ ਹੀ ਫੁਟੇ ਹਨ। ਸਾਰੇ ਮਾਨਵ ਵਿਗਿਆਨੀ ਜਾਦੂ ਧਰਮ ਦੀ ਪਉੜੀ ਮੰਨਦੇ ਹਨ।''[6] ਪਰ ਜਾਦੂ ਦੀਆਂ ਅਨੇਕਾਂ ਰਸਮਾਂ ਧਰਮ ਦੀ ਸ਼ਮੂਲੀਅਤ ਤੋਂ ਬਿਨਾਂ ਵੀ ਕੀਤੀਆਂ ਜਾਂਦੀਆਂ ਹਨ। ਪਰ ਪੰਜਾਬੀ ਸਭਿਆਚਾਰ ਅਨੁਸਾਰ ਇਨ੍ਹਾਂ ਦਾ ਨਿਖੇੜਾ ਕਰਨਾ ਮੁਸ਼ਕਲ ਹੈ।

ਜਾਦੂ ਟੂਣੇ ਵਿਚ ਮੰਤਰ ਜੰਤਰ ਤੇ ਤਵੀਤ ਦੀ ਖਾਸ ਮਹੱਤਾ ਹੈ:

ਮੰਤਰ

ਮੰਤਰ ਬਿਮਾਰੀ ਹਟਾਉਣ ਅਤੇ ਲਾਹੁਣ ਦੋਵਾਂ ਵਾਸਤੇ ਵਰਤਿਆ ਜਾਂਦਾ ਹੈ। ਇਸ ਨਾਲ ਅਨੇਕਾਂ ਬਿਮਾਰੀਆਂ ਦਾ ਇਲਾਜ ਕੀਤਾ ਜਾਂਦਾ ਹੈ। ਸੱਪ ਡੇਹਮੂ, ਠੂਆਂ ਆਦਿ ਦੇ ਕੱਟੇ ਦਾ ਇਲਾਜ ਕੀਤਾ ਜਾਂਦਾ ਹੈ। ਅੱਜ ਕਲ੍ਹ ਵੀ ਵਧੇਰੇ ਲੋਕੀਂ ਝਾੜ ਫੂਕ ਕਰਵਾਉਂਦੇ ਹਨ। ਅਜੇਹੇ ਸਮੇਂ ਤੇ ਅਜੇਹੇ ਮੰਤਰ ਫੂਕਣ ਵਾਲੇ ਮਾਂਦਰੀ ਹੁੰਦੇ ਹਨ। ਵਣਜਾਰਾ ਬੇਦੀ ਅਨੁਸਾਰ, ''ਮੰਤਰ ਸ਼ਬਦਾਂ ਦਾ ਸੂਤ੍ਰਕ ਸਮੂਹ ਹੁੰਦਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਦੇ ਉਚਾਰਨ ਨਾਲ ਸੁਤੇ ਸਿੱਧ ਕਿਸੇ ਮੰਤਵ ਦੀ ਸਿਧੀ ਹੋ ਜਾਂਦੀ ਮੰਨੀ ਜਾਂਦੀ ਹੈ।"[7] ਮੰਤਰਾਂ ਵਿਚ ਸ਼ਬਦਾਂ ਦੇ ਅਰਥ ਇੰਨਾ ਮਹੱਤਵ ਨਹੀਂ ਰੱਖਦੇ ਜਿਤਨੀ ਉਨ੍ਹਾਂ ਸ਼ਬਦਾਂ ਵਿਚ ਸਿੱਧ ਕੀਤੀ ਸ਼ਕਤੀ। ਮੰਤਰ ਅਰਦਾਸ ਨਹੀਂ ਹੁੰਦੇ ਹਨ। ਇਨ੍ਹਾਂ ਵਿਚ ਸਹਿਜ ਸੁਭਾ ਮੰਤਵ ਸਿਧੀ ਦੀ ਸ਼ਕਤੀ ਹੁੰਦੀ ਹੈ। ਗੁਰਮੀਤ ਸਿੰਘ ਅਨੁਸਾਰ ਮੰਤਰ ਸਿਧਾਂਤ ਦਾ ਆਧਾਰ ਇਹ ਮੰਨਿਆ ਜਾਂਦਾ ਹੈ ਕਿ ਪ੍ਰਾਕਿਰਤੀ ਦੀ ਹਰੇਕ ਵਸਤੂ ਦੀ ਆਪਣੀ ਇਕ ਧੁਨੀ ਹੁੰਦੀ ਹੈ। ਇਹ ਧੁਨੀ ਸੰਬੰਧਿਤ ਵਸਤੂ ਦਾ ਪ੍ਰਾਕਿਰਤਕ ਨਾਮ ਹੁੰਦੀ ਹੈ ਅਤੇ ਧੁਨੀ ਵਿਚਕਾਰ ਇੱਕ ਰਹੱਸਾਤਮਕ ਸੰਬੰਧ ਹੁੰਦਾ ਹੈ, ਜਦੋਂ ਅਸੀਂ ਇਸ ਪ੍ਰਾਕਿਰਤਕ ਨਾਮ ਨੂੰ ਦੁਹਰਾਉਂਦੇ ਹਾਂ ਤਾਂ ਵਸਤੂ ਪ੍ਰਭਾਵਿਤ ਹੁੰਦੀ ਹੈ।[8]

ਜੰਤਰ

ਜੰਤਰ ਮੰਤਰ ਨਾਲੋਂ ਵੱਖਰੀ ਚੀਜ਼ ਹੁੰਦੀ ਹੈ। ਮੰਤਰ ਦਾ ਪ੍ਰਭਾਵ ਉਸਦੀ ਸ਼ਬਦ ਸ਼ਕਤੀ ਕਾਰਨ ਹੁੰਦਾ ਹੈ। ਜੰਤਰ ਕਾਗਜ਼ ਦੇ ਟੁਕੜੇ ਉਪਰ ਲਿਖਿਆ ਹੁੰਦਾ ਹੈ, ਇਸ ਦਾ ਅਸਰ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਇਹ ਸਰੀਰ ਦੇ ਕਿਸੇ ਅੰਗ ਨਾਲ ਬੰਨ੍ਹਿਆ ਜਾਵੇ ਜਾਂ ਕਿਸੇ ਵਿਅਕਤੀ ਨੂੰ ਘੋਲ ਕੇ ਪਿਲਾਇਆ ਜਾਵੇ। ਕਈ ਜੰਤਰਾਂ ਵਿਚ ਅੰਕੜੇ ਹੁੰਦੇ ਹਨ ਜੋ ਕਿਸੇ ਸ਼ਕਤੀ ਦੇ ਚਿੰਨ੍ਹ ਹੁੰਦੇ ਹਨ। ਮੁਸਲਮਾਨ ਜੰਤਰ ਨੂੰ ਤਵੀਤ ਆਖਦੇ ਹਨ। ਮੰਤਰ ਦਾ ਵਿਸ਼ਾਲ ਵਿਸ਼ੈ ਖੇਤਰ ਹੈ। ਸੋ ਇਨ੍ਹਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ।

1. ਪਰਮਾਰਥਕ ਮੰਤਰ

ਇਹ ਵਿਆਹ, ਹਵਨ, ਯੱਗ, ਆਦਿ ਸਮੇਂ ਵਰਤੇ ਮੰਤਰ ਪਰਮਾਰਥਕ ਹੁੰਦੇ ਹਨ। ਵੱਖ ਵੱਖ ਵਿਸ਼ਿਸ਼ਟ ਧਰਮ ਦੇ ਲੋਕ ਜਦੋਂ ਆਪਣੇ ਅਨੁਆਈਆਂ ਨੂੰ ਸ਼ਬਦ ਜਾਪ ਦਸਦੇ ਹਨ, ਉਹ ਵੀ ਪਰਮਾਰਥਕ ਮੰਤਰ ਹੁੰਦੇ ਹਨ।

2. ਲੋਕ ਮੰਤਰ

ਲੋਕ ਮੰਤਰ ਭੂਤਾਂ ਪਰੇਤਾਂ ਦਾ ਛਾਇਆ ਉਤਾਰਨ ਲਈ, ਕਿਸੇ ਨੂੰ ਵੱਸ ਕਰਨ ਲਈ ਹੁੰਦਾ ਹੈ।

ਜਾਦੂ ਟੂਣੇ

ਇਹ ਮੰਤਰਾਂ ਨਾਲੋਂ ਭਿੰਨ ਹੁੰਦੇ ਹਨ। ਮੰਤਰਾਂ ਵਿਚ ਸ਼ਬਦ ਦੀ ਸ਼ਕਤੀ ਦਾ ਆਸਰਾ ਲਿਆ ਜਾਂਦਾ ਹੈ। ਟੂਣੇ ਵਿਚ ਕਰਮਕਾਂਡ ਦਾ। ਵਣਜਾਰਾ ਬੇਦੀ[9] ਨੇ ਜਾਦੂ ਟੂਣੇ ਨੂੰ ਛੇ ਰੂਪਾਂ ਵਿਚ ਵੰਡਿਆ ਹੈ:

1. ਭੁਲਾਵਾਂ ਜਾਦੂ

ਇਹ ਨਕਲ ਦੀ ਵਿਧੀ ਤੇ ਆਧਾਰਿਤ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਜੇ ਕੋਈ ਬਾਂਝ ਇਸਤਰੀ ਚਾਹੁੰਦੀ ਹੈ ਕਿ ਉਸ ਦੇ ਕੋਈ ਬੱਚਾ ਹੋਵੇ ਤਾਂ ਉਹ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਤਰਾਂ ਦਾ ਜਾਪ ਕਰਦੀ ਹੋਈ ਕਪੜੇ ਦਾ ਇਕ ਗੁੱਡਾ ਬਣਾ ਕੇ ਉਸ ਨੂੰ ਅਸਲੀ ਬੱਚੇ ਵਾਂਗ ਖਿਡਾਵੇ ਅਤੇ ਦੁੱਧ ਪਿਲਾਵੇ ਤੇ ਲੋਰੀਆਂ ਦੇਵੇ। ਇਸ ਤਰ੍ਹਾਂ ਉਸ ਦੇ ਘਰ ਬੱਚਾ ਪੈਦਾ ਹੋਵੇਗਾ। ਜੇ ਮੀਂਹ ਚਾਹੀਦਾ ਹੋਵੇ ਤਾਂ ਬਦਲਾਂ ਦੇ ਗਰਜਣ ਵਰਗੀ ਆਵਾਜ਼ ਪੈਦਾ ਕਰੋ, ਇਕ ਦੂਜੇ ਉਪਰ ਪਾਣੀ ਸੁਟੇ ਤਾਂ ਮੀਂਹ ਪੈ ਜਾਵੇਗਾ।

2. ਲਾਗਵਾਂ ਜਾਦੂ

ਜਿਸ ਚੀਜ਼ ਦਾ ਇਕ ਵਾਰ ਕਿਸੇ ਵਿਅਕਤੀ ਨਾਲ ਸੰਬੰਧ ਰਿਹਾ ਹੋਵੇ; ਉਹ ਸਰੀਰਕ ਤੌਰ ਤੇ ਉਸ ਵਿਅਕਤੀ ਨਾਲੋਂ ਵੱਖ ਹੋ ਜਾਵੇ ਤਾ ਵੀ ਉਸ ਦਾ ਮੂਲ ਨਾਲ ਗੁਪਤ ਸੰਬੰਧ ਰਹਿੰਦਾ ਹੈ। ਜਿਵੇਂ ਨਹੁੰ ਜਾਂ ਸਿਰ ਦੇ ਵਾਲ ਕੱਟ ਦਿੱਤੇ ਜਾਣ ਤਾਂ ਵੀ ਇਨ੍ਹਾਂ ਦਾ ਸੰਬੰਧ ਮੂਲ ਵਿਅਕਤੀ ਨਾਲ ਰਹਿੰਦਾ ਹੈ। ਇਨ੍ਹਾਂ ਚੀਜ਼ਾਂ ਉਤੇ ਜੇ ਜਾਦੂ ਕੀਤਾ ਜਾਵੇ ਤਾਂ ਲਾਗਵਾਂ ਜਾਦੂ ਹੈ।

3. ਅਭਾਵਾਤਮਕ ਜਾਦੂ

ਇਸ ਦੀ ਵਰਤੋਂ ਕਿਸੇ ਦਾ ਪ੍ਰਭਾਵ ਖ਼ਤਮ ਕਰਨ ਲਈ ਕੀਤੀ ਜਾਂਦੀ ਹੈ। ਇਸ ਉਦੇਸ਼ ਲਈ ਜੰਤਰ ਦੀ ਵਰਤੋਂ ਕੀਤੀ ਜਾਂਦੀ ਹੈ।

4. ਭਾਵਾਤਮਕ ਜਾਦੂ

ਇਸ ਦੀ ਵਰਤੋਂ ਕਿਸੇ ਵਿਅਕਤੀ ਨੂੰ ਆਪਣੇ ਵੱਸ ਕਰਨ ਲਈ ਕੀਤੀ ਜਾਂਦੀ ਹੈ। ਇਸ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਕਿਸੇ ਦੇ ਸਿਰ ਵਿਚ ਕੁਝ ਪਾ ਕੇ ਜਾਂ ਉਸ ਨੂੰ ਮੰਤਰ ਖਵਾ ਕੇ ਕੀਤੀ ਜਾਂਦੀ ਹੈ। ਇਸਤਰੀਆਂ ਆਪਣੇ ਪਤੀ ਨੂੰ ਵੱਸ ਕਰਨ ਲਈ ਅਜੇਹੇ ਜਾਦੂ ਦੀ ਵਧੇਰੇ ਵਰਤੋਂ ਕਰਦੀਆਂ ਹਨ।

5. ਚਿੱਟਾ ਜਾਦੂ

ਇਸ ਦਾ ਉਦੇਸ਼ ਭਲਾਈ ਕਰਨਾ ਹੁੰਦਾ ਹੈ। ਜਿਵੇਂ ਪਸ਼ੂਆਂ ਦੀਆਂ ਬਿਮਾਰੀਆਂ ਨੂੰ ਰੋਕਣਾ ਜਾਂ ਗੜੇ ਮਾਰ ਤੋਂ ਜਾਂ ਟਿੱਡੀ ਦਲ ਤੋਂ ਫ਼ਸਲਾਂ ਆਦਿ ਨੂੰ ਬਚਾਉਣ ਲਈ ਕੀਤਾ ਜਾਂਦਾ ਹੈ।

6. ਕਾਲਾ ਜਾਦੂ

ਕਿਸੇ ਦਾ ਜਾਨੀ ਮਾਲੀ ਨੁਕਸਾਨ ਕਰਨ ਲਈ ਕਾਲੇ ਜਾਦੂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਭ ਤੋਂ ਭੈੜਾ ਜਾਦੂ ਗਿਣਿਆ ਜਾਂਦਾ ਹੈ।

ਉਪਰੋਕਤ ਜਾਦੂ ਟੂਣੇ ਸਿਆਣੇ ਜਾਂ ਚੇਲੇ ਕਰਦੇ ਹਨ। ਕਈ ਟੂਣੇ ਵੱਖੋ ਵੱਖਰੀਆਂ ਬਿਮਾਰੀਆਂ ਨੂੰ ਦੂਰ ਕਰਨ ਲਈ ਕੀਤੇ ਜਾਂਦੇ ਹਨ। ਜਿਵੇਂ ਵਾਰੀ ਦਾ ਤਾਪ ਉਤਾਰਨ ਲਈ ਜਾਂ ਬਵਾਸੀਰ ਦਾ ਰੋਗ ਹਟਾਉਣ ਲਈ ਕੀਤੇ ਜਾਂਦੇ ਹਨ। ਭਾਵੇਂ ਲੋਕਾਂ ਵਿਚ ਵਿਦਿਆ ਦਾ ਪਾਸਾਰ ਹੋ ਚੁੱਕਾ ਹੈ। ਪਰ ਫਿਰ ਵੀ ਲੋਕੀਂ ਅਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਦੂ ਟੂਣੇ ਕਰਦੇ ਹਨ। ਇਹ ਸਾਡੇ ਸਭਿਆਚਾਰ ਵਿਚ ਉਸੇ ਤਰ੍ਹਾਂ ਵਿਚਰ ਰਹੇ ਹਨ। ਪਰ ਸਾਇੰਸ ਦੇ ਵਧਣ ਨਾਲ ਇਨ੍ਹਾਂ ਜਾਦੂ ਟੂਣਿਆਂ ਨੂੰ ਨਿਰਾਰਥਕ ਗਿਣਿਆਂ ਜਾਣ ਲੱਗ ਪਿਆ ਹੈ।

(ਏ) ਸ਼ਗਨ ਅਪਸ਼ਗਨ

ਸ਼ੁਭ ਅਤੇ ਮੰਦੇ ਕੰਮ ਨੂੰ ਸ਼ਗਨ ਅਪਸ਼ਗਨ ਕਿਹਾ ਜਾਂਦਾ ਹੈ। ਸ਼ਗਨ 'ਸ਼ਕੁਨ' ਦਾ ਪੰਜਾਬੀ ਰੂਪ ਹੈ, ਜਿਸ ਦੇ ਅਰਥ ਪੰਛੀ ਹਨ।[10] ਪੁਰਾਣੇ ਸਮੇਂ ਵਿਚ ਪੰਛੀਆਂ ਦੀ ਬੋਲ ਚਾਲ ਤੋਂ ਭਲੇ ਬੁਰੇ ਨਤੀਜਿਆਂ ਦਾ ਅਨੁਮਾਨ ਲਗਾ ਲਿਆ ਜਾਂਦਾ ਸੀ। ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ, ''ਲੋਕਾਂ ਦੀ ਰਹਿਣੀ ਬਹਿਣੀ ਜਨੌਰਾਂ ਤੋਂ ਦੂਰ ਨਹੀਂ ਸੀ ਹੁੰਦੀ। ਮਨੁੱਖ ਸਭ ਤੋਂ ਪਹਿਲਾਂ ਕੁੱਤੇ ਦਾ ਸਾਥੀ ਬਣਿਆ। ਤੇਜ਼ ਵੀ ਚੋਖਾ ਤੇ ਖ਼ਤਰਨਾਕ ਵੀ ਨਹੀਂ, ਇਸ ਦੀ ਕਦਰ ਖਾਸ ਕਰਕੇ ਇਸ ਲਈ ਵੀ ਕੀਤੀ ਜਾਂਦੀ ਸੀ ਕਿ ਇਹ ਭੈਰੋਂ ਦਾ ਵਾਹਨ ਸੀ, ਖਾਸ ਕਰਕੇ ਕਾਲਾ ਕੁੱਤਾ। ਇਸੇ ਲਈ ਜਦ ਘਰ ਵਿਚ ਕਿਸੇ ਨੂੰ ਮਾਤਾ ਨਿਕਲੀ ਹੋਵੇ ਤਾਂ ਕਾਲੇ ਕੁੱਤੇ ਦੀ ਖੂਬ ਕਦਰ ਹੁੰਦੀ ਹੈ। ਕਹਿੰਦੇ ਨੇ ਕਿ ਕੁੱਤੇ ਨੂੰ ਜਿੰਨ ਭੂਤ ਤੇ ਹੋਰ ਅਗੰਮੀ ਹਸਤੀਆਂ ਦਿਸ ਪੈਂਦੀਆਂ ਹਨ।''[11]

ਪੁਰਾਣੇ ਸਮੇਂ ਦੇ ਲੋਕੀਂ ਕੋਈ ਵੀ ਕੰਮ ਕਰਨ ਸਮੇਂ ਪਹਿਲਾਂ ਸ਼ਗਨ ਵਿਚਾਰਦੇ ਸਨ। ਜੇ ਕਿਸੇ ਕੰਮ ਦੇ ਸ਼ੁਰੂ ਕਰਨ ਸਮੇਂ ਗ੍ਰਹਿ ਠੀਕ ਹੋਣ ਤਾਂ ਸ਼ਗਨ ਠੀਕ ਹੈ। ਸਾਰਾ ਕੰਮ ਆਸਾਨੀ ਨਾਲ ਹੋ ਜਾਂਦਾ ਹੈ। ਜੇਕਰ ਗ੍ਰਹਿ ਤੇ ਨਖਸ਼ਤਰ ਠੀਕ ਨਾ ਹੋਣ ਤਾਂ ਅਪਸ਼ਗਨ ਮੰਨਿਆ ਜਾਂਦਾ ਹੈ। ਸ਼ਗਨ ਅਪਸ਼ਗਨ ਸਾਡੇ ਜੀਵਨ ਦਾ ਇਕ ਹਿੱਸਾ ਬਣ ਗਏ ਹਨ। ਪੜ੍ਹੇ ਅਨਪੜ੍ਹੇ ਸਭ ਲੋਕੀਂ ਇਨ੍ਹਾਂ ਦੀ ਵਿਚਾਰ ਕਰਦੇ ਹਨ। ਜਦੋਂ ਕਿਸੇ ਕੰਮ ਜਾਣਾ ਹੋਵੇ ਤਾਂ ਘਰੋਂ ਬਾਹਰ ਨਿਕਲਦੇ ਜੇਕਰ ਦੁੱਧ ਨਾਲ ਭਰਿਆ ਭਾਂਡਾ ਲਿਆਉਂਦਾ ਵਿਅਕਤੀ ਮਿਲ ਜਾਵੇ ਤਾਂ ਸ਼ੁਭ ਸ਼ਗਨ ਮੰਨਿਆਂ ਜਾਂਦਾ ਹੈ ਤੇ ਕੰਮ ਪੂਰਨ ਹੋਣ ਦੀ ਨਿਸ਼ਾਨੀ ਹੈ। ਪਰ ਜੇਕਰ ਖਾਲੀ ਬਰਤਨ ਮਿਲੇ ਤਾਂ ਅਪਸ਼ਗਨ ਗਿਣਿਆ ਜਾਂਦਾ ਹੈ। ਜੇਕਰ ਭੰਗਣ ਮਿਲ ਜਾਵੇ ਤਾਂ ਸ਼ੁਭ ਸ਼ਗਨ ਹੈ ਪਰ ਜੇ ਇਸ ਦੇ ਉਲਟ ਬ੍ਰਾਹਮਣ ਜਾਂ ਨੰਬਰਦਾਰ ਮਿਲ ਜਾਵੇ ਤਾਂ ਅਪਸ਼ਗਨ ਮੰਨਿਆ ਜਾਂਦਾ ਹੈ। ਜੇ ਕੰਮ ਕਰਨ ਲੱਗੇ ਨਿੱਛ ਪੈ ਜਾਵੇ, ਬਿੱਲੀ ਰਸਤਾ ਕੱਟ ਜਾਵੇ, ਕੁੱਤਾ ਕੰਨ ਫ਼ਰਕ ਦੇਵੇ ਤਾਂ ਅਪਸ਼ਗਨ ਮੰਨਿਆ ਜਾਂਦਾ ਹੈ। ਇਸ ਦੇ ਉਲਟ ਜੇਕਰ ਨੌਜਵਾਨ ਘੋੜੇ ਤੇ ਚੜ੍ਹਿਆ ਬੰਸਰੀ ਵਜਾਉਂਦਾ ਮਿਲ ਪਵੇ ਤਾਂ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ। ਜੇਕਰ ਕਾਣਾ, ਤੇ ਲੂਲਾ ਲੰਗੜਾ ਆਦਮੀ ਮਿਲ ਜਾਵੇ ਤਾਂ ਵੀ ਕੰਮ ਪੂਰਾ ਹੋਣ ਦੀ ਆਸ ਨਹੀਂ ਹੁੰਦੀ ਹੈ।

ਸ਼ਗਨ ਅਪਸ਼ਗਨ ਪੰਛੀਆਂ ਅਤੇ ਪਸ਼ੂਆਂ ਨਾਲ਼ ਵੀ ਸੰਬੰਧਿਤ ਹਨ। ਜੇ ਤਿੱਤਰ ਸੱਜੇ ਹੱਥ ਵਲ ਚਹਿਕਦਾ ਮਿਲ ਜਾਵੇ ਜਾਂ ਉਡਾਰੀ ਭਰਦਾ ਮਿਲੇ ਤਾਂ ਚੰਗਾ, ਜੇ ਖੱਬੇ ਹੱਥ ਵਲ ਮਿਲੇ ਤਾਂ ਭੈੜਾ, ਜੇ ਖੇਤਾ ਖੱਬੇ ਹੱਥ ਰੀਂਗਦਾ ਮਿਲੇ ਤਾਂ ਚੰਗਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਜੇ ਵਲ ਮਿਲੇ ਤਾਂ ਮੰਦਾ। ਰਾਹ ਵਿਚ ਸੱਪ ਮਿਲ ਜਾਰੇ ਤਾਂ ਵੈਰੀ ਵਿਘਨ ਪਾਉਂਦੇ ਹਨ ਜੇ ਸੱਪ ਨੂੰ ਮਾਰ ਦਿੱਤਾ ਜਾਰੇ ਤਾਂ ਵਿਚਾਰ ਹੈ ਕਿ ਦੁਸ਼ਮਨ ਨੁਕਸਾਨ ਪਹੁੰਚਾਣ ਵਿਚ ਅਸਫਲ ਰਹਿੰਦੇ ਹਨ। ਰਾਤ ਸਮੇ ਕੁੱਤੇ ਜਾਂ ਬਿੱਲੀ ਦਾ ਰੋਣਾ ਅਪਸ਼ਗਨ ਹੈ। ਕਿਸੇ ਦੀ ਮੌਤ ਹੋਣ ਦੀ ਨਿਸ਼ਾਨੀ ਹੈ। ਕੁੱਕੜ ਦਿਨੇ ਬਾਂਗ ਦੇਵੇ ਜਾਂ ਉਲੂ ਦਿਨੇ ਦਿਖਾਈ ਦੇਵੇ ਤਾਂ ਅਪਸ਼ਗਨ ਹੁੰਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੈ ਕਿ ਸ਼ਗਨ ਅਪਸ਼ਗਨ ਸਾਡੇ ਜੀਵਨ ਦਾ ਇਕ ਅਟੁੱਟ ਅੰਗ ਬਣੇ ਹੋਏ ਹਨ। ਇਹ ਪਰਛਾਵੇਂ ਵਾਂਗ ਸਾਡਾ ਪਿੱਛਾ ਕਰ ਰਹੇ ਹਨ। ਕੁਝ ਧਰਮਾਂ ਵਾਲੇ ਇਨ੍ਹਾਂ ਨੂੰ ਨਿਰੇ ਵਹਿਮ ਭਰਮ ਆਖਦੇ ਹਨ। ਪਰ ਰੋਜ਼ਾਨਾ ਜ਼ਿੰਦਗੀ ਵਿਚ ਵਿਚਰਦੇ ਇਹ ਲੋਕੀਂ ਵੀ ਇਨ੍ਹਾਂ ਦੇ ਪ੍ਰਭਾਵ ਨੂੰ ਕਬੂਲਦੇ ਹਨ। ਪਰ ਜਿਵੇਂ ਲੋਕਾਂ ਦੀ ਵਿਗਿਆਨ ਸੋਚ ਬਣ ਰਹੀ ਹੈ ਤਿਵੇਂ ਇਨਾਂ ਪ੍ਰਤੀ ਪੜ੍ਹੀ ਲਿਖੀ ਸ਼ਰੇਣੀ ਇਨ੍ਹਾਂ ਦੀ ਹੋਂਦ ਨੂੰ ਮੰਨਣ ਤੋਂ ਆਕੀ ਹੈ।

(ਸ) ਰਹੁ ਰੀਤਾਂ, ਸੰਕਲਪ, ਖੇਤਰ ਤੇ ਵਰਗੀਕਰਣ

ਰਸਮ ਰਿਵਾਜ ਸੰਸਾਰਕ ਸਮਾਜਕ ਜੀਵਨ ਦਾ ਤਾਣਾ ਪੇਟਾ ਹੁੰਦੇ ਹਨ। ਇਹ ਸਾਡੇ ਮਨਾਂ ਦੀਆਂ ਸਿੱਕਾਂ, ਸੱਧਰਾਂ, ਅਰਮਾਨਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਹਨ। ਇਹ ਰਸਮ ਰਿਵਾਜ ਵਿਅਕਤੀ ਦੇ ਜਨਮ ਤੋਂ ਮਰਨ ਤਕ ਵਿਅਕਤੀ ਦੇ ਨਾਲ ਨਾਲ ਚਲਦੇ ਰਹਿੰਦੇ ਹਨ। ਸਮਾਜਕ, ਆਰਥਿਕ, ਰਾਜਸੀ ਜਾਂ ਧਾਰਮਿਕ ਕਾਰਨਾਂ ਕਰਕੇ ਭਾਵੇਂ ਇਨ੍ਹਾਂ ਵਿਚ ਸਮੇਂ ਸਮੇਂ ਕੁਝ ਤਬਦੀਲੀ ਦਿਖਾਈ ਦਿੰਦੀ ਹੈ, ਪਰ ਇਨ੍ਹਾਂ ਦੀ ਮੂਲ ਭਾਵਨਾ ਸਦੀਆਂ ਤੋਂ ਉਹੋ ਰਹੀ ਹੈ। ਗੁਲਜ਼ਾਰ ਸਿੰਘ ਸੰਧੂ, ਅਨੁਸਾਰ, ਜੀਵਨ ਨਾਟਕ ਦੀਆਂ ਝਾਕੀਆਂ ਦੇ ਰੰਗਮੰਚ ਆਮ ਤੌਰ ਤੇ ਸਾਡੇ ਘਰਾਂ ਦੇ ਵਿਹੜੇ ਹੁੰਦੇ ਹਨ। ਇਨ੍ਹਾਂ ਦੇ ਪਾਤਰ ਸਾਡੇ ਪਰਿਵਾਰ ਤੇ ਹਾਜ਼ਰ ਨਾਜ਼ਰ ਦੇਵਤਾ, ਜਲ ਪਰਮੇਸ਼ਵਰ ਜਾਂ ਬਸੰਤਰ ਦੇਵਤਾ ਹੁੰਦੇ ਹਨ।[12] ਇਨ੍ਹਾਂ ਸੰਸਕਾਰਾਂ ਦੀ ਕਿਵੇਂ ਉਤਪਤੀ ਹੋਈ ਇਹ ਇਕ ਬਹਿਸ ਦਾ ਮਸਲਾ ਹੈ। ਕੁਝ ਰਸਮ ਰਿਵਾਜ ਦੈਵੀ ਸ਼ਕਤੀਆਂ ਦੇ ਡਰ ਕਾਰਨ ਹੋਂਦ ਵਿਚ ਆਏ ਅਤੇ ਕੁਝ ਸੰਸਾਰਕ ਖੁਸ਼ੀਆਂ ਗਮੀਆਂ ਤੋਂ ਹੋਂਦ ਵਿਚ ਆਏ।

ਰਸਮ ਰਿਵਾਜ਼ ਪੁਸ਼ਤ ਦਰ ਪੁਸ਼ਤ ਚਲਦੇ ਆ ਰਹੇ ਨਹ। ਪਰ ਇਕ ਜਾਤੀ ਜਾਂ ਦੂਜੇ ਧਰਮ ਦੇ ਲੋਕਾਂ ਦੇ ਰਸਮ ਰਿਵਾਜ਼ ਵਿਚ ਕਾਫੀ ਅੰਤਰ ਹੁੰਦਾ ਹੈ। ਪੰਜਾਬ ਅਨੇਕਾਂ ਸਮਾਜਕ ਧਾਰਮਿਕ ਅਤੇ ਭੂਗੋਲਿਕ ਇਕਾਈਆਂ ਦਾ ਸਮੂਹ ਹੈ। ਪੰਜਾਬੀ ਸਮਾਜ ਵਿਚ ਪ੍ਰਚਲਿਤ ਕੁਝ ਰਸਮ ਰਿਵਾਜ ਜਾਂ ਕਦਰਾਂ ਕੀਮਤਾਂ ਜੇ ਇਕੋ ਸਮੇਂ ਇਕ ਫਿਰਕੇ ਲਈ ਖਾਸ ਵਿਸ਼ੇਸ਼ਤਾ ਰੱਖਦੇ ਹਨ ਤਾਂ ਦੂਜੇ ਫਿਰਕੇ ਲਈ ਇਨ੍ਹਾਂ ਦੀ ਕੋਈ ਖਾਸ ਮਹੱਤਾ ਨਹੀਂ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਰਸਮ ਰਿਵਾਜ ਪੰਜਾਬ ਦੇ ਲੋਕਾਂ ਦੇ ਰੋਜ਼ਾਨਾ ਜੀਵਨ ਦੀ ਤਸਵੀਰ ਪੇਸ਼ ਕਰਦੇ ਹਨ। ਭਾਵੇਂ ਅੱਜ ਬਦਲਦੀਆਂ ਨਵੀਆਂ ਪਰਿਸਥਿਤੀਆਂ ਅਨੁਸਾਰ ਕਾਫੀ ਬਦਲ ਗਏ ਹਨ। ਪਰ ਇਨ੍ਹਾਂ ਦੀ ਹੋਂਦ ਬਿਲਕੁਲ ਖਤਮ ਨਹੀਂ ਹੋਈ ਹੈ। ਅਸੀਂ ਇਨ੍ਹਾਂ ਰਸਮ ਰਿਵਾਜਾਂ ਨੂੰ ਤਿੰਨ ਵਰਗਾਂ ਵਿਚ ਵੰਡ ਸਕਦੇ ਹਾਂ - ਜਨਮ, ਵਿਆਹ ਅਤੇ ਮਰਨ ਸੰਬੰਧੀ ਰਸਮ ਰਿਵਾਜ।

ਵਰਗੀਕਰਣ

1. ਜਨਮ ਸੰਬੰਧੀ

ਰਸਮਾਂ ਰਿਵਾਜਾਂ ਦਾ ਦੌਰ ਬੱਚੇ ਦੇ ਮਾਂ ਦੇ ਗਰਭ ਵਿਚ ਪੈਣ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਗਰਭ ਦੇ ਤੀਜੇ, ਪੰਜਵੇਂ ਜਾਂ ਸਤਵੇਂ ਮਹੀਨੇ ਇਸਤਰੀ ਦੇ ਪੱਲੇ ਨਾਲ ਅਨਾਜ ਬੰਨ੍ਹਿਆਂ ਜਾਂਦਾ ਹੈ ਤਾਂ ਜੋ ਉਸ ਨੂੰ ਕੋਈ ਪ੍ਰੇਤ ਰੂਹ ਨੁਕਸਾਨ ਨਾ ਪਹੁੰਚਾ ਸਕੇ। ਜੇਕਰ ਕੁੜੀ ਸਹੁਰੀਂ ਹੋਵੇ ਤਾਂ ਇਹ ਆਨਾਜ ਮਾਪੇ ਭੇਜਦੇ ਹਨ। ਇਸਨੂੰ ਪੱਲੇ ਵਿਚ ਪਾਉਂਦੀ ਹੈ, ਰਿੰਨ੍ਹ ਕੇ ਖਾਂਦੀ ਤੇ ਭਾਈਚਾਰੇ ਵਿਚ ਵੰਡਦੀ ਹੈ। ਫਾਜ਼ਿਲਕਾ ਦੇ ਹਿੰਦੂ ਅਰੋੜੇ ਇਸ ਰਸਮ ਨੂੰ ਅੱਖ ਸਲਾਈ ਕਹਿੰਦੇ ਹਨ। ਉਥੇ ਰਸਮ ਤੀਜੇ ਮਹੀਨੇ ਮਨਾਈ ਜਾਂਦੀ ਹੈ। ਜੇ ਗਰਭਵਤੀ ਆਪਣੇ ਪੇਕਿਆਂ ਦੇ ਨਾ ਜਾਏ ਤਾਂ ਉਸ ਨੂੰ ਕੁਛ ਰੁਪਈਏ ਤੇ ਡੇਢ ਜਾਂ ਢਾਈ ਸੂਟ ਪਹਿਨਣ ਲਈ ਮਾਪਿਆਂ ਵਲੋਂ ਭੇਜੇ ਜਾਂਦੇ ਹਨ। ਇਸ ਰਸਮ ਨੂੰ ਮਿੱਠਾ ਬੋਹੀਆਂ ਵੀ ਆਖਦੇ ਹਨ, ਕਿਉਂਕਿ ਲੜਕੀ ਦੀ ਮਾਂ ਹੋਰਨਾਂ ਚੀਜ਼ਾਂ ਨਾਲ ਮਿੱਠਾ ਬੋਹੀਆਂ ਅਤੇ ਚਾਵਲ ਵੀ ਘੱਲਦੀ ਹੈ।

ਗਰਭਵਤੀ ਲੜਕੀ ਨੂੰ ਪਾਣੀ ਵਾਲੇ ਜਾਂ ਰੁੱਖਾਂ ਵਾਲੇ ਥਾਂ ਜਾਣ ਦੀ ਵੀ ਮਨਾਹੀ ਕੀਤੀ ਜਾਂਦੀ ਹੈ। ਤਾਂ ਜੋ ਉਸ ਉਪਰ ਕਿਸੇ ਬਦਰੂਹ ਦਾ ਪਰਛਾਵਾਂ ਨਾ ਪੈ ਜਾਏ। ਜੇ ਗਰਭ ਦੇ ਦਿਨਾਂ ਵਿਚ ਚੰਦ ਗ੍ਰਹਿਣ ਲਗ ਜਾਏ ਤਾਂ ਪਿੰਡਾਂ ਵਿਚ ਅਜੇ ਵੀ ਉਹਦਾ ਮਾੜਾ ਪ੍ਰਭਾਵ ਟਾਲਣ ਲਈ ਗ੍ਰਹਿਣ ਵੇਲੇ ਗਰਭਵਤੀ ਇਸਤਰੀਆਂ ਪਿੰਡ ਦੇ ਛੱਪੜ ਨੂੰ ਪਾਰ ਕਰਦੀਆਂ ਹਨ। ਅਜੇਹਾ ਕਰਨ ਨਾਲ ਗ੍ਰਹਿਣ ਦਾ ਗਰਭ ਤੇ ਕੋਈ ਅਸਰ ਨਹੀਂ ਹੁੰਦਾ ਹੈ। ਭਾਵੇਂ ਮਨੁੱਖ ਚੰਦ ਉਪਰ ਪਹੁੰਚ ਚੁੱਕਾ ਹੈ ਪਰ ਅੱਜ ਤੱਕ ਇਹ ਰਿਵਾਜ ਪਿੱਛਾ ਨਹੀਂ ਛੱਡਦਾ।

ਅੱਜ ਕਲ੍ਹ ਭਾਵੇਂ ਜਣੇਪਾ ਹਸਪਤਾਲਾਂ ਵਿਚ ਹੋਣ ਲੱਗ ਪਿਆ ਹੈ ਪਰ ਪਿੰਡਾਂ ਵਿਚ ਆਮ ਕਰਕੇ ਅਜੇ ਵੀ ਹਨ੍ਹੇਰੇ ਕਮਰੇ ਵਿਚ ਜਣੇਪਾ ਕਰਾਇਆ ਜਾਂਦਾ ਹੈ। ਦਾਈ ਉਥੇ ਕੋਰੇ ਕੁੱਜੇ ਵਿਚ ਪਾਣੀ ਅਤੇ ਧੁਖਦੀਆਂ ਪਾਥੀਆਂ ਦਾ ਠੀਕਰਾ ਰਖਦੀ ਹੈ ਤਾਂ ਜੋ ਮਾੜੀਆਂ ਰੂਹਾਂ ਉਥੇ ਆਉਣ ਦੀ ਕ੍ਰੋਪੀ ਨਾ ਕਰ ਸਕਣ।

ਜਣੇਪੇ ਤੋਂ ਪਿਛੋਂ ਬੱਚੇ ਤੇ ਜੱਚਾ ਨੂੰ ਧੂਪ ਦਿੱਤੀ ਜਾਂਦੀ ਹੈ ਜਾਂ ਦੀਵਾ ਬਾਲਕੇ ਰਖਿਆ ਜਾਂਦਾ ਹੈ ਜੋ ਦਸ ਦਿਨ ਲਗਾਤਾਰ ਜਗਦਾ ਰਹਿੰਦਾ ਹੈ। ਜੇ ਕਰ ਮੁੰਡੇ ਦਾ ਜਨਮ ਹੋਵੇ ਤਾਂ ਖੁਸ਼ੀ ਮਨਾਈ ਜਾਂਦੀ ਹੈ। ਖੁਸ਼ੀਆਂ ਮਨਾਉਣ ਲਈ ਥਾਲੀ ਖੜਕਾਉਣੀ ਅਤੇ ਉਸ ਦੇ ਜਨਮ ਦੇ ਐਲਾਨ-ਨਾਮੇ ਵਜੋਂ ਘਰ ਦੇ ਦਰਵਾਜ਼ੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਪਰ ਸ਼ਰੀਹ ਦੇ ਪੱਤਿਆਂ ਦਾ ਮੌਲੀ ਨਾਲ ਪਰੋਤਾ ਸਿਹਰਾ ਬੰਨ੍ਹ ਦਿੱਤਾ ਜਾਂਦਾ ਹੈ। ਜੇ ਲੜਕੀ ਜੰਮਦੀ ਹੈ ਤਾਂ ਘਰ ਵਾਲੇ ਠੀਕਰ ਭੰਨਦੇ ਤੇ ਇਉਂ ਅਫਸੋਸ ਪ੍ਰਗਟ ਕਰਦੇ ਹਨ, ਜਿਵੇਂ ਉਹਨਾਂ ਉਪਰ ਕੋਈ ਮੁਸੀਬਤ ਨਾਜ਼ਲ ਹੋ ਗਈ ਹੋਵੇ।

ਬੱਚਾ ਜੰਮਣ ਸਮੇਂ ਮਹੱਤਵਪੂਰਨ ਰਸਮ 'ਗੁੜਤੀ' ਦੀ ਹੈ। ਬੱਚੇ ਨੂੰ ਉਸ ਵਿਅਕਤੀ ਪਾਸੋਂ 'ਗੁੜਤੀ' ਦਿਵਾਈ ਜਾਂਦੀ ਹੈ ਜਿਸ ਵਰਗਾ ਉਹ ਆਪਣਾ ਬੱਚਾ ਬਣਾਉਣਾ ਚਾਹੁੰਦੇ ਹਨ। ਇਸ ਲਈ ਚੰਗੇ ਸੁਭਾਅ ਦੀ ਇਸਤਰੀ ਨੂੰ ਇਹ ਮਾਨ ਬਖ਼ਸ਼ਿਆ ਜਾਂਦਾ ਹੈ ਕਿ ਉਹ ਨਵਜੰਮੇ ਬੱਚੇ ਨੂੰ ਗੁੜਤੀ ਦੇਵੇ ਅਰਥਾਤ ਗੁੜ, ਸ਼ਹਿਦ ਜਾਂ ਹੋਰ ਮਿੱਠਾ ਉਂਗਲ ਨਾਲ ਜਾਂ ਵੱਟੀ ਨਾਲ ਲਬੇੜ ਕੇ ਚਟਾਏ। ਬੱਚੇ ਨੂੰ ਦੁੱਧ ਚੁੰਘਾਉਣ ਤੋਂ ਪਹਿਲਾਂ ਥਣ ਧੋਣ ਦੀ ਰਸਮ ਕੀਤੀ ਜਾਂਦੀ ਹੈ। ਕਿਸੇ ਠੂਠੀ ਵਿਚ ਚਾਵਲ ਤੇ ਹਲਦੀ ਘੋਲ ਕੇ ਬੱਚੇ ਦੀ ਭੂਆ ਜਾਂ ਸ਼ਰੀਕੇ ਵਿਚੋਂ ਕੁੜੀ ਘਾਹ ਦੀਆਂ ਤਿੜਾਂ ਨਾਲ ਬੱਚੇ ਦੀ ਮਾਂ ਦੀਆਂ ਛਾਤੀਆਂ ਧੋਂਦੀ ਹੈ। ਇਸ ਪਿਛੋਂ ਉਸ ਨੂੰ ਕੁਝ ਪੈਸੇ ਲਾਗ ਵਜੋਂ ਦਿੱਤੇ ਜਾਂਦੇ ਹਨ।

ਪੰਜਵੇਂ ਦਿਨ ਫੇਰ ਨਹਾਉਣ ਦੀ ਰਸਮ ਹੁੰਦੀ ਹੈ। ਅਗਲੇ ਦਿਨ ਛੱਟੀ ਦੀ ਰਸਮ ਕੀਤੀ ਜਾਂਦੀ ਹੈ। ਇਸ ਦਿਨ ਪਿੰਡ ਦੀ ਬ੍ਰਾਹਮਣੀ ਰੋਟੀ ਪਕਾ ਕੇ ਮੁੰਡੇ ਦੀ ਮਾਂ ਨੂੰ ਖੁਆਉਂਦੀ ਹੈ। ਉਸਨੂੰ ਰੱਜਕੇ ਖਾਣ ਲਈ ਕਿਹਾ ਜਾਂਦਾ ਹੈ। ਤਾਂ ਜੋ ਬੱਚੇ ਦੀ ਵੱਡੇ ਹੋ ਕੇ ਨੀਤ ਰੱਜੀ ਰਹੇ। ਤੇਰਵੇਂ ਦਿਨ ਮੁੰਡੇ ਦੀ ਮਾਂ ਨੂੰ ਨੁਹਾਇਆ ਜਾਂਦਾ ਹੈ। ਇਸ ਨੂੰ ਦੁਆਬੇ ਵਿਚ 'ਸੁੱਚੀ ਕਰਨ' ਦੀ ਰਸਮ ਵੀ ਆਖਦੇ ਹਨ। ਭਾਈਚਾਰੇ ਵਿਚ 'ਅਰਨ' ਕੱਢੇ ਜਾਂਦੇ ਹਨ (ਭਾਵ ਕੜਾਹ ਫੁਲਕੇ ਅਤੇ ਮਾਂਹ ਦੀ ਦਾਲ ਭੇਜੀ ਜਾਂਦੀ ਹੈ)। ਕਈ ਪਰਿਵਾਰਾਂ ਵਿਚ 'ਵਿਹੁ ਮਾਤਾ' ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਸ ਪਿਛੋਂ ਬੱਚੇ ਦਾ ਨਾਂ ਵੱਖੋ ਵੱਖ ਧਰਮ ਦੇ ਲੋਕੀਂ ਵੱਖੋ ਵੱਖ ਢੰਗ ਨਾਲ ਰੱਖਦੇ ਹਨ ਹਿੰਦੂ, ਪੰਡਤ ਪਾਸੋਂ, ਸਿੱਖ ਗੁਰਦੁਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ, ਜੋ ਪਹਿਲਾ ਅੱਖਰ ਆਵੇ ਉਸੇ ਤੋਂ ਨਾਂ ਰੱਖਦੇ ਹਨ। ਜਿਨ੍ਹਾਂ ਘਰਾਂ ਵਿਚ ਕੋਈ ਤਰਸੇਂਵੇ ਨਾਲ ਬੱਚਾ ਪੈਦਾ ਹੋਵੇ ਉਸਦਾ ਕੱਚਾ ਨਾਂ ਜੋ ਸੋਹਣਾ ਨਾ ਹੋਵੇ ਰੱਖਿਆ ਜਾਂਦਾ ਹੈ ਤਾਂ ਜੋ ਨਜ਼ਰ ਨਾ ਲੱਗੇ।

2. ਵਿਆਹ ਦੀਆਂ ਰਸਮਾਂ

ਸਮੇਂ ਦੀ ਤਬਦੀਲੀ ਨਾਲ ਵਿਆਹ ਸ਼ਾਦੀ ਦੇ ਰਸਮ ਰਿਵਾਜਾਂ ਵਿਚ ਵੀ ਪਰਿਵਰਤਨ ਆਉਂਦਾ ਰਿਹਾ ਹੈ ਤੇ ਆ ਰਿਹਾ ਹੈ। ਪਹਿਲੇ ਸਮੇਂ ਵਿਚ ਲੜਕੀ ਵਾਸਤੇ ਵਰ ਦੀ ਭਾਲ ਨਾਈ ਕਰਦਾ ਸੀ। ਜਿਥੇ ਵੀ ਉਹ ਠੀਕ ਸਮਝਦਾ ਰਿਸ਼ਤਾ ਕਰ ਦਿੰਦਾ ਸੀ। ਪਰ ਆਧੁਨਿਕ ਸਮੇਂ ਲੜਕੀ ਦੇ ਰਿਸ਼ਤੇਦਾਰ ਜਾਂ ਵਿਚੋਲਾ ਵਰ ਲੱਭਣ ਵਿਚ ਸਹਾਇਤਾ ਕਰਦਾ ਹੈ। ਵਰ ਲੱਭ ਕੇ ਲੜਕੀ ਦੇ ਰਿਸ਼ਤੇਦਾਰ ਮੁੰਡੇ ਦੇ ਘਰ ਜਾ ਕੇ ਪਹਿਲਾਂ ਮੁੰਡਾ ਰੋਕ ਲੈਂਦੇ ਹਨ। ਇਸ ਰਸਮ ਨੂੰ 'ਠਾਕਾ' ਆਖਦੇ ਹਨ। ਉਸ ਤੋਂ ਬਾਅਦ ਮੰਗਣੀ ਦੀ ਰਸਮ ਹੁੰਦੀ ਹੈ। ਮੰਗਣੀ ਦੀ ਰਸਮ ਵੇਲੇ ਪਿੰਡ ਦੀ ਪੰਚਾਇਤ ਦੇ ਕੁਝ ਹੋਰ ਪਤਵੰਤੇ ਸੱਜਣਾ ਦੀ ਹਾਜ਼ਰੀ ਵਿਚ ਕੁੜਮਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਈ ਜਾਂਦੀ ਹੈ। ਮੁੰਡੇ ਦੀ ਝੋਲੀ ਵਿਚ ਲੜਕੀ ਦਾ ਪਿਤਾ ਜਾਂ ਵਿਚੋਲਾ ਰੁਪਈਆ, ਪੰਜ ਮਿਸ਼ਰੀ ਦੇ ਕੂਜੇ, ਪੰਜ ਛੁਹਾਰੇ ਪਾਉਂਦਾ ਹੈ। ਕੇਸਰ ਨਾਲ ਮੁੰਡੇ ਦੇ ਮੱਥੇ ਤੇ ਤਿਲਕ ਲਾਇਆ ਜਾਂਦਾ ਹੈ। ਆਧੁਨਿਕ ਸਮੇਂ ਵਿਚ ਮਿਠਾਈ, ਫ਼ਲਾਂ ਦੇ ਥਾਲ ਵੀ ਲਿਜਾਏ ਜਾਂਦੇ ਹਨ। ਇਸ ਤੋਂ ਬਾਅਦ ਮੁੰਡੇ ਵਾਲੇ ਕੁੜੀ ਨੂੰ ਚੁੰਨੀ ਅਤੇ ਕੁਝ ਸ਼ਗਨ ਦੀਆਂ ਚੀਜ਼ਾਂ ਭੇਜਦੇ ਹਨ, ਇਸ ਨੂੰ ਚੁੰਨੀ ਚੜ੍ਹਾਉਣ ਦੀ ਰਸਮ ਆਖਦੇ ਹਨ। ਪਰ ਅੱਜ ਕਲ੍ਹ ਪੜ੍ਹੀ ਲਿਖੀ ਸ਼ਰੇਣੀ ਬਜ਼ੁਰਗ ਪੀੜ੍ਹੀ ਨਾਲੋਂ ਇਹ ਫੋਕੀਆਂ ਰਸਮਾਂ ਕਰਨ ਵਿਚ ਵਧੇਰੇ ਰੁਚਿਤ ਹੋ ਰਹੀ ਹੈ। ਜਿਵੇਂ ਕੁੜਮਾਈ ਸਮੇਂ ਘਰੇਲੂ ਰਿਸ਼ਤੇਦਾਰਾਂ ਨਾਲ ਸੋਨੇ ਦੀ ਮੁੰਦਰੀ ਨਾਲ ਜਾਂ ਕੰਬਲ ਨਾਲ ਮਿਲਣੀ। ਪਹਿਲੇ ਜਦੋਂ ਇਸਤਰੀ ਦੀ ਇਸ ਸਮੇਂ ਅਣਹੋਂਦ ਹੀ ਹੁੰਦੀ ਸੀ। ਅੱਜ ਕਲ੍ਹ ਅੱਗੇ ਭੈਣ, ਭਰਜਾਈ ਦੀ ਮਿਲਨੀ ਵੀ ਕੀਤੀ ਜਾਂਦੀ ਹੈ। ਜੋ ਪੜ੍ਹੇ ਲਿਖੇ ਵਰਗ ਲਈ ਸ਼ੋਭਾ ਨਹੀਂ ਦੇਂਦਾ ਹੈ।

ਇਸ ਤੋਂ ਬਾਅਦ ਪੰਡਤ ਨੂੰ ਸੱਦ ਕੇ ਸਾਹਾ ਸੁਧਾਇਆ ਜਾਂਦਾ ਹੈ ਅਤੇ ਵਿਆਹ ਦਾ ਦਿਨ ਨਿਸਚਿਤ ਕਰ ਦਿੱਤਾ ਜਾਂਦਾ ਹੈ। ਨਿਸਚਿਤ ਦਿਨ ਤੋਂ ਕੁਝ ਦਿਨ ਪਹਿਲਾਂ ਕੁੜੀ ਦੇ ਘਰ ਕੁੜੀਆਂ ਸੁਹਾਗ ਗਾਉਂਦੀਆਂ ਹਨ ਅਤੇ ਮੁੰਡੇ ਵਾਲੇ ਦੇ ਘਰ ਤਿੰਨ ਦਿਨ ਪਹਿਲਾਂ 'ਕੁੜਾਹੇ' ਚੜ੍ਹਾਉਣ ਦੀ ਰਸਮ ਹੁੰਦੀ ਹੈ। ਇਸ ਦਿਨ 'ਗੋਗਲੇ' ਸ਼ਰੀਕੇ ਵਿਚ ਵੰਡੇ ਜਾਂਦੇ ਹਨ। ਇਸ ਦਿਨ ਹੀ ਮਾਈਆਂ ਪਾਉਣ ਦੀ ਰਸਮ ਦੋਹਾਂ ਘਰਾਂ ਵਿਚ ਕੀਤੀ ਜਾਂਦੀ ਹੈ। ਮੁੰਡੇ ਕੁੜੀ ਦੀਆਂ ਤਾਈਆਂ ਚਾਚੀਆਂ ਵੱਖੋ ਵੱਖ ਦਿਨ ਇਹ ਰਸਮ ਕਰਦੀਆਂ ਹਨ। ਕੁੜੀਆਂ ਨੂੰ ਚੌਲ ਵੰਡੇ ਜਾਂਦੇ ਹਨ।

ਫਿਰ ਨਿਸਚਿਤ ਦਿਨ ਬਰਾਤ ਜਾਂਦੀ ਹੈ। ਪਹਿਲਾਂ ਤਾਂ ਇਹ ਤਿੰਨ ਚਾਰ ਦਿਨ ਰਹਿੰਦੀ ਸੀ। ਬਰਾਤ ਵਾਲੇ ਆਪਣੇ ਨਾਲ ਨਕਲੀਏ ਆਦਿ ਲੈ ਕੇ ਜਾਂਦੇ ਸਨ। ਪਰ ਹੁਣ ਤਾਂ ਇਕ ਦਿਨ ਵਿਚ ਇਹ ਰਸਮ ਮੁਕਾ ਲਈ ਜਾਂਦੀ ਹੈ। ਮੁੰਡਾ ਗੁਰਦੁਆਰੇ ਜਾਂ ਮੰਦਰ ਅਤੇ ਆਪਣੇ ਜਠੇਰਿਆਂ ਦੇ ਮੱਥਾ ਟੇਕ ਕੇ ਘੋੜੀ ਚੜ੍ਹਦਾ ਹੈ। ਕੁੜੀ ਵਾਲੇ ਘਰ ਪਹੁੰਚਣ ਤੇ ਉਨ੍ਹਾਂ ਦਾ ਕੁੜੀਆਂ ਸੁਹਾਗ ਗਾ ਕੇ ਸੁਆਗਤ ਕਰਦੀਆਂ ਹਨ। ਫਿਰ ਭਾਈ ਅਰਦਾਸ ਕਰਦਾ ਹੈ ਅਤੇ ਫਿਰ ਮਿਲਣੀ ਦੀ ਰਸਮ ਹੁੰਦੀ ਹੈ। ਮੁੰਡੇ ਦੇ ਪਿਉ ਨੂੰ ਲੜਕੀ ਦਾ ਪਿਉ ਪੱਗ ਜਾਂ ਕੰਬਲ ਅਤੇ ਕੁਝ ਰੁਪਏ ਦੇ ਕੇ ਮਿਲਦਾ ਹੈ। ਉਸ ਉਪਰੰਤ ਬਰਾਤ ਨੂੰ ਚਾਹ ਪਾਣੀ ਛਕਾ ਕੇ ਆਨੰਦ ਕਾਰਜ ਦੀ ਰਸਮ ਹੁੰਦੀ ਹੈ। ਇਹ ਰਸਮ ਸਿੱਖਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਅਤੇ ਹਿੰਦੂਆਂ ਵਿਚ ਪੰਡਤ ਬੇਦੀ ਦੇ ਫੇਰੇ ਕਰਦੇ ਹਨ। ਲੜਕੀ ਦਾ ਪਿਉ ਕੁੜੀ ਦੇ ਹੱਥ ਮੁੰਡੇ ਦਾ ਪੱਲਾ ਫੜਾਉਂਦਾ ਹੈ। ਇਸ ਤਰ੍ਹਾਂ ਲਾਵਾਂ ਦਾ ਪਾਠ ਹੋਣ ਉਪਰੰਤ ਵਿਆਹ ਦੀ ਰਸਮ ਪੂਰੀ ਹੋ ਜਾਂਦੀ ਹੈ।

ਦੁਪਹਿਰ ਦੀ ਰੋਟੀ ਸਮੇਂ ਕੁੜੀਆਂ ਜੰਞ ਬੰਨ੍ਹਦੀਆਂ ਸਨ। ਕੋਈ ਸਿਆਣਾ ਜਾਂਞੀ ਜੰਞ ਛੰਦ ਸੁਣਾ ਕੇ ਛੁਡਾਉਂਦਾ ਹੈ, ਫਿਰ ਰੋਟੀ ਖਾਧੀ ਜਾਂਦੀ ਹੈ। ਅਜੋਕੇ ਸਮੇਂ ਵਿਚ ਜੰਞ ਛੁਡਾਉਣ ਦੀ ਰਸਮ ਖ਼ਤਮ ਹੋ ਗਈ ਹੈ। ਲੋਕਾਂ ਵਿਚ ਕਾਹਲੇਪਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਨ ਜਾਂ ਵਿਆਹ ਸ਼ਾਦੀਆਂ ਸਮੇਂ ਨਸ਼ੇ ਦੀ ਵਧੇਰੇ ਵਰਤੋਂ ਕਾਰਨ ਇਹ ਰਸਮ ਖ਼ਤਮ ਹੀ ਹੋ ਗਈ ਹੈ। ਪਹਿਲੇਂ ਮੁੰਡੇ ਵਾਲੇ ਹੀ ਸ਼ਰਾਬ ਆਦਿ ਪੀਂਦੇ ਸਨ ਪਰ ਅਜੋਕੇ ਜੁਗ ਵਿਚ ਕੁੜੀ ਵਾਲੇ ਵੀ ਇਸ ਵਿਚ ਭਾਈਵਾਲ ਹੁੰਦੇ ਹਨ। ਕੁਝ ਸਰਦੇ ਪੁੱਜਦੇ ਕੁੜੀ ਵਾਲੇ ਆਪਣੇ ਵਲੋਂ ਸ਼ਰਾਬ ਪਿਆਉਂਦੇ ਹਨ। ਜੋ ਬਜ਼ੁਰਗ ਪੀੜ੍ਹੀ ਨਾਲੋਂ ਆਪਣੇ ਆਪ ਵਿਚ ਅਗੇ ਵਧੂ ਹੋਣ ਦਾ ਸਬੂਤ ਦੇਂਦੇ ਹਨ। ਪਰ ਅਸਲ ਇਹ ਇਕ ਸਮਾਜਕ ਬੁਰਾਈ ਨੂੰ ਜਨਮ ਦੇ ਰਹੇ ਹਨ। ਉਸ ਉਪਰੰਤ ਬਰਾਤ ਕੁੜੀ ਨੂੰ ਲੈ ਕੇ ਆਪਣੇ ਪਿੰਡ ਪਹੁੰਚਦੀਂ ਹੈ। ਫਿਰ ਮੁਕਲਾਵੇ ਦੀ ਰਸਮ ਹੁੰਦੀਂ ਹੈ। ਇਸ ਤਰ੍ਹਾਂ ਗ੍ਰਹਿਸਤ ਜੀਵਨ ਦੀ ਗੱਡੀ ਚੱਲ ਪੈਂਦੀ ਹੈ। ਇਹ ਗੱਡੀ ਉਸ ਸਮੇਂ ਹੀ ਬੰਦ ਹੁੰਦੀ ਹੈ ਜਦੋਂ ਜਮਰਾਜ ਆ ਪਹੁੰਚਦਾ ਹੈ।

ਮਰਨ ਸਮੇਂ ਦੀਆਂ ਰਸਮਾਂ

ਮਰਨ ਉਪਰੰਤ ਵਿਅਕਤੀ ਨੂੰ ਮੰਜੇ ਤੋਂ ਲਾਹ ਲਿਆ ਜਾਂਦਾ ਹੈ ਅਤੇ ਉਸ ਉਪਰ ਚਾਦਰ ਪਾ ਦਿੱਤੀ ਜਾਂਦੀ ਹੈ। ਜੇਕਰ ਕਿਸੇ ਜੁਆਨ ਔਰਤ ਦਾ ਪਤੀ ਮਰ ਜਾਵੇ ਤਾਂ ਉਹ ਆਪਣੀਆਂ ਚੂੜੀਆਂ ਭੰਨ ਸੁਟਦੀ ਹੈ। ਫਿਰ ਰਿਸ਼ਤੇਦਾਰਾਂ ਨੂੰ ਸੁਨੇਹੇ ਭੇਜੇ ਜਾਂਦੇ ਹਨ। ਫਿਰ ਉਸ ਨੂੰ ਅੰਤਮ ਇਸ਼ਨਾਨ ਕਰਾ ਕੇ ਉਸ ਦੇ ਨਵੇਂ ਕਪੜੇ ਪਾ ਕੇ ਅਰਥੀ ਤੇ ਪਾ ਲਿਆ ਜਾਂਦਾ ਹੈ। ਬਜ਼ੁਰਗ ਦੇ ਪੈਰਾ ਤੇ ਉਨ੍ਹਾਂ ਦੀਆਂ ਨੂੰਹਾਂ ਪੈਸੇ ਰੱਖ ਕੇ ਮੱਥਾ ਟੇਕਦੀਆਂ ਹਨ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਘਾਟ ਵਲ ਲਿਜਾਇਆ ਜਾਂਦਾ ਹੈ। ਥੋੜ੍ਹੀ ਦੂਰ ਜਾ ਕੇ ਇਸਤਰੀਆਂ ਬਹਿ ਜਾਂਦੀਆਂ ਹਨ। ਮਿਰਤਕ ਵਿਅਕਤੀ ਨੂੰ ਚਿਖਾ ਤੇ ਲਿਟਾ ਕੇ ਵੱਡਾ ਲੜਕਾ ਚਿਖਾ ਨੂੰ ਅੱਗ ਲਾਉਂਦਾ ਹੈ। ਉਸ ਉਪਰੰਤ ਭਾਈ ਜਾਂ ਪੰਡਤ ਪਾਠ ਕਰ ਕੇ ਅੰਤਿਮ ਅਰਦਾਸ ਕਰਦਾ ਹੈ। ਫਿਰ ਤੀਜੇ ਦਿਨ ਉਸ ਦੇ ਫੁੱਲ ਚੁੱਗੇ ਜਾਂਦੇ ਹਨ, ਜਿਨ੍ਹਾਂ ਨੂੰ ਸਿੱਖ ਕੀਰਤਪੁਰ ਅਤੇ ਹਿੰਦੂ ਗੰਗਾ ਜਾ ਕੇ ਪਾ ਆਉਂਦੇ ਹਨ। ਉਸ ਉਪਰੰਤ ਉਸ ਦੀ ਆਤਮਿਕ ਸ਼ਾਂਤੀ ਲਈ ਪਾਠ ਰਖਾਇਆ ਜਾਂਦਾ ਹੈ। ਫਿਰ ਭੋਗ ਪੁਆਇਆ ਜਾਂਦਾ ਹੈ ਤੇ ਰਸਮ ਪਗੜੀ ਕੀਤੀ ਜਾਂਦੀ ਹੈ ਅਤੇ ਪੁੰਨ ਦਾਨ ਵੀ ਕੀਤਾ ਜਾਂਦਾ ਹੈ। ਜੇ ਬਜ਼ੁਰਗ ਮਰੇ ਤਾਂ 'ਇਕੱਠ' ਕੀਤਾ ਜਾਂਦਾ ਹੈ। ਸ਼ਰੀਕੇ ਭਾਈਚਾਰੇ ਨੂੰ ਰੋਟੀ ਖਵਾਈ ਜਾਂਦੀ ਹੈ। ਪਹਿਲੇ ਪਹਿਲ ਸਾਡੀ ਨਵੀਂ ਪੜ੍ਹੀ ਲਿਖੀ ਸ਼ਰੇਣੀ 'ਇਕੱਠ' ਨੂੰ ਫ਼ਜ਼ੂਲ ਖਰਚੀ ਸਮਝਦੀ ਸੀ ਜੋ ਸੱਚ ਮੁੱਚ ਫ਼ਜ਼ੂਲ ਖਰਚੀ ਸੀ ਜੋ ਘਰਦਿਆਂ ਉਤੇ ਵਧੇਰਾ ਆਰਥਿਕ ਬੋਝ ਪੈਂਦਾ ਸੀ। ਪਰ ਸਾਡੀ ਨਵੀਂ ਪੜ੍ਹੀ ਲਿਖੀ ਸ਼ਰੇਣੀ ਨੇ 'ਇਕੱਠ' ਸ਼ਬਦ ਦਾ ਅਜਨਬੀਕਰਣ ਕਰ ਦਿੱਤਾ ਹੈ। ਉਸ ਦੀ ਥਾਂ 'ਅੰਤਮ ਅਰਦਾਸ' ਦਾ ਸ਼ਬਦ ਜੋੜ ਦਿਤਾ ਹੈ। ਜਿੱਥੇ ਅਗੇ ਬਜ਼ੁਰਗ ਦੇ ਇਕੱਠੇ ਤੇ ਕੁਝ ਗਿਣੇ ਮਿਣੇ ਰਿਸ਼ਤੇਦਾਰ ਆਉਂਦੇ ਸਨ। ਉਥੇ ਅਜ 'ਅੰਤਮ ਅਰਦਾਸ' ਤੇ ਆਪਣੀ ਫੋਕੀ ਚੌਧਰ ਕਾਇਮ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੁੰਦੇ ਹਨ ਅਤੇ ਖੁਲ੍ਹੇ ਲੰਗਰ ਚਲਦੇ ਹਨ। ਇਸ ਤਰ੍ਹਾਂ ਮਨੁੱਖ ਦੀ ਅੰਤਮ ਯਾਤਰਾ ਸਮੇਂ ਹੀ ਰਸਮ ਰਿਵਾਜ ਖ਼ਤਮ ਹੋ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਜੋ ਰਸਮਾਂ ਰਿਵਾਜਾਂ ਦਾ ਵਰਣਨ ਕੀਤਾ ਗਿਆ ਹੈ, ਇਹ ਵੱਖਰੀਆਂ ਵੱਖਰੀਆਂ ਜਾਤਾਂ, ਧਰਮਾਂ ਅਤੇ ਇਲਾਕੇ ਵਿਚ ਕੁਝ ਭਿੰਨਤਾ ਨਾਲ ਕੀਤੇ ਜਾਂਦੇ ਹਨ।

(ਹਵਾਲੇ ਤੇ ਟਿੱਪਣੀਆਂ)

1. *F. of Folk Git.* P. 55
2. **ਪੰਜਾਬ ਦੀ ਲੋਕਧਾਰਾ**, ਪੰਨਾ 22
3. **ਪੰਜਾਬੀ ਲੋਕਧਾਰਾ ਦੇ ਪੱਖ**, ਪੰਨਾ 59
4. ਉਹੀ ਰਚਨਾ, ਪੰਨਾ 44
5. ਉਹੀ ਰਚਨਾ, ਪੰਨਾ 22
6. **ਪੰਜਾਬ ਦੀ ਲੋਕਧਾਰਾ**, ਪੰਨਾ 41
7. ਉਹੀ, ਪੰਨਾ 65
8. **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਪੰਨਾ 30
9. **ਪੰਜਾਬ ਦੀ ਲੋਕਧਾਰਾ**, ਪੰਨੇ 40-41
10. **ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ**, ਪੰਨਾ 196
11. "ਲੋਕ ਭਰਮ", **ਗੁਸਲਖਾਨਾ ਤੇ ਹੋਰ ਲੇਖ**, ਪੰਨੇ 59-60
12. **ਪੰਜਾਬੀ ਦੁਨੀਆ** (ਪੰਜਾਬ ਅੰਕ), ਪੰਨਾ 132.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਲੋਕ ਕਲਾਵਾਂ

ਮਨੁੱਖ ਦੀਆਂ ਮਾਨਸਕ ਲੋੜਾਂ ਦੀ ਤ੍ਰਿਪਤੀ ਸੁਹਜ ਰਸ ਨਾਲ ਹੁੰਦੀ ਹੈ। ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿੱਤਾ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, ''ਉਹ ਕਲਾ, ਜਿਸ ਨੂੰ, ਆਦਿ ਕਾਲ ਤੋਂ ਅਨੇਕਾਂ ਕਿਰਤੀਆਂ ਨੇ ਆਪਣੇ ਅਨੁਭਵ ਨਾਲ ਸਿੰਜ ਕੇ ਰਸਾਇਆ, ਪਕਾਇਆ ਤੇ ਨਿਖਾਰਿਆ ਅਤੇ ਜੋ ਪਰੰਪਰਾ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ ਕਲਾ ਅਖਵਾਈ''[1] ਲੋਕ ਕਲਾ ਵਿਅਕਤੀ ਦੇ ਜੀਵਨ ਅਤੇ ਸਭਿਆਚਾਰ ਦਾ ਸ਼ੀਸ਼ਾ ਹੁੰਦੀ ਹੈ। ਲੋਕ ਕਲਾਵਾਂ ਲੋਕ ਸਮੂਹ ਦੇ ਉੱਦਮ ਦੀ ਪੈਦਾਵਾਰ ਹੁੰਦੀਆਂ ਹਨ। ਲੋਕ ਕਲਾਵਾਂ ਵਿਚ ਪੀੜ੍ਹੀਆਂ ਦੀ ਘਾਲਣਾ ਸਮਾਈ ਹੋਈ ਹੁੰਦੀ ਹੈ। ਲੋਕ ਕਲਾਵਾਂ ਦਾ ਵਿਸ਼ੈ ਖੇਤਰ ਵਿਸ਼ਾਲ ਹੈ। ਇਨ੍ਹਾਂ ਲੋਕ ਕਲਾਵਾਂ ਦੇ ਨਿਭਾਅ ਵਿਚੋਂ ਉਸ ਕੌਮੀਅਤ ਦਾ ਵਰਤਮਾਨ, ਅਤੀਤ ਤੇ ਭਵਿੱਖ ਆਪਣੇ ਸੱਚੇ ਸੁੱਚੇ ਸਵਰ ਵਿਚ ਬੋਲਦਾ ਹੈ। ਅਸੀਂ ਇਥੇ ਕੁਝ ਲੋਕ ਕਲਾਵਾਂ ਜਿਵੇਂ ਲੋਕ ਨਾਚ, ਲੋਕ ਨਾਟ, ਲੋਕ ਸੰਗੀਤ ਅਤੇ ਲੋਕ ਸਾਜ਼ ਅਤੇ ਲੋਕ ਗਹਿਣੇ ਆਦਿ ਦਾ ਵਰਣਨ ਕਰਾਂਗੇ:

(ੳ) ਲੋਕ ਨਾਚ

ਪ੍ਰਾਚੀਨ ਕਾਲ ਤੋਂ ਮਨੁੱਖ ਦਾ ਨਾਚ ਨਾਲ ਸੰਬੰਧ ਰਿਹਾ ਹੈ। ਮਨੁੱਖੀ ਮਨ ਦੇ ਚਾਉ ਤੇ ਭਾਵਾਂ ਦਾ ਸਰੀਰਕ ਅੰਗਾਂ ਦੀਆਂ ਹਰਕਤਾਂ ਦੁਆਰਾ ਕੀਤਾ ਪ੍ਰਗਟਾਵਾ ਲੋਕ ਨਾਚ ਦਾ ਰੂਪ ਹੈ। 'ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ' ਵਿਚ ਲੋਕ ਨਾਚ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, 'ਲੋਕ ਨਾਚ' ਜੀਵਨ ਦੇ ਸੰਕਟੀ ਅਵਸਰਾਂ ਤੇ ਹਰਕਤਾਂ ਦੇ ਰੂਪ ਵਿਚ ਸਾਮੂਹਿਕ ਪ੍ਰਤੀਕਰਮ ਹੈ। ਜਿਨ੍ਹਾਂ ਵਿਚ ਸਮੂਹ ਸ਼ਾਮਲ ਹੋ ਕੇ ਜਾਤੀ ਦੀਆਂ ਭਾਵਨਾਵਾਂ ਅਤੇ ਵਿਸ਼ਵਾਸਾਂ ਦੀ ਤਰਜਮਾਨੀ ਕਰਦਾ ਹੈ।[2] Arnold Haskell ਦੇ ਵਿਚਾਰ ਅਨੁਸਾਰ, ''ਲੋਕ ਨਾਚ ਵਿਚ ਇਸਤ੍ਰੀ ਅਤੇ ਮਰਦ ਜੋੜਿਆਂ ਦੇ ਰੂਪ ਵਿਚ ਨੱਚਦੇ ਹਨ ਅਤੇ ਨਾਚ ਸਾਮੂਹਿਕ ਹੁੰਦਾ ਹੈ।''[3] ਲੋਕ ਨਾਚ ਦਾ ਪ੍ਰਮੁੱਖ ਲੱਛਣ ਇਸ ਦਾ ਸਾਮੂਹਿਕ ਚਰਿਤ੍ਰ ਹੁੰਦਾ ਹੈ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, ''ਲੋਕ-ਨਾਚ ਜਾਤੀ ਦੇ ਚਰਿਤ੍ਰ ਤੇ ਸਾਮੂਹਿਕ ਜਜ਼ਬਿਆਂ ਦਾ, ਅੰਗਾਂ ਦਾ ਤਾਲਬੱਧ ਲਹਿਰਾਓ ਤੇ ਹਾਵਾਂ ਭਾਵਾਂ ਰਾਹੀ ਪ੍ਰਗਟਾਓ ਹੈ।''[4] ਜੋਗਿੰਦਰ ਸਿੰਘ ਅਨੁਸਾਰ, 'ਲੋਕ ਨਾਚ' ਉਹ ਨਾਚ ਹੈ ਜਿਸ ਨੂੰ ਆਮ ਲੋਕੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੱਚਦੇ ਹੋਣ, ਜਿਸ ਵਿਚ ਇਲਾਕੇ ਦੇ ਆਮ ਲੋਕੀਂ ਆਪਣੀਆਂ ਖੁਸ਼ੀਆਂ, ਸੱਧਰਾਂ, ਮਨ ਦੀਆਂ ਭਾਵਨਾਵਾਂ ਅਤੇ ਵਲਵਲੇ ਦਰਸਾਉਂਦੇ ਹਨ। ਲੋਕ-ਨਾਚ ਆਪਣੇ ਇਲਾਕੇ ਦੀ ਸਭਿਅਤਾ ਦਾ ਸਹੀ ਦਰਪਣ ਹੁੰਦਾ ਹੈ, ਕਿਉਂਕਿ ਜਦੋਂ ਲੋਕ ਖੁਸ਼ੀ ਦੀ ਤਰੰਗ ਵਿਚ ਹੁੰਦੇ ਹਨ ਤਾਂ ਉਹ ਆਪਣੇ ਅਸਲੇ ਨੂੰ ਪਰਗਟ ਕਰਦੇ ਹਨ। ਪੰਜਾਬੀ ਲੋਕਾਂ ਦੀ ਧੜਕਦੀ ਜਿੰਦਜਾਨ ਦੀ ਪਹਿਚਾਣ ਇਸ ਦੇ ਲੋਕ ਨਾਚਾਂ ਵਿਚੋਂ ਹੁੰਦੀ ਹੈ।

ਲੋਕ ਹਰ ਖੁਸ਼ੀ ਦੇ ਮੌਕੇ ਤੇ ਨੱਚਦੇ ਹਨ। ਪੁੱਤਰ ਜੰਮਣ ਤੇ ਵਿਆਹ ਸ਼ਾਦੀ, ਦਿਨ ਤਿਉਹਾਰਾਂ ਅਤੇ ਮੇਲਿਆਂ ਅਤੇ ਹੋਰ ਖੁਸ਼ੀ ਦੇ ਇੱਕਠਾਂ ਉਪਰ। ਇਥੇ ਅਸੀਂ ਪੰਜਾਬੀ ਲੋਕ ਨਾਚਾਂ ਦੀਆਂ ਕੁਝ ਵਿਸ਼ੇਸ਼ਤਾਈਆਂ ਵਰਣਨ ਕਰਦੇ ਹਾਂ:

ਵਿਸ਼ੇਸ਼ਤਾਈਆਂ

1. ਲੋਕ ਨਾਚ ਬਨਾਵਟੀ ਨਹੀਂ

ਪੰਜਾਬੀ ਲੋਕ ਨਾਚਾਂ ਵਿਚ ਬਨਾਵਟ ਦਾ ਕੋਈ ਅੰਸ਼ ਨਹੀਂ ਹੈ। ਇਹ ਪੰਜਾਬੀਆਂ ਦੇ ਖੁਲ੍ਹੇ ਡੁਲ੍ਹੇ ਸੁਭਾਅ ਅਤੇ ਉਨ੍ਹਾਂ ਦੀ ਸੂਰਬੀਰਤਾਂ ਦੇ ਪ੍ਰਤੀਕ ਹਨ। ਇਹ ਨਿਯਮ ਵਿਚ ਬੱਝੇ ਹੋਏ ਨਹੀਂ ਹਨ, ਸ਼ਾਇਦ ਇਸੇ ਕਰਕੇ ਇਨ੍ਹਾਂ ਨੇ ਦੱਖਣ ਦੇ ਲੋਕ ਨਾਚਾਂ ਵਾਂਗ ਕਲਾਸਕੀ ਰੂਪ ਧਾਰਨ ਨਹੀਂ ਕੀਤਾ ਹੈ। ਇਹੋ ਕਾਰਨ ਹੈ ਕਿ ਇਥੋਂ ਦੀ ਹਰ ਕਲਾ ਭਾਵੇਂ ਉਹ ਨਾਚ ਹਨ ਜਾਂ ਰਾਗ ਰਵਾਂ ਰਵੀ ਲੋਕ ਜੀਵਨ ਨੂੰ ਪੇਸ਼ ਕਰਦੀ ਹੈ। ਇਨ੍ਹਾਂ ਦਾ ਸਾਰਾ ਵਿਕਾਸ ਕੁਦਰਤੀ ਹੈ ਕੋਈ ਬਨਾਵਟੀ ਅੰਸ਼ ਜ਼ਾਂ ਓਪਰਾਪਨ ਨਹੀਂ ਹੈ।

2. ਪੁਸ਼ਾਕ

ਪੰਜਾਬੀ ਲੋਕ ਨਾਚਾਂ ਵਾਸਤੇ ਕਿਸੇ ਵਿਸ਼ੇਸ਼ ਪੁਸ਼ਾਕ ਦੀ ਲੋੜ ਨਹੀਂ ਹੈ। ਜੋ ਪਹਿਰਾਵਾ ਆਮ ਪੰਜਾਬੀ ਨੌਜਵਾਨ ਜਾਂ ਮੁਟਿਆਰ ਪਹਿਨਦੀ ਹੈ ਉਹ ਹੀ ਇਨ੍ਹਾਂ ਦੇ ਨਾਚਾਂ ਦਾ ਪਹਿਰਾਵਾ ਹੈ। ਕਪੜਿਆਂ ਦੇ ਰੰਗਾਂ ਦਾ ਉਚੇਚ ਨਹੀਂ ਕੀਤਾ ਜਾਂਦਾ ਹੈ। ਭਾਵੇਂ ਪੰਜਾਬੀ ਖੁਸ਼ੀ ਦੇ ਮੌਕਿਆਂ ਤੇ ਵਧੀਆ ਕਪੜੇ ਪਹਿਨਦੇ ਹਨ। ਇਸ ਲਈ ਲੋਕ ਨਾਚ ਨੱਚਣ ਲਈ ਕਿਸੇ ਉਚੇਚ ਦੀ ਲੋੜ ਨਹੀਂ ਹੈ।

3. ਲੋਕ ਮਨ ਦੀ ਅਭਿਵਿਅਕਤੀ

ਲੋਕ ਨਾਚ ਮਨ ਦੀ ਖੁਸ਼ੀ ਲਈ ਨੱਚਿਆ ਜਾਂਦਾ ਹੈ ਜਿਸ ਵਿਚ ਲੋਕ ਮਨ ਦੇ ਚਾਵਾਂ ਅਤੇ ਖੁਸ਼ੀਆਂ ਦਾ ਪ੍ਰਗਟਾਵਾ ਹੁੰਦਾ ਹੈ। ਮਾਨਸਿਕ ਖੁਸ਼ੀ ਵਾਸਤੇ ਨਾਚ ਨੱਚੇ ਜਾਂਦੇ ਹਨ। ਇਸ ਲਈ ਕਿਸੇ ਸਟੇਜ ਜਾਂ ਸਜਾਵਟ ਦੀ ਲੋੜ ਨਹੀਂ ਹੈ। ਪਿੰਡ ਦੀ ਕੋਈ ਥਾਂ ਚਾਹੇ ਖੇਤ ਹਨ, ਜਾਂ ਬੋਹੜ ਦੀ ਛਾਂ ਹੈ ਆਦਿ ਹਰ ਥਾਂ ਉਨ੍ਹਾਂ ਦੇ ਨੱਚਣ ਲਈ ਠੀਕ ਹੈ। ਸੂਰਜ ਦੀ ਰੌਸ਼ਨੀ ਨਾ ਹੋਵੇ ਤਾਂ ਚੰਦ ਦੀ ਚਾਨਣੀ ਵਿਚ ਨੱਚੇ ਜਾ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਸੰਗੀਤ ਅਤੇ ਸਾਜ਼

ਪੰਜਾਬੀ ਲੋਕ ਨਾਚ ਸੰਗੀਤ ਅਤੇ ਸਾਜ਼ਾਂ ਦੇ ਵੀ ਅਧੀਨ ਨਹੀਂ ਹਨ। ਬਿਨਾਂ ਸਾਜ਼ਾਂ ਤੋਂ ਵੀ ਭੰਗੜਾ ਤੇ ਗਿੱਧਾ ਪਾਏ ਜਾ ਸਕਦੇ ਹਨ। ਭੰਗੜੇ ਵਿਚ ਜੋਸ਼ ਪੈਦਾ ਕਰਨ ਲਈ ਭਾਵੇਂ ਢੋਲ ਦੀ ਲੋੜ ਸਮਝੀ ਜਾਂਦੀ ਹੈ, ਪਰ ਨੌਜਵਾਨ ਖੁਸ਼ੀ ਵਿਚ ਹੁੰਦੇ ਹਨ ਤਾਂ ਉਹ ਇਨ੍ਹਾਂ ਤੋਂ ਬਿਨਾਂ ਵੀ ਨੱਚਦੇ ਹਨ। ਸੰਗੀਤਕ ਘਾਟ ਨੂੰ ਉਹ ਬੱਕਰੇ ਬੁਲਾ ਕੇ ਜਾਂ ਬੱਲੇ ਬੱਲੇ ਆਖਕੇ ਪੂਰਾ ਕਰ ਲੈਂਦੇ ਹਨ।

5. ਪੰਜਾਬੀ ਲੋਕ ਨਾਚ'ਚ ਲੌਕਿਕਤਾ

ਪੰਜਾਬੀ ਲੋਕ ਨਾਚਾਂ ਦਾ ਸੁਭਾ ਲੌਕਿਕ ਹੈ। ਉਨ੍ਹਾਂ ਉਤੇ ਕਿਸੇ ਧਰਮ ਦਾ ਜਾਂ ਧਾਰਮਿਕ ਰਸਮ ਰਿਵਾਜ ਦਾ ਅਸਰ ਨਹੀਂ ਹੈ। ਇਹੋ ਕਾਰਨ ਹੈ ਕਿ ਹਰੇਕ ਪੰਜਾਬੀ ਚਾਹੇ ਜਿਸ ਮਰਜ਼ੀ ਧਰਮ ਦਾ ਹੋਵੇ ਇਨ੍ਹਾਂ ਦਾ ਆਨੰਦ ਮਾਣਦਾ ਹੈ। ਜਦੋਂ ਕਿ ਦੱਖਣੀ ਭਾਰਤ ਦੇ ਲੋਕ ਨਾਚਾਂ ਤੇ ਧਰਮ ਦਾ ਕਾਫੀ ਅਸਰ ਹੈ। ਇਸ ਕਰਕੇ ਉਨ੍ਹਾਂ ਦਾ ਆਨੰਦ ਉਸੇ ਧਰਮ ਵਾਲੇ ਹੀ ਮਾਣ ਸਕਦੇ ਹਨ।

ਉਪਰੋਕਤ ਵਿਸ਼ੇਸ਼ਤਾਈਆਂ ਪੰਜਾਬੀ ਲੋਕ ਨਾਚਾਂ ਵਿਚ ਪਾਈਆਂ ਜਾਂਦੀਆਂ ਹਨ। ਪੰਜਾਬ ਦੇ ਪ੍ਰਮੁੱਖ ਲੋਕ ਨਾਚ ਭੰਗੜਾ, ਗਿੱਧਾ, ਝੁੰਮਰ ਅਤੇ ਸਮੀ ਹਨ। ਪਰ ਅਜੋਕੇ ਪੰਜਾਬ ਵਿਚ ਭੰਗੜਾ, ਗਿੱਧਾ ਅਤੇ ਕਿੱਕਲੀ ਵਧੇਰੇ ਲੋਕ ਪ੍ਰਿਯ ਹਨ। ਹੁਣ ਅਸੀਂ ਇਨ੍ਹਾਂ ਦਾ ਵਿਸਥਾਰ ਸਹਿਤ ਵਰਣਨ ਕਰਦੇ ਹਾਂ:

1. ਭੰਗੜਾ

ਭੰਗੜਾ ਪੰਜਾਬ ਦੇ ਨੌਜਵਾਨਾਂ ਦਾ ਪ੍ਰਮੁੱਖ ਤੇ ਹਰਮਨ ਪਿਆਰਾ ਲੋਕ ਨਾਚ ਹੈ। ਭੰਗੜੇ ਵਿਚ ਨਚਾਰਾਂ ਦੀ ਉਮਰ ਦੀ ਕੋਈ ਹੱਦ ਨਹੀਂ ਹੈ। ਜਦੋਂ ਖੁਸ਼ੀ ਦਾ ਮੌਕਾ ਆਉਂਦਾ ਹੈ ਤਾਂ ਬੱਚੇ, ਨੌਜਵਾਨ ਅਤੇ ਬਜ਼ੁਰਗ ਸਭ ਭੰਗੜਾ ਪਾਉਂਦੇ ਹਨ। ਇਹ ਪੰਜਾਬੀਆਂ ਦਾ ਕੌਮੀ ਨਾਚ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ, ਜੋਸ਼ ਸਾਹਸ, ਬੀਰਤਾ ਤੇ ਅਲਬੇਲੇਪਨ ਦੀ ਤਸਵੀਰ ਪੇਸ਼ ਕਰਦਾ ਹੈ। ਭੰਗੜੇ ਦਾ ਜਨਮ ਸਥਾਨ ਪੱਛਮੀ ਪੰਜਾਬ ਦਾ ਜ਼ਿਲਾ ਸਿਆਲਕੋਟ ਮੰਨਿਆ ਜਾਂਦਾ ਹੈ। ਪਰ ਜੋਸ਼ ਭਰਿਆ ਹੋਣ ਕਾਰਨ ਸਾਰੇ ਪੰਜਾਬੀਆਂ ਦਾ ਹਰਮਨ ਪਿਆਰਾ ਨਾਚ ਬਣ ਚੁੱਕਾ ਹੈ। ਭੰਗੜੇ ਵਿਚ ਇਕ ਬੀਰ ਰਸੀ ਘੂਕਰ ਹੈ। ਇਹ ਨਾਚ ਬੜੇ ਜ਼ੋਰ ਨਾਲ ਨੱਚਿਆ ਜਾਂਦਾ ਹੈ। ਇਸ ਕਰਕੇ ਇਹ ਪੰਜਾਬੀਆਂ ਤੋਂ ਬਿਨਾਂ ਕੋਈ ਹੋਰ ਨੱਚ ਨਹੀਂ ਸਕਦਾ ਹੈ। ਜੋਸ਼ ਤੇ ਤਾਲ ਦੀ ਘੂਕਵੀਂ ਤੇ ਚਾਲ ਦੇ ਪੱਖੋਂ ਭਾਰਤ ਦਾ ਕੋਈ ਵੀ ਲੋਕ ਨਾਚ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ ਹੈ।

ਇਹ ਲੋਕ ਨਾਚ ਪੰਜਾਬ ਦੀ ਕਿਰਸਾਨੀ ਸੰਸਕ੍ਰਿਤੀ ਨਾਲ ਸੰਬੰਧਿਤ ਹੈ। ਪੰਜਾਬ ਦੀ ਸੂਰਤ ਵਿਚ ਇਸ ਖੁਸ਼ੀ ਦਾ ਸੰਬੰਧ ਪਹਿਲੀ ਫਸਲ ਕਣਕ ਨਾਲ ਹੈ। ਕਣਕ ਪੰਜਾਬ ਦੇ ਕਿਰਸਾਨ ਦੀ ਮੁਖ ਫਸਲ ਹੈ। ਜਦੋਂ ਅਪਰੈਲ ਮਹੀਨੇ ਕਣਕ ਦੀ ਫਸਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਣਥਕ ਮਿਹਨਤ ਪਿਛੋਂ ਪੱਕਦੀ ਹੈ ਅਤੇ ਕਣਕ ਦੀਆਂ ਸੋਨੇ ਰੰਗੀਆਂ ਬੱਲੀਆਂ ਖੇਤਾਂ ਵਿਚ ਝੂੰਮਦੀਆਂ ਹਨ, ਤਾਂ ਉਸ ਸਮੇਂ ਕਿਸਾਨ ਦੀ ਖੁਸ਼ੀ ਦਾ ਕੋਈ ਹੱਦ ਬੰਨ੍ਹ ਨਹੀਂ ਹੁੰਦਾ ਹੈ। ਉਸ ਦਾ ਇਹ ਜੋਸ਼, ਖੁਸ਼ੀ ਅਤੇ ਵਲਵਲਾ ਉਸ ਦੇ ਭੰਗੜੇ ਨਾਚ ਵਿਚ ਪਰਗਟ ਹੁੰਦਾ ਹੈ। ਭਾਵੇਂ ਇਹ ਨਾਚ ਬੱਚੇ ਦੇ ਜਨਮ, ਵਿਆਹ, ਮੇਲੇ ਤਿਉਹਾਰਾਂ ਤੇ ਨੱਚਿਆ ਜਾਂਦਾ ਹੈ, ਪਰ ਇਸ ਦਾ ਪ੍ਰਾਚੀਨਤਮ ਸੰਬੰਧ ਵਿਸਾਖੀ ਦੇ ਮੇਲੇ ਨਾਲ ਰਿਹਾ ਹੈ।

ਭੰਗੜੇ ਦੇ ਨਾਚ ਦੀ ਕੋਈ ਨਿਰਧਾਰਿਤ ਪੁਸ਼ਾਕ ਨਹੀਂ ਹੈ। ਕਿਸੇ ਪਹਿਰਾਵੇ ਵਿਚ ਵੀ ਉਹ ਆਪਣੀ ਖੁਸ਼ੀ ਦਾ ਪ੍ਰਗਟਾ ਕਰ ਸਕਦੇ ਹਨ।

ਕਈ ਵਾਰ ਨੌਜਵਾਨ ਇਕਸਾਰਤਾ ਲਈ ਖੁਲ੍ਹੀਆਂ ਬਾਹਵਾਂ ਵਾਲੇ ਕੁੜਤੇ, ਤੇੜ ਚਾਦਰੇ ਆਦਿ ਬੰਨ੍ਹ ਲੈਂਦੇ ਹਨ। ਰੰਗ ਬਰੰਗੀਆਂ ਪੱਗਾਂ ਬੰਨ੍ਹਦੇ ਹਨ। ਭੰਗੜੇ ਵਿਚ ਲੋਕ ਸਾਜ਼ ਚਿਮਟਾ, ਕਾਂਟੇ ਅਲਗੋਜ਼ਾ, ਤੂੰਬਾ ਆਦਿ ਸਾਜ਼ ਵਰਤੇ ਜਾ ਸਕਦੇ ਹਨ, ਪਰ ਮੁੱਖ ਸਾਜ਼ ਢੋਲ ਹੁੰਦਾ ਹੈ। ਭੰਗੜਾ ਢੋਲ ਦੀ ਤਾਲ ਉਤੇ ਨੱਚਿਆ ਜਾਂਦਾ ਹੈ। ਇਸ ਦਾ ਤਾਲ, ਬੀਰ ਰਸੀ ਘੂਕਰ ਵਾਲਾ ਹੋਣ ਕਰਕੇ ਢੋਲ ਦੇ ਡੱਗੇ ਨਾਲ ਜੋਸ਼ ਉਤਪੰਨ ਕੀਤਾ ਜਾਂਦਾ ਹੈ। ਢੋਲੀ ਅਖਾੜੇ ਵਿਚ ਖੜਾ ਹੋ ਕੇ ਢੋਲ ਉਤੇ ਡੱਗਾ ਮਾਰਦਾ ਹੈ ਤਾਂ ਲੋਕੀਂ ਗੋਲ ਦਾਇਰਾ ਬਣਾ ਕੇ ਖੜੇ ਹੋ ਜਾਂਦੇ ਹਨ ਅਤੇ ਝੱਟ ਹੀ ਨੱਚਣ ਵਾਲੇ ਢੋਲੀ ਦੇ ਦੁਆਲੇ ਘੇਰਾ ਘੱਤ ਲੈਂਦੇ ਹਨ। ਪਹਿਲਾ ਢੋਲੀ ਦੀ ਤਾਲ ਹੌਲੀ ਹੁੰਦੀ ਹੈ। ਨੱਚਾਰ, ਢੋਲ ਦੇ ਤਾਲ ਉਤੇ ਮਸਤੀ ਵਿਚ ਆ ਕੇ ਝੂੰਮਦੇ ਅਤੇ ਸਰੀਰਕ ਹਰਕਤਾਂ ਕਰਦੇ ਹਨ। ਹੌਲੀ ਹੌਲੀ ਢੋਲੀ ਆਪਣੇ ਤਾਲ ਨੂੰ ਤੇਜ਼ ਕਰਦਾ ਹੈ ਤੇ ਇਕ ਖਾਸ ਅੰਦਾਜ਼ ਵਿਚ ਕੜਕੁਟਵਾਂ ਢੋਲ ਮਾਰਦਾ ਅਤੇ ਬੀਰ ਰਸੀ ਜਿਹੇ ਅਲਾਪ ਨਾਲ ਭੰਗੜਾ ਕਈ ਘੁੰਮਰੀਆਂ ਤੇ ਚੱਕਰ ਕੱਢਦਾ ਸਿਖਰ ਉਤੇ ਪੁੱਜ ਜਾਂਦਾ ਹੈ। ਨਚਾਰ ਆਪਣੀਆਂ ਸਰੀਰਕ ਹਰਕਤਾਂ ਢੋਲ ਦੇ ਨਾਲ ਕਰਦੇ ਅਤੇ ਬਦਲਦੇ ਹਨ। ਉਹ 'ਹੋਏ' 'ਹੋਏ' 'ਬੱਲੇ' 'ਬੱਲੇ' ਜਾਂ 'ਹੂੰ ਵਾਊ' ਦੀਆਂ ਅਵਾਜਾਂ ਇਕ ਸੁਰ ਹੋ ਕੇ ਕੱਢਦੇ ਹਨ। ਥੋੜੇ ਸਮੇਂ ਪਿੱਛੋਂ ਨਾਚਾਰ ਰੁਕ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਕੋਈ ਇਕ ਗਭਰੂ ਘੇਰੇ ਦੇ ਅੰਦਰ ਖਲੋ ਕੇ, ਇਕ ਹੱਥ ਕੰਨ ਉਤੇ ਦੂਜਾ ਉੱਚਾ ਚੁੱਕ ਕੇ ਬੋਲੀ ਪਾਉਂਦਾ ਹੈ:

ਕਣਕਾਂ ਦੇ ਮੂੰਹ ਤੇ ਆ ਗਈ ਲਾਲੀ,
ਖੁਸ਼ੀਆਂ ਭਰੇ ਕਿਨਾਰੇ।
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ,
ਫਸਲਾਂ ਲੈਣ ਹੁਲਾਰੇ।
ਭੰਗੜਾ ਪਾ ਮੰਡਿਆ।
ਤੈਨੂੰ ਕਣਕ ਸੈਨਤਾਂ ਮਾਰੇ।

ਬੋਲੀ ਦੇ ਅੰਤਲੇ ਟੱਪੇ ਉਤੇ ਢੋਲੀ ਇਕ ਖਾਸ ਅੰਦਾਜ਼ ਨਾਲ ਡੱਗਾ ਮਾਰਦਾ ਹੈ ਤੇ ਨਚਾਰ ਬੱਕਰੇ ਬਲਾਉਂਦੇ ਤੇ ਬਾਘੀਆਂ ਪਾਉਂਦੇ ਬੋਲੀ ਚੁੱਕ ਲੈਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੋਲੀ ਦੇ ਮੁੱਕਣ ਤੇ ਢੱਲੀ ਫਿਰ ਨਾਚ ਵਾਲਾ ਤਾਲ ਵਜਾਉਂਦਾ ਤੇ ਨਾਚ ਸ਼ੁਰੂ ਹੋ ਜਾਂਦਾ ਹੈ।

ਨਵੇਂ ਸਰੀਰਕ ਕਾਰਜ ਦਾ ਆਰੰਭ ਮੁੜ ਲੋਕ ਗੀਤ ਰੂਪ ਬੋਲੀ ਦੇ ਅਲਾਪ ਨਾਲ ਸ਼ੁਰੂ ਹੁੰਦਾ ਹੈ। ਭੰਗੜੇ ਦੀਆਂ ਬੋਲੀਆਂ ਪੰਜਾਬੀਆਂ ਦੀ ਸੂਰਬੀਰਤਾ, ਸਾਹਸ, ਜੋਸ਼, ਅਣਖ ਅਤੇ ਅਲਬੇਲੇ ਸੁਭਾ ਦਾ ਵਿਆਪਕ ਰੂਪ ਵਿਚ ਚਿਤਰਨ ਹੁੰਦਾ ਹੈ:

ਸਾਡੇ ਪਿੰਡ ਦੇ ਮੁੰਡੇ ਵੇਖ ਲਓ
ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਉਹ ਬੰਨ੍ਹਦੇ ਸਾਫੇ
ਪਿੰਝਲੀ ਨਾਲ ਸੁਹਾਵੇ
ਦੁੱਧਾਂ ਕਾਸ਼ਣੀ ਬੰਨ੍ਹਦੇ ਸਾਫੇ
ਉਡਦਾ ਕਬੂਤਰ ਜਾਵੇ
ਮਲਮਲ ਦੇ ਤਾਂ ਕੁੜਤੇ ਪਾਉਂਦੇ
ਜਿਉਂ ਬਗਲਾ ਤਲਾਅ ਵਿਚ ਨ੍ਹਾਵੇ
ਗਿੱਧਾ ਪਾਉਂਦੇ ਮੁੰਡਿਆਂ ਦੀ
ਸਿਫਤ ਕਰੀ ਨਾ ਜਾਵੇ।
ਗਿੱਧਾ ਪਾਉਂਦੇ ਮੁੰਡਿਆਂ.....

ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, ''ਇਹ ਨ੍ਰਾਚ ਇਕ ਮਹਾਂ ਕਾਵਿ ਹੈ। ਮਹਾਂ ਕਾਵਿ ਵਾਲੀ ਸਾਰੀ ਵਿਲੱਖਣਤਾ ਤੇ ਸੁਹਜ ਹੈ।''[5] ਭੰਗੜਾ ਨਾਚ ਸਮੇਂ ਪ੍ਰਸਿੱਧ ਪ੍ਰੀਤ ਲੋਕ ਗਾਥਾਵਾਂ-ਮਿਰਜ਼ਾ ਸਾਹਿਬਾਂ, ਕੀਮਾ ਮਲਕੀ ਅਤੇ ਜਿੰਦੂਆਂ ਆਦਿ ਗਾਉਣ ਦੀ ਪਰੰਪਰਾ ਵੀ ਹੈ। ਲੋਕ ਗੀਤਾਂ ਦਾ ਇਹ ਰੂਪ ਉਨ੍ਹਾਂ ਦੀ ਖੁਸ਼ੀ ਅਤੇ ਜੋਸ਼ ਵਿਚ ਵਾਧਾ ਕਰਦਾ ਹੈ। ਭੰਗੜਾ ਨਾਚ ਦਾ ਤਾਲ ਮੱਧਮ ਵੱਜਣ ਉਪਰੰਤ ਨਾਚਾਰ ਨੱਚਣਾ ਆਰੰਭ ਕਰ ਦਿੰਦੇ ਹਨ। ਬੋਲੀ ਦੇ ਭਾਵਾਂ ਜਿਵੇਂ ਫ਼ਸਲਾਂ ਬੀਜਣ ਸਮੇਂ, ਛੱਟਾ ਦੇਣਾ, ਗੁਡਣਾ, ਗੱਡੇ ਉਤੇ ਲੱਦ ਕੇ ਲੈ ਜਾਣਾ ਆਦਿ ਨੂੰ ਸਰੀਰਕ ਹਰਕਤਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ।

ਭੰਗੜਾ ਸੱਚਮੁੱਚ ਸਾਰੀਆਂ ਜਾਤੀਆਂ, ਧਰਮਾਂ ਅਤੇ ਵਰਗਾਂ ਦਾ ਸਾਂਝਾ ਨਾਚ ਹੈ। ਭੰਗੜੇ ਦੀ ਨਵੀਂ ਸ਼ੈਲੀ ਨਾਲ ਇਹ ਬੌਧਿਕ ਬਣ ਗਿਆ ਹੈ।

2. ਗਿੱਧਾ

ਗਿੱਧਾ ਪੰਜਾਬੀ ਮੁਟਿਆਰਾਂ ਦਾ ਹਰਮਨ ਪਿਆਰਾ ਲੋਕ ਨਾਚ ਹੈ। ਉਹ ਇਸ ਨੂੰ ਬੱਚੇ ਦੇ ਜਨਮ, ਵਿਆਹ, ਲੋਹੜੀ ਆਦਿ ਤਿਉਹਾਰਾਂ ਤੇ ਪਾਉਂਦੀਆਂ ਹਨ। ਮਾਲਵੇ ਵਿਚ ਸਾਵਣ ਦੀਆਂ ਤੀਆਂ ਨੂੰ ਖਾਸ ਤੌਰ ਤੇ ਪਾਇਆ ਜਾਂਦਾ ਹੈ। ਮੁਟਿਆਰਾਂ ਅਨੁਸਾਰ ਸਾਵਣ ਗਿੱਧੇ ਦੀ ਰੁੱਤ ਹੈ। ਸਹੁਰੇ ਘਰੋਂ ਕੁੜੀਆਂ ਆਪਣੇ ਪੇਕੇ ਘਰੀਂ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇ ਇਸ ਦਾ ਅਨੰਦ ਮਾਣਦੀਆਂ ਹਨ। ਸਾਵਣ ਮਹੀਨੇ ਦੀ ਹਰੀ ਭਰੀ ਰੁੱਤ ਵਿਚ ਗਿੱਧਾ ਪਾਉਣ ਵਿਚ ਵਧੇਰੇ ਖੁਸ਼ੀ ਅਨੁਭਵ ਕਰਦੀਆਂ ਹਨ:

ਸੌਣ ਮਹੀਨੇ ਘਾਹ ਹੋ ਗਿਆ ਰੱਜੀ ਮੱਝੀ ਗਾਈਂ,
ਗਿੱਧਿਆ ਪਿੰਡ ਵੜ ਵੇ ਲਾਂਭ ਲਾਂਭ ਨਾ ਜਾਈਂ।

ਗਿੱਧੇ ਵਿਚ ਮੁਟਿਆਰਾਂ ਆਪਣੇ ਮਨੋਂ ਭਾਵਾਂ ਦਾ ਪ੍ਰਗਟਾ ਬੜੀ ਖੁਲ੍ਹ ਦਿਲੀ ਨਾਲ ਕਰਦੀਆਂ ਹਨ। ਵਣਜਾਰਾ ਬੇਦੀ ਦਾ ਕਥਨ ਹੈ ਕਿ, ''ਗਿੱਧੇ ਵਿਚ ਮੁਟਿਆਰਾਂ ਦੀ ਆਤਮਾ ਸਾਹ ਲੈਂਦੀ ਤੇ ਜੋਬਨ ਸਾਣ ਚੜ੍ਹਦਾ ਹੈ। ਇਹ ਨਾਚ ਉਨ੍ਹਾਂ ਦੇ ਅੰਤ੍ਰੀਵ ਭਾਵਾਂ ਦੀ ਧੜਕਦੀ ਤਸਵੀਰ ਹੈ।''[6]

ਗਿੱਧੇ ਵਿਚ ਨਚਾਰਾਂ ਦੀ ਗਿਣਤੀ ਅਤੇ ਸਥਾਨ ਨਿਸਚਿਤ ਨਹੀਂ ਹੁੰਦਾ ਹੈ, ਸਗੋਂ ਜਦੋਂ ਜੀਅ ਚਾਹਿਆ ਜਿਥੇ ਚਾਹਿਆ ਗਿੱਧਾ ਪਾ ਲਿਆ। ਸਾਵਣ ਮਹੀਨੇ ਕੁੜੀਆਂ ਗਿੱਧਾ ਪਾ ਕੇ ਵਧੇਰੇ ਖੁਸ਼ ਹੁੰਦੀਆਂ ਹਨ। ਦੇਵਿੰਦਰ ਸਤਿਆਰਥੀ ਦੇ ਵਿਚਾਰ ਅਨੁਸਾਰ, ''ਪੰਜਾਬ ਦੀ ਜ਼ਿੰਦਗੀ ਨਾਲ ਸਾਵਣ ਦਾ ਬੜਾ ਡੂੰਘਾ ਸੰਬੰਧ ਹੈ, ਪੰਜਾਬ ਵਿਚ ਮਟਕਾਂ ਨਾਲ ਆਉਂਦਾ ਹੈ ਤੇ ਲੋਕਾਂ ਨਾਲ ਰਚਮਿਚ ਖੇਡਦਾ ਹੈ।''[7]

ਹਰ ਪੰਜਾਬੀ ਮੁਟਿਆਰ ਗਿੱਧੇ ਵਿਚ ਨੱਚਣਾ ਜਾਣਦੀ ਹੈ, ਪਰ ਕਈਆਂ ਦੀ ਵਿਸ਼ੇਸ਼ ਧਾਕ ਜੰਮੀ ਹੁੰਦੀ ਹੈ। ਉਨ੍ਹਾਂ ਦੀ ਵਡਿਆਈ ਗਿੱਧਾ ਪਾ ਰਹੀਆਂ ਮੁਟਿਆਰਾਂ ਵੀ ਕਰਦੀਆਂ ਹਨ:

ਫਾਤਾਂ ਨਿਕਲੀ ਲੀੜੇ ਪਾ ਕੇ
ਹਾਕ ਹੁਕਮੀ ਨੇ ਮਾਰੀ
ਨਿੰਮ ਦੇ ਕੋਲ ਬਸੰਤੀ ਆਉਂਦੀ
ਬੋਤੀ ਵਾਂਗ ਸ਼ਿੰਗਾਰੀ
ਹੀਰ ਕੁੜੀ ਦਾ ਪਿੰਡਾ ਮੁਸ਼ਕੇ
ਨੂਰੀ ਸ਼ੁਕੀਨਨ ਭਾਰੀ।
ਕਿਸ਼ਨੋ ਬਿਸ਼ਨੋ ਦੋਵੇਂ ਭੈਣਾਂ
ਕਿਸ਼ਨੋ ਹਾਲੇ ਕੁਆਰੀ
ਬਿਸ਼ਨੋ ਚੰਨ ਵਰਗੀ
ਉਹਦੀ ਗਿੱਧੇ ਦੀ ਸਰਦਾਰੀ

ਵਿਆਹ ਸਮੇਂ ਗਿੱਧੇ ਦਾ ਬੜਾ ਠੁੱਕ ਬੱਝਦਾ ਹੈ। ਨਾਨਕੀਆਂ ਦਾਦਕੀਆਂ ਦਾ ਮੁਕਾਬਲਾ ਹੁੰਦਾ ਹੈ। ਇਕ ਦੂਜੇ ਦੇ ਆਹਮੋ ਸਾਹਮਣੇ ਬੈਠ ਕੇ ਵਿਅੰਗ ਤੇ ਚੋਟਾਂ ਹੁੰਦੀਆਂ ਹਨ:

ਗਿੱਧਾ ਗਿੱਧਾ ਵਿਆਹੁਲਾ ਗਿੱਧਾ
ਬਝੂ ਰੰਗ ਬਥੇਰਾ
ਅੱਖ ਪੁੱਟ ਕੇ ਝਾਕ ਮੇਲਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰਿਆ ਪਿਆ ਚੁਫੇਰਾ
ਪਿੰਡ ਦੇ ਵਿਚ ਨਾ ਰਹਿ ਗਿਆ ਕੋਈ
ਨਾ ਬੁੱਢਾ ਨਾ ਠੇਰਾ
ਤੈਨੂੰ ਧੁੱਪ ਲੱਗਦੀ
ਘਿਰੇ ਕਾਲਜਾ ਮੇਰਾ

ਗਿੱਧੇ ਵਿਚ ਭਾਵੇਂ ਢੋਲਕੀ ਲੋਕ ਸਾਜ਼ ਦੀ ਵਰਤੋਂ ਹੁੰਦੀ ਹੈ, ਪਰ ਲੈਅ ਤੇ ਤਾਲ਼ ਤਾੜੀ ਨਾਲ ਬੱਝਦਾ ਹੈ ਅਤੇ ਹਰ ਇਕ ਗਿੱਧੇ ਵਿਚ ਖੜੀ ਮੁਟਿਆਰ ਨੂੰ ਤਾੜੀ ਮਾਰਨ ਲਈ ਵਿਅੰਗਮਈ ਢੰਗ ਨਾਲ ਕਿਹਾ ਜਾਂਦਾ ਹੈ:

ਜਿਹੜੀ ਗਿੱਧਾ ਨਾ ਪਾਊ,
ਉਹ ਰੰਨ ਬਾਬੇ ਦੀ।

ਗਿੱਧੇ ਵਿਚ ਵਾਰੀ ਵਾਰੀ ਨੱਚਣ ਦੀ ਪਰੰਪਰਾ ਹੈ। ਨੱਚਣ ਵਾਲੀਆਂ ਮੁਟਿਆਰਾਂ ਆਪਣੀਆਂ ਜੋਟੀਆਂ ਬਣਾ ਕੇ ਨੱਚਦੀਆਂ ਹਨ। ਗਿੱਧੇ ਦਾ ਰੰਗ ਤੇਜ਼ ਕਰਨ ਲਈ ਫੂ-ਫੂ, ਖਊ-ਖਊ ਦੀ ਤਾਲਵੀਂ ਆਵਾਜ਼ ਪੈਦਾ ਕੀਤੀ ਜਾਂਦੀ ਹੈ।

ਗਿੱਧੇ ਦੇ ਗੀਤਾਂ ਵਿਚ ਦੋ ਪ੍ਰਕਾਰ ਦੀਆਂ ਬੋਲੀਆਂ ਪਾਈਆਂ ਜਾਦੀਆਂ ਹਨ - ਨਿੱਕੀਆਂ ਬੋਲੀਆਂ ਅਤੇ ਲੰਮੀਆਂ ਬੋਲੀਆਂ, ਨਿੱਕੀ ਬੋਲੀ ਨਾਲ ਨੱਚਣ ਸਮੇਂ ਸਰੀਰ ਦੇ ਅੰਗ ਹਿਲੋਰਿਆਂ ਤੇ ਪੈਰਾਂ ਦੀ ਨੁੰਮਕ ਗਤੀ ਤੇਜ਼ ਹੋ ਜਾਂਦੇ ਹਨ। ਲੰਮੀ ਬੋਲੀ ਵਿਚ ਭਾਵ ਲੜੀ ਵਾਂਗ ਤੁਰਦੇ ਹਨ। 'ਹਾਇ ਜਮਾਲੋ' ਦੀ ਲੰਮੀ ਬੋਲੀ ਸਮੇਂ ਨੱਚਣ ਵਾਲੀਆਂ ਬੋਲੀ ਦੇ ਆਖਰ ਤਕ ਨੱਚਦੀਆਂ ਹਨ:

ਹਾਏ ਜਮਾਲੋ, ਤੂਤੂ ਤੂਤੂ ਤੂਤੂ ਤੂਤੀਆਂ
ਹਾਏ ਜਮਾਲੋ, ਤੀਤੀ ਤੀਤੀ ਤੀਤੀ ਤੀਤੀਆਂ
ਹਾਏ ਜਮਾਲੋ, ਕੋਠੇ ਚੜ੍ਹ ਸ਼ਰਾਬਾਂ ਪੀਤੀਆਂ
ਹਾਏ ਜਮਾਲੋ ਜੇ ਮੈਂ ਮਰੀ ਤਾਂ ਪਾਵੀਂ ਛੀਟ ਓਏ
ਹਾਏ ਜਮਾਲੋ ਚੁੱਕਣ ਲੱਗਾ ਮਾਰੀਂ ਚੀਕ ਓਏ
ਹਾਏ ਜਮਾਲੋ.....

ਗਿੱਧੇ ਦੀਆਂ ਬੋਲੀਆਂ ਵਿਚ ਜਿਥੇ ਵੀਰ ਪਿਆਰ, ਸੱਸ ਨੂੰਹ ਦਾ ਝਗੜਾ, ਜੇਠ ਦੀ ਈਰਖਾ, ਦਿਉਰ ਦਾ ਪਿਆਰ ਤੇ ਪੇਕੇ ਘਰ ਦੀ ਨਿੱਘੀ ਯਾਦ ਨੂੰ ਚੇਤੇ ਕੀਤਾ ਜਾਂਦਾ ਹੈ ਉਥੇ ਛੜਿਆਂ ਦੀਆਂ ਬੋਲੀਆਂ ਬੜੀਆਂ ਰੌਚਿਕ ਹੁੰਦੀਆ ਹਨ:

ਛੜਿਆਂ ਦੀ ਮਾਂ ਮਰ ਗਈ ਕੋਈ ਡਰਦੀ ਰੋਣ ਨਾ ਜਾਵੇ।

ਗਿੱਧੇ ਦੇ ਗੀਤਾਂ ਵਿਚ ਪੰਜਾਬ ਦੀਆਂ ਲੋਕ ਗਾਥਾਵਾਂ ਦੇ ਨਾਇਕ ਪੂਰਨ, ਰਾਂਝਾ, ਪੁੰਨੂੰ ਤੇ ਨਾਇਕਾ ਹੀਰ, ਸੱਸੀ, ਸੋਹਣੀ ਦਾ ਵੀ ਵਰਣਨ ਹੁੰਦਾ ਹੈ। ਅਜੋਕੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਜਸੀ, ਸਮਾਜਕ ਅਤੇ ਆਰਥਿਕ ਸਮੱਸਿਆਵਾਂ ਸੰਬੰਧੀ ਬੋਲੀਆਂ ਪਾਈਆਂ ਜਾਂਦੀਆਂ ਹਨ। ਜਿਵੇਂ ਦਾਜ ਸੰਬੰਧ ਬੋਲੀ ਹੈ:

ਜੇ ਮੁੰਡਿਓ ਤੁਸੀਂ ਵਿਆਹ ਜੇ ਕਰਾਉਣਾ
ਦਾਜ ਦਹੇਜ ਦਾ ਕੀ ਲੈਣਾ ਮੁੰਡਿਓ।
ਪੜ੍ਹੀ ਨਾਰ ਉਮਰ ਦਾ ਗਹਿਣਾ ਮੁੰਡਿਓ,
ਵੇ ਪੜ੍ਹੀ ਨਾਰ ਉਮਰ ਦਾ ਗਹਿਣਾ।

ਹਰ ਜਾਤੀ ਦੀਆਂ ਔਰਤਾਂ ਦਾ ਇਕ ਪਿੜ ਵਿਚ ਨੱਚਣਾ ਕੌਮੀ ਏਕਤਾ ਦਾ ਪ੍ਰਤੀਕ ਹੈ। ਸੱਚ ਮੁੱਚ ਪੰਜਾਬੀ ਗਿੱਧਾ ਪੰਜਾਬੀ ਮੁਟਿਆਰਾਂ ਦੇ ਦਿਲਾਂ ਦੀ ਧੜਕਣ ਹੈ। ਉਹ ਆਪਣੇ ਸਹੀ ਮਨੋਭਾਵਾਂ ਦਾ ਪ੍ਰਗਟਾ ਗਿੱਧੇ ਵਿਚ ਹੀ ਕਰ ਸਕਦੀਆਂ ਹਨ। (ਗਿੱਧੇ ਦੀਆਂ ਬੋਲੀਆਂ ਅਤੇ ਹੋਰ ਲੋਕ ਗੀਤਾਂ ਲਈ ਵੇਖੋ ਪੁਸਤਕ 'ਪੰਜਾਬੀ ਲੋਕ ਗੀਤ' ਸੰ. ਬਿਕਰਮ ਸਿੰਘ ਘੁੰਮਣ)

3. ਝੁੰਮਰ

ਝੁੰਮਰ ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਮਰਦਾਂ ਦਾ ਲੋਕ ਨਾਚ ਹੈ। ਇਸ ਵਿਚ ਸ਼ੇਖੂਪੁਰਾ, ਲਾਇਲਪੁਰ, ਮਿੰਟਗੁਮਰੀ ਅਤੇ ਝੰਗ ਦੇ ਪ੍ਰਮੁੱਖ ਇਲਾਕੇ ਹਨ। ਇਸ ਇਲਾਕੇ ਦੇ ਜਾਂਗਲੀਆਂ ਦਾ ਸਭਿਆਚਾਰ ਵੱਖਰੀ ਕਿਸਮ ਦਾ ਹੈ। ਜਾਂਗਲੀ ਲੋਕ ਖੁਸ਼ੀ ਵਿਚ ਆ ਕੇ ਝੁੰਮਰ ਨਾਚ ਨੱਚਦੇ ਹਨ ਪਰ ਇਸ ਦੀਆਂ ਹਰਕਤਾਂ ਭੰਗੜੇ ਵਾਲੀਆਂ ਨਹੀਂ ਹਨ। ਇਹ ਲੋਕ ਆਪ ਤਾਂ ਨੱਚਦੇ ਹੀ ਹਨ, ਆਪਣੇ ਊਠਾਂ ਅਤੇ ਘੋੜਿਆਂ ਉਤੇ ਬਹਿ ਕੇ ਉਨ੍ਹਾਂ ਨੂੰ ਵੀ ਨਚਾਉਂਦੇ ਹਨ। ਜੋਗਿੰਦਰ ਸਿੰਘ ਦਾ ਵਿਚਾਰ ਹੈ ਕਿ ਝੁੰਮਰ ਲੋਕ ਨਾਚ ਦੀ ਉਤਪਤੀ ਆਦਿ ਵਾਸੀਆਂ ਦੀ ਪ੍ਰਸੰਨ ਮਾਨਸਿਕਤਾ ਵਿਚੋਂ ਹੋਈ ਜੋ ਪੰਧ ਪਈਆਂ ਡਾਚੀਆਂ ਦੇ ਸਰੀਰਕ ਹੁਲਾਰੇ ਉਹਨਾਂ ਦੇ ਗਲਾਂ ਵਿਚ ਪਈਆਂ ਟੱਲੀਆਂ ਦੀ ਟੁਣਕਾਰ ਦੀ ਇਕਸੁਰਤਾ ਦਾ ਸਿੱਟਾ ਹੈ।[8] ਝੁੰਮਰ ਨਾਚ ਨੂੰ ਕਈ ਲੋਕ ਬਲੋਚਾਂ ਦਾ ਨਾਚ ਵੀ ਆਖਦੇ ਹਨ। ਅਵਤਾਰ ਸਿੰਘ ਦਲੇਰ ਦਾ ਵਿਚਾਰ ਹੈ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਇਸ ਨਾਚ ਦਾ ਜਨਮ ਸਥਾਨ ਰਾਜਸਥਾਨ ਹੋਵੇ।[9]

ਝੁੰਮਰ ਲੋਕ ਨਾਚ ਲਈ ਢੋਲ ਦਾ ਸਾਜ਼ ਜ਼ਰੂਰੀ ਹੈ। ਮਰਦਾਂ ਤੀਵੀਆਂ ਨੂੰ ਇਕੱਤਰ ਕਰਨ ਦਾ ਵੱਡਾ ਵਸੀਲਾ ਢੋਲ ਦੇ ਡੱਗੇ ਦੀ ਆਵਾਜ਼ ਹੈ। ਇਸ ਨਾਚ ਦਾ ਪਛਾਣ-ਚਿੰਨ੍ਹ ਘੇਰੇ ਵਿਚ ਨਿਰੰਤਰ ਘੁੰਮਦਿਆਂ ਨੱਚਣਾ ਹੈ ਜੋ ਨਚਾਰਾਂ ਦੀਆਂ ਨਾਚ ਕ੍ਰਿਆਵਾਂ, ਅਗਾਂਹ ਝੁਕਣ ਅਤੇ ਪਿਛਾਂਹ ਮੁੜਣ ਅਤੇ ਪਰਤਕੇ ਸਿੱਧੇ ਖੜੇ ਹੋ ਕੇ ਕਦੇ ਘੁੰਮ ਕੇ ਪਿਛਲੇ ਪਾਸੇ ਮੂੰਹ ਆਦਿ ਕਰਨ ਦੇ ਫ਼ਲਸਰੂਪ ਕਦੇ ਛੋਟਾ ਅਤੇ ਮੁੜ ਵੱਡਾ ਹੋ ਜਾਂਦਾ ਹੈ। ਭੰਗੜੇ ਦੇ ਟਾਕਰੇ ਤੇ ਝੁੰਮਰ ਵਿਚ ਸਰੀਰਕ ਅੰਗਾਂ, ਬਾਹਵਾਂ, ਲੱਤਾਂ ਅਤੇ ਹੱਥਾਂ ਪੈਰਾਂ ਦੇ ਕੋਮਲ ਰੂਪ ਦੀ ਪ੍ਰਕਿਰਿਆ ਦ੍ਰਿਸ਼ਟੀਗੋਚਰ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿੱਧੇ ਭੰਗੜੇ ਦੇ ਨਾਚ ਗੀਤ ਰੂਪ ਦੋ ਤੁਕੀਆਂ ਅਤੇ ਲੜੀਦਾਰ ਬੋਲੀਆਂ ਦੇ ਟਾਕਰੇ ਤੇ ਝੁੰਮਰ ਦੇ ਗੀਤ ਲੰਮੇ ਹੁੰਦੇ ਹਨ। ਝੁੰਮਰ ਦੇ ਨਾਚ ਕਾਰਜਾਂ ਦੀ ਪ੍ਰਕਿਰਤੀ ਨੂੰ ਨਿਰਧਾਰਤ ਕਰਨ ਵਿਚ ਇਨ੍ਹਾਂ ਗੀਤਾਂ ਦੀ ਸੰਰਚਨਾ ਦਾ ਮੁਖ ਭਾਗ ਹੈ। ਝੁੰਮਰ ਨਾਚ ਕਾਰਜ ਅਤੇ ਰੀਤ ਦੀ ਲੈਅ ਦਾ ਅਟੁੱਟ ਸੰਬੰਧ ਹੈ:

ਲੰਘ ਆ ਜਾ ਪੱਤਣ ਝਨਾਂ ਦਾ ਓ ਯਾਰ,
ਲੰਘ ਆ ਜਾ ਪੱਤਣ ਝਨਾਂ ਦਾ।
ਸਿਰ ਸਦਕਾ ਮੈਂ ਤੇਰੇ ਨਾਂ ਦਾ ਓ ਯਾਰ,
ਸਿਰ ਸਦਕਾ ਮੈਂ ਤੇਰੇ ਨਾਂ ਦਾ।
ਮੇਰੇ ਕਾਗ ਬਨੇਰੇ ਉਤੇ ਬੋਲਿਆ।
ਮੇਰਾ ਤੱਤੜੀ ਦਾ ਜਿਉੜਾ ਡੋਲਿਆ।
ਲੰਘ ਆ ਜਾ.....

ਝੁੰਮਰ ਦੇ ਗੀਤ ਸਮੂਹਗਾਨ ਹਨ। ਝੁੰਮਰ ਲੋਕ ਨਾਚ ਦਾ ਵਿਲੱਖਣ ਪੱਖ ਇਸ ਨਾਚ ਦੀਆਂ ਹਰਕਤਾਂ ਦੀ ਮੱਧਮ ਤੋਂ ਤੇਜ਼ ਗਤੀ ਵੱਲ ਨੂੰ ਯਾਤਰਾ ਹੈ ਮੁੱਖ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਝੁੰਮਰ ਨਾਚ ਸਾਂਦਲ ਬਾਰ ਦੇ ਲੋਕਾਂ ਦੇ ਜੀਵਨ ਤੇ ਸਭਿਆਚਾਰ ਦੀ ਅਭਿਵਿਅਕਤੀ ਹੈ। ਝੁੰਮਰ ਨਾਚ ਦਾ ਪੂਰਬੀ ਪੰਜਾਬ ਦੇ ਭੰਗੜੇ ਦੀਆਂ ਝੁੰਮਰੀ ਚਾਲਾਂ ਉਪਰ ਪ੍ਰਤੱਖ ਪ੍ਰਭਾਵ ਨਜ਼ਰ ਆ ਰਿਹਾ ਹੈ।

4. ਸੰਮੀ

ਸੰਮੀ ਮੁਟਿਆਰਾਂ ਦਾ ਨਾਚ ਹੈ। ਇਸ ਦਾ ਸੰਬੰਧ ਵੀ ਸਾਂਦਲ ਬਾਰ ਦੀਆਂ ਤੀਵੀਆਂ ਨਾਲ ਹੈ। ਇਸ ਨਾਚ ਦਾ ਨਾਂ ਇਕ ਕੁੜੀ ਸੰਮੀ ਦੇ ਨਾਂ ਉਤੇ ਪਿਆ ਹੈ ਜਿਸ ਨੂੰ ਉਸ ਦਾ ਮਾਹੀ ਛੱਡ ਗਿਆ ਸੀ। ਉਹ ਆਪਣੇ ਮਾਹੀ ਦੀ ਯਾਦ ਵਿਚ ਮਸਤ ਹੋ ਕੇ ਨੱਚਿਆ ਤੇ ਗਾਇਆ ਕਰਦੀ ਸੀ।

ਸੰਮੀ ਨੱਚਣ ਵੇਲੇ ਹੋਰ ਲੋਕ ਨਾਚਾਂ ਵਾਂਗ ਕੁੜੀਆਂ ਘੇਰੇ ਵਿਚ ਖਲੋ ਜਾਂਦੀਆਂ ਹਨ ਅਤੇ ਬਾਹਾਂ ਵਿਚ ਬਾਹਾਂ ਪਾ ਕੇ ਇਕ ਪੈਰ ਦੀ ਧਮਕ ਨਾਲ ਤਾਲ ਦਿੰਦੀਆਂ ਅਤੇ ਗਾਣਾ ਗਾਉਂਦੀਆਂ ਚੱਕਰ ਵਿਚ ਚੱਲਣ ਲੱਗ ਪੈਂਦੀਆਂ ਹਨ। ਕੁਝ ਚਿਰ ਪਿਛੋਂ ਸਭ ਕੁੜੀਆਂ ਬਾਹਾਂ ਛੱਡ ਕੇ ਇਨ੍ਹਾਂ ਨੂੰ ਉਪਰ ਵਲ ਉਲਾਰ ਕੇ ਚੁਟਕੀਆਂ ਮਾਰਦੀਆਂ ਹਨ ਅਤੇ ਫਿਰ ਛਾਤੀ ਕੋਲ ਲਿਆ ਕੇ ਤਾੜੀ ਮਾਰਦੀਆਂ ਹਨ। ਇਸ ਤਰ੍ਹਾਂ ਇਹ ਕਾਰਵਾਈ ਚਲਦੀ ਰਹਿੰਦੀ ਹੈ।

ਇਸ ਨਾਚ ਨੂੰ ਪਾਉਂਦੀਆਂ ਤੀਵੀਆਂ ਗੀਤ ਵੀ ਗਾਉਂਦੀਆਂ ਹਨ ਜੋ 'ਸੰਮੀ ਮੇਰੀ ਬਣ' ਨਾ ਪ੍ਰਸਿੱਧ ਹੈ:

ਗਿਣ ਗਿਣ ਲਾਵਾਂ ਰੋਟੀਆਂ
ਬਣ ਸੰਮੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਮੀ ਮੇਰੀ ਬਣ।
ਖਾਵਣ ਵਾਲੇ ਦੂਰ,
ਬਣ ਸੰਮੀਆਂ
ਸੰਮੀ ਮੇਰੀ ਬਣ।

ਇਨ੍ਹਾਂ ਗੀਤਾਂ ਦੀ ਸ਼ੈਲੀ ਇਸ ਨਾਚ ਵਾਂਗ ਹੀ ਵਿਲੱਖਣ ਹੈ। ਇਹ ਗੀਤ ਉੱਜ ਤਾਂ ਬੜੇ ਸਾਧਾਰਨ ਲਗਦੇ ਹਨ, ਪਰ ਨਾਚ ਨਾਲ ਇਕ ਰਸ ਹੋ ਕੇ ਵਧੇਰੇ ਰੌਚਕ ਤੇ ਅਰਥ ਭਰਪੂਰ ਹੋ ਜਾਂਦੇ ਹਨ।

5. ਲੁੱਡੀ

ਲੁੱਡੀ ਪੰਜਾਬ ਦਾ ਇਕ ਖੁਸ਼ੀ ਭਰਿਆ ਨਾਚ ਹੈ। ਜਦੋਂ ਕਿਸੇ ਵਿਅਕਤੀ ਨੂੰ ਕੋਈ ਜਿੱਤ ਪ੍ਰਾਪਤ ਹੁੰਦੀ ਹੈ ਤਾਂ ਉਹ ਖੁਸ਼ੀ ਵਿਚ ਲੁੱਡੀ ਪਾਉਂਦਾ ਹੈ। ਲੁੱਡੀ ਪਾਉਣ ਲਈ ਵੀ ਢੋਲੀ ਨੂੰ ਸੱਦਿਆ ਜਾਂਦਾ ਹੈ। ਉਹ ਲੁੱਡੀ ਤਾਲ ਵਜਾਉਂਦਾ ਹੈ, ਫਿਰ ਉਸੇ ਤਾਲ ਵਿਚ ਲੋਕੀਂ ਖੁਸ਼ੀ ਵਿਚ ਲੁੱਡੀ ਪਾਉਣ ਲਗਦੇ ਹਨ। ਉਹ ਤਾੜੀਆਂ ਮਾਰਦੇ ਹਨ, ਅੱਖਾਂ ਮਟਕਾਉਂਦੇ ਹਨ, ਮੋਢੇ ਹਿਲਾਉਂਦੇ ਅਤੇ ਲੱਕ ਲਚਕਾਉਂਦੇ ਹੋਏ ਚੱਕਰ ਅੰਦਰ ਤਾਲ ਵਿਚ ਤੁਰਦੇ ਹਨ। ਫਿਰ ਢੋਲੀ ਦੇ ਇਸ਼ਾਰੇ ਤੇ ਨਾਚ ਬਦਲਦਾ ਹੈ। ਫਿਰ ਕੁੱਟਦੇ ਹਨ ਅਤੇ ਬੋਲਦੇ ਹਨ ਓਇ, ਓਇ, ਏਲੀ ਏਲੀ ਆਦਿ। ਇਸ ਤਰ੍ਹਾਂ ਉਹ ਆਪਣੀ ਜਿੱਤ ਦੀ ਖੁਸ਼ੀ ਮਨਾਉਂਦੇ ਹਨ। ਲੁੱਡੀ-ਤੀਵੀਆਂ ਦਾ ਵੀ ਨਾਚ ਹੈ, ਪਰ ਉਸ ਦਾ ਮਰਦਾਂ ਦੇ ਨਾਚ ਨਾਲ ਕੋਈ ਸੰਬੰਧ ਨਹੀਂ।

6. ਕਿੱਕਲੀ

ਕਿੱਕਲੀ ਨਿਰੋਲ ਇਸਤਰੀਆਂ ਦਾ ਲੋਕ ਨਾਚ ਹੈ। ਇਸ ਨਾਚ ਵਿਚ ਵੀ ਹੋਰ ਲੋਕ ਨਾਚਾਂ ਵਾਂਗ ਉਮਰ ਦੀ ਹੱਦ ਨਹੀਂ ਹੈ। ਪਰ ਇਹ ਲੋਕ ਨਾਚ ਵਧੇਰੇ ਛੋਟੀ ਉਮਰ ਦੀਆਂ ਅਲ੍ਹੜ ਕੁੜੀਆਂ ਨੱਚਦੀਆਂ ਹਨ। ਇਹ ਇਕ ਪ੍ਰਕਾਰ ਦੀ ਕੁੜੀਆਂ ਦੀ ਸਰੀਰਕ ਖੇਡ ਹੈ। ਕਿੱਕਲੀ ਭਾਵੇਂ ਸਾਮੂਹਿਕ ਨਾਚ ਹੈ। ਨੱਚਣ ਵਾਲੀਆਂ ਕੁੜੀਆਂ ਆਲੇ ਦੁਆਲੇ ਘੇਰਾ ਘੱਤ ਲੈਂਦੀਆਂ ਹਨ, ਪਰ ਮੁੱਖ ਤੌਰ ਤੇ ਇਹ ਨਾਚ ਜੋਟੀਆਂ ਵਿਚ ਨੱਚਿਆ ਜਾਂਦਾ ਹੈ। ਵਾਰੀ ਵਾਰੀ ਜੋਟੀਆਂ ਵਿਚ ਕੁੜੀਆਂ ਨੱਚਦੀਆਂ ਹਨ, ਜਦ ਇਕ ਜੋਟੀ ਥੱਕ ਜਾਂਦੀ ਹੈ ਤਾਂ ਦੂਸਰੀ ਜੋਟੀ ਨਾਚ ਆਰੰਭ ਕਰਦੀ ਹੈ। ਨਾਚ ਦਾ ਇਹ ਸਿਲਸਿਲਾ ਘੰਟਿਆਂ ਬੱਧੀ ਚਲਦਾ ਹੈ।

ਸਾਵਣ ਮਹੀਨੇ ਪੀਂਘਾਂ ਝੂਟਦੀਆਂ ਮੁਟਿਆਰਾਂ ਵੀ ਕਿੱਕਲੀ ਨਾਚ ਪਾਉਣ ਲੱਗ ਪੈਂਦੀਆਂ ਹਨ। ਪੀਂਘ ਦੇ ਝੂਟਿਆਂ ਵਿਚ ਮਸਤ ਮੁਟਿਆਰਾਂ ਸਰੀਰਕ ਅਤੇ ਮਾਨਸਿਕ ਝੂਟਿਆਂ ਦੀ ਸਥਿਰਤਾ ਬਣਾਈ ਰੱਖਣ ਲਈ ਕਿੱਕਲੀ ਪਾਉਂਦੀਆਂ ਹਨ। ਕਿੱਕਲੀ ਸ਼ਬਦ ਦੀ ਵਿਉਂਪਤੀ 'ਕਿਲਕਿਲਾ' ਸ਼ਬਦ ਤੋਂ ਮੰਨੀ ਜਾ ਸਕਦੀ ਹੈ। ਭਾਈ ਕਾਹਨ ਸਿੰਘ ਅਨੁਸਾਰ ਕਿਲਕਿਲਾ ਆਨੰਦ ਬੋਧਿਕ ਧੁਨੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੋਟੀਆਂ ਕੁੜੀਆਂ ਖੁਸ਼ੀ ਵਿਚ ਖੇਡਦੀਆਂ ਖੇਡਦੀਆਂ ਕਿੱਕਲੀ ਪਾਉਣ ਲੱਗ ਪੈਂਦੀਆਂ ਹਨ। ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਤੇ ਖੱਬੇ ਹੱਥ ਨੂੰ ਖੱਬੇ ਨਾਲ ਇਵੇਂ ਫੜ ਲੈਂਦੀਆਂ ਹਨ ਜਿਵੇਂ ਕਿ ਲੋਕੀਂ ਹੱਥ ਮਿਲਾਉਂਦੇ ਹਨ। ਫੇਰ ਦੋਵੇਂ ਆਪਣੇ ਪੈਰਾਂ ਨੂੰ ਮਿਲਾਕੇ ਦੂਜੇ ਦੇ ਪੈਰਾਂ ਦੀਆਂ ਉਗਲੀਆਂ ਕੋਲ ਕਰਕੇ ਸਾਰਾ ਭਾਰ ਪਿਛੇ ਸੁੱਟ ਲੈਂਦੀਆਂ ਹਨ। ਇਸ ਤਰ੍ਹਾਂ ਬਾਹਾਂ ਪੂਰੀ ਤਰ੍ਹਾਂ ਤਣ ਜਾਂਦੀਆਂ ਹਨ। ਫੇਰ ਜ਼ੋਰ ਨਾਲ ਘੁੰਮਦੀਆਂ ਹਨ, ਘੁੰਮਣ ਵੇਲੇ ਬਾਂਹਾਂ ਦੇ ਤਣਾਉ ਦਾ ਸਹਾਰਾ ਲੈਂਦੇ ਦੋਵੇਂ ਪੈਰ ਇੱਕਠੇ ਚੁੱਕ ਕੇ, ਸੱਜੇ ਪਾਸੇ ਸਰੀਰ ਨੂੰ ਇਕ ਤਾਲ ਉਤੇ ਐਨਾ ਹੁਲਾਰਾ ਦਿੰਦੀਆਂ ਹਨ ਕਿ ਜਿਉਂਦੇ ਜਾਗਦੇ ਦੋ ਸਰੀਰ ਇਕ ਲਾਟੂ ਬਣ ਜਾਂਦੇ ਹਨ। ਇਹ ਕਿੱਕਲੀ ਪਾਉਣ ਸਮੇਂ ਗੀਤ ਵੀ ਗਾਉਂਦੀਆਂ ਹਨ। ਹੋਰ ਲੋਕ ਨਾਚਾਂ ਨਾਲੋਂ ਇਨ੍ਹਾਂ ਵਿਚ ਇਸ ਗੱਲ ਦੀ ਵੱਖਰਤਾ ਹੈ ਕਿ ਕਿੱਕਲੀ ਪਾਉਣ ਵਾਲੀ ਜੱਟੀ ਹੀ ਗੀਤ ਗਾਉਂਦੀ ਹੈ। ਇਨ੍ਹਾਂ ਦੇ ਗੀਤਾਂ ਵਿਚ ਵੀਰ ਪਿਆਰ ਅਤੇ ਸਹੁਰੇ ਘਰ ਦੀ ਕਾਲਪਨਿਕ ਜ਼ਿੰਦਗੀ ਦਾ ਦ੍ਰਿਸ਼ ਪੇਸ਼ ਹੁੰਦਾ ਹੈ:

ਹੇਠ ਵਗੇ ਦਰਿਆ ਉਪਰ ਮੈਂ ਖੜੀ,
ਵੀਰ ਲਵਾਇਆ ਬਾਗ ਖਿੜ ਪਈ ਚੰਬਾ ਕਲੀ,
ਚੰਬਾ ਕਲੀ ਨਾ ਤੋੜ ਵੀਰਾ ਮਾਰੂਗਾ,
ਵੀਰ ਮੇਰਾ ਸਰਦਾਰ ਬਹਿੰਦਾ ਕੁਰਸੀ ਤੇ
ਭਾਬੋ ਮੇਰੀ ਪਰਧਾਨ ਬਹਿੰਦੀ ਪੀਹੜੇ ਤੇ
ਰੱਤਾ ਪੀਹੜਾ ਲਾਹੌਰ ਦਾ
ਦਿੱਲੀ ਤੇ ਪਸ਼ੌਰ ਦਾ...।

ਸਹੁਰੇ ਘਰ ਦਾ ਕਾਲਪਨਿਕ ਚਿਤ੍ਰ ਪੇਸ਼ ਹੈ:

ਕਿੱਕਲੀ ਕੁਲੱਸ ਦੀ, ਲੱਤ ਭੱਜੇ ਸੱਸ ਦੀ।
ਗੋਡਾ ਭੱਜੇ ਜੇਠ ਦਾ, ਝੀਤਾਂ ਵਿਚੀਂ ਵੇਖਦਾ।
ਮੋੜ ਸੂ ਜਠਾਣੀਏ, ਮੁੜ ਸੱਸੇ ਰਾਣੀਏ।

....

ਛਿੱਕੇ ਉਤੇ ਤੋਰੀਆਂ,
ਸੱਸ ਮੇਰੀ ਵੰਡਣ ਲੱਗੀ,
ਮੈਨੂੰ ਆਈਆਂ ਥੋੜ੍ਹੀਆਂ,
ਹਾਏ ਜਲੇਬੀ ਥੋੜੀ ਆ
ਵੰਡਣ ਵਾਲੀ ਕੋਹੜੀ ਹੈ।

ਇਹ ਦਿਲ ਖਿੱਚਵਾਂ ਨਾਚ ਪਿੰਡਾਂ ਤੇ ਸ਼ਹਿਰਾਂ ਵਿਚ ਬੜਾ ਹਰਮਨ ਪਿਆਰਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਪੰਜਾਬ ਦੇ ਲੋਕ ਨਾਚ ਸਮਾਜਕ ਹਨ। ਇਨ੍ਹਾਂ ਵਿਚ ਸਾਰੇ ਵਰਗਾਂ ਦੇ ਲੋਕ ਸਾਮੂਹਿਕ ਰੂਪ ਵਿਚ ਹਿੱਸਾ ਲੈਂਦੇ ਹਨ, ਜੋ ਇਨ੍ਹਾਂ ਦੀ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਪੰਜਾਬੀ ਲੋਕ ਨਾਚ ਸਿੱਧੇ-ਸਾਦੇ ਹਨ। ਇਨ੍ਹਾਂ ਨੂੰ ਨੱਚਣ ਵਾਸਤੇ ਕੋਈ ਉਚੇਚ ਪੁਸ਼ਾਕ ਜਾਂ ਥਾਂ ਦਾ ਨਹੀਂ ਕਰਨਾ ਪੈਂਦਾ ਹੈ। ਅਸੀਂ ਕਹਿ ਸਕਦੇ ਹਾਂ ਪੰਜਾਬੀ ਲੋਕ ਨਾਚ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਦਰਪਣ ਹਨ। ਇਨ੍ਹਾਂ ਵਿਚਲੀ ਭਾਈਚਾਰਕ ਸਾਂਝ ਕੌਮੀ ਏਕਤਾ ਦਾ ਪ੍ਰਤੀਕ ਹੈ।

(ਅ) ਲੋਕ ਨਾਟਕ

ਲੋਕ ਨਾਟਕ ਲੋਕਧਾਰਾ ਦਾ ਇਕ ਭਾਗ ਹੈ ਜਿਸ ਦਾ ਸੰਬੰਧ ਲੋਕ ਸਾਹਿਤ ਅਤੇ ਲੋਕ ਕਲਾ ਦੋਹਾਂ ਨਾਲ ਹੈ। ਪੰਜਾਬ ਦੀ ਲੋਕ ਨਾਚ ਪਰੰਪਰਾ, ਇਥੋਂ ਦੇ ਸਭਿਆਚਾਰ ਨਾਲੋਂ ਵੀ ਬਹੁਤ ਪੁਰਾਣੀ ਹੈ। ਪੰਜਾਬ ਵਿਚ ਨ੍ਰਿਤ ਕਲਾ ਆਰੀਅਨ ਲੋਕਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਵਿਕਸਿਤ ਹੋ ਚੁੱਕੀ ਸੀ। ਹਰਚਰਨ ਸਿੰਘ ਦੇ ਕਥਨ ਅਨੁਸਾਰ ''ਹੱੜਪਾ ਅਤੇ ਮਹੰਜੋਦਾਰੋ ਦੀ ਖੁਦਾਈ ਤੋਂ ਲੱਭੀਆਂ ਨਚਾਰਾਂ ਦੀਆਂ ਮੂਰਤਾਂ ਤੋਂ ਇਹ ਸਪੱਸ਼ਟ ਹੈ ਕਿ ਉਸ ਕਾਲ ਵਿਚ ਲੋਕਾਂ ਨੇ ਨ੍ਰਿਤ ਕਲਾ ਵਿਚ ਕਾਫੀ ਪਰਪੱਕਤਾ ਪ੍ਰਾਪਤ ਕਰ ਲਈ ਸੀ।''[10] ਨ੍ਰਿਤ ਨੂੰ ਤਾਲ ਵਿਚ ਕਰਨ ਲਈ ਸਾਜ਼ ਦੀ ਲੋੜ ਹੁੰਦੀ ਹੈ। ''ਨਾਚ ਦਾ ਰਾਗ ਨਾਲ ਸੰਬੰਧ ਮੁੱਢੋਂ ਤੁਰਿਆ ਆ ਰਿਹਾ ਹੈ। ਇਸ ਦੇ ਸਬੂਤ ਹੱੜਪਾ ਸਭਿਅਤਾ ਵਿਚ ਮਿਲ ਚੁੱਕੇ ਹਨ।''[11] ਉਪਰੋਕਤ ਕਥਨ ਤੋਂ ਇਹ ਅੰਦਾਜ਼ਾ ਲੱਗਦਾ ਹੈ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਪੰਜਾਬ ਦੀ ਧਰਤੀ ਦੇ ਵਸਨੀਕ ਨ੍ਰਿਤ ਅਤੇ ਰਾਗ ਤੋਂ ਵਾਕਿਫ ਸਨ। ਇਸ ਲਈ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਲੋਕ ਨਾਚ ਵੀ ਹੋਂਦ ਵਿਚ ਆ ਚੁੱਕਾ ਹੋਵੇਗਾ।

ਪਰਿਭਾਸ਼ਾ

ਲੋਕ ਨਾਟਕ ਦੀ ਵੱਖ ਵੱਖ ਵਿਅਕਤੀਆਂ ਨੇ ਕੁਝ ਵੱਖ ਵੱਖ ਪਰਿਭਾਸ਼ਾ ਦਿੱਤੀ ਹੈ। ਸਯਾਮ ਪਰਮਾਰ ਲੋਕ ਨਾਟਕ ਨੂੰ ਨਾਟਕ ਦਾ ਅਜੇਹਾ ਰੂਪ ਮੰਨਦੇ ਹਨ, ਜਿਸ ਦਾ ਸੰਬੰਧ ਵਿਸ਼ਿਸ਼ਟ ਪੜ੍ਹੇ ਲਿਖੇ ਸਮਾਜ ਤੋਂ ਭਿੰਨ ਜਨ ਸਾਧਾਰਨ ਦੇ ਜੀਵਨ ਨਾਲ ਹੁੰਦਾ ਹੈ ਅਤੇ ਜੋ ਪਰੰਪਰਾ ਤੋਂ ਆਪਣੇ ਖੇਤਰ ਦੇ ਆਮ ਲੋਕਾਂ ਦੇ ਮਨੋਰੰਜਨ ਦਾ ਸਾਧਨ ਬਣਦੇ ਰਹੇ ਹੁੰਦੇ ਹਨ।[12] ਪਰ ਇਹ ਪਰਿਭਾਸ਼ਾ ਲੋਕ ਨਾਟਕ ਦੇ ਪੂਰਨ ਸਰੂਪ ਨੂੰ ਨਹੀਂ ਉਘਾੜਦੀ ਹੈ। ਕਿਉਂਕਿ ਲੋਕ ਨਾਟਕ ਦਾ ਸੰਬੰਧ ਪੜ੍ਹੇ ਲਿਖੇ ਲੋਕਾਂ ਨਾਲ ਵੀ ਹੋ ਸਕਦਾ ਹੈ। ਰਾਮ ਲੀਲ੍ਹਾ, ਰਾਸ ਲੀਲ੍ਹਾ, ਸਾਂਗ ਨਾਟਕ ਆਦਿ ਪੜ੍ਹੇ ਲਿਖੇ ਲੋਕਾਂ ਵਲੋਂ ਲਿਖੇ ਹੀ ਨਹੀਂ ਜਾਂਦੇ ਸਗੋਂ ਦਰਸ਼ਕ ਵੀ ਹੁੰਦੇ ਹਨ। ਇਸ ਲਈ ਇਹ ਪਰਿਭਾਸ਼ਾ ਠੀਕ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਸ਼ਨ ਦੇਵ ਉਪਾਧਿਆਇ ਅਨੁਸਾਰ ਲੋਕ ਨਾਟਕ, ਲੋਕਧਾਰਾ ਦਾ ਅਜੇਹਾ ਭਾਗ ਹੈ ਜਿਸ ਦਾ ਸੰਬੰਧ ਲੋਕ ਸਾਹਿਤ ਅਤੇ ਲੋਕ ਕਲਾ ਦੋਹਾਂ ਖੇਤਰਾਂ ਨਾਲ ਹੈ ਅਤੇ ਇਸ ਵਿਚ ਗੀਤ, ਨ੍ਰਿਤ ਅਤੇ ਸੰਗੀਤ ਦੀ ਤ੍ਰਿਵੇਣੀ ਹੁੰਦੀ ਹੈ।[13] ਇਸ ਦਾ ਮਤਲਬ ਇਹ ਹੋਇਆ ਕਿ ਕੋਈ ਲੋਕ ਨਾਟਕ ਗੀਤ, ਨ੍ਰਿਤ ਅਤੇ ਸੰਗੀਤ ਤੋਂ ਬਿਨਾਂ ਨਹੀਂ ਹੋ ਸਕਦਾ। ਪਰ ਲੋਕ ਨਾਟਕ ਦੀਆਂ ਵੰਨਗੀਆਂ ਵਿਚੋਂ ਨਕਲਾਂ ਤੇ ਬਹਿਰੂਪੀਆਂ ਦੇ ਸਾਂਗ ਆਦਿ ਗੀਤ, ਨ੍ਰਿਤ ਅਤੇ ਸੰਗੀਤ ਤੋਂ ਬਿਨਾਂ ਚੰਗੀ ਤਰ੍ਹਾਂ ਖੇਡੇ ਜਾ ਸਕਦੇ ਹਨ। ਇਸ ਲਈ ਇਹ ਪਰਿਭਾਸ਼ਾ ਵੀ ਲੋਕ ਨਾਟਕ ਦੇ ਸਮੁੱਚੇ ਤੱਤ ਅਨੁਸਾਰ ਠੀਕ ਨਹੀਂ ਹੈ।

ਕਰਨੈਲ ਸਿੰਘ ਥਿੰਦ ਦੇ ਵਿਚਾਰ ਅਨੁਸਾਰ, ''ਲੋਕ ਨਾਟਕ ਕੁਦਰਤ ਦੇ ਖੁਲ੍ਹੇ ਵਾਯੂ-ਮੰਡਲ ਵਿਚ ਖੇਡੇ ਜਾਣ ਵਾਲਾ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਅਜਿਹਾ ਨਾਟਕ ਹੈ ਜਿਸ ਵਿਚ ਲੋਕ ਪ੍ਰਿਯ ਕਥਾਨਕ ਨੂੰ ਵੰਨ ਸੁਵੰਨੇ ਪਾਤਰਾਂ ਦੁਆਰਾ ਲੋਕ ਗੀਤਾਂ ਤੇ ਲੋਕ ਨਾਚਾਂ ਦੀ ਸਹਾਇਤਾ ਨਾਲ ਪੇਸ਼ ਕੀਤਾ ਗਾਇਆ ਹੋਵੇ।'' ਪਰ ਥਿੰਦ ਦੀ ਪਰਿਭਾਸ਼ਾ ਵੀ ਠੀਕ ਨਹੀਂ ਹੈ। ਉਨ੍ਹਾਂ ਦੀ ਇਸ ਪਰਿਭਾਸ਼ਾ ਨੂੰ ਅਜੀਤ ਸਿੰਘ ਔਲਖ[14] ਇਸ ਆਧਾਰ ਤੇ ਰੱਦ ਕਰਦੇ ਹੋਏ ਲਿਖਦੇ ਹਨ ਕਿ ਥਿੰਦ ਲੋਕ ਨਾਟਕ ਦੇ ਕਥਾਨਿਕ ਨੂੰ ਲੋਕ ਪ੍ਰਿਯ ਹੋਣਾ ਜ਼ਰੂਰੀ ਮੰਨਦੇ ਹਨ, ਪਰ ਲੋਕ ਨਾਟਕ ਦੇ ਕਈ ਐਸੇ ਰੂਪ ਹਨ, ਜਿਵੇਂ ਸਾਂਗ ਨਾਟਕ, ਨਕਲਾਂ, ਗਿੱਧਾ, ਆਦਿ, ਜਿੰਨ੍ਹਾਂ ਰਾਹੀਂ ਕੋਈ ਵੀ ਲਿਖਤੀ ਜਾਂ ਅਲਿਖਤੀ ਕਹਾਣੀ ਖੇਡੀ ਜਾ ਸਕਦੀ ਹੈ। ਨਕਲਾਂ ਵਿਚ ਕਈ ਐਸੀਆਂ ਕਹਾਣੀਆਂ ਖੇਡੀਆਂ ਜਾਂਦੀਆਂ ਹਨ, ਜਿਹੜੀਆਂ ਦਰਸ਼ਕਾਂ ਨੇ ਪਹਿਲਾਂ ਕਦੇ ਵੇਖੀਆਂ ਜਾਂ ਸੁਣੀਆਂ ਨਹੀਂ ਹੁੰਦੀਆਂ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਲੋਕ ਪਿੜ ਕੇਵਲ ਕੁਦਰਤ ਦੇ ਖੁਲ੍ਹੇ ਵਾਯੂ ਮੰਡਲ ਵਿਚ ਹੀ ਉਸਾਰਿਆ ਜਾ ਸਕਦਾ ਹੈ, ਪਰ ਗਿੱਧੇ ਨਾਟਕ ਦਾ ਘੱਗਰੀ ਪਿੜ ਕਿਸੇ ਬੰਦ ਕਮਰੇ ਵਿਚ ਵੀ ਬਣ ਸਕਦਾ ਹੈ। ਉਪਰੋਕਤ ਕਾਰਨਾਂ ਕਰਕੇ ਥਿੰਦ ਦੀ ਪਰਿਭਾਸ਼ਾ ਅਧੂਰੀ ਹੈ। ਲੋਕ ਨਾਟਕ ਦੇ ਰੂਪ ਨੂੰ ਸੰਪੂਰਨ ਤੌਰ ਤੇ ਪੇਸ਼ ਕਰਨ ਵਾਲੀ ਪਰਿਭਾਸ਼ਾ ਅਜੀਤ ਸਿੰਘ ਔਲਖ ਦੀ ਹੈ।[15] ਉਹ ਲੋਕ ਨਾਟਕ ਦੀ ਪਰਿਭਾਸਾ ਇਸ ਤਰ੍ਹਾਂ ਕਰਦੇ ਹਨ: ''ਲੋਕ ਨਾਟਕ ਲੋਕਯਾਨ ਦਾ ਅਜੇਹਾ ਰੂਪ ਹੈ ਜੋ ਲੋਕ ਪਰੰਪਰਾ ਅਨੁਸਾਰ ਲੋਕ ਰੰਗ ਸ਼ੈਲੀ ਰਾਹੀਂ ਲੋਕ ਪਿੜ ਵਿਚ ਖੇਡਿਆ ਜਾਂਦਾ ਹੈ। ਇਹ ਲਿਖਤੀ ਵੀ ਹੋ ਸਕਦਾ ਹੈ ਤੇ ਅਲਿਖਤੀ ਵੀ। ਇਸ ਵਿਚ ਰਾਸ ਲੀਲ੍ਹਾ, ਰਾਮ ਲੀਲ੍ਹਾ, ਨਕਲਾਂ, ਸਾਂਗ ਨਾਟਕ ਅਤੇ ਗਿੱਧਾ ਨਾਟਕ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ।''

ਲੋਕ ਨਾਟਕ ਦੀ ਉਪਰੋਕਤ ਪਰਿਭਾਸ਼ਾ ਤੋਂ ਸਾਨੂੰ ਲੋਕ ਨਾਟਕ ਦੇ ਹੇਠ ਲਿਖੇ ਤੱਤਾਂ ਦਾ ਪਤਾ ਲਗਦਾ ਹੈ:

1. ਪਰੰਪਰਾ
2. ਨਿਵੇਕਲੀ ਰੰਗ ਸ਼ੈਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਵਿਚ ਪੰਜ ਰੰਗ ਸ਼ੈਲੀਆਂ ਦੀ ਆਪਣੀ ਨਿਵੇਕਲੀ ਵਿਸ਼ੇਸ਼ਤਾ ਹੈ। ਇਹ ਹਨ ਸਾਂਗ ਸ਼ੈਲੀ, ਸੰਗੀਤ ਸ਼ੈਲੀ, ਰਾਸ ਸ਼ੈਲੀ, ਚਮੋਟਾ ਸ਼ੈਲੀ, ਤੇ ਗਿੱਧਾ ਸ਼ੈਲੀ।

3. ਮੰਚ

ਲੋਕ ਨਾਟਕ ਦਾ ਤੀਜਾ ਤੱਤ ਪਿੜ ਮੰਚ ਹੈ। ਲੋਕ ਨਾਟਕ ਘੱਗਰੀ ਪਿੜ, ਤੀਰ ਕਮਾਨੀ ਪਿੜ, ਟੋਲਾ ਪਿੜ ਅਤੇ ਖੁਲ੍ਹੇ ਪਿੜ ਵਿਚ ਖੇਡੇ ਜਾਂਦੇ ਹਨ।

4. ਲਿਖਤੀ ਅਤੇ ਅਲਿਖਤੀ

ਲੋਕ ਨਾਟਕ ਦੋਹਾਂ ਤਰ੍ਹਾਂ ਦਾ ਹੋ ਸਕਦਾ ਹੈ।

5. ਲੋਕ ਮਾਨਸ ਦੀ ਅਭਿਵਿਅਕਤੀ

ਪੰਜਾਬ ਵਿਚ ਲੋਕ ਨਾਟ ਨੂੰ ਜੀਵੰਤ ਰੱਖਣ ਵਿਚ ਇਥੋਂ ਦੇ ਭੰਡਾਂ ਅਤੇ ਮਿਰਾਸੀਆਂ ਦਾ ਬੜਾ ਯੋਗਦਾਨ ਹੈ। ਪੰਜਾਬ ਦਾ ਲੋਕ ਨਾਟ ਪਿੰਡਾਂ ਵਿਚ ਜੰਮਿਆ ਅਤੇ ਵਿਕਸਿਆ ਹੈ। ਇਸ ਨੂੰ ਪਿੰਡ ਦੇ ਭੰਡਾਂ, ਮਿਰਾਸੀਆਂ, ਭੁਗਤੀਏ ਤੇ ਰਾਸਧਾਰੀਏ ਆਪਣੇ ਲਹੂ ਪਸੀਨੇ ਨਾਲ ਪਾਲਦੇ ਹਨ। ਪੰਜਾਬ ਵਿਚ ਪ੍ਰਮੁੱਖ ਹੇਠ ਲਿਖੇ ਲੋਕ ਨਾਟ ਪ੍ਰਚਲਿਤ ਹਨ:

1. ਲੀਲ੍ਹਾ ਨਾਟਕ
2. ਸਾਂਗ ਨਾਟਕ
3. ਨਕਲਾਂ
4. ਗਿੱਧਾ ਨਾਟਕ

1. ਲੀਲਾ ਨਾਟਕ

ਲੀਲਾ ਨਾਟਕ ਦੀ ਪਰਿਭਾਸ਼ਾ ਕਰਦੇ ਹੋਏ ਅਜੀਤ ਸਿੰਘ ਔਲਖ ਲਿਖਦੇ ਹਨ ਕਿ ਅਵਤਾਰਾਂ ਭਗਤਾਂ ਅਤੇ ਰਿਸ਼ੀਆਂ ਮੁਨੀਆਂ ਦੇ ਜੀਵਨ ਦੇ ਚਰਿਤ੍ਰ ਸੰਬੰਧੀ ਅਜੇਹਾ ਨਾਟਕ, ਜਿਹੜਾ ਰੀਤੀਬੱਧ ਅਭਿਨੈ, ਸਾਂਗ, ਨ੍ਰਿਤ, ਸੰਗੀਤ ਅਤੇ ਪਰੰਪਰਾਗਤ ਲੋਕ ਰੰਗ ਸ਼ੈਲੀ ਰਾਹੀਂ ਖੇਡਿਆ ਜਾਏ, ਲੀਲਾ ਨਾਟਕ ਕਹਾਉਂਦਾ ਹੈ।[16] ਕਿਉਂ ਜੋ ਲੀਲਾ ਨਾਟਕ ਪੁਰਾਤਨ ਚਲੀ ਆ ਰਹੀ ਪਰੰਪਰਾ ਅਨੁਸਾਰ ਲੋਕ ਪਿੜ ਵਿਚ, ਲੋਕ ਰੰਗ ਸ਼ੈਲੀ ਰਾਹੀਂ ਖੇਡੇ ਜਾਂਦੇ ਹਨ, ਇਸ ਲਈ ਇਹ ਲੋਕ ਨਾਟਕ ਦਾ ਹੀ ਰੂਪ ਹਨ।

ਲੀਲਾ ਨਾਟਕਾਂ ਬਾਰੇ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਸੋਲ੍ਹਵੀਂ ਸਤਾਰਵੀਂ ਸਦੀ ਵਿਚ ਉਤਰ ਪ੍ਰਦੇਸ਼ ਜਾਂ ਰਾਜਸਥਾਨ ਵਿਚੋਂ ਪੰਜਾਬ ਵਿਚ ਆਏ। ਪਰ ਇਹ ਵਿਚਾਰ ਠੀਕ ਨਹੀਂ ਹੈ, ਕਿਉਂਕਿ ਪੰਜਾਬ ਵਿਚ ਲੋਕ ਨਾਟ ਦੀ ਪਰੰਪਰਾ ਪੰਜ ਹਜ਼ਾਰ ਸਾਲ ਪੁਰਾਣੀ ਹੈ ਕਿਉਂਕਿ ਅਜਿਹੇ ਸਬੂਤ ਸਾਨੂੰ ਹੜਪਾ ਅਤੇ ਮਹੰਜੋਦਾਰੋ ਦੀ ਖੁਦਾਈ ਤੋਂ ਲੱਭੀਆਂ ਮੂਰਤੀਆਂ ਤੋਂ ਪ੍ਰਾਪਤ ਹੋਏ ਹਨ। ਪੰਜਾਬੀ ਲੀਲਾ ਨਾਟਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਚੰਗੀ ਸ਼ੈਲੀ ਅਤੇ ਦੂਸਰੇ ਭਾਰਤੀ ਲੀਲਾ ਨਾਟਕਾਂ ਦੀ ਚੰਗੀ ਸ਼ੈਲੀ ਵਿਚ ਬੜੀ ਭਿੰਨਤਾ ਹੈ।

ਪੰਜਾਬ ਵਿਚ ਪ੍ਰਮੁੱਖ ਤੌਰ ਤੇ ਲੀਲਾ ਨਾਟਕ ਖੇਡੇ ਜਾਂਦੇ ਹਨ : ਰਾਸ ਲੀਲਾ, ਰਾਮ ਲੀਲਾ, ਪਰਲਾਦ ਲੀਲਾ, ਬਾਬਾ ਬਾਲਕ ਨਾਥ ਲੀਲਾ, ਗੁਰੂ ਬਾਲਮੀਕ ਲੀਲਾ, ਗੁਰੂ ਰਵਿਦਾਸ ਲੀਲਾ ਆਦਿ।

ਰਾਸ ਲੀਲਾ ਨੂੰ ਆਪ ਤੌਰ ਤੇ ਕ੍ਰਿਸ਼ਨ ਲੀਲਾ ਹੀ ਸਮਝਿਆ ਜਾਂਦਾ ਰਿਹਾ ਹੈ। ਪਰ ਪੰਜਾਬ ਵਿਚ ਪ੍ਰਾਚੀਨ ਸਮੇਂ ਜੈਨ ਰਾਸ, ਬੁੱਧ ਰਾਸ ਵੀ ਪ੍ਰਚਲਿਤ ਸਨ। ਕ੍ਰਿਸ਼ਨ ਰਾਸ, ਜੈਨ ਰਾਸ ਤੋਂ ਪ੍ਰਭਾਵਿਤ ਹੋ ਕੇ ਹੀ ਹੋਂਦ ਵਿਚ ਆਈ ਸੀ। ਜੈਨ ਧਰਮ ਅਤੇ ਬੁੱਧ ਦੇ ਪੱਤਣ ਤੋਂ ਬਾਅਦ, ਬ੍ਰਾਹਮਣਾਂ ਨੇ ਕ੍ਰਿਸ਼ਨ ਲੀਲਾ ਸ਼ੁਰੂ ਕੀਤੀ ਸੀ। ਅੱਜ ਕਲ ਇਸ ਨੂੰ ਕ੍ਰਿਸ਼ਨ ਲੀਲਾ ਦੇ ਨਾਮ ਨਾਲ ਹੀ ਯਾਦ ਕੀਤਾ ਜਾਂਦਾ ਹੈ। ਇਹ ਦੋ ਰੂਪਾਂ ਵਿਚ ਖੇਡੀ ਜਾਂਦੀ ਹੈ। ਰਾਸ ਰੰਗ ਸ਼ੈਲੀ ਵਿਚ ਖੇਡੀ ਜਾਣ ਵਾਲੀ ਰਾਸ ਲੀਲਾ ਨੂੰ ਮੰਦਰ ਰਾਸ ਲੀਲਾ ਕਿਹਾ ਜਾਂਦਾ ਹੈ ਜਿਸ ਨੂੰ ਛੋਟੇ ਬੱਚੇ ਖੇਡਦੇ ਹਨ ਅਤੇ ਸਾਂਗ ਰੰਗ ਸ਼ੈਲੀ ਵਿਚ ਪੇਸ਼ਾਵਰ ਰਾਸਧਾਰੀਏ ਖੇਡਦੇ ਹਨ । ਇਸ ਤੋਂ ਬਿਨਾਂ ਰਾਮ ਲੀਲਾ ਜੋ ਰਾਮ ਚੰਦਰ ਜੀ ਦੇ ਜੀਵਨ ਨਾਲ ਸੰਬੰਧਤ ਹੈ ਵੀ ਇਨ੍ਹਾਂ ਦੋ ਸ਼ੈਲੀਆਂ ਵਿਚ ਖੇਡੀ ਜਾਂਦੀ ਹੈ। ਸ਼ਹਿਰਾਂ ਅਤੇ ਕਸਬਿਆਂ ਦੀਆਂ ਰਾਮ ਲੀਲਾ ਕਲੱਬਾਂ ਸੰਗੀਤ ਰੰਗ ਸ਼ੈਲੀ ਰਾਹੀਂ ਥੜਾ ਪਿੜ ਤੇ ਰਾਮ ਲੀਲਾ ਖੇਡਦੀਆਂ ਹਨ। ਇਨ੍ਹਾਂ ਤੋਂ ਬਿਨਾਂ ਹੋਰ ਲੀਲਾ ਜਿਵੇਂ ਬਾਲਮੀਕ, ਰਵੀਦਾਸ, ਪਰਲਾਦ ਆਦਿ ਲੀਲਾ ਖੇਡੀਆਂ ਜਾਂਦੀਆਂ ਹਨ। ਸਾਰੇ ਰਾਸ ਪੰਡਤ ਪੰਜਾਬ ਵਿਚ ਪ੍ਰਮੁੱਖ ਰਾਸਧਾਰੀ ਟੁਲ ਪ੍ਰਸਿੱਧ ਰਹੇ ਹਨ, ਪੰਡਤ ਮੋਹਣ ਲਾਲ ਢਾਹਾ, ਪੰਡਤ ਦੁਰਗਾ ਦਾਸ ਪਿੰਡ ਸੰਗਰ, ਰਤਨ ਚੰਦ ਚਬੇਵਾਲ, ਸਾਧੂ ਰਾਮ ਮਲਾ ਹਰੀਆਂ ਤੇ ਰੱਖਾ ਪਿੰਡ ਬੱਕਾਪੁਰ ਆਦਿ।

2. ਸਾਂਗ ਨਾਟਕ

ਸਾਂਗ ਵਿਚ ਆਪਣੇ ਵਿਅਕਤੀਤਵ ਨੂੰ ਖ਼ਤਮ ਕਰਕੇ ਕਿਸੇ ਦੂਸਰੇ ਦੇ ਸਰੂਪ ਨੂੰ ਪੇਸ਼ ਕੀਤਾ ਜਾਂਦਾ ਹੈ। ਭਾਈ ਕਾਹਨ ਸਿੰਘ[17] ਸਾਂਗ ਸ਼ਬਦ ਦਾ ਅਰਥ ਕਰਦੇ ਲਿਖਦੇ ਹਨ ਕਿ ਕਿਸੇ ਦੂਜੇ ਵਿਅਕਤੀ ਦਾ ਰੂਪ ਧਾਰਨ ਜਾਂ 'ਸਮਾਨ ਅੰਗ ਬਣਾਉਣ ਦੀ ਕ੍ਰਿਆ ਨੂੰ ਸਾਂਗ ਕਹਿੰਦੇ ਹਨ। ਅਜੀਤ ਸਿੰਘ ਔਲਖ ਸਵਾਂਗ ਨਾਟਕ ਦੀ ਪਰਿਭਾਸ਼ਾ ਦੇਂਦੇ ਲਿਖਦੇ ਹਨ ਕਿ, ''ਜਦੋਂ ਕਿਸੇ ਰਾਜੇ, ਪ੍ਰੇਮੀ, ਭਗਤ, ਡਾਕੂ ਜਾਂ ਅਸਾਧਾਰਣ ਵਿਅਕਤੀ ਦੇ ਜੀਵਨ ਉਤੇ ਆਧਾਰਿਤ ਕਹਾਣੀ ਨੂੰ ਬੱਝੀ ਬਝਾਈ ਪਰੰਪਰਾਗਤ ਰੰਗ ਸ਼ੈਲੀ ਅਨੁਸਾਰ (ਸਾਂਗ ਕ੍ਰਿਤ ਅਤੇ ਛੰਦ ਦੀ ਸਹਾਇਤਾ ਨਾਲ) ਪੇਸ਼ਾਵਰ ਕਲਾਕਾਰਾਂ ਰਾਹੀਂ ਲੋਕ-ਪਿੜ ਵਿਚ ਖੇਡ ਕੇ ਲੋਕਾਂ ਦਾ ਮਨੋਰੰਜਨ ਕੀਤਾ ਜਾਵੇ ਤਾਂ ਉਸ ਤਮਾਸ਼ੇ ਨੂੰ ਸਾਂਗ ਨਾਟਕ ਕਹਿੰਦੇ ਹਨ।''[18]

ਸਾਂਗ ਨਾਟਕ ਪਰੰਪਰਾ ਪੰਜਾਬ ਵਿਚ ਪ੍ਰਾਚੀਨ ਸਮੇਂ ਤੋਂ ਚੱਲ ਰਹੀ ਹੈ। ਇਹ ਅਲਿਖਤ ਰੂਪ ਵਿਚ ਹੀ ਚਲਦੇ ਰਹੇ। ਪੰਜਾਬ ਵਿਚ ਸਾਂਗਾਂ ਦੇ ਪਹਿਲੇ ਲਿਖਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੂਪ ਸਰ ਰਿਚਰਡ ਟੈਂਪਲ 'ਲੀਜੇਡਜ਼ ਆਫ ਦੀ ਪੰਜਾਬ' ਵਿਚ ਇੱਕਤਰ ਕਰਦੇ ਹਨ। ਸਾਂਗ ਨਾਟਕ ਅਗੇ ਦੋ ਪਰੰਪਰਾਵਾਂ ਵਿਚ ਵੰਡਿਆ ਗਿਆ।

(i) ਸਵਾਂਗ

ਇਹ ਇਕ ਤਰ੍ਹਾਂ ਦਾ ਗੀਤ-ਨਾਟ ਹੈ, ਜੋ ਪਿੰਡ ਦੀ ਸੱਥ ਜਾਂ, ਖੁੱਲੇ ਮੈਦਾਨ ਵਿਚ ਕਿਸੇ ਉੱਚੇ ਥੜੇ ਉੱਤੇ ਖੇਡਿਆ ਜਾਂਦਾ ਹੈ, ਇਸ ਵਿਚ ਕਿਸੇ ਪ੍ਰਸਿੱਧ ਲੋਕ ਨਾਇਕ ਦੇ ਜੀਵਨ ਦੀ ਕੋਈ ਭਾਵਨਾ-ਭਰਪੂਰ ਝਾਕੀ ਪੇਸ਼ ਕੀਤੀ ਜਾਂਦੀ ਹੈ। ਇਸ ਵਿਚ ਕਥਾ ਦਾ ਮਹੱਤਵ ਪੂਰਨ ਭਾਵ ਕਾਵਿ ਵਿਚ ਹੁੰਦਾ ਹੈ ਜੋ ਲੋਕ ਧੁਨਾਂ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਵਾਰਤਾਲਾਪ ਘੱਟ ਹੁੰਦੇ ਹਨ। ਹਰ ਨਵੇਂ ਪਾਤਰ ਦੀ ਆਮਦ ਵੇਲੇ ਜਾਂ ਕਿਸੇ ਵੀ ਝਾਕੀ ਤੋਂ ਪਹਿਲਾਂ ਕੱਥਕ ਕਹਾਣੀ ਨੂੰ, ਉਸ ਹੱਦ ਤਕ, ਵਾਰਤਾ ਰਾਹੀਂ ਪਹੁੰਚਾਂਦਾ ਹੈ। ਸੰਗੀਤ ਲਈ ਸਾਰੰਗੀ ਤੇ ਹੋਰ ਸਾਜ਼ਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਕਥਾ ਦੇ ਚਰਿੱਤਰ ਅਨੁਸਾਰ ਸ਼ਿੰਗਾਰ, ਬੀਰ ਰਸ ਤੇ ਵੈਰਾਗ ਰਸ ਦੀ ਧੁਨੀ ਗੂੰਜਦੀ ਹੈ। ਪੰਜਾਬ ਵਿਚ ਪੂਰਨ ਨਾਥ ਜੋਗੀ, ਗੋਪੀ ਚੰਦ ਤੇ ਹਕੀਕਤ ਰਾਏ ਦੇ ਸਵਾਂਗ ਪ੍ਰਸਿੱਧ ਹਨ। ਪੰਜਾਬ ਦੇ ਪ੍ਰਸਿੱਧ ਕਵਾਲ ਲੇਖਕ ਹਨ ਹਸ਼ਮਤ ਸ਼ਾਹ ਚਿਸ਼ਤੀ, ਚੌਧਰੀ ਅਬਦਲ ਮਜੀਦ, ਕਰਤਾਰ ਸਿੰਘ ਫੁੱਲ, ਪ੍ਰੀਤਮ ਸਿੰਘ ਪ੍ਰੀਤਮ, ਚਮਨ ਲਾਲ ਸ਼ੁਗਲ, ਸ਼ਿੰਗਾਰਾ ਸਿੰਘ ਸੇਵਕ, ਪੰਡਤ ਮੋਹਨ ਲਾਲ ਢਾਹਾਂ ਆਦਿ।

(ii) ਨੌਟੰਕੀ

ਸਵਾਂਗ ਦਾ ਇਕ ਵਿਸ਼ੇਸ਼ ਰੂਪ ਨੌਟੰਕੀ ਹੈ। ਇਸ ਦਾ ਮੁੱਢ ਨੌਟੰਕੀ ਨਾਂ ਦੀ ਸ਼ਹਿਜ਼ਾਦੀ ਦੀ ਪ੍ਰੇਮ-ਗਾਥਾ ਦੇ ਗੀਤ-ਨਾਟ ਤੋਂ ਬੱਝਿਆ। ਨੌਟੰਕੀ ਦੀ ਕਥਾ ਬੜੀ ਅਦਭੁੱਤ ਰੌਚਕ ਤੇ ਨਾਟਕੀ ਘਟਨਾਵਾਂ ਨਾਲ ਭਰਪੂਰ ਹੈ। ਇਸ ਕਥਾ ਉਤੇ ਆਧਾਰਤ ਸਵਾਂਗ ਇਤਨਾ ਸਫ਼ਲ ਤੇ ਮਕਬੂਲ ਹੋਇਆ ਕਿ ਪਿਛੋਂ ਜੋ ਹੋਰ ਸਵਾਂਗ ਇਸੇ ਸ਼ੈਲੀ ਵਿਚ ਖੇਡੇ ਗਏ, ਉਹ ਨੌਟੰਕੀ ਅਖਵਾਏ।[19]

ਨੌਟੰਕੀ ਵਿਚ ਸੰਗੀਤ ਦਾ ਖਾਸ ਮਹੱਤਵ ਹੁੰਦਾ ਹੈ। ਪਾਤਰਾਂ ਤੇ ਵਾਰਤਾਲਾਪ ਜੋ ਗੀਤ ਵਿਚ ਹੁੰਦੇ ਹਨ ਪ੍ਰਸਿੱਧ ਲੋਕ ਧੁਨਾਂ ਵਿਚ ਗਾਏ ਜਾਣ ਕਰਕੇ ਲੋਕਾਂ ਨੂੰ ਬੜੇ ਰੌਚਿਕ ਲੱਗਦੇ ਹਨ। ਨੌਟੰਕੀ ਦਾ ਰੰਗ ਮੰਚ ਉੱਚਾ ਥੜਾ ਜਾਂ ਤਖ਼ਤਪੋਸ਼ ਹੁੰਦਾ ਹੈ ਜਿਸ ਦੇ ਸਾਹਮਣੇ ਤੇ ਸੱਜੇ ਖੱਬੇ ਦਰਸ਼ਕ ਬੈਠ ਜਾਂਦੇ ਹਨ। ਨੌਟੰਕੀ ਵਿਚ ਸੰਗੀਤ ਅਤੇ ਨਾਚ ਨੂੰ ਪ੍ਰਮੁੱਖਤਾ ਹਾਸਲ ਹੁੰਦੀ ਹੈ ਅਤੇ ਸਵਾਂਗ ਵਿਚ ਪਾਤਰ ਦੇ ਸਵਾਂਗ ਤੇ ਅਭਿਨੈ ਨੂੰ। ਸਵਾਂਗ ਦਾ ਵਾਤਾਵਰਣ ਗੰਭੀਰ ਹੁੰਦਾ ਹੈ। ਪਰ ਨੌਟੰਕੀ ਵਿਚ ਹਾਸਾ ਮਜ਼ਾਕ ਹੁੰਦਾ ਹੈ ਕਿਉਂਕਿ ਨੌਟੰਕੀ ਪਰੰਪਰਾ ਵਿਚ ਨਾਟਕ ਖੇਡਣ ਵਾਲੇ ਪਾਤਰਾਂ ਤੋਂ ਬਿਨਾ ਦੋ ਵਾਧੂ ਪਾਤਰ ਰੰਗਾ ਤੇ ਬਿਗਲਾ ਵੀ ਹੁਦੇ ਹਨ। ਰੰਗਾ ਨਾਟਕ ਦਾ ਡਾਇਰੈਕਟਰ ਹੁੰਦਾ ਹੈ ਅਤੇ ਵੱਖ ਵੱਖ ਝਾਕੀਆਂ ਨੂੰ ਆਪਣੀ ਵਾਰਤਾਲਾਪ ਨਾਲ ਜੋੜਦਾ ਹੈ। ਬਿਗਲਾ ਬਿਨ ਬੁਲਾਇਆ ਪਾਤਰ ਹੁੰਦਾ ਹੈ। ਉਹ ਚਲਦੇ ਹੋਏ ਨਾਟਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਜਦ ਜੀਅ ਚਾਹੇ ਆ ਟਪਕਦਾ ਹੈ ਅਤੇ ਹਾਸਰਸੀ ਟਿੱਚਰਾਂ ਰਾਹੀਂ ਲੋਕਾਂ ਦੇ ਢਿੱਡੀ ਪੀੜਾਂ ਪਾਉਂਦਾ ਹੈ।[20]

3. ਨਕਲਾਂ

'ਨਕਲ' ਸ਼ਬਦ ਦੇ ਕੋਸ਼ੀ ਅਰਥ ਹਨ, "ਕਿਸੇ ਵਾਂਗ ਕਰਨ ਦੀ ਕਿਰਿਆ, ਸਾਂਗ ਜਾਂ ਰੀਸ।[21] ਭਾਈ ਕਾਹਨ ਸਿੰਘ ਅਨੁਸਾਰ ਇਸ ਵਿਚ ਕਿਸੇ ਨਜ਼ਾਰੇ ਦੀ ਹੂਬਹੂ ਝਾਕੀ ਦਸੀ ਜਾਂਦੀ ਹੈ।[22] ਨਕਲ ਨੂੰ ਕਲਾਤਮਕ ਢੰਗ ਨਾਲ, ਨਾਟਕੀ ਅੰਸ਼ਾਂ ਨੂੰ ਉਭਾਰ ਕੇ ਪੇਸ਼ ਕਰਨ ਲਈ ਡੂੰਘੇ ਅਨੁਭਵ ਤੇ ਸੂਝ ਦੀ ਲੋੜ ਹੈ। ਨਕਲਾਂ ਦੀਆਂ ਕੁਝ ਆਪਣੀਆਂ ਵਿਸ਼ੇਸ਼ਤਾਵਾਂ ਹਨ ਜੋ ਉਸ ਨੂੰ ਲੋਕ ਨਾਟਕ ਦਾ ਇਕ ਵੱਖਰਾ ਰੂਪ ਪ੍ਰਦਾਨ ਕਰਦੀਆਂ ਹਨ। ਨਕਲਾਂ ਮੂਕ ਨਹੀਂ ਹੁੰਦੀਆਂ ਹਨ। ਇਨ੍ਹਾਂ ਵਿਚ ਕਹਾਣੀ ਵਾਰਤਾਲਾਪ ਰਾਹੀਂ ਤੁਰਦੀ ਹੈ। ਇਸ ਵਿਚ ਦੋ ਵਿਸ਼ੇਸ਼ ਕਲਾਕਾਰ ਹੁੰਦੇ ਹਨ। ਇਕ ਕਲਾਕਾਰ ਕੇਵਲ ਸ਼ਬਦਾਂ ਦਾ ਮਹਿਲ ਉਸਾਰਦਾ ਹੈ ਅਤੇ ਦੂਜਾ ਉਸ ਬਣੇ ਮਹਿਲ ਨੂੰ ਢਾਹ ਦੇਂਦਾ ਹੈ। ਪਹਿਲਾ ਰੰਗਾ ਅਤੇ ਦੂਜੇ ਬਿਗਲੇ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਸ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦਾ ਸਾਂਗ ਬਣਨ ਦੀ ਲੋੜ ਨਹੀਂ ਹੈ। ਇਨ੍ਹਾਂ ਦਾ ਕਹਾਣੀ ਅਤੇ ਪਲਾਟ ਹੁੰਦਾ ਹੈ। ਨਕਲਾਂ ਦੇ ਵਿਸ਼ੇ ਵਿਭਿੰਨ ਹੁੰਦੇ ਹਨ। ਨਕਲਾਂ ਦਾ ਕੋਈ ਸਮਾਂ ਨਿਸਚਿਤ ਨਹੀਂ ਹੈ। ਇਹ ਪੰਜ ਮਿੰਟ ਤੋਂ ਤਿੰਨ ਘੰਟੇ ਵਿਚ ਵੀ ਖ਼ਤਮ ਹੋ ਸਕਦੀ ਹੈ। ਇਹ ਘੱਗਰੀ ਜਾਂ ਤੀਰ ਕਮਾਨੀ ਪਿੜ ਵਿਚ ਖੇਡੀਆਂ ਜਾਂਦੀਆਂ ਹਨ। ਇਹ ਸਾਮੂਹਿਕ ਰੂਪ ਵਿਚ ਰਚੀਆਂ ਜਾਂਦੀਆਂ ਹਨ। ਉਪਰੋਕਤ ਵਿਸ਼ੇਸ਼ਤਾਵਾਂ ਦੇ ਸੰਦਰਭ ਵਿਚ ਅਜੀਤ ਸਿੰਘ ਔਲਖ[23] ਨਕਲਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਨ:

ਕਿਸੇ ਪੇਸ਼ੇ, ਮਨੁੱਖ, ਪਸ਼ੂ, ਵਸਤੂ ਜਾਂ ਜ਼ਾਤ ਸੰਬੰਧੀ ਕਹਾਣੀ ਨੂੰ ਪੇਸ਼ਾਵਰ ਨਕਲੀਆਂ ਵਲੋਂ ਚਮੋਟੇ ਦੀ ਸਹਾਇਤਾ ਨਾਲ ਕਿਸੇ ਪ੍ਰਕਾਰ ਦਾ ਭੇਸ ਧਾਰਨ ਕਰਨ ਤੋਂ ਬਗ਼ੈਰ, ਮਸ਼ਕਰੀ, ਚੋਭ, ਟਿੱਚਰ, ਵਿਅੰਗ ਜਾਂ ਵਾਸ਼ਨਾਮਈ ਵਾਰਤਾਲਾਪ ਰਾਹੀਂ ਘੱਗਰੀ ਜਾਂ ਤੀਰ ਕਮਾਨੀ ਪਿੜ ਵਿਚ ਖੇਡੇ ਜਾਣ ਨੂੰ 'ਨਕਲ' ਕਿਹਾ ਜਾਂਦਾ ਹੈ।

ਨਕਲਾਂ ਦਾ ਵਰਗੀਕਰਣ

(i) ਟਿੱਚਰਾਂ
(ii) ਪਟੜੀਆਂ

(i) ਟਿੱਚਰਾਂ

ਉਹ ਨਕਲ ਜਿਸ ਵਿਚ ਇਕ ਝਾਕੀ ਵਿਚ ਇਕ ਹੀ ਹਾਸਰਸੀ ਸਿਖਰ ਉਸਾਰਿਆ ਜਾਵੇ' ਟਿੱਚਰ' ਕਹਾਉਂਦੀ ਹੈ।[24] ਇਹ ਪੰਜ ਤੋਂ ਦਸ ਮਿੰਟ ਵਿਚ ਖ਼ਤਮ ਹੁੰਦੀ ਹੈ। ਕੁਝ ਪ੍ਰਸਿੱਧ ਟਿੱਚਰਾਂ ਜੋ ਪੰਜਾਬ ਵਿਚ ਖੇਡੀਆਂ ਜਾਂਦੀਆਂ ਹਨ : ਮੱਝ ਦਾ ਪੁੜਾ, ਮੰਜੇ ਤੇ ਗਿਆ, ਰੱਬ ਤੈਨੂੰ ਵੀ ਚੁੱਕੇ, ਲਫਾਫੇ ਵਿਚ, ਮਾਮਾ ਜੀ, ਚੌਕੀਦਾਰ ਦਾ ਸਾਲਾ, ਮੇਰਾ ਵਿਆਹ ਹੋਇਆ ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ii) ਪਟੜੀਆਂ

ਉਹ ਨਕਲ ਜਿਹੜੀ ਕਈ ਝਾਕੀਆਂ ਵਿਚ ਦੋ ਜਾਂ ਜ਼ਿਆਦਾ ਕਲਾਕਾਰਾਂ ਰਾਹੀਂ ਕਈ ਹਾਸੇ ਭਰੇ ਸਿੱਖਰ ਤੇ ਖੇਡੀ ਜਾਵੇ, ਪਟੜੀ ਕਹਾਉਂਦੀ ਹੈ। ਪਟੜੀਆਂ ਦਾ ਇਤਿਹਾਸ ਸਮੁੱਚਾ ਨਕਲਾਂ ਦਾ ਇਤਿਹਾਸ ਹੈ। ਪੇਸ਼ਾਵਰ ਨਕਲੀਏ ਟਿੱਚਰਾਂ ਨੂੰ ਨਕਲਾਂ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਪੰਜਾਬ ਵਿਚ ਪੁਰਾਤਨ ਸਮੇਂ ਤੋਂ 360 ਪਟੜੀਆਂ ਪ੍ਰਚਲਿਤ ਰਹੀਆਂ ਹਨ, ਟਿੱਚਰਾਂ ਬਾਅਦ ਦੀ ਉਪਜ ਹਨ।[25]

ਪੰਜਾਬ ਵਿਚੋਂ ਬਹੁਤ ਸਾਰੀਆਂ ਨਕਲੀਆਂ ਦੀਆਂ ਟੋਲੀਆਂ ਪੱਛਮੀ ਪੰਜਾਬ ਵਿਚ ਚਲੀਆਂ ਗਈਆਂ ਹਨ, ਪਰ ਅਜੋਕੇ ਪੰਜਾਬ ਵਿਚ ਅਜੇ ਵੀ ਬਹੁਤ ਸਾਰੀਆਂ ਨਕਲਾਂ ਦੀਆਂ ਟੋਲੀਆਂ ਹਨ। ਇਹ ਪੇਂਡੂ ਲੋਕਾਂ ਦਾ ਮਨੋਰੰਜਨ ਕਰਦੀਆਂ ਹਨ।

4. ਗਿੱਧਾ ਨਾਟਕ

ਪੰਜਾਬ ਦੇ ਗਿੱਧੇ ਨੂੰ ਕੇਵਲ ਨਾਚ ਹੀ ਮੰਨਿਆ ਜਾਂਦਾ ਰਿਹਾ ਹੈ। ਗਿੱਧੇ ਦੇ ਪਿੜ ਵਿਚ ਜੋ ਨਾਟਕ ਖੇਡ ਜਾਂਦੇ ਉਨ੍ਹਾਂ ਦਾ ਕੋਈ ਲਿਖਤੀ ਰੂਪ ਪ੍ਰਾਪਤ ਨਹੀਂ ਹੁੰਦਾ। ਪਹਿਲੀ ਵਾਰ ਅਜੀਤ ਸਿੰਘ ਔਲਖ[26] ਨੇ ਅਜੇਹੇ ''ਗਿੱਧਾ ਨਾਟਕ ਪ੍ਰਾਪਤ ਕੀਤੇ ਹਨ ਜੋ ਗਿੱਧੇ ਦੀ ਤਾਲ ਵਿਚ ਗਿੱਧੇ ਦੇ ਪਿੜ ਵਿਚ ਖੇਡੇ ਜਾਂਦੇ ਹਨ। ਇਹ ਸਾਰੇ ਨਾਟਕ ਪ੍ਰਚਲਿਤ ਪਰੰਪਰਾ, ਬੱਝੀ ਬਝਾਈ ਰੰਗ ਸ਼ੈਲੀ ਅਤੇ ਘੱਗਰੀ ਪਿੜ ਵਿਚ ਖੇਡੇ ਜਾਂਦੇ ਹਨ। ਇਨ੍ਹਾਂ ਨੂੰ ਖੇਡਣ ਅਤੇ ਦੇਖਣ ਵਾਲੀਆਂ ਇਸਤਰੀਆਂ ਹੀ ਹੁੰਦੀਆਂ ਹਨ। ਇਹ ਗਿੱਧੇ ਦੇ ਲੋਕ ਗੀਤਾਂ ਵਾਂਗ ਹੀ ਖੇਡੇ ਜਾਂਦੇ ਹਨ। ਸਾਂਗ ਬਣੀਆਂ ਦੋ ਇਸਤਰੀਆਂ ਜਦ ਗੀਤਾਂ ਰਾਹੀਂ ਇਕ ਦੂਸਰੀ ਨਾਲ ਸਵਾਲ ਜਵਾਬ ਕਰਦੀਆਂ ਹਨ, ਝਾਕੀ ਦੀ ਸਮਾਪਤੀ ਤੇ ਨਾਟ ਬੋਲਾਂ ਤੇ ਗਿੱਧਾ ਪਾਇਆ ਜਾਂਦਾ ਹੈ। ਕੁਝ ਪ੍ਰਸਿਧ ਗਿੱਧਾ ਨਾਟਕ ਜੋ ਅਜੀਤ ਸਿੰਘ ਔਲਖ ਨੇ ਇਕੱਤਰ ਕੀਤੇ ਹਨ ; ਵਚੋਲੀ ਸਹੁਰੇ ਚਲੀ, ਨੀ ਬੁੱਢਾ ਚੜ੍ਹਿਆ ਘੋੜੀ, ਜੱਟ ਜੱਟੀ, ਹਾਏ ਹਾਏ ਨੀ ਮੇਰੀ ਸੌਕਣ, ਸਾਧਾ ਸੱਚ ਦੱਸ ਵੇ ਆਦਿ।

ਉਪਰੋਕਤ ਲੋਕ ਨਾਟਕ ਤੋਂ ਬਿਨਾਂ ਕੁਰਝ ਹੋਰ ਵਿਦਵਾਨਾਂ ਨੇ ਲੋਕ ਨਾਟਕਾਂ ਦੇ ਹੋਰ ਰੂਪ ਪੁਤਲੀਆਂ ਦਾ ਤਮਾਸ਼ਾ, ਭੰਡਾਂ ਦਾ ਤਮਾਸ਼ਾ, ਮਦਾਰੀ ਤੇ ਬਾਜ਼ੀਗਰਾਂ ਦੇ ਤਮਾਸ਼ੇ ਵੀ ਲੋਕ ਨਾਟਕਾਂ ਦੀ ਵੰਨਗੀ ਵਿਚ ਸ਼ਾਮਲ ਕੀਤੇ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਲੋਕ ਕਲਾਵਾਂ ਵਿਚ ਲੋਕ ਨਾਟ ਕਲਾ ਦੀ ਆਪਣੀ ਨਵੇਕਲੀ ਵਿਲੱਖਣਤਾ ਹੈ ਜੋ ਲੋਕਾਂ ਦੇ ਮਨੋਰੰਜਨ ਦਾ ਇਕ ਵੱਡਾ ਸਾਧਨ ਹੈ। ਭਾਵੇਂ ਅਜੋਕੇ ਯੁਗ ਵਿਚ ਟੈਲੀਵਿਜ਼ਨ ਆਦਿ ਨਾਲ ਇਸ ਪਰੰਪਰਾ ਨੂੰ ਸ਼ਹਿਰੀ ਵਰਗ ਦੇ ਲੋਕ ਬਹੁਤਾ ਪਸੰਦ ਨਹੀਂ ਕਰਦੇ ਹਨ, ਪਰ ਪੇਂਡੂ ਲੋਕਾਂ ਦੇ ਮਨੋਰੰਜਨ ਦਾ ਇਹ ਅਜੇ ਵੀ ਉਸੇ ਤਰ੍ਹਾਂ ਅੰਗ ਹਨ। ਲੋਕੀਂ ਇਨ੍ਹਾਂ ਦਾ ਪੂਰਾ ਰਸ ਮਾਣਦੇ ਹਨ। ਇਨ੍ਹਾਂ ਦੀ ਜੀਵੰਤ ਹੋਂਦ ਦਾ ਪ੍ਰਗਟਾਵਾ ਨਕਲੀਆਂ ਅਤੇ ਰਾਸਧਾਰੀਆਂ ਦੇ ਟੁਲਾਂ ਦਾ ਪੰਜਾਬ ਵਿਚ ਵਿਚਰਨਾ ਇਸਦੀ ਪ੍ਰਤੱਖ ਮਿਸਾਲ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਲੋਕ ਨਾਟ ਪਰੰਪਰਾ ਦੀ ਸਾਡੇ ਆਧੁਨਿਕ ਸਾਹਿਤਕ ਨਾਟਕ ਨੂੰ ਵੀ ਬਹੁਤ ਵੱਡੀ ਦੇਣ ਹੈ। ਇਸ ਅਮੀਰ ਵਿਰਸੇ ਨੂੰ ਸੰਭਾਲਣ ਦੀ ਲੋੜ ਹੈ। ਅਜੀਤ ਸਿੰਘ ਔਲਖ ਨੇ ਇਸ ਦਿਸ਼ਾ ਵਿਚ ਸ਼ਲਾਘਾਯੋਗ ਕੰਮ ਕੀਤਾ ਹੈ। ਹੋਰ ਖੋਜੀਆਂ ਨੂੰ ਵੀ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

(ਏ) ਲੋਕ ਗੀਤ ਤੇ ਲੋਕ ਸਾਜ਼

ਲੋਕ ਸੰਗੀਤ

ਲੋਕ ਗਾਥਾਵਾਂ, ਕਿੱਸੇ, ਟੱਪੇ, ਬੋਲੀਆਂ, ਮਾਹੀਆ ਆਦਿ ਸਾਜ਼ਾਂ ਜਾਂ ਸਾਜ਼ਾਂ ਤੋਂ ਬਿਨਾਂ ਗਾਉਣ ਵਾਲੇ ਲੋਕ ਗਵੱਈਏ ਹੁੰਦੇ ਹਨ। ਇਨ੍ਹਾਂ ਦੇ ਗਾਉਣ ਦਾ ਢੰਗ ਤਰਜ਼ ਜਾਂ ਧੁਨੀ ਲੋਕ ਸੰਗੀਤ ਹੁੰਦੀ ਹੈ। ਵਣਜਾਰਾ ਬੇਦੀ ਦੇ ਕਥਨ ਅਨੁਸਾਰ,''ਸੰਗੀਤ ਉਹ ਧੁਨੀ ਹੈ ਜੋ ਆਤਮਾ ਨੂੰ ਬ੍ਰਹਿਮੰਡ ਨਾਲ ਇਕਸੁਰ ਕਰ ਦੇਂਦੀ ਹੈ। ਸੰਗੀਤ ਦੀਆਂ ਜਿੰਨ੍ਹਾਂ ਸਵਰ-ਲਹਿਰੀਆਂ ਵਿਚੋਂ, ਕੋਈ ਜਾਤੀ ਆਪਣੀ ਆਤਮਾ ਦੇ ਬੋਲ ਤੇ ਨੁਹਾਰ ਪਛਾਨਣ ਲੱਗਦੀ ਹੈ, ਉਹੋ ਧੁਨਾਂ ਉਸ ਦਾ ਲੋਕ ਸੰਗੀਤ ਹੁੰਦੀਆਂ ਹਨ। ਲੋਕ ਸੰਗੀਤ ਜਾਤੀ ਦੇ ਚਰਿੱਤ੍ਰ ਨਾਲ ਇਕ ਸੁਰ ਹੋਇਆ ਹੁੰਦਾ ਹੈ।''[27] ਲੋਕ ਗੀਤਾਂ ਵਿਚਲਾ ਸੰਗੀਤ ਕਿਸੇ ਵਿਅਕਤੀ ਵਿਸ਼ੇਸ਼ ਦੇ ਨਿੱਜੀ ਮਨੋ-ਭਾਵਾਂ ਦੀ ਤਰੰਗ ਨਹੀਂ ਹੁੰਦਾ, ਸਗੋਂ ਸਮੁੱਚੀ ਜਾਤੀ ਦੇ ਭਾਵਾਂ ਦਾ ਪ੍ਰਭਾਵ ਹੁੰਦਾ ਹੈ। ਪੰਜਾਬੀ ਲੋਕ ਸੰਗੀਤ ਦੀਆਂ ਕੁਝ ਆਪਣੀਆਂ ਵਿਲੱਖਣਤਾਵਾਂ ਹਨ:

(i) ਸੰਗੀਤ ਧੁਨੀਆਂ ਵਿਰਸੇ ਦੀ ਦੇਣ

ਪੰਜਾਬੀਆਂ ਨੂੰ ਸੰਗੀਤ ਧੁਨੀਆਂ ਵਿਰਸੇ ਦੀ ਦੇਣ ਹੈ। ਜਦੋਂ ਬੱਚਾ ਜੰਮਦਾ ਹੈ ਤਾਂ ਬੱਚੇ ਦੇ ਕੰਨਾਂ ਵਿਚ ਗੀਤਾਂ ਦੀਆਂ ਮਿੱਠੀਆਂ ਧੁਨੀਆਂ ਤੇ ਢੋਲਕੀ ਦਾ ਤਾਲ ਸੁਣਨ ਲੱਗਦਾ ਹੈ। ਇਹ ਸੰਗੀਤ ਬੱਚੇ ਦੀ ਆਤਮਾ ਵਿਚ ਇਕ ਰਸ ਹੋ ਕੇ ਸਮਾ ਜਾਂਦਾ ਹੈ ਅਤੇ ਉਸ ਦੇ ਸਮੁੱਚੇ ਜੀਵਨ ਵਿਚ ਵੱਖ ਵੱਖ ਸਮੇਂ ਵੱਖਰੇ ਵੱਖਰੇ ਰੰਗਾਂ ਵਿਚ ਉਸ ਦੇ ਬੁੱਲ੍ਹਾਂ ਤੇ ਨੱਚਦਾ ਹੈ।

(ii) ਉਸਤਾਦ ਦੀ ਲੋੜ ਨਹੀਂ

ਪੰਜਾਬੀ ਲੋਕ ਸੰਗੀਤ ਸਹਿਜ ਸੁਭਾ ਗਾਇਕਾਂ ਦੇ ਬੁਲ੍ਹਾਂ ਤੇ ਆ ਟੱਪਕਦਾ ਹੈ। ਉਹ ਕਿਸੇ ਉਸਤਾਦ ਪਾਸੋਂ ਕਿਸੇ ਸ਼ਾਸਤਰੀ ਸੰਗੀਤ ਵਾਂਗ ਸਿਖਿਆ ਪ੍ਰਾਪਤ ਨਹੀਂ ਕਰਦੇ ਹਨ। ਸਗੋਂ ਉਹ ਇਸ ਨੂੰ ਕੰਨਾਂ ਰਾਹੀਂ ਸੁਣਕੇ ਮਾਣਦੇ ਹਨ ਅਤੇ ਜਦੋਂ ਉਨ੍ਹਾਂ ਦਾ ਜੀਅ ਕਰਦਾ ਹੈ ਤਾਂ ਉਹ ਦੂਜਿਆਂ ਨੂੰ ਗਾਉਂਦਾ ਵੇਖ ਗਾਉਣਾ ਸ਼ੁਰੂ ਕਰ ਦਿੰਦੇ ਹਨ ਅਤੇ ਸਹਿਜ ਭਾਵ ਹੀ ਉਨ੍ਹਾਂ ਧੁਨੀਆਂ ਨੂੰ ਸਮਝ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(iii) ਲੋਕ ਗੀਤਾਂ ਦਾ ਜਨਮ ਦਾਤਾ

ਲੋਕ ਗੀਤ ਦੀ ਸਿਰਜਣਾ ਗਾਉਣ ਲਈ ਕੀਤੀ ਜਾਂਦੀ ਹੈ, ਕਿਤਾਬਾਂ ਦਾ ਸ਼ਿੰਗਾਰ ਬਣਾਉਣ ਲਈ ਨਹੀਂ। ਲੋਕ ਗੀਤਾਂ ਦੀ ਸਿਰਜਣਾ ਬੁਲ੍ਹਾਂ ਦੇ ਸਾਜ਼ ਉਤੇ ਕੀਤੀ ਜਾਂਦੀ ਹੈ। ਲੋਕ ਗੀਤ ਦਾ ਜਨਮ ਹੀ ਲੋਕ ਸੰਗੀਤ ਕਰਦਾ ਹੈ। ਉਨ੍ਹਾਂ ਦੇ ਅੰਦਰੋਂ ਸੰਗੀਤਮਈ ਝਰਨਾਟਾਂ ਛਿੜਦੀਆਂ ਹਨ ਅਤੇ ਫਿਰ ਉਹ ਸ਼ਬਦਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਵਣਜਾਰਾ ਬੇਦੀ ਦੇ ਕਥਨ ਅਨੁਸਾਰ, ''ਕਿਸੇ ਗੀਤ ਦੀ ਲੰਮੀ ਉਮਰ ਉਸ ਦੀ ਮਧੁਰ ਲੈਅ ਤੇ ਤਾਲ ਉਤੇ ਨਿਰਭਰ ਕਰਦੀ ਹੈ। ਸੰਗੀਤ ਬਿਨਾਂ ਉਹ ਅਮਰ ਨਹੀਂ ਹੋ ਸਕਦੇ''।[28]

ਲੋਕ ਗੀਤਾਂ ਵਿਚ ਸੰਗੀਤਕ ਤੱਤ ਤੇ ਕਾਵਿ ਤੱਤ ਦੋਵੇਂ ਇਕ ਦੂਜੇ ਦੇ ਸਹਾਇਕ ਹਨ। ਗੀਤ ਦਾ ਆਨੰਦ ਤਾਂ ਹੀ ਮਾਣਿਆ ਜਾ ਸਕਦਾ ਹੈ ਜੇ ਉਸ ਦੀ ਧੁਨੀ ਵਿਚ ਗਾਇਆ ਜਾਵੇ। ਲੋਕ ਗੀਤਾਂ ਦੀਆਂ ਧੁਨਾਂ ਦੇ ਮਹੱਤਵ ਉਤੇ ਜ਼ੋਰ ਦੇਂਦਿਆ ਪ੍ਰਸਿੱਧ ਲੋਕਧਾਰਾ ਵਿਗਿਆਨੀ ਸੀਸਲ ਜੇ ਸ਼ਾਰਪ ਲਿਖਦੇ ਹਨ।[29] ''ਮੇਰਾ ਆਪਣਾ ਅਨੁਮਾਨ ਤਾਂ ਇਹ ਹੈ ਕਿ ਗੀਤਾਂ ਦੀਆਂ ਧੁਨਾਂ ਸ਼ਬਦਾਂ ਨਾਲੋਂ ਅਧਿਕ ਮੁੱਲ ਰੱਖਦੀਆਂ ਹਨ।'' ਰਵਿੰਦਰ ਨਾਥ ਟੈਗੋਰ ਸ਼ਬਦਾਂ ਨੂੰ ਵਧੇਰੇ ਮਹੱਤਾ ਦੇਂਦਾ ਹੈ। ਮੂਲ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਧੁਨਾਂ ਅਤੇ ਸ਼ਬਦਾਂ ਦੇ ਸੁਮੇਲ ਰਾਹੀਂ ਹੀ ਕਿਸੇ ਲੋਕ ਗੀਤ ਦੀ ਮਹਾਨਤਾ ਹੈ।

(iv) ਲੋਕ ਸ਼ੈਲੀ

ਪੰਜਾਬੀ ਲੋਕ ਗੀਤ ਜਿਨ੍ਹਾਂ ਲੋਕ ਧਾਰਨਾ ਅਤੇ ਤਰਜ਼ਾਂ ਤੇ ਗਾਏ ਜਾਂਦੇ ਹਨ ਉਹ ਸ਼ੁੱਧ ਰੂਪ ਵਿਚ ਲੋਕ ਸ਼ੈਲੀ ਦੀਆਂ ਹਨ। ਉਨ੍ਹਾਂ ਵਿਚ ਪੇਂਡੂ ਲੋਕਾਂ ਦੇ ਦਿਲਾਂ ਦੀਆਂ ਧੜਕਣਾਂ ਸੁਣਾਈ ਦੇਂਦੀਆ ਹਨ। ਉਨ੍ਹਾਂ ਦੇ ਜੀਵਨ ਦੀ ਲੈਅ ਨਾਲ ਇਕ ਸੁਰ ਹਨ ਤੇ ਪੰਜਾਬੀਆਂ ਦੇ ਲਹੂ ਮਾਸ ਵਿਚ ਰਚੀਆਂ ਹੋਈਆਂ ਹਨ।[30] ਇਨ੍ਹਾਂ ਧਾਰਨਾਵਾਂ ਦੀ ਆਪਣੀ ਨਵੇਕਲੀ ਮਹੱਤਾ ਹੈ।

(v) ਲੋਕ ਸੰਗੀਤ ਦਾ ਸੋਮਾ

ਪੰਜਾਬੀ ਲੋਕ ਸੰਗੀਤ ਪੰਜਾਬੀਆਂ ਦੇ ਜੀਵਨ ਵਿਚੋਂ ਉਗਮਦਾ ਹੈ। ਜੋ ਲੈਅ, ਤਾਲ ਤੇ ਤਰਜ਼ਾਂ ਮਿਲਦੀਆਂ ਹਨ ਇਹ ਸਹਿਜ ਸੁਭਾ ਉਨ੍ਹਾਂ ਦੇ ਕਿੱਤਿਆਂ ਵਿਚੋਂ ਨਿਕਲਦੀਆਂ ਹਨ। ਚਰਖੇ ਦੀ ਘੂਕਰ, ਹਲਟ ਦੀ ਰੀ ਰੀ, ਟੀ ਟੀ, ਘੋੜੇ ਦੀ ਦੜੁਕ ਆਦਿ ਇਨ੍ਹਾਂ ਸੰਗੀਤ ਲੈਆਂ ਦਾ ਸੋਮਾ ਹੈ।

(vi) ਲੱਚਕਤਾ

ਪੰਜਾਬੀ ਲੋਕ ਸੰਗੀਤ ਵਿਚ ਲੋਹੜੇ ਦੀ ਲਚਕਤਾ ਹੈ। ਹਰ ਗਾਉਣ ਵਾਲਾ ਵਿਅਕਤੀ ਉਸ ਨੂੰ ਪ੍ਰਤਿਭਾ ਮੁਤਾਬਕ ਢਾਲ ਕੇ ਗਾ ਸਕਦਾ ਹੈ। ਇਸ ਲੋਕ ਸੰਗੀਤ ਵਿਚ ਸਥਾਨਕ ਰੰਗ ਵੀ ਹੈ। ਪੱਛਮੀ ਪੰਜਾਬ ਦਾ ਲੋਕ ਸੰਗੀਤ ਪੂਰਬੀ ਪੰਜਾਬ ਨਾਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਿੰਨ ਹੈ। ਪੱਛਮੀ ਪੰਜਾਬ ਵਿਚ ਡੋਗਰੀ ਤੇ ਮਾਹੀਆ ਵਧੇਰੇ ਪ੍ਰਚਿੱਲਤ ਹਨ ਅਤੇ ਪੂਰਬੀ ਪੰਜਾਬ ਵਿਚ ਬੋਲੀਆਂ । ਇਹ ਵੱਖਰੀਆਂ ਵੱਖਰੀਆਂ ਧੁਨਾਂ ਨਾਲ ਗਾਉਂਦੇ ਹਨ।

ਪੰਜਾਬ ਵਿਚ ਰਾਗਾਂ ਦੀਆਂ ਕਈ ਕਿਸਮਾਂ ਪ੍ਰਚਲਿਤ ਹਨ। ਪੰਜਾਬੀ ਲੋਕ ਸੰਗੀਤ ਦੇਸੀ ਸੰਗੀਤ ਦੇ, ਰਾਗ ਅਤੇ ਰਾਗਣੀਆਂ ਰਾਹੀਂ ਗਾਇਆ ਜਾਂਦਾ ਹੈ। 'ਸਿੰਧੜਾ', 'ਮਾਂਡ' ਦੇਸੀ ਰਾਗਣੀਆਂ ਹਨ ਤੇ ਇਸ ਵਿਚ ਜ਼ਿਆਦਾ ਤਰ ਪਰਿਵਾਰਕ ਗੀਤ, ਘੋੜੀਆਂ, ਹੋਲੜ, ਮਹਿੰਦੀ ਤੇ ਬਾਬਲ ਗਾਏ ਜਾਂਦੇ ਹਨ। ਮਾਹੀਆਂ 'ਸ਼ੁਧ ਭੈਰਵੀ' ਵਿਚ ਗਾਇਆ ਜਾਂਦਾ ਹੈ। ਗਿੱਧਾ 'ਤਿਲੰਗ' ਵਿਚ ਗਾਇਆ ਜਾਂਦਾ ਹੈ।[31]

ਪੰਜਾਬੀ ਲੋਕ ਕਾਵਿ ਵੱਖਰੀਆਂ ਵੱਖਰੀਆਂ ਵੰਨਗੀਆਂ ਵਿਚ ਉਪਲੱਭਧ ਹੈ। ਪੰਜਾਬੀ ਲੋਕ ਸੰਗੀਤ ਦੀ ਧਾਰਨਾ ਅਨੁਸਾਰ ਇਨ੍ਹਾਂ ਨੂੰ ਵੱਖਰੀਆਂ ਧੁਨੀਆਂ ਨਾਲ ਗਾਇਆ ਜਾਂਦਾ ਹੈ। ਇਥੇ ਪੰਜਾਬੀ ਕਾਵਿ ਦੇ ਉਨ੍ਹਾਂ ਰੂਪਾਂ ਅਤੇ ਸੰਬੰਧਿਤ ਧੁਨੀਆਂ ਦਾ ਵਰਣਨ ਕਰਦੇ ਹਾਂ।

1. ਕਿੱਸਾ

ਹਰ ਕਿੱਸੇ ਦੇ ਸੰਗੀਤ ਦੀ ਨਵੇਕਲੀ ਸ਼ੈਲੀ ਹੈ।

ਕਿੱਸਿਆਂ ਵਿਚ ਵੱਖ ਵੱਖ ਲੋਕ ਗਾਥਾਵਾਂ ਦਾ ਵਰਣਨ ਹੈ। ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਪੂਰਨ ਭਗਤ, ਰਾਜਾ ਰਸਾਲੂ, ਜੀਊਣਾ ਮੌੜ, ਜੱਗਾ ਡਾਕੂ, ਸੁੱਚਾ ਸਿੰਘ ਸੂਰਮਾ ਆਦਿ। ਇਹ ਗਾਥਾਵਾਂ ਪੰਜਾਬੀ ਦੇ ਲਹੂ ਵਿਚ ਰੱਚੀਆਂ ਹੋਈਆਂ ਹਨ। ਜਦ ਲੋਕ ਨਾਇਕ ਲੋਕ ਧਾਰਨਾਂ ਵਿਚ ਇਨ੍ਹਾਂ ਨੂੰ ਗਾਉਂਦਾ ਹੈ ਤਾਂ ਲੋਕ ਇਸ ਵਿਚੋਂ ਅਲਾਹੀ ਖੁਸ਼ੀ ਪ੍ਰਾਪਤ ਕਰਦੇ ਅਤੇ ਆਨੰਦ ਮਾਣਦੇ ਹਨ।

ਮਿਰਜ਼ਾ ਸਾਹਿਬਾਂ ਦਾ ਕਿੱਸਾ ਸੱਦਾਂ ਵਿਚ ਲੰਮੀ ਸੋਗੀ ਹੇਕ ਵਿਚ ਗਾਇਆ ਜਾਂਦਾ ਹੈ। ਇਹ ਕਿੱਸਾ ਆਮ ਤੌਰ ਉਤੇ 'ਸਾਰੰਗ' ਵਿਚ 'ਕਹਿਰਵਾਂ' ਤਾਲ ਵਿਚ ਗਾਇਆ ਜਾਂਦਾ ਹੈ, ਪਰ ਕਈ ਇਸ ਨੂੰ 'ਤਿਲੰਗ' ਵਿਚ 'ਆਠ-ਚੌਤਾਲ' ਵਿਚ ਗਾਉਂਦੇ ਹਨ। ਹੀਰ ਰਾਂਝੇ ਦਾ ਕਿੱਸਾ ਆਮ ਤੌਰ ਤੇ 'ਸਿੰਧੂ ਭੈਰਵੀ' ਵਿਚ, ਸੋਹਣੀ ਮਹੀਂਵਾਲ ਦਾ 'ਪਹਾੜੀ' ਵਿਚ ਅਤੇ ਯੂਸਫ਼ ਜ਼ੁਲੈਖਾਂ ਦਾ 'ਭੈਰਵੀ' ਵਿਚ 'ਕਹਿਰਵਾਂ' ਤਾਲ ਵਿਚ ਗਾਉਂਦੇ ਹਨ। ਪੂਰਨ ਭਗਤ ਦਾ ਕਿੱਸਾ 'ਆਸਾਵਰੀ' 'ਮਾਂਡ' ਦੇ 'ਸਮਿਲਤ ਤਾਲਾਂ' ਵਿਚ ਗਾਇਆ ਜਾਂਦਾ ਹੈ।[32]

2. ਮਾਹੀਆ

ਮਾਹੀਆ ਵਧੇਰੇ ਕਰਕੇ ਦੇਸੀ ਤੇ ਸਥਾਨਕ ਰਾਗਨੀਆਂ ਵਿਚ ਗਾਇਆ ਜਾਂਦਾ ਹੈ। ਜਿਵੇਂ 'ਪਹਾੜੀਆਂ', 'ਸਿੰਧੀ', 'ਭੈਰਵੀ' ਅਤੇ 'ਸਿੰਧੜਾ' ਆਦਿ। ਮਾਹੀਏ ਦੀ ਇਕ ਬੜੀ ਪ੍ਰਸਿਧ ਧੁਨੀ 'ਮਾਂਡ' ਵਿਚ ਗਾਈ ਜਾਂਦੀ ਹੈ। 'ਮਾਂਡ' ਬੜੀ ਕਰੁਣਾਮਈ ਰਾਗਣੀ ਹੈ ਤੇ ਇਸ ਵਿਚ ਗਾਏ ਮਾਹੀਏ ਦੇ ਟੱਪੇ ਦਿਲ ਨੂੰ ਬੜਾ ਟੁੰਬਦੇ ਹਨ।[33]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਢੋਲਾ

'ਮਾਹੀਏ' ਵਾਂਗ 'ਢੋਲੇ' ਵਿਚ ਵੀ ਦਿਲ ਦੇ ਮਨੋਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਢੋਲਾ ਕਈ ਸ਼ੈਲੀਆਂ ਵਿਚ ਪ੍ਰਚਲਿਤ ਹੈ। ਪੋਠੋਹਾਰੀ ਢੋਲਾ ਆਮ ਤੌਰ ਉਤੇ 'ਪਹਾੜੀ' ਵਿਚ 'ਕਹਿਰਾਵਾਂ' ਤਾਲ ਵਿਚ ਗਾਇਆ ਜਾਂਦਾ ਹੈ। ਸਾਂਦਲ ਬਾਰ ਵਿਚ ਪ੍ਰਚਲਿਤ ਢੋਲਾ 'ਭੈਰਵੀ' ਤਾਲ ਵਿਚ ਗਾਇਆ ਜਾਂਦਾ ਹੈ। ਇਹ ਲੋਕ ਕਵੀਆਂ ਦੁਆਰਾ ਗਾਏ ਜਾਂਦੇ ਹਨ। ਅਜੋਕੇ ਪੰਜਾਬ ਵਿਚ ਵੀ ਪੱਛਮੀ ਪੰਜਾਬ ਦੀ ਰੀਸੇ ਢੋਲਾ ਕਾਫੀ ਪ੍ਰਚਲਿਤ ਹੋ ਗਿਆ ਹੈ। ਪਰ ਇਸ ਵਿਚ ਉਹ ਰਸ ਲੈਅ ਤੇ ਤਾਲ ਨਹੀਂ ਜੋ ਪਾਕਿਸਤਾਨੀ ਗਾਇਕਾਂ ਵਿਚ ਹੈ।

4. ਬੋਲੀਆਂ

'ਬੋਲੀਆਂ' ਦਾ ਆਪਣਾ ਨਵੇਕਲਾ ਰੂਪ-ਰੰਗ ਤੇ ਰਸ ਹੈ। ਬੋਲੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ ਛੋਟੀਆਂ ਤੇ ਲੰਮੀਆਂ। ਗਿੱਧੇ ਦੀਆਂ ਬੋਲੀਆਂ 'ਤਿਲੰਗ' ਵਿਚ ਗਾਈਆਂ ਜਾਂਦੀਆਂ ਹਨ।

5. ਲੋਰੀਆਂ

ਲੋਰੀ ਦੀ ਲੈਅ ਵਿਚ ਇਕ ਅਨੂਠੀ ਮਸਤੀ ਹੈ, ਜੋ ਬੱਚੇ ਨੂੰ ਸੁਪਨਿਆਂ ਦੀ ਦੁਨੀਆਂ ਵਿਚ ਲੈ ਜਾਂਦੀ ਹੈ। ਰੋਂਦਾ ਕੁਰਲਾਉਂਦਾ ਬੱਚਾ ਉਸ ਲੈਅ ਤੇ ਤਾਲ ਵਿਚ ਮੁਗਧ ਹੋ ਜਾਂਦਾ ਹੈ। ਲੋਰੀਆਂ ਆਮ ਤੌਰ ਉਤੇ 'ਤਿਲੰਗ' ਤੇ 'ਭੈਰਵੀ' ਰਾਗਣੀਆਂ ਵਿਚ ਗਾਈਆਂ ਜਾਂਦੀਆਂ ਹਨ।

6. ਅਲਾਹੁਣੀਆਂ

ਮੌਤ ਸਮੇਂ ਅਲਾਹੁਣੀਆਂ ਤੇ ਵੈਣ ਪਾਏ ਜਾਂਦੇ ਹਨ। ਇਨ੍ਹਾਂ ਦੀ ਆਪਣੀ ਧਾਰਣਾ ਹੈ। ਵੈਣ 'ਭੈਰਵੀ' ਰਾਗਣੀ ਵਿਚ ਪਾਏ ਜਾਂਦੇ ਹਨ, ਵਿਚ 'ਹੂ ਕੂ', 'ਮੈਂ ਪਟੀ ਗਈਟ', 'ਮੈਂ ਮਰ ਗਈ' ਆਦਿ ਦੇ ਕੀਰਨੇ ਪਾਏ ਜਾਂਦੇ ਹਨ।

'ਕਿੱਕਲੀ' ਤੇ 'ਥਾਲ' 'ਲੋਹੜੀ ਦੇ ਗੀਤ' 'ਤੀਆਂ ਦੇ ਗੀਤ' ਆਪਣੀਆਂ ਵੱਖਰੀਆਂ ਧਾਰਨਾ ਵਿਚ ਗਾਏ ਜਾਂਦੇ ਹਨ। 'ਵਾਰਾਂ' ਵਿਚ ਬੀਰ-ਰਸੀ ਘੁਫਰ ਹੋਣ ਕਰਕੇ ਇਹ ਹੋਰ ਧਾਰਣਾ ਵਿਚ ਗਾਈਆਂ ਜਾਂਦੀਆਂ ਹਨ। 'ਛਾਈ' ਤੇ 'ਜਿੰਦੂਏ' ਦੀ ਧਾਰਣਾ ਇਕ ਦੂਜੇ ਨਾਲੋਂ ਵੱਖਰੀ ਹੈ।[34]

ਸਮੁੱਚੇ ਪੰਜਾਬੀ ਲੋਕ ਕਾਵਿ ਨੂੰ ਗਾਉਣ ਲਈ ਆਪਣੀਆਂ ਵੱਖਰੀਆਂ ਧਾਰਨਾਵਾਂ ਅਤੇ ਰਾਗ ਹਨ। ਪਰ ਅਜੋਕੇ ਵਿਗਿਆਨਕ ਯੁੱਗ ਵਿਚ ਲੋਕ ਸੰਗੀਤ ਦੀਆਂ ਇਨ੍ਹਾਂ ਧਾਰਣਾਂ ਵਿਚ ਮਿਲਾਵਟ ਹੋਣੀ ਸ਼ੁਰੂ ਹੋ ਗਈ ਹੈ। ਇਸ ਵਿਚ ਫਿਲਮੀ ਦੁਨੀਆਂ ਦਾ ਵੱਡਾ ਹੱਥ ਹੈ ਜੋ ਸੰਗੀਤ ਦੀਆਂ ਲੋਕ ਧੁਨੀਆਂ ਨੂੰ ਵਿਗਾੜ ਰਹੀ ਹੈ। ਅਜੋਕ ਸਮੇਂ ਦੀ ਇਹ ਲੋੜ ਹੈ ਕਿ ਅਸੀਂ ਇਸ ਅਮੀਰ ਵਿਰਸੇ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ। ਲੋਪ ਹੋ ਰਹੀਆਂ ਲੋਕ ਸੰਗੀਤ ਦੀਆਂ ਧੁਨਾਂ ਨੂੰ ਟੇਪ ਰਿਕਾਰਡ ਕਰਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਭਾਲਣਾ ਚਾਹੀਦਾ ਹੈ ਜਾਂ ਸਾਡੀ ਕਿਤੇ ਇਸ ਅਮੀਰ ਵਿਰਸੇ ਤੋਂ ਢਾਂਝੇ ਨਾ ਰਹਿ ਜਾਈਏ। ਲੋਕ ਸੰਗੀਤ ਦੀ ਆਪਣੀ ਨਵੇਕਲੀ ਤੇ ਵਿਲੱਖਣ ਸ਼ੈਲੀ ਹੈ ਸਰੋਤਿਆਂ ਨੂੰ ਅਨੂਪਮ ਆਨੰਦ ਦੇਂਦੀ ਹੈ।

ਲੋਕ ਸਾਜ਼

ਪੰਜਾਬੀ ਲੋਕ ਧੁਨੀਆਂ ਦੀ ਨਵੇਕਲੀ ਵਿਲੱਖਣਤਾ ਕਰਕੇ ਇਨ੍ਹਾਂ ਨੂੰ ਗਾਉਣ ਵਾਸਤੇ ਸਾਜ਼ਾਂ ਦੀ ਲੋੜ ਨਹੀਂ ਹੈ। ਇਹ ਬਿਨਾਂ ਸਾਜ਼ਾਂ ਤੋਂ ਵੀ ਗਾਈਆਂ ਜਾ ਸਕਦੀਆਂ ਹਨ। ਲੋਕ ਸੰਗੀਤ ਸਾਜ਼ ਕੇਵਲ ਧਾਰਮਿਕ, ਸਮਾਜਕ ਇੱਕਠਾਂ ਵਿਚ ਹੀ ਵਰਤੇ ਜਾਂਦੇ ਹਨ. ਲੋਕ ਗਾਇਕਾਂ ਵਲੋਂ ਹੇਠ ਲਿਖੇ ਕੁਝ ਸਾਜ਼ ਵਰਤੇ ਜਾਂਦੇ ਹਨ :

i. ਢੋਲਕੀ

ਢੋਲਕੀ ਪੰਜਾਬੀ ਮੁਟਿਆਰਾਂ ਦਾ ਸਭ ਤੋਂ ਹਰਮਨ ਪਿਆਰਾ ਸਾਜ਼ ਹੈ। ਵਿਆਹ ਸਮੇਂ ਗੀਤ ਢੋਲਕੀ ਨਾਲ ਗਾਏ ਜਾਂਦੇ ਹਨ। ਢੋਲਕੀ ਦਾ ਤਾਲ ਉਨ੍ਹਾਂ ਦੇ ਜੀਵਨ ਪ੍ਰਵਾਹ ਵਿਚ ਧੁਨੀ ਵਾਂਗ ਰਚ ਮਿਚ ਗਿਆ ਹੈ। ਪੰਜਾਬੀ ਢੋਲਕੀ ਦੇ ਤਾਲ ਵਿਚ ਜੰਮਦੇ ਤੇ ਜਵਾਨ ਹੁੰਦੇ ਹਨ। ਹਰ ਖੁਸ਼ੀ ਦੇ ਮੌਕੇ ਤੇ ਪਹਿਲਾਂ ਢੋਲਕੀ ਵੱਜਦੀ ਹੈ।

ii. ਘੜਾ

ਘੜਾ ਵੀ ਲੋਕ ਸਾਜ਼ ਵਜੋਂ ਵਰਤਿਆ ਜਾਂਦਾ ਹੈ। ਇਸ ਦਾ ਆਪਣਾ ਨਿਵੇਕਲਾ ਹੀ ਤਾਲ ਤੇ ਰਸ ਹੈ। ਘੜੇ ਉਪਰ ਰੋੜਾ ਮਾਰ ਕੇ ਤਾਲ ਕੱਢਿਆ ਜਾਂਦਾ ਹੈ। ਇਸ ਵਿਚੋਂ ਐਸਾ ਰਸ ਭਿੰਨਾ ਤਾਲ ਨਿਕਲਦਾ ਹੈ ਕਿ ਸਰੋਤੇ ਕੀਲੇ ਜਾਂਦੇ ਹਨ। ਇਸ ਨੂੰ ਵੀ ਢੋਲਕੀ ਵਾਂਗ ਹਰ ਖੁਸ਼ੀ ਦੇ ਮੌਕੇ ਤੇ ਵਜਾਇਆ ਜਾਂਦਾ ਹੈ। ਇਹ ਪੰਜਾਬੀ ਮੁਟਿਆਰਾਂ ਦਾ ਆਪ ਘੜਿਆ ਸਾਜ਼ ਹੈ।

iii. ਇਕਤਾਰਾ

ਪੰਜਾਬੀ ਲੋਕ ਗਾਇਕਾਂ ਦਾ ਇਹ ਬੜਾ ਹਰਮਨ ਪਿਆਰਾ ਸਾਜ਼ ਹੈ।ਇਹ ਪੰਜਾਬੀ ਮੁਟਿਆਰਾਂ ਵਾਂਗ ਪੰਜਾਬੀ ਜੁਆਨਾਂ ਨੇ ਆਪ ਹੀ ਬਣਾਇਆ ਹੈ। ਇਸ ਸਿੱਧੇ ਡੰਡੇ ਤੇ ਕੱਦੂ ਮੜ੍ਹ ਕੇ ਤੇ ਉਪਰ ਦੀ ਤਾਰ ਲੰਘਾ ਕੇ ਦੋਹਾਂ ਸਿਰਿਆਂ ਨਾਲ ਕੱਸ ਦਿੱਤੀ ਜਾਂਦੀ ਹੈ। ਇਸ ਨੂੰ ਉਂਗਲੀ ਦੀ ਠੋਕਰ ਨਾਲ ਵਜਾਇਆ ਜਾਂਦਾ ਹੈ। ਇਸ ਵਿਚੋਂ ਬੜੀ ਰਸ ਭਿੰਨੀ ਧੁਨੀ ਨਿਕਲਦੀ ਹੈ। ਲੋਕ ਗੀਤਾਂ ਵਿਚੋਂ ਇਕਤਾਰੇ ਦੀ ਧੁਨੀ ਇਉਂ ਨਿਕਲਦੀ ਹੈ :

ਇਕ ਤਾਰਾ ਵਜਦਾ ਵੇ ਰਾਂਝਣਾ
ਨੂਰ ਮਹਲ ਦੀ ਮੋਰੀ
ਉਹ ਐਸਾ ਵਜਦਾ ਵੇ
ਜਿਉਂ ਹੰਸਾਂ ਦੀ ਜੋੜੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜੋਕੇ ਸਮੇਂ ਵਿਚ ਬਾਜ਼ਾਰੀ ਪੱਧਰ ਦੇ ਜਾਂ ਅਖੱਤੀ ਲੋਕ ਗਾਇਕਾਂ ਨੇ ਇਸ ਦਾ ਰੂਪ ਬਦਲ ਦਿੱਤਾ ਹੈ। ਇਸ ਨੂੰ ਛੋਟੇ ਆਕਾਰ ਦਾ ਬਣਾ ਦਿੱਤਾ ਹੈ। ਹੁਣ 'ਤੂੰਬੀ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ।

iv. ਅਲਗੋਜ਼ਾ

ਇਹ ਮੂੰਹ ਨਾਲ ਵਜਾਇਆ ਜਾਂਦਾ ਹੈ। ਇਸ ਵਿਚੋਂ ਬੰਸਰੀ ਤੋਂ ਕੁਝ ਭਿੰਨ ਆਵਾਜ਼ਾਂ ਨਿਕਲਦੀਆਂ ਹਨ। ਦੋਹਾਂ ਅਲਗੋਜ਼ਿਆਂ ਨੂੰ ਮੂੰਹ ਵਿਚ ਪਾ ਕੇ ਵਜਾਇਆ ਜਾਂਦਾ ਹੈ। ਇਹ ਆਮ ਤੌਰ ਤੇ ਜਦੋਂ ਇਕਤਾਰੇ ਨਾਲ ਕੋਈ ਪੂਰਨ ਭਗਤ ਜਾਂ ਕੋਈ ਗੀਤ ਗਾ ਰਿਹਾ ਹੁੰਦਾ ਹੈ ਤਾਂ ਇਹ ਇਕਤਾਰੇ ਵਾਲੇ ਦਾ ਦੂਜਾ ਸਾਥੀ ਵਜਾਉਂਦਾ ਹੈ।

v. ਵੰਝਲੀ

ਇਹ ਸਾਜ਼ ਰਾਂਝੇ ਦੀ ਵੰਝਲੀ ਕਰਕੇ ਜਾਣਿਆ ਜਾਂਦਾ ਹੈ। ਉਹ ਵੰਝਲੀ ਜਿਸ ਦੀ ਆਵਾਜ਼ ਸੁਣ ਕੇ ਹੀਰ, ਮਲਾਹ ਅਤੇ ਬੇਲੇ ਦੇ ਜੀਵ ਜੰਤੂ ਮੁਗਧ ਹੋ ਜਾਂਦੇ ਹਨ। ਵੰਝਲੀ ਦਾ ਸਾਜ਼ ਵੀ ਪੰਜਾਬੀਆਂ ਦਾ ਆਪ ਘੜਿਆ ਸਾਜ਼ ਹੈ। ਇਕ ਛੋਟੀ ਬਾਂਸ ਦੀ ਸੋਟੀ ਵਿਚ ਛੇਕ ਕੱਢ ਕੇ ਬਣਾ ਲਿਆ ਜਾਂਦਾ ਹੈ। ਵੰਝਲੀ ਵਿਚ ਜਦੋਂ ਇਕ ਸਿਰੇ ਫੂਕ ਮਾਰੀ ਜਾਂਦੀ ਹੈ ਅਤੇ ਸਿਰਿਆਂ ਵਾਲੀਆਂ ਗਲੀਆਂ ਤੇ ਉਂਗਲਾਂ ਰੱਖ ਕੇ ਧੁੰਨ ਕੱਢੀ ਜਾਂਦੀ ਹੈ ਤਾਂ ਇਕ ਤਰ੍ਹਾਂ ਦੀ ਬੜੀ ਮਿੱਠੀ ਤੇ ਰਸ ਭਿੰਨੀ ਆਵਾਜ਼ ਨਿਕਲਦੀ ਹੈ।

vi. ਢੱਡ ਤੇ ਸਾਰੰਗੀ

ਇਹ ਪੰਜਾਬੀਆਂ ਦੇ ਦੋ ਹਰਮਨ ਪਿਆਰੇ ਸਾਜ਼ ਹਨ। ਭਾਵੇਂ ਇਹ ਵੱਖਰੇ ਵੱਖਰੇ ਸਾਜ਼ ਹਨ। ਪਰ ਇਨ੍ਹਾਂ ਦੀ ਵਰਤੋਂ ਇਕੱਠੀ ਕੀਤੀ ਜਾਂਦੀ ਹੈ। ਇਕ ਸਾਥੀ ਸਾਰੰਗੀ ਵਜਾਉਂਦਾ ਹੈ ਅਤੇ ਦੂਜੇ ਸਾਥੀ ਢੱਡਾਂ ਦੀ ਵਰਤੋਂ ਕਰਦੇ ਹਨ। ਇਨ੍ਹਾਂ ਦੀ ਵਰਤੋਂ ਸਾਕੇ ਅਤੇ ਬੀਰ ਰਸੀ ਵਾਰਾਂ ਗਾਉਣ ਸਮੇਂ ਕੀਤੀ ਜਾਂਦੀ ਹੈ।

vii. ਰਬਾਬ

ਰਬਾਬ ਵੀ ਇਕ ਅਜੇਹਾ ਲੋਕ ਸਾਜ਼ ਹੈ, ਜਿਸ ਦੀ ਵਰਤੋਂ ਧਾਰਮਿਕ ਇਕੱਠਾਂ ਵਿਚ ਕੀਰਤਨ ਗਾਉਣ ਲਈ ਕੀਤੀ ਜਾਂਦੀ ਹੈ। ਰਬਾਬੀ ਇਸ ਦੀ ਵਰਤੋਂ ਕਰਦੇ ਹਨ। ਭਾਈ ਮਰਦਾਨਾ ਜੋ ਗੁਰੂ ਨਾਨਕ ਦੇਵ ਜੀ ਦਾ ਇਕ ਸਾਥੀ ਸੀ, ਉਹ ਇਸ ਸਾਜ਼ ਨੂੰ ਵਜਾਉਣ ਵਿਚ ਬੜਾ ਨਿਪੁੰਨ ਸੀ।

viii. ਡਫਲੀ

ਡਫਲੀ ਵੀ ਇਕ ਲੋਕ ਸਾਜ਼ ਹੈ ਜੋ ਲੋਕ ਧੁਨਾਂ ਗਾਉਣ ਸਮੇਂ ਵਰਤਿਆ ਜਾਂਦਾ ਹੈ। ਅਜੋਕੇ ਗਾਇਕ ਵੀ ਇਸ ਦੀ ਵਧੇਰੇ ਵਰਤੋਂ ਕਰਨ ਲੱਗ ਪਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ix. ਕਾਟੋ
ਕਾਟੋ ਪੰਜਾਬੀ ਗਭਰੂ ਭੰਗੜੇ ਸਮੇਂ ਵਜਾਉਂਦੇ ਹਨ।

ਇਨ੍ਹਾਂ ਲੋਕ ਸਾਜ਼ਾਂ ਤੋਂ ਬਿਨਾਂ ਟੱਲੀਆਂ, ਝਾਂਜਰਾਂ, ਛੈਣੇ, ਖੜਤਾਲਾਂ , ਚਿਮਟਾ ਆਦਿ ਵੀ ਲੋਕ ਗਾਇਕ ਵਜਾਉਂਦੇ ਹਨ।

ਉਪਰੋਕਤ ਲੋਕਾਂ ਸਾਜ਼ਾਂ ਦੀ ਆਪਣੀ ਵਿਲੱਖਣਤਾ ਹੈ। ਜਿਵੇਂ ਪੰਜਾਬੀਆਂ ਨੇ ਲੋਕ ਸੰਗੀਤ ਦੀਆਂ ਧੁਨਾਂ ਆਪ ਸਿਰਜੀਆਂ ਹਨ ਉਵੇਂ ਲੋਕ ਸਾਜ਼ ਵੀ। ਪੰਜਾਬੀ ਜਿਵੇਂ ਆਪ ਸਿੱਧ ਪੱਧਰੇ ਹਨ। ਉਸੇ ਤਰ੍ਹਾਂ ਇਨ੍ਹਾਂ ਦੇ ਸਾਜ਼ ਤੇ ਸੰਗੀਤ। ਅਜੋਕੇ ਸਮੇਂ ਵਿਚ ਲੋਕ ਸਾਜ਼ਾਂ ਦੀ ਥਾਂ ਪੱਛਮੀ ਸੰਗੀਤ ਸਾਜ਼ਾਂ ਦੀ ਵਰਤੋਂ ਕਾਫੀ ਵਧ ਰਹੀ ਹੈ। ਪਰ ਲੋਕ ਮਾਨਸ ਵਿਚ ਲੋਕ ਸਾਜ਼ਾਂ ਦੀ ਅਜੇ ਵੀ ਧਾਂਕ ਜੰਮੀ ਹੋਈ ਹੈ।

(ਸ) ਲੋਕ ਗਹਿਣੇ

ਵਿਅਕਤੀ ਦਾ ਆਪਣੇ ਆਪ ਨੂੰ ਸ਼ਿੰਗਾਰਨ ਦਾ ਸ਼ੌਕ ਬਹੁਤ ਪ੍ਰਾਚੀਨ ਹੈ। ਪੁਰਾਤਨ ਚਿੱਤਰਾਂ ਅਤੇ ਮੂਰਤੀਆਂ ਤੋਂ ਇਹ ਗੱਲ ਭਲੀ-ਭਾਂਤ ਸਿੱਧ ਹੁੰਦੀ ਹੈ। ਹਰ ਵਿਅਕਤੀ ਦੀ ਇਹ ਦਿਲੀ ਇੱਛਾ ਹੁੰਦੀ ਹੈ ਕਿ ਦੂਜਿਆਂ ਨੂੰ ਸੁਹਣਾ ਲੱਗੇ ਅਤੇ ਦੂਜਿਆਂ ਨਾਲੋਂ ਆਪਣੇ ਆਪ ਨੂੰ ਵੱਧ ਸ਼ਿੰਗਾਰੇ। ਗਹਿਣੇ ਹਾਰ ਸ਼ਿੰਗਾਰ ਦਾ ਮੁੱਖ ਸਾਧਨ ਹਨ। ਆਦਮੀਆਂ ਨਾਲੋਂ ਤ੍ਰੀਮਤਾਂ ਵਿਚ ਗਹਿਣੇ ਪਹਿਨਣ ਦਾ ਵਧੇਰੇ ਸ਼ੌਕ ਤੇ ਚਾਅ ਹੁੰਦਾ ਹੈ। ਸੋ ਗਹਿਣੇ ਇਸਤਰੀਆਂ ਦੇ ਹਾਰ ਸ਼ਿੰਗਾਰ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ।

ਗਹਿਣੇ ਨਿਰੇ ਸਰੀਰ ਦੀ ਸੁੰਦਰਤਾ ਨੂੰ ਹੀ ਵਧੇਰੇ ਨਹੀਂ ਵਧਾਉਂਦੇ ਸਗੋਂ ਇਨ੍ਹਾਂ ਦਾ ਕਿਸੇ ਪਾਸ ਹੋਣਾ ਉਸ ਦੀ ਆਰਥਿਕ ਖੁਸ਼ਹਾਲੀ ਦਾ ਵੀ ਚਿੰਨ੍ਹ ਹੈ। ਗਹਿਣੇ ਕਿਉਂਕਿ ਵਧੇਰੇ ਸੋਨੇ ਦੇ ਹੀ ਹੁੰਦੇ ਹਨ। ਇਸ ਕਾਰਨ ਆਰਥਿਕ ਸੰਕਟ ਦੀ ਘੜੀ ਇਨ੍ਹਾਂ ਨੂੰ ਵੇਚ ਕੇ ਆਪਣੀ ਗਰਜ਼ ਪੂਰੀ ਕੀਤੀ ਜਾਂਦੀ ਹੈ। ਗਹਿਣਿਆਂ ਦੀ ਸਾਡੇ ਲੋਕ ਜੀਵਨ ਵਿਚ ਏਨੀ ਮਹੱਤਾ ਹੈ ਕਿ ਇਸ ਦਾ ਪ੍ਰਮਾਣ ਸਾਨੂੰ ਲੋਕ ਗੀਤਾਂ ਵਿਚੋਂ ਪ੍ਰਤੱਖ ਮਿਲਦਾ ਹੈ। ਹਰ ਗਹਿਣੇ ਸੰਬੰਧੀ ਲੋਕ ਗੀਤ ਮਿਲਦਾ ਹੈ। ਸਾਰੇ ਪੰਜਾਬੀ ਇਸਤ੍ਰੀ ਮਰਦ ਆਪਣੀ ਸਮਰੱਥਾ ਮੁਤਾਬਕ ਗਹਿਣੇ ਪਾਉਂਦੇ ਹਨ। ਪੰਜਾਬੀ ਅਨੇਕਾਂ ਪ੍ਰਕਾਰ ਦੇ ਗਹਿਣੇ ਪਹਿਨਦੇ ਹਨ। ਇਥੇ ਸਿਰ ਤੋਂ ਪੈਰਾਂ ਤੱਕ, ਸਰੀਰ ਦੇ ਵੱਖੋ ਵੱਖ ਅੰਗਾਂ ਲਈ ਵੱਖੋ ਵੱਖ ਗਹਿਣੇ ਮਿਲਦੇ ਹਨ। ਪੰਜਾਬੀ ਇਸਤਰੀਆਂ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰਦ ਜਿਨ੍ਹਾਂ ਗਹਿਣਿਆਂ ਦੀ ਵਰਤੋਂ ਆਮ ਕਰਦੇ ਹਨ ਉਨ੍ਹਾਂ ਦਾ ਵਿਵਰਣ ਇਹ ਹੈ:

I. ਸਿਰ ਦੇ ਗਹਿਣੇ

ਸੱਗੀ, ਫੁੱਲ, ਚੌਕ ਚੰਦ, ਟਿੱਕਾ, ਕਲਿੱਪ, ਝੁੰਮਰ ਸੂਈ ਤੇ ਝੁੰਮਰ, ਸ਼ਿੰਗਾਰ ਪੱਟੀ ਆਦਿ ਸਿਰ ਤੇ ਪਹਿਨੇ ਜਾਂਦੇ ਹਨ:

1. ਸੱਗੀ

ਇਹ ਮੂਧਾ ਕੁੱਪ-ਨੁਮਾ ਗਹਿਣਾ ਹੈ ਜਿਸਦੀ ਉਪਰਲੀ ਤਿੱਖੀ ਨੋਕ ਵਿਚ ਕੋਈ ਕੀਮਤੀ ਮੋਤੀ ਜਾਂ ਨਗ ਜੜਿਆ ਹੁੰਦਾ ਹੈ। ਇਹ ਬਹੁਤ ਕਰਕੇ ਰੰਗਦਾਰ ਹੁੰਦਾ ਹੈ ਅਤੇ ਪਤਲੇ ਡੋਰੀਏ ਦੁਪੱਟੇ ਵਿਚੋਂ ਲਿਸ਼ਕਾਂ ਮਾਰਦਾ ਹੈ। ਇਸ ਦੇ ਉਪਰਲੇ ਸੋਨੇ ਦੇ ਖੋਲ ਤੇ ਮੀਨਾਕਾਰੀ ਵੀ ਕੀਤੀ ਹੁੰਦੀ ਹੈ। ਅੰਦਰਲੇ ਪਾਸੇ ਚਾਂਦੀ ਦਾ ਪਰਤ ਹੁੰਦਾ ਹੈ । ਇਸ ਗਹਿਣੇ ਦੀ ਮਹਾਨਤਾ ਲੋਕ ਗੀਤਾਂ ਵਿਚ ਸਪੱਸ਼ਟ ਨਜ਼ਰੀਂ ਆਉਂਦੀ ਹੈ:

1. ਮੈਂ ਚੰਦ ਚੌਕ ਨਹੀਂ ਪਾਉਣਾ
   ਸੱਗੀ ਫੁੱਲ ਲੈ ਦੇ ਮਿਤਰਾ
2. ਚੰਦ ਚੌਕ ਜੱਟੀਆਂ ਦੇ
   ਸੱਗੀ ਫੁੱਲ ਸਰਦਾਰੀ ਗਹਿਣਾ।

2 ਫੁੱਲ

ਫੁੱਲ ਜ਼ਰਾ ਛੋਟੇ ਪਰ ਰੂਪ ਵਿਚ ਸੱਗੀ ਵਰਗੇ ਹੀ ਹੁੰਦੇ ਹਨ। ਉਹ ਸੱਗੀ ਦੇ ਪਿੱਛੇ ਸਿਰ ਦੇ ਦੋਵੇਂ ਪਾਸੇ ਗਿੱਚੀ ਦੇ ਉਪਰ ਪਹਿਨੇ ਜਾਂਦੇ ਹਨ। ਫੁੱਲ ਗਹਿਣੇ ਦੀ ਮਹਾਨਤਾ ਦਰਸਾਉਂਦਾ ਲੋਕ ਗੀਤ:

ਸੱਗੀ ਘੜਾ ਕੇ ਗਿਆ ਨੀ,
ਫੁੱਲ ਹੈ ਨੀ ਪੱਲੇ।

3. ਚੌਕ

ਚੌਕ ਦੀ ਸ਼ਕਲ ਵੀ ਸੱਗੀ ਵਰਗੀ ਹੁੰਦੀ ਹੈ ਪਰ ਇਹ ਉਪਰੋਂ ਤਿੱਖਾ ਹੋਣ ਦੀ ਥਾਂ ਬੈਠਵਾਂ ਜਿਹਾ ਹੁੰਦਾ ਹੈ। ਇਸ ਨਾਲ ਚੰਦ ਪਹਿਨੇ ਜਾਂਦੇ ਹਨ ਜੋ ਚੌੜੇ ਗੁਲਾਈਦਾਰ ਆਕਾਰ ਦੇ ਹੁੰਦੇ ਹਨ। ਇਹ ਜ਼ਜੀਰਾਂ ਦੁਆਰਾ ਚੌਕ ਨਾਲ ਜੁੜੇ ਹੁੰਦੇ ਹਨ ਅਤੇ ਸਿਰ ਦੇ ਦੋਵੇਂ ਪਾਸੇ ਲਟਕਾਏ ਜਾਂਦੇ ਹਨ। ਇਸ ਗਹਿਣੇ ਦੀ ਵਰਤੋਂ ਵਿਆਹ ਤੋਂ ਪਿਛੋਂ ਕੀਤੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4 ਟਿੱਕਾ

ਮੱਥੇ ਤੇ ਪਹਿਨਿਆ ਜਾਂਦਾ ਹੈ। ਇਹ ਸੁਹਾਗ ਦੀ ਨਿਸ਼ਾਨੀ ਹੈ।

5. ਝੁੰਮਰ, ਝੁੰਮਰ ਸੂਈ ਤੇ ਕਲਿੱਪ

ਝੁੰਮਰ ਤਿਕੋਣਾ ਗਹਿਣਾ ਹੈ ਜਿਸ ਦੀ ਹੇਠਲੀ ਫੱਟੀ ਨਾਲ ਬੋਰ ਤੇ ਮੋਤੀ ਲਟਕਦੇ ਹਨ। ਝੁੰਮਰ ਸੂਈ ਉੱਤੇ ਮੱਛਲੀ ਜਿਹੀ ਬਣੀ ਹੁੰਦੀ ਹੈ। ਕਲਿੱਪ ਅੰਡਾਕਾਰ ਜਿਹਾ ਸੋਠੇ ਦਾ ਜੜਾਊ ਗਹਿਣਾ ਹੈ। ਇਹ ਖੱਬੇ ਕੰਨ ਦੇ ਪਿੱਛੇ ਵਾਲਾਂ ਨੂੰ ਸੰਭਾਲਣ ਲਈ ਵਰਤੇ ਜਾਂਦੇ ਹਨ। ਪੰਜਾਬੀ ਲੋਕ ਗੀਤਾਂ ਵਿਚ ਕਲਿੱਪ ਦਾ ਵਰਣਨ ਹੈ:

ਸਹੁਰੇ ਕੋਲੋਂ ਘੁੰਡ ਕੱਢਦੀ,
ਨੰਗਾ ਰੱਖਦੀ ਕਲਿੱਪ ਵਾਲਾ ਪਾਸਾ।

II ਕੰਨਾਂ ਦੇ ਗਹਿਣੇ

ਸਿਰ ਤੋਂ ਪਿਛੋਂ ਗਹਿਣਿਆਂ ਦਾ ਖਾਸ ਸਥਾਨ ਕੰਨ ਹਨ। ਕਾਂਟੇ, ਬੁੰਦੇ, ਲੋਟਣ, ਪਿੱਪਲ ਪੱਤੀਆਂ, ਤੁੰਗਲ, ਸੋਨ ਚਿੜੀਆਂ, ਬੁਜਲੀਆਂ, ਟੌਪਸ ਆਦਿ ਅਨੇਕ ਗਹਿਣੇ ਕੰਨ ਦੀ ਹੇਠਲੀ ਪੇਪੜੀ ਦਾ ਸ਼ਿੰਗਾਰ ਹਨ। ਕੰਨਾਂ ਵਿਚ ਛੇਕ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਫਿਰ ਇਕ ਖਾਸ ਤਰਤੀਬ ਨਾਲ ਕੰਨਾਂ ਵਿਚ ਪਹਿਨਿਆਂ ਜਾਂਦਾ ਹੈ। ਉਪਰਲੇ ਪਾਸੇ ਦੇ ਆਖਰੀ ਛੇਕ ਵਿਚ ਜਿਹੜਾ ਕੰਨ ਦੇ ਅੰਦਰਲੇ ਪਾਸੇ ਨੂੰ ਮੁੜੇ ਹੋਏ ਭਾਗ ਵਿਚ ਹੁੰਦਾ ਹੈ, ਨਿੱਕਾ ਜਿਹਾ ਕੋਕਰੂ ਪਾਉਂਦੇ ਸਨ, ਉਸ ਤੋਂ ਅਗਲੇ ਵੱਡੇ ਛੇਕ ਵਿਚ ਸਭ ਤੋਂ ਵੱਡੀ ਡੰਡੀ ਤੇ ਉਸ ਤੋਂ ਅਗਲੇ ਵਿਚ ਛੋਟੀ । ਇਸ ਤਰ੍ਹਾਂ ਇਕ ਕੰਨ ਵਿਚ ਦਸ-ਗਿਆਰਾਂ ਡੰਡੀਆਂ ਪਹਿਨੀਆਂ ਜਾਂਦੀਆਂ ਸਨ। ਇਨ੍ਹਾਂ ਗਹਿਣਿਆਂ ਸੰਬੰਧੀ ਲੋਕ ਗੀਤਾਂ ਵਿਚ ਕਿਹਾ ਗਿਆ ਹੈ:

1. ਲੈ ਦੇ ਜੜਾਊ ਸਾਨੂੰ ਬੁੰਦੇ ਵੇ
   ਅਸੀਂ ਤੇਰੇ ਤਦ ਵਸਣਾ।
2. ਬੋਤਾ ਲਿਆਵੀਂ ਉਹ ਮਿੱਤਰਾ।
   ਜਿਹੜਾ ਡੰਡੀਆਂ ਹਿਲਣ ਨਾ ਦੇਵੇ।
3. ਤੇਰਾ ਰੂਪ ਝੱਲਿਆ ਨਾ ਜਾਵੇ।
   ਕੰਨੋਂ ਲਾਹ ਦੇ ਸੋਨ ਚਿੜੀਆਂ
4. ਲੋਟਣ ਬਣ ਮਿੱਤਰਾ ਜੇ ਗੋਰੀਆਂ ਗੱਲ੍ਹਾਂ ਦਾ ਰਸ ਲੈਣਾ।
5. ਕਾਂਟਿਆਂ ਦੇ ਵਿਚ ਤੂੰ ਜੜਾ ਦੇ ਬੈਟਰੀ, ਮੂੰਹ ਉਤੇ ਰਹੇ ਰੋਸ਼ਨੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

III ਨੱਕ ਦੇ ਗਹਿਣੇ

ਨੱਕ ਦੇ ਪ੍ਰਮੁੱਖ ਗਹਿਣੇ ਹਨ. : ਤੀਲੀ, ਲੌਂਗ, ਕੋਕਾ, ਰੇਖ , ਨੱਥ, ਮੱਛਲੀ, ਨੁੱਕਰਾ ਆਦਿ। ਨੱਕ ਦੇ ਸ਼ਿੰਗਾਰ ਵਾਸਤੇ, ਬਾਹਰਲਿਆਂ ਪਾਸਿਆਂ ਵਿਚ ਤੇ ਵਿਚਕਾਰ, ਤਿੰਨ ਛੇਕ ਕੀਤੇ ਜਾਂਦੇ ਹਨ। ਲੌਂਗ ਖੱਬੇ ਪਾਸੇ ਹੁੰਦਾ ਹੈ ਅਤੇ ਬਹੁਤ ਛੋਟੀ ਤੀਲੀ ਸੱਜੇ ਪਾਸੇ। ਨੱਥ ਵਿਆਹ ਤੋਂ ਪਿਛੋਂ ਸੁਹਾਗ ਦੇ ਚਿੰਨ੍ਹ ਵਜੋਂ ਪਾਈ ਜਾਂਦੀ ਹੈ। ਇਹ ਬਹੁਤ ਵੱਡਾ ਛੱਲਾ ਹੁੰਦਾ ਹੈ ਜਿਸ ਨਾਲ ਕਈ ਨਗ ਲਟਕਦੇ ਰਹਿੰਦੇ ਹਨ ਤੇ ਰੇਸ਼ਮੀ ਧਾਗੇ ਦੁਆਰਾ ਖੱਬੇ ਕੰਨ ਨਾਲ ਬੰਨ੍ਹਿਆਂ ਜਾਂਦਾ ਹੈ। ਨੱਥ ਨਾਲ ਮੱਛਲੀ ਪਹਿਨਣ ਦਾ ਰਿਵਾਜ ਹੈ। ਇਹ ਵਿਚਕਾਰਲੀ ਨਾਸ ਦੇ ਛੇਕ ਵਿਚ ਪਹਿਨੀ ਜਾਂਦੀ ਹੈ। ਨੱਥ ਜਾਂ ਕੋਕਾ ਨੱਕ ਦੇ ਛੇਕ ਨੂੰ ਖੁਲ੍ਹਾ ਰੱਖਣ ਲਈ ਪਹਿਨਿਆ ਜਾਂਦਾ ਹੈ ਅਤੇ ਮੱਛਲੀ ਦੀ ਥਾਂ ਗਰੀਬ ਜਾਤੀਆਂ ਵਿਚ ਛੋਟਾ ਚਾਂਦੀ ਦਾ ਛੱਲਾ ਪਹਿਨਣ ਦਾ ਵੀ ਰਿਵਾਜ ਹੈ, ਜਿਸ ਨੂੰ ਨੁੱਕਰਾ ਕਹਿੰਦੇ ਹਨ। ਨੱਕ ਦੇ ਗਹਿਣਿਆਂ ਦੀ ਆਪਣੀ ਸ਼ਾਨ ਹੈ:

1. ਤੇਰੀ ਚੂਸ ਲਾਂ ਬੁੱਲ੍ਹਾਂ ਦੀ ਲਾਲੀ,
   ਮੱਛਲੀ ਦਾ ਪੱਤ ਬਣਕੇ।
2. ਤੇਰੇ ਲੌਂਗ ਦਾ ਪਿਆ ਲਸ਼ਕਾਰਾ।
   ਹਾਲੀਆਂ ਨੇ ਹਲ ਡੱਕ ਲਏ।
3. ਤੀਲੀ ਲੌਂਗ ਦਾ ਮੁਕੱਦਮਾ ਭਾਰੀ,
   ਥਾਣੇਦਾਰਾ ਸੋਚ ਕੇ ਕਰੀਂ।
4. ਕੋਕਾ ਘੜਵਾ ਦੇ ਮਾਹੀਆ ਕੋਕਾ, ਵੇ ਹਾਣੀਆਂ.....।

IV ਗਰਦਨ ਦੇ ਗਹਿਣੇ

ਪੰਜਾਬੀ ਮੁਟਿਆਰਾਂ ਆਪਣੀ ਗਰਦਨ ਦਾ ਸ਼ਿੰਗਾਰ ਕਰਨ ਲਈ ਹੱਸ, ਕੰਢੀ, ਗੁਲੂ ਬੰਦ, ਮਟਰ ਮਾਲਾ, ਗਾਨੀ ਤੇ ਹਾਰਾਂ ਦੀ ਵਰਤੋਂ ਕਰਦੀਆਂ ਹਨ। ਹੱਸ ਸੋਨੇ ਜਾਂ ਚਾਂਦੀ ਦਾ ਠੋਸ ਗਹਿਣਾ ਹੈ, ਜਿਹੜਾ ਗਰਦਨ ਦੇ ਨਾਲ ਲੱਗਿਆ ਰਹਿੰਦਾ ਹੈ। ਗੁਲੂਬੰਦ ਮਖ਼ਮਲ ਦੀ ਫੱਟੀ ਉਤੇ ਮੜ੍ਹੇ ਹੋਏ ਸੋਨੇ ਨੂੰ ਕਹਿੰਦੇ ਹਨ। ਮਟਰ ਮਾਲਾ ਠੋਸ ਰੀਠਿਆਂ ਜੇਹਿਆਂ ਨੂੰ ਕੁੰਡਿਆਂ ਨਾਲ ਜੋੜ ਕੇ ਬਣਾਈ ਜਾਂਦੀ ਹੈ। ਇਹ ਇਕ ਪ੍ਰਕਾਰ ਦੀ ਮਾਲਾ ਹੁੰਦੀ ਹੈ। ਗਰਦਨ ਦੇ ਬਾਕੀ ਗਹਿਣੇ ਧੌਣ ਨਾਲ ਲਟਕਦੇ ਹੋਏ ਥੱਲੇ ਹਿੱਕ ਤਕ ਆ ਜਾਂਦੇ ਹਨ। ਇਹ ਵਧੇਰੇ ਕਰਕੇ ਕਿਸੇ ਰੇਸ਼ਮੀ ਡੋਰੀ ਜਾਂ ਸੋਨੇ ਚਾਂਦੀ ਦੀ ਜੰਜ਼ੀਰੀ ਵਿਚ ਤਵੀਤ, ਟਿੱਕੇ, ਮਣਕੇ ਆਦਿ ਨੂੰ ਪਰੋ ਕੇ ਬਣਾਏ ਜਾਂਦੇ ਹਨ। ਇਹ ਅਨੇਕਾਂ ਡਿਜ਼ਾਇਨ ਦੇ ਹੁੰਦੇ ਹਨ ਜਿਵੇਂ ਸਿੰਗ ਤਵੀਤ, ਬੁਘਤੀਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਣੀ ਹਾਰ, ਹੰਸ ਦਿਲੀ, ਲੱਖਣ, ਚੰਡਲ ਛੱਲੇ, ਤਵੀਤ ਆਦਿ। ਲੋਕ ਗੀਤ ਇਨ੍ਹਾਂ ਗਹਿਣਿਆਂ ਦੀ ਗੱਲ ਇੰਝ ਕਰਦੇ ਹਨ.:

1. ਢਿੱਲੇ ਹੋ ਗਏ ਦਰਗਨ ਦੇ ਮੂੰਗੇ,
   ਲਿੱਸੀ ਹੋ ਗਈ ਤੂੰ ਬੰਤੇ।
2. ਘੁੰਡ ਕੱਢਣਾ, ਤਵੀਤ ਨੰਗਾ ਰੱਖਣਾ
   ਛੜਿਆਂ ਦੀ ਹਿੱਕ ਲੂਹਣ ਨੂੰ।
3. ਤੇਰੇ ਦਿਲ ਦੀ ਸਮਝ ਲਾਂ ਸਾਰੀ,
   ਗਲ ਦਾ ਤਵੀਤ ਬਣਕੇ।

V ਹੱਥਾਂ ਦੇ ਗਹਿਣੇ

ਗੌਖੜੂ, ਸਿੰਘਾੜੇ, ਲੱਡੇ, ਘੜੀ, ਚੂੜੀ, ਬਾਂਕਾ, ਕੰਗਣ, ਚੂੜੀਆਂ, ਗਜਰੇ ਆਦਿ ਪਹਿਨੇ ਜਾਂਦੇ ਹਨ। ਹੱਥ ਦੀਆਂ ਉਂਗਲਾਂ ਉਪਰ ਮੁੰਦਰੀ, ਅੰਗੂਠੇ ਵਿਚ ਆਰਸੀ ਪਹਿਨੀ ਜਾਂਦੀ ਹੈ। ਉਂਗਲਾਂ ਵਿਚ ਚਾਂਦੀ ਦੇ ਛੱਲੇ ਪਾਉਣ ਦਾ ਰਿਵਾਜ ਵੀ ਹੈ। ਲੋਕ ਗੀਤਾਂ ਦੀ ਜ਼ਬਾਨੀ ਇਨ੍ਹਾਂ ਦੀ ਮਹਾਨਤਾ ਸੁਣੋ:

1. ਚੂੜਾ ਘੜਾ ਕੇ ਦੇ ਗਿਆ ਨੀ ਪੁੱਤ ਸਹੁਰੇ ਦਾ,
   ਬੰਦਾਂ ਦੀ ਦੇ ਗਿਆ ਸਾਈ।
2. ਮੇਲੇ ਜਾਵੇਂਗਾ ਲਿਆ ਦਈਂ ਪਹੁੰਚੀ,
   ਲੈ ਜਾ ਮੇਰਾ ਗੁੱਟ ਮਿਣ ਕੇ।
3. ਮੇਰੀ ਚੰਦਰੀ ਦੀ ਜਾਤ ਤਖਾਣੀ,
   ਚੂੜਾ ਪਾ ਕੇ ਸੱਕ ਹੁੰਝਦੀ।
4. ਮੁੰਡੇ ਮਰ ਗਏ ਕਮਾਈਆਂ ਕਰਦੇ,
   ਲੱਛੀ ਤੇਰੇ ਬੰਦ ਨ ਬਣੇ।

VI ਪੈਰਾਂ ਦੇ ਗਹਿਣੇ

ਪੈਰਾਂ ਵਿਚ ਪਾਉਣ ਵਾਲੇ ਗਹਿਣੇ ਅਕਸਰ ਚਾਂਦੀ ਦੇ ਹੁੰਦੇ ਹਨ, ਜਿਵੇਂ ਜ਼ੰਜੀਰੀਆਂ ਵਾਲੇ ਲੱਛੇ, ਗੁਸਲਪਰੀ, ਸ਼ਕੁੰਤਲਾ ਚੈਨ, ਪੰਜੇਬਾਂ, ਕੁੰਡਲੀਦਾਰ ਤੋੜੇ ਆਦਿ।

1. ਤੇਰੇ ਝਾਂਜਰਾਂ ਵੱਜਣ ਨੂੰ ਪਾਈਆਂ,
   ਲੰਘ ਗਈ ਪੈਰ ਦੱਬ ਕੇ।
2. ਇਹ ਜੋ ਝਾਂਜ਼ਰਾਂ ਤਾਰ ਅੰਗਰੇਜ਼ੀ
   ਮਿੰਟਾਂ 'ਚ ਦੇਣ ਖ਼ਬਰਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

VII ਮਰਦਾਂ ਦੇ ਗਹਿਣੇ

ਪੰਜਾਬੀ ਮੁਟਿਆਰਾਂ ਵਾਂਗ ਇਥੋਂ ਦੇ ਗਭਰੂ ਵੀ ਗਹਿਣਿਆਂ ਦੇ ਸ਼ੌਕੀਨ ਹਨ। ਉਹ ਹੱਥਾਂ ਮੁੰਦਰੀ ਅਤੇ ਕੜਾ ਪਹਿਨਦੇ ਹਨ। ਗਲ ਵਿਚ ਕੰਠਾ, ਮਾਲਾ, ਕੰਗਣ, ਤਵੀਤੜੀਆਂ, ਵਾਲੇ, ਨੱਤੀਆਂ, ਮੁੰਦਰਾਂ ਆਦਿ। ਮਰਦਾਂ ਦੇ ਗਹਿਣਿਆਂ ਬਾਰੇ ਆਖਦੇ ਹਨ:

1. ਦੁੱਧ ਰਿੜਕੇ ਕੰਗਣਾਂ ਵਾਲੀ
   ਕੰਠੇ ਵਾਲਾ ਧਾਰ ਕੱਢਦਾ।
2. ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ,
   ਸੋਨੇ ਦੇ ਤਵੀਤਾਂ ਵਾਲਿਆ।

ਉਪਰੋਕਤ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਪੰਜਾਬੀ ਜਿਥੇ ਵਧੀਆਂ ਖੁਰਾਕ ਦੇ ਸ਼ੌਕੀਨ ਹਨ,ਉਥੇ ਆਪਣੇ ਹਾਰ ਸ਼ਿੰਗਾਰ ਵਲੋਂ ਵੀ ਘਟ ਨਹੀਂ ਹਨ। ਉਪਰੋਕਤ ਗਹਿਣਿਆਂ ਦੀਆਂ ਵੰਨਗੀਆਂ ਤੋਂ ਸਪਸ਼ਟ ਹੈ ਕਿ ਉਹ ਗਹਿਣਿਆਂ ਦੇ ਕਿੰਨੇ ਸ਼ੌਕੀਨ ਹਨ, ਖਾਸ ਕਰਕੇ ਮੁਟਿਆਰਾਂ। ਗਹਿਣਿਆਂ ਪ੍ਰਤੀ ਉਨ੍ਹਾਂ ਦੇ ਮੋਹ ਪਿਆਰ ਦੀ ਗੱਲ ਦੇ ਲੋਕ ਗੀਤ ਪ੍ਰਤੱਖ ਗਵਾਹ ਹਨ। ਗਹਿਣਿਆਂ ਦਾ ਜਿਥੇ ਸਾਡੇ ਸੁਹਜ ਨੂੰ ਵਧਾਉਣ ਵਿਚ ਵੱਡਾ ਯੋਗਦਾਨ ਹੈ, ਉਥੇ ਇਹ ਸਾਡੀ ਆਰਥਿਕ ਖੁਸ਼ਹਾਲੀ ਅਤੇ ਸਮਾਜਕ ਰੁਤਬੇ ਦੀ ਵੀ ਨਿਸ਼ਾਨੀ ਹਨ। ਲੋਕ ਗਹਿਣੇ ਪੰਜਾਬ ਦੀ ਆਰਥਿਕ ਖੁਸ਼ਹਾਲੀ ਦਾ ਚਿੰਨ੍ਹ ਹਨ।

ਹਵਾਲੇ ਤੇ ਟਿੱਪਣੀਆਂ

1. **ਪੰਜਾਬ ਦੀ ਲੋਕਧਾਰਾ**, ਪੰਨਾ 214
2. **ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ**, ਪੰਨਾ 276
3. **ਫੋਕਲੋਰ ਐਂਡ ਫੋਕ ਲਾਈਫ**, ਪੰਨਾ 383
4. **ਪੰਜਾਬ ਦੀ ਲੋਕਧਾਰਾ**, ਪੰਨਾ 190
5. ਉਹੀ, ਪੰਨੇ 192-93
6. ਉਹੀ, ਪੰਨਾ 195
7. ''ਦਿਲ ਦਾ ਸਾਂਝਾ ਪਿੜ'', **ਗਿੱਧਾ**, ਪੰਨਾ 139
8. **ਪੰਜਾਬੀ ਦੁਨੀਆਂ** (ਪੰਜਾਬ ਅੰਕ), ਪੰਨਾ 85
9. **ਪੰਜਾਬੀ ਲੋਕ ਨਾਚ**, ਪੰਨਾ 38

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

10. **ਨਾਟਕ ਕਲਾ ਤੇ ਹੋਰ ਲੇਖ**, ਪੰਨਾ 14
11. ਉਹੀ, ਪੰਨਾ 9
12. ''ਲੋਕ ਧਰਮ'', **ਨਾਟਯ ਪਰੰਪਰਾ**, ਪੰਨੇ 30-31
13. **ਲੋਕ ਸਾਹਿਤਯ ਕੀ ਭੂਮਿਕਾ**, ਪੰਨਾ 140
14. **ਪੰਜਾਬੀ ਲੋਕ ਨਾਟ ਪਰੰਪਰਾ**, ਪੰਨਾ 71
15. ਉਹੀ, ਪੰਨਾ 13
16. ਉਹੀ, ਪੰਨਾ 24
17. **ਗੁਰ ਸ਼ਬਦ ਰਤਨਾਕਰ ਮਹਾਨ ਕੋਸ਼**, 254
18. ਉਹੀ, ਪੰਨਾ 42
19. ਵਣਜਾਰਾ ਬੇਦੀ, **ਪੰਜਾਬ ਦੀ ਲੋਕਧਾਰਾ**, ਪੰਨਾ 236
20. ਅਜੀਤ ਸਿੰਘ ਔਲਖ, **ਪੰਜਾਬੀ ਲੋਕ ਨਾਟ ਪਰੰਪਰਾ**, ਪੰਨਾ 142
21. **ਪੰਜਾਬੀ ਕੋਸ਼**, ਜਿਲਦ 4, ਪੰਨਾ 112
22. ਮਹਾਨ ਕੋਸ਼, ਪੰਨਾ 677
23. **ਪੰਜਾਬੀ ਲੋਕ ਨਾਟ ਪਰੰਪਰਾ**, ਪੰਨਾ 84
24. ਉਹੀ
25. ਉਹੀ, ਪੰਨਾ 88
26. ਉਹੀ, ਪੰਨਾ 146
27. **ਪੰਜਾਬ ਦੀ ਲੋਕਧਾਰਾ**, ਪੰਨਾ 202
28. ਉਹੀ, ਪੰਨਾ 203
29. ਵਣਜਾਰਾ ਬੇਦੀ, **ਪੰਜਾਬ ਦੀ ਲੋਕਧਾਰਾ**, ਪੰਨਾ 203 ਦੁਆਰਾ ਉਧ੍ਰਿਤ।
30. ਉਹੀ
31. ਉਹੀ, ਪੰਨਾ 204
32. ਉਹੀ, ਪੰਨਾ 208
33. ਉਹੀ, ਪੰਨਾ 210
34. ਉਹੀ, ਪੰਨਾ 221

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਲੇ ਤੇ ਤਿਉਹਾਰ

ਮੇਲੇ ਤੇ ਤਿਉਹਾਰ ਪੰਜਾਬੀਆਂ ਦੇ ਅਲਬੇਲੇ ਸੁਭਾ, ਤਕੜੇ ਜੁੱਸੇ, ਸੱਧਰਾਂ ਤੇ ਭਾਵਨਾਵਾਂ ਦੇ ਪ੍ਰਤੀਕ ਹਨ। ਮੁੱਢ ਕਦੀਮ ਤੋਂ ਇਹ ਪੰਜਾਬੀਆਂ ਦਾ ਮਨ ਬਹਿਲਾਉਣ ਦਾ ਸਾਧਨ ਰਹੇ ਹਨ। ਇਹ ਪੰਜਾਬੀਆਂ ਦੇ ਸੱਚੇ ਸੁੱਚੇ ਚਰਿੱਤਰ ਦਾ ਪ੍ਰਤੀਕ ਹਨ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, ''ਮੇਲੇ ਕਿਸੇ ਜਾਤੀ ਦੇ ਲੋਕਾਂ ਦੀਆਂ ਨਿੱਜੀ ਤੇ ਸਾਮੂਹਿਕ ਸੱਧਰਾਂ, ਭਾਵਨਾਵਾਂ ਤੇ ਚੇਸ਼ਟਾਵਾਂ ਦੀ ਸਹਿਜ ਪ੍ਰਵਾਹ ਮਈ ਇਕਸੁਰਤਾ ਹਨ। ਮੇਲਿਆਂ ਵਿਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ , ਲੋਕ ਪ੍ਰਤਿਭਾ ਨਿੱਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ।''[1]

ਮੇਲੇ ਤੇ ਤਿਉਹਾਰ ਪੰਜਾਬੀ ਚਾਵਾਂ ਤੇ ਖੁਸ਼ੀਆਂ ਨਾਲ ਮਨਾਉਦੇ ਹਨ। ਮੇਲੇ ਦੇ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਉਹ ਮੇਲੇ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ ਹਨ। ਉਹ ਨਵੇਂ ਕਪੜੇ ਤਿਆਰ ਕਰਵਾਉਂਦੇ ਹਨ। ਉਹ ਰੰਗ ਬਰੰਗੇ ਕਪੜੇ ਪਹਿਨ ਕੇ ਮੇਲਾ ਵੇਖਣ ਜਾਂਦੇ ਹਨ। ਉਹ ਮੇਲੇ ਵਿਚ ਆਪਣੇ ਆਪਣੇ ਖੇਲਾਂ ਵਿਚ ਕਰਤੱਵ ਵਿਖਾਉਣ ਲਈ ਪੂਰੀ ਤਿਆਰੀ ਕਰਦੇ ਹਨ। ਆਪਣੇ ਪਿੰਡਿਆਂ ਨੂੰ ਕਸਰਤ ਤੇ ਮਾਲਸ਼ਾਂ ਕਰਕੇ ਖ਼ੂਬ ਲਿਸ਼ਕਾਉਂਦੇ ਹਨ। ਮੇਲੇ ਵਿਚ ਉਹ ਅਹਿਰਣ, ਬੋਰੀ, ਗਤਕੇਬਾਜ਼ੀ, ਗੋੜ-ਦੌੜ, ਬੈਲ ਗੱਡੀਆਂ ਦੀ ਦੌੜ, ਉਠਾਂ ਦੀ ਦੌੜ, ਕੁੱਕੜਾਂ ਦੀ ਲੜਾਈ ਆਦਿ ਰਾਹੀਂ ਆਪਣੇ ਜੌਹਰ ਦਿਖਲਾਉਂਦੇ ਹਨ। ਜਿਥੇ ਉਨ੍ਹਾਂ ਨੂੰ ਆਪਣੀ ਹਾਰ, ਆਪਣੇ ਲਈ ਨਿਮੋਸ਼ੀ ਹੁੰਦੀ ਹੈ ਉਥੇ ਸਾਰੇ ਪਿੰਡ ਦੀ ਵੀ। ਪਿੰਡ ਵਿਚ ਪਹਿਲਾਂ ਹੀ ਅਜੇਹੇ ਸ਼ੌਕ ਰੱਖਣ ਵਾਲਿਆਂ ਨੂੰ ਤਰਕਾਂ ਦਿੱਤੀਆਂ ਜਾਂਦੀਆਂ ਹਨ ਕਿ ਇਸ ਬਾਰੇ ਕਿਧਰੇ ਹਾਰ ਨਹੀਂ ਵਿਖਾਉਣੀ ਆਦਿ।

ਪੰਜਾਬੀ ਜਿਥੇ ਮੇਲੇ ਵਿਚ ਪਹਿਨ ਪੱਚਰ ਕੇ ਜਾਂਦੇ ਹਨ ਉਥੇ ਉਹ ਆਪਣੀਆਂ ਘੋੜੀਆਂ, ਬੈਲਾਂ, ਊਠਾਂ, ਆਦਿ ਨੂੰ ਵੀ ਪੂਰੀ ਤਰ੍ਹਾਂ ਸ਼ਿੰਗਾਰ ਕੇ ਲਿਜਾਂਦੇ ਹਨ। ਉਨ੍ਹਾਂ ਨੂੰ ਵੀ ਮੇਲੇ ਤੋਂ ਪਹਿਲਾਂ ਪੂਰੀ ਖੁਰਾਕ ਦਿੱਤੀ ਜਾਂਦੀ ਹੈ ਤਾਂ ਜੋ ਉਹ ਕਿਸੇ ਦੂਜੇ ਤੋਂ ਪਿਛੇ ਨਾ ਰਹਿ ਸਕਣ।

ਪੰਜਾਬ ਦੇ ਮੇਲੇ ਤੇ ਤਿਉਹਾਰ ਪੰਜਾਬੀਆਂ ਦੀ ਆਰਥਿਕ ਖੁਸ਼ਹਾਲੀ ਤੇ ਖੁਲ੍ਹ ਦਿਲੀ ਦਾ ਵੀ ਪ੍ਰਤੀਕ ਹਨ। ਉਹ ਮੇਲਿਆਂ ਵਿਚ ਅਥਾਹ ਪੈਸਾ ਖਰਚਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਜੇਹੇ ਮੌਕਿਆਂ ਸਮੇਂ ਉਹ ਕੰਜੂਸੀ ਨਹੀਂ ਦਿਖਾਉਂਦੇ। ਪੰਜਾਬੀ ਮੇਲੇ ਦੁਲਹਨ ਵਾਂਗ ਸੱਜੇ ਹੁੰਦੇ ਹਨ। ਦੁਕਾਨਾਂ ਦੀ ਆਪਣੀ ਨਿਵੇਕਲੀ ਦਿੱਖ ਹੁੰਦੀ ਹੈ। ਪੰਜਾਬੀਆਂ ਦਾ ਇਹ ਸੁਭਾਅ ਹੈ ਕਿ ਉਨ੍ਹਾਂ ਨੇ ਮੇਲੇ ਵਿਚ ਕੋਈ ਨਾ ਕੋਈ ਨਵੀਂ ਚੀਜ਼ ਖਰੀਦਣੀ ਹੁੰਦੀ ਹੈ।

ਪੰਜਾਬ ਦੇ ਮੇਲੇ ਪੰਜਾਬੀ ਭਾਈਚਾਰੇ ਦੀ ਸਭਿਆਚਾਰਕ ਏਕਤਾ ਦਾ ਪ੍ਰਤੱਖ ਪ੍ਰਮਾਣ ਹਨ। ਸਭ ਜਾਤਾਂ ਤੇ ਧਰਮਾਂ ਦੇ ਲੋਕੀਂ ਸਾਰੇ ਮੇਲੇ ਤੇ ਤਿਉਹਾਰ ਸਾਮੂਹਿਕ ਤੌਰ ਤੇ ਮਨਾਉਂਦੇ ਹਨ। ਉਨ੍ਹਾਂ ਦੇ ਮਨਾਂ ਵਿਚ ਕੋਈ ਫਿਰਕੂ ਸੋਚ ਨਹੀਂ ਹੁੰਦੀ ਹੈ, ਸਗੋਂ ਸਾਰੇ ਰਲ ਮਿਲਕੇ ਖੁਸ਼ੀ ਵਿਚ ਭਾਈਵਾਲ ਹੁੰਦੇ ਹਨ। ਫਿਰਕੂ ਜਨੂੰਨੀ ਭਾਵੇਂ ਕਿਤਨਾ ਉਨ੍ਹਾਂ ਨੂੰ ਧਾਰਮਿਕ ਜਾਂ ਜਾਤੀ ਤੇ ਆਧਾਰ ਤੇ ਅਲੱਗ ਕਰਨ ਦੀ ਕੋਸ਼ਿਸ਼ ਕਰਨ, ਪਰ ਉਹ ਅਜੇਹੇ ਮੌਕਿਆਂ ਤੇ ਇੱਕਠੇ ਹੁੰਦੇ ਹਨ। ਮੇਲੇ ਪੰਜਾਬੀਆਂ ਦੀ ਅਫਿਰਕੂ ਸੋਚ ਦਾ ਜੀਉਂਦਾ ਜਾਗਦਾ ਸਬੂਤ ਹਨ।

ਪੰਜਾਬ ਵਿਚ ਸ਼ਾਇਦ ਹੀ ਕੋਈ ਐਸਾ ਦਿਨ ਹੋਵੇ ਜਿਸ ਦਿਨ ਪੰਜਾਬ ਦੇ ਕਿਸੇ ਭਾਗ ਵਿਚ ਕੋਈ ਮੇਲਾਂ ਜਾ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ। ਪੰਜਾਬੀਆਂ ਲਈ ਹਰ ਪਲ ਪੁਰਬ ਤੇ ਹਰ ਦਿਨ ਮੇਲਾ ਹੁੰਦਾ ਹੈ। ਦੂਜੇ ਪ੍ਰਾਂਤਾਂ ਵਾਲੇ ਸ਼ਾਇਦ ਇਸੇ ਕਾਰਨ ਕਹਿੰਦੇ ਹਨ ਕਿ ਪੰਜਾਬੀ ਤਾਂ ਆਏ ਹੀ ਮੇਲੇ ਮਨਾਉਣ ਹਨ। ਪੰਜਾਬ ਵਿਚ ਮੇਲੇ ਤੇ ਤਿਉਹਾਰ ਬੇਅੰਤ ਹਨ। ਪੰਜਾਬੀ ਮੇਲੇ ਪੰਜਾਬੀ ਸਭਿਆਚਾਰ ਦਾ ਦਰਪਣ ਹਨ। ਭਾਵੇਂ ਪੰਜਾਬ ਵਿਚ ਅਨੇਕਾਂ ਮੇਲੇ ਤੇ ਤਿਉਹਾਰ ਮਨਾਏ ਜਾਂਦੇ ਹਨ, ਪਰ ਇਨ੍ਹਾਂ ਵਿਚ ਕੁਝ ਇਕ ਦੀ ਆਪਣੀ ਵਿਲੱਖਣਤਾ ਹੈ ਜਿਵੇਂ ਜਰਗ ਦਾ ਮੇਲਾ, ਛਪਾਰ ਦਾ ਮੇਲਾ, ਹੈਦਰ ਸ਼ੇਖ਼ ਦਾ ਮੇਲਾ, ਅੱਚਲ ਦਾ ਮੇਲਾ, ਜਗਰਾਵਾਂ ਦੀ ਰੌਸ਼ਨੀ, ਹਰਵੱਲਭ ਦਾ ਮੇਲਾ, ਸਾਂਈ ਇਲਾਹੀ ਸ਼ਾਹ ਦਾ ਮੇਲਾ, ਮੁਕਤਸਰ ਦਾ ਮੇਲਾ, ਤਖਤੂਪੁਰੇ ਦੀ ਮਾਘੀ, ਅਨੰਦਪੁਰ ਦਾ ਹੋਲਾ ਮਹੱਲਾ, ਦੁਆਬੇ ਵਿਚ ਖਟਕੜ ਕਲਾਂ ਵਿਖੇ ਝੰਡਾ ਜੀ ਦਾ ਮੇਲਾ, ਮੰਢਾਲੀ ਦਾ ਮੇਲਾ ਆਦਿ।

ਜਰਗ ਦਾ ਮੇਲਾ

ਇਹ ਮੇਲਾ ਚੇਤ ਦੇ ਮਹੀਨੇ ਪਹਿਲੇ ਮੰਗਲਵਾਰ ਨੂੰ ਪਿੰਡ ਜਰਗ ਵਿਚ ਸੀਤਲਾ ਦੇਵੀ ਨੂੰ ਖੁਸ਼ ਕਰਨ ਲਈ ਲਗਦਾ ਹੈ। ਜਿਨ੍ਹਾਂ ਬੱਚਿਆਂ ਨੂੰ ਮਾਤਾ ਨਿਕਲ ਆਉਂਦੀ ਹੈ ਉਨ੍ਹਾਂ ਦੇ ਮਾਪਿਆਂ ਨੇ ਕੋਈ ਨਾ ਕੋਈ ਸੁਖਣਾ ਸੁਖੀ ਹੁੰਦੀ ਹੈ ਅਤੇ ਬਾਕੀ ਦੇ ਆਪਣੇ ਬੱਚਿਆਂ ਤੇ ਮਾਤਾ ਦੀ ਮਿਹਰ ਦੀ ਨਿਗਾਹ ਰੱਖਣ ਲਈ ਪੂਜਾ ਕਰਦੇ ਹਨ ਅਤੇ ਸੁਖਣਾ ਚੜ੍ਹਾਉਂਦੇ ਹਨ। ਇਸ ਨੂੰ 'ਬਹਿੜੀਏ' ਦਾ ਮੇਲਾ ਵੀ ਆਖਦੇ ਹਨ।

ਜਰਗ ਦਾ ਮੇਲਾ ਇਕ ਟੋਭੇ ਦੁਆਲੇ ਲੱਗਦਾ ਹੈ। ਮਾਤਾ ਦੇ ਸ਼ਰਧਾਲੂ ਟੋਭੇ ਵਿਚੋਂ ਮਿੱਟੀ ਕੱਢ ਕੱਢ ਕੇ, ਇਕ ਮਟੀਲਾ ਜਿਹਾ ਖੜ੍ਹਾ ਕਰ ਲੈਂਦੇ ਹਨ। ਇਸ ਮਟੀਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਤੇ ਭੇਟਾ ਚਾੜ੍ਹੀਆਂ ਜਾਂਦੀਆਂ ਹਨ। ਮਾਤਾ ਨੂੰ ਬਹੇ ਗੁਲਗੁਲੇ ਭੇਟ ਕੀਤੇ ਜਾਂਦੇ ਹਨ। ਜਿਨ੍ਹਾਂ ਲੋਕਾਂ ਨੇ ਸੁੱਖਾਂ ਸੁਖੀਆਂ ਹੁੰਦੀਆਂ ਹਨ, ਉਹ ਮੇਲੇ ਦੀ ਪੂਰਬ ਸੰਧਿਆ ਨੂੰ, ਮਾਈ ਦੀ ਭੇਟਾ ਲਈ ਗੁਲਗੁਲੇ ਪਕਾ ਕੇ ਰੱਖ ਲੈਂਦੇ ਹਨ। ਅਗਲੇ ਦਿਨ ਮੇਲੇ ਵਿਚ ਸੀਤਲਾ ਦੇਵੀ ਦੀ ਪੂਜਾ ਕਰਕੇ ਪਹਿਲਾਂ ਸੀਤਲਾ ਦੇਵੀ ਦੇ ਵਾਹੁਣ ਖੋਤੇ ਨੂੰ, ਗੁਲਗੁਲੇ ਖਵਾਏ ਜਾਂਦੇ ਹਨ ਤੇ ਫਿਰ ਕੁਝ ਵੰਡੇ ਤੇ ਕੁਝ ਆਪ ਖਾਧੇ ਜਾਂਦੇ ਹਨ।

ਮੇਲੇ ਵਿਚ ਖੋਤਿਆਂ ਦੀ ਬੜੀ ਕਦਰ ਹੁੰਦੀ ਹੈ। ਘੁਮਿਆਰ ਖੋਤਿਆਂ ਨੂੰ ਸ਼ਿੰਗਾਰ ਕੇ ਮੇਲਿਆਂ ਵਿਚ ਲਿਆਉਂਦੇ ਹਨ। ਲੋਕੀ ਬੜੀ ਸ਼ਰਧਾ ਨਾਲ ਖੋਤਿਆਂ ਅਗੇ ਜੌਂ , ਪਿੰਨੇ, ਮੋਠ ਤੇ ਬਾਜਰੇ ਦੀਆਂ ਬੱਕਲੀਆਂ ਪਾਉਂਦੇ ਹਨ। ਜਦੋਂ ਗੁਲਗੁਲਿਆਂ ਨਾਲ ਰੱਜੇ-ਪੁੱਜੇ ਖੋਤੇ ਹਿਣਕਦੇ ਹਨ ਤਾਂ ਸਾਰੇ ਸ਼ਰਧਾਲੂ ਖੋਤੇ ਦੇ ਇਉਂ ਹਿਣਕਣ ਨੂੰ ਉਹ ਸੀਤਲਾ ਦੇਵੀ ਦੀ ਪ੍ਰਸੰਨਤਾ ਦਾ ਚਿੰਨ੍ਹ ਸਮਝਦੇ ਹਨ। ਪੰਜਾਬੀ ਲੋਕ ਗੀਤਾਂ ਵਿਚ ਵੀ ਇਸ ਮੇਲੇ ਦਾ ਵਰਣਨ ਮਿਲਦਾ ਹੈ:

1. ਜੇਹਾ ਦੇਖਿਆ ਜਰਗ ਦਾ ਮੇਲਾ,
   ਜੇਹੀ ਤੇਰੀ ਗੁਤ ਦੇਖ ਲੀ।
2. ਚੱਲ ਚੱਲੀਏ ਜਰਗ ਦੇ ਮੇਲੇ,
   ਮੁੰਡਾ ਤੇਰਾ ਮੈਂ ਚੁੱਕ ਲਊਂ।

ਇਹ ਮੇਲੇ ਭਾਵੇਂ ਧਾਰਮਿਕ ਹਨ ਜੋ ਇਨ੍ਹਾਂ ਦੇ ਸ਼ਰਧਾਲੂਆਂ ਨੇ ਸ਼ੁਰੂ ਕੀਤੇ ਸਨ ਪਰ ਸਮੇਂ ਦੀ ਤਬਦੀਲੀ ਨਾਲ ਸਭ ਧਰਮਾਂ ਫਿਰਕਿਆਂ ਦੇ ਲੋਕਾਂ ਨੇ ਇਨ੍ਹਾਂ ਮੇਲਿਆਂ ਨੂੰ ਅਪਨਾ ਲਿਆ ਹੈ।

ਛਪਾਰ ਦਾ ਮੇਲਾ

ਇਹ ਮੇਲਾ ਲੁਧਿਆਣੇ ਦੇ ਪਿੰਡ ਛਪਾਰ ਵਿਚ, ਭਾਦੋਂ ਮਹੀਨੇ ਦੀ ਚੌਧਵੀਂ ਦੀ ਚਾਨਣੀ ਰਾਤ ਵਾਲੇ ਦਿਨ ਲੱਗਦਾ ਹੈ। ਮੇਲੇ ਵਿਚ ਗੁੱਗੇ ਦੇ ਭਗਤ ਮਾੜੀ ਦੇ ਆਸ ਪਾਸ ਬੈਠਕੇ ਧਰਤੀ ਵਿਚੋਂ ਸੱਤ ਵਾਰ ਮਿੱਟੀ ਕੱਢਦੇ ਹਨ। ਲੋਕ ਵਿਸ਼ਵਾਸ ਹੈ ਕਿ ਮਿੱਟੀ ਕੱਢਣ ਨਾਲ ਗੁੱਗੇ ਦੀ ਮਿਹਰ ਹੋ ਜਾਂਦੀ ਹੈ ਤੇ ਫਿਰ ਸੱਪ ਲਾਗੇ ਨਹੀਂ ਆਉਂਦਾ। ਸੱਪਾਂ ਦੇ ਕੱਟੇ ਹੋਏ ਕਈ ਰੋਗੀ ਛਪਾਰ ਆ ਕੇ, ਮਾੜੀ ਦੀ ਮਿੱਟੀ ਨੂੰ ਜ਼ਖਮਾਂ ਉਪਰ ਲਗਾਂਦੇ ਹਨ। ਇਹ ਵੀ ਵਿਸ਼ਵਾਸ ਹੈ ਕਿ ਜੇ ਕਿਸੇ ਵਿਅਕਤੀ ਹੈ ਨੂੰ ਸੱਪ ਲੜ ਗਿਆ ਹੋਵੇ ਤਾਂ ਗੁੱਗੇ ਦੀ ਮੜ੍ਹੀ ਕੋਲ ਲਿਟਾ ਦੇਣ ਨਾਲ, ਉਹ ਪਲਾਂ ਵਿਚ ਨਵਾਂ ਨਰੋਆ ਹੋ ਜਾਂਦਾ ਹੈ। ਮੇਲੇ ਵਾਲੇ ਦਿਨ ਕਈ ਲੋਕ ਆਪਣੇ ਮਾਲ ਡੰਗਰ ਨੂੰ ਮੜ੍ਹੀ ਕੋਲ ਲਿਆ ਕੇ ਉਨ੍ਹਾਂ ਤੋਂ ਚੌਕੀ ਭਰਵਾਉਂਦੇ ਅਥਵਾ ਰਾਤ ਭਰ ਰੱਖਦੇ ਹਨ। ਇਸ ਤਰ੍ਹਾਂ ਪਸ਼ੂਆਂ ਉਤੇ ਗੁਗੇ ਦੀ ਮਿਹਰ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਫਿਰ 'ਸੱਪ' ਨਹੀਂ ਲੜਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਛਪਾਰ ਦੇ ਮੇਲੇ ਦੀ ਸਭਿਆਚਾਰਕ, ਧਾਰਮਿਕ ਅਤੇ ਸਮਾਜਕ ਮਹਾਨਤਾ ਵੀ ਹੈ। ਇਸ ਮੇਲੇ ਵਿਚ ਪੰਜਾਬੀ ਗੱਭਰੂ ਭੰਗੜੇ ਪਾਉਂਦੇ ਹਨ। ਮੁਟਿਆਰਾਂ ਗਿੱਧੇ ਪਾਉਂਦੀਆਂ ਹਨ। ਗਿੱਧਾ ਪੰਜਾਬੀ ਸਭਿਆਚਾਰ ਨੂੰ ਛਪਾਰ ਦੇ ਮੇਲੇ ਦੀ ਦੇਣ ਹੈ। ਪੰਜਾਬੀ ਲੋਕ ਗੀਤਾਂ ਵਿਚ ਛਪਾਰ ਦੇ ਮੇਲੇ ਦਾ ਵਰਣਨ ਹੈ:

ਆਰੀ ਆਰੀ ਆਰੀ
ਮੇਲਾ ਤਾਂ ਛਪਾਰ ਲੱਗਦਾ, ਜਿਹੜਾ ਸਾਰੇ ਜਗਤ ਤੋਂ ਭਾਰੀ।

ਰਾਤ ਨੂੰ ਜਲਸਿਆਂ ਵਿਚ ਨਚਾਰ ਨੱਚਦੇ ਹਨ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, ''ਪੇਂਡੂ ਪੰਜਾਬੀਆਂ ਅੰਦਰ ਇਸਤਰੀ ਭੁੱਖ ਦਾ ਵਰਤਿਆ ਭੋਖੜਾ ਇਨ੍ਹਾਂ ਨਚਾਰਾਂ ਦੇ ਜਲਸਿਆਂ ਤੋਂ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ ਜਿਥੇ ਇਕ ਜਾਂ ਦੋ ਮੁੰਡੇ ਜਨਾਨੀਆਂ ਵਾਲਾ ਵੇਸ ਕਰਕੇ, ਛਾਤੀਆਂ ਤੇ ਰੂੰ ਨਾਲ ਠੂਠੀਆਂ ਬੰਨ੍ਹ ਕੇ ਸਿਰ ਉਤੇ ਸੱਗੀ ਫੁੱਲ ਗੁੰਦ ਕੇ ਕੁੜਤੀ, ਘੱਗਰੀ ਤੇ ਕੁਝ ਟੂੰਮਾਂ ਪਾ ਕੇ ਜਦੋਂ ਜਲਸੇ ਦੇ ਗੋਲ ਪਿੜ ਵਿਚ ਘੱਗਰੇ ਦੀ ਲੋਣ ਨੂੰ ਹੱਥ ਪਾ ਕੇ ਚੱਕਰ ਲਾਉਂਦੇ ਹਨ ਤਾਂ ਇਸ ਝੂਠੇ ਇਸਤਰੀ ਵੇਸ ਉਤੇ ਕਿਵੇਂ ਸੈਂਕੜੇ ਮਜਨੂੰ ਆਪਣੇ ਦਿਲ ਫਿਦਾ ਕਰ ਰਹੇ ਹੁੰਦੇ ਹਨ, ਇਹ ਵੇਖਣ ਵਾਲਾ ਨਜ਼ਾਰਾ ਹੀ ਹੁੰਦਾ ਹੈ।''[2]

ਇਸ ਮੇਲੇ ਵਿਚ ਵੱਖ ਵੱਖ ਰਾਜਸੀ ਪਾਰਟੀਆਂ ਆਪਣੇ ਆਪਣੇ ਮੰਚ ਲਾ ਕੇ ਆਪਣੀ ਪਾਰਟੀ ਦੀ ਕਾਰਗੁਜ਼ਾਰੀ ਦਰਸਾਉਂਦੀਆਂ ਹਨ। ਬਾਜ਼ੀਗਰ ਬਾਂਸ ਤੇ ਖੜ੍ਹ ਕੇ ਕਲਾਬਾਜ਼ੀਆਂ ਵਿਖਾਉਂਦੇ ਹਨ। ਛਪਾਰ ਦਾ ਮੇਲਾ ਮਲਵੱਈ ਸਭਿਆਚਾਰ ਦਾ ਤਾਂ ਮੂਲੋਂ ਦਰਪਣ ਹੈ।

ਜਗਰਾਵਾਂ ਦੀ ਰੌਸ਼ਨੀ

ਜਗਰਾਵਾਂ ਦੀ ਰੌਸ਼ਨੀ ਦਾ ਮੇਲਾ ਪ੍ਰਸਿੱਧ ਸੂਫੀ ਫ਼ਕੀਰ ਅਬਦੁੱਲ ਕਾਦਰ ਜਿਲਾਨੀ ਦੀ ਕਬਰ ਉਤੇ ਹਰ ਸਾਲ 14, 15, 16 ਫੱਗਣ ਨੂੰ ਲੱਗਦਾ ਹੈ। ਹਿੰਦੂ, ਸਿੱਖ ਤੇ ਮੁਸਲਮਾਨ ਹੁੰਮ ਹੁੰਮਾ ਕੇ ਮੇਲੇ ਤੇ ਪਹੁੰਚਦੇ ਹਨ। ਇਸ ਮੇਲੇ ਦਾ ਨਾਉਂ 'ਰੌਸ਼ਨੀ' ਇਸ ਲਈ ਪਿਆ ਕਿ ਮੇਲੇ ਦੇ ਦਿਨੀਂ ਪੀਰ ਦੀ ਕਬਰ ਉਤੇ ਚਿਰਾਗ਼ ਬਾਲਦੇ ਹਨ ਜਿਨ੍ਹਾਂ ਦੀ ਰੌਸ਼ਨੀ ਦੂਰ ਦੂਰ ਦਿਖਾਈ ਦੇਂਦੀ ਹੈ ਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਇਸ ਮੇਲੇ ਦੀ ਆਪਣੀ ਵਿਲੱਖਣਤਾ ਹੈ। ਲੋਕਾਂ ਦੀ ਪੀਰ ਵਿਚ ਅਥਾਹ ਸ਼ਰਧਾ ਹੈ। ਲੋਕ ਵਿਸ਼ਵਾਸ ਹੈ ਕਿ ਜਿਹੜੀਆਂ ਵੀ ਸੁਖਣਾ ਪੀਰ ਦੀ ਖ਼ਾਨਗਾਹ ਉਤੇ ਸੁਖੀਆਂ ਜਾਂਦੀਆਂ ਹਨ, ਉਹ ਪੀਰ ਦੀ ਮਿਹਰ ਨਾਲ ਜ਼ਰੂਰ ਪੂਰੀਆਂ ਹੋ ਜਾਂਦੀਆਂ ਹਨ। ਲੋਕੀਂ ਕਬਰ ਉਪਰ ਚਰਾਗ਼ ਜਲਾਂਦੇ ਤੇ ਪੀਰ ਦੀ ਵਡਿਆਈ ਕਰਦੇ ਹਨ:

ਪੀਰਾਂ ਵਿਚ ਪੀਰ ਸੁਣੀਂਦਾ
ਵੱਡਾ ਪੀਰ ਇਲਾਹੀ।
ਜਿਸ ਦੀ ਅਜਮਤ ਦੋਹੀਂ ਜਹਾਨੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਜ ਵਾਂਗ ਰੁਸ਼ਨਾਈ

ਮੇਲੇ ਵਿਚ ਗੱਭਰੂ, ਮੁਟਿਆਰਾਂ ਤੇ ਬੱਚੇ ਆਪਣੀ ਪਸੰਦ ਦੀਆਂ ਚੀਜ਼ਾਂ ਖਰੀਦਦੇ ਹਨ। ਮੇਲੇ ਵਿਚ ਗਭਰੂਆਂ ਦੀਆਂ ਟੋਲੀਆਂ ਬੋਲੀਆਂ ਪਾਉਂਦੀਆਂ ਹਨ, ਬੱਕਰੇ ਬੁਲਾਂਦੀਆਂ ਨੱਚਦੀਆਂ ਟੱਪਦੀਆਂ ਵਿਖਾਈ ਦੇਂਦੀਆਂ । ਹਨ। ਮੇਲੇ ਦੀ ਮਹਾਨਤਾ ਦਰਸਾਉਂਦੀ ਲੋਕ ਬੋਲੀ ਵੇਖੋ:

ਆਰੀ, ਆਰੀ, ਆਰੀ
ਵਿਚ ਜਗਰਾਵਾਂ ਦੇ
ਬਈ ਲੱਗਦੀ ਰੌਸ਼ਨੀ ਭਾਰੀ।
ਦੂਰ ਦੂਰ ਤੋਂ ਗੱਭਰੂ ਆਉਂਦੇ
ਘੋੜੇ ਊਠ ਸ਼ਿੰਗਾਰੀ।
ਲੰਮੇ ਚਾਦਰੇ ਕੁੰਡੀਆਂ ਮੁੱਛਾਂ
ਮੋਢੇ ਡਾਂਗ ਉਲਾਰੀ।
ਹੱਸਦੇ ਹੱਸਦੇ ਇਹ ਲੜ ਪੈਂਦੇ
ਚਲਦੀ ਖੂਬ ਕਟਾਰੀ।
ਜ਼ੋਰ ਜਵਾਨੀ ਦੇ
ਕਰਦੇ ਬੜੇ ਖਵਾਰੀ।

ਹੈਦਰ ਸ਼ੇਖ ਦਾ ਮੇਲਾ

ਮਲੇਰ ਕੋਟਲੇ ਵਿਚ ਹੈਦਰ ਸ਼ੇਖ ਦੇ ਮਕਬਰੇ ਉਤੇ ਨਿਮਾਣੀ ਇਕਾਦਸ਼ੀ ਨੂੰ ਇਹ ਭਾਰੀ ਮੇਲਾ ਲੱਗਦਾ ਹੈ। ਲੋਕਾਂ ਵਿਚ ਪੀਰ ਹੈਦਰ ਸ਼ੇਖ ਦੀ ਬਹੁਤ ਮਾਨਤਾ ਹੈ, ਜਿਨ੍ਹਾਂ ਲੋਕਾਂ ਦੀਆਂ ਸੁਖਣਾਂ ਪੂਰੀਆਂ ਹੁੰਦੀਆਂ ਹਨ, ਉਹ ਇਥੇ ਆ ਕੇ ਕਾਲਾ ਬੱਕਰਾ ਜਾਂ ਕੁੱਕੜ, ਜਾਂ ਫਿਰ ਰੋਟ ਪਕਾਂ ਕੇ ਭੇਟਾ ਕਰਦੇ ਹਨ। ਬਾਂਝ ਇਸਤਰੀਆਂ ਔਲਾਦ ਦੀ ਪ੍ਰਾਪਤੀ ਖਾਤਰ ਇਥੇ ਨਿਆਜ਼ਾਂ ਤੇ ਚੜ੍ਹਾਵੇ ਚਾੜ੍ਹਦੀਆਂ ਹਨ। 'ਛਾਇਆ' ਦੇ ਲੋਕੀਂ ਵੀ ਰਾਜ਼ੀ ਹੁੰਦੇ ਹਨ। ਲੋਕ ਵਿਸ਼ਵਾਸ ਹੈ ਕਿ ਰੋਟ ਵੰਡਣ ਨਾਲ ਰੋਗੀ ਨਵਾਂ ਨਰੋਆ ਹੋ ਜਾਂਦਾ ਹੈ।

ਮੁਕਤਸਰ ਦਾ ਮੇਲਾ

ਇਹ ਧਾਰਮਿਕ ਮੇਲਾ ਮਾਘੀ ਵਾਲੇ ਦਿਨ ਮੁਕਤਸਰ ਵਿਚ ਲੱਗਦਾ ਹੈ। ਮੁਕਤਸਰ ਸਿੱਖਾਂ ਦਾ ਪਵਿੱਤਰ ਗੁਰਧਾਮ ਹੈ। ਇਥੇ ਇਕ ਵੱਡਾ ਸਰੋਵਰ ਹੈ। ਇਹ ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਵਰ ਬਖ਼ਸ਼ਿਆ ਸੀ ਕਿ ਜਿਸ ਸ਼ਰਧਾ ਨਾਲ ਇਸ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦੇ ਪਾਪਾਂ ਦੀ ਮੈਲ ਧੋਤੀ ਜਾਵੇਗੀ। ਮਾਘੀ ਵਾਲੇ ਦਿਨ ਲੋਕੀਂ ਇਥੇ ਆ ਕੇ ਇਸ਼ਨਾਨ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ਼ਨਾਨ ਤੋਂ ਪਿੱਛੋਂ ਸੰਗਤਾਂ ਜਲੂਸ ਦੀ ਸ਼ਕਲ ਵਿਚ, ਜਿਸ ਨੂੰ 'ਮਹੱਲਾ' ਕਹਿੰਦੇ ਹਨ, ਮੁਕਤਸਰ ਤੇ ਤਿੰਨ ਪਾਵਨ ਟਿੱਬਿਆਂ ਦੇ, ਜੋ ਨਗਰ ਦੇ ਉਤਰ ਦੱਖਣ ਵਲ ਹਨ, ਦਰਸ਼ਨਾਂ ਲਈ ਨਿਕਲਦੀਆਂ ਹਨ। ਇਹ ਤਿੰਨ ਟਿੱਬੇ ਹਨ ਰਿਕਾਬ ਸਾਹਿਬ, ਟਿੱਬੀ ਸਾਹਿਬ, ਤੇ ਮੁਖਵੰਜਨੀ ਸਾਹਿਬ। ਪੰਜਾਬ ਦੇ ਹੋਰ ਮੇਲਿਆਂ ਵਾਂਗ ਇਸ ਮੇਲੇ ਵਿਚ ਵੀ ਪੰਜਾਬ ਦੇ ਸਭ ਵਰਗਾਂ ਦੇ ਲੋਕੀਂ ਸ਼ਾਮਲ ਹੁੰਦੇ ਹਨ। ਪਿੰਡ ਤਖ਼ਤਪੂਰੇ (ਫ਼ਰੀਦਕੋਟ) ਵਿਚ ਵੀ ਇਸ ਦਿਨ ਮੇਲਾ ਲੱਗਦਾ ਹੈ।

ਮੇਲਾ ਝੰਡਾ ਜੀ (ਖਟਕੜ ਕਲਾਂ)

ਦੁਆਬੇ ਵਿਚ ਇਹ ਮੇਲਾ ਪਿੰਡ ਖਟਕੜ ਕਲਾਂ ਜ਼ਿਲਾ ਜਲੰਧਰ ਵਿਖੇ ਡੇਹਰਾ ਬਾਬਾ ਜਵਾਹਰ ਸਿੰਘ ਵਿਖੇ ਇਕ ਹਾੜ ਨੂੰ ਲੱਗਦਾ ਹੈ। ਇਸ ਨੂੰ ਭਾਰੀ ਸੰਗਰਾਦ ਦਾ ਮੇਲਾ ਵੀ ਆਖਿਆ ਜਾਂਦਾ ਹੈ। ਇਥੇ ਵੀ ਲੋਕੀ ਆਪਣੇ ਮਾਲ ਡੰਗਰ, ਬੱਚਿਆਂ ਦੀ ਸੁਖਨਾ ਚੜ੍ਹਾਉਣ ਆਉਂਦੇ ਹਨ। ਲੋਕ ਵਿਸ਼ਵਾਸ ਹੈ ਕਿ ਜਿਸ ਵਿਅਕਤੀ ਦੇ ਫੋੜੇ ਫਿਨਸੀ ਮੌਹੁਕੇ ਨਿਕਲਦੇ ਹੋਣ, ਉਹ ਲੂਣ ਚੜ੍ਹਾਵੇ ਉਸ ਦਾ ਦੁਖ ਦੂਰ ਹੋ ਜਾਂਦਾ ਹੈ। ਮਾਲਵੇ ਦੇ ਮੇਲਿਆਂ ਵਾਂਗ ਦੁਆਬੇ ਦਾ ਇਹ ਮੇਲਾ ਵੀ ਇਕ ਸਭਿਆਚਾਰਕ ਮੇਲਾ ਹੈ। ਗਭਰੂ ਬੋਲੀਆਂ ਪਾਉਂਦੇ ਹਨ। ਘੋੜ ਦੌੜ ਤੇ ਬੈਲ ਗੱਡੀਆਂ ਦੀਆਂ ਦੌੜਾਂ ਹੁੰਦੀਆਂ ਹਨ। ਗਭਰੂ ਅਹਿਰਣ, ਬੋਰੀ ਆਦਿ ਭਾਰ ਚੁੱਕ ਕੇ ਆਪਣੀ ਤਾਕਤ ਦਾ ਇਜ਼ਹਾਰ ਕਰਦੇ ਹਨ। ਦੂਰ ਦੂਰ ਤੋਂ ਲੋਕੀ ਇਥੇ ਆਉਂਦੇ ਹਨ।

ਤਰਨ ਤਾਰਨ ਦੀ ਮੱਸਿਆ

ਹਰ ਮਹੀਨੇ ਦੀ ਮੱਸਿਆ ਨੂੰ ਤਰਨ ਤਾਰਨ ਵਿਖੇ ਇਕ ਭਾਰੀ ਮੇਲਾ ਲੱਗਦਾ ਹੈ। ਇਨ੍ਹਾਂ ਵਿਚੋਂ ਭਾਦੋਂ ਦੀ ਮੱਸਿਆ ਦਾ ਮੇਲਾ ਬਹੁਤ ਪ੍ਰੱਸਿਧ ਹੈ।

ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ

ਹੋਲੇ ਮਹੱਲੇ ਦੇ ਮੌਕੇ ਤੇ ਅਨੰਦਪੁਰ ਸਾਹਿਬ ਵਿਖੇ ਇਸ ਭਾਰੀ ਮੇਲਾ ਲੱਗਦਾ ਹੈ। ਹੋਲੀ ਦਾ ਤਿਉਹਾਰ ਭਾਵੇਂ ਪਰੰਪਰਾਗਤ ਢੰਗ ਨਾਲ ਬਾਕੀ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਪਰ ਗੁਰੂ ਗੋਬਿੰਦ ਸਿੰਘ ਨੇ ਪੰਜਾਬ ਵਿਚ ਇਸ ਨੂੰ ਆਪਣੇ ਹੀ ਢੰਗ ਨਾਲ ਮਨਾਉਣਾ ਸ਼ੁਰੂ ਕੀਤਾ। ਨਿਹੰਗ ਸਿੰਘ ਗੁਰੂ ਜੀ ਦੇ ਉਦੇਸ਼ ਅਨੁਸਾਰ ਯੋਧਿਆਂ ਦੀਆਂ ਮਸਨੂਈ ਲੜਾਈਆਂ ਕਰਦੇ ਹਨ। 'ਮਹੱਲੇ' ਵਾਲੇ ਦਿਨ ਨਿਹੰਗ ਸਿੰਘ ਪੁਰਾਤਨ ਫੌਜੀ ਆਨ ਸ਼ਾਨ ਨਾਲ ਸ਼ਾਮਲ ਹੁਦੇ ਹਨ ਅਤੇ ਸ਼ਾਸਤਰਾਂ ਦੇ ਚਮਤਕਾਰ ਦਿਖਾਉਂਦੇ ਹਨ।

ਮੇਲਾ ਚੋਲਾ ਸਾਹਿਬ

ਡੇਰਾ ਬਾਬਾ ਨਾਨਕ ਵਿਖੇ ਹਰ ਸਾਲ 20 ਫੱਗਣ ਨੂੰ ਮੇਲਾ ਚੋਲਾ ਸਾਹਿਬ ਲੱਗਦਾ ਹੈ। ਇਹ ਮੇਲਾ ਇਕ ਹਫਤਾ ਚਲਦਾ ਹੈ। ਲੋਕ ਚੋਲੇ ਦੇ ਦਰਸ਼ਨ ਕਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਚੋਲਾ ਸਾਹਿਬ ਤੋਂ ਅੰਸ਼ ਦਾ ਵਰਦਾਨ ਮਿਲਦਾ ਹੈ।

ਉਪਰੋਕਤ ਮੇਲਿਆਂ ਤੋਂ ਬਿਨਾਂ ਪੰਜਾਬ ਵਿਚ ਬਹੁਤ ਸਾਰੇ ਸਥਾਨਕ ਮੇਲੇ ਕਬਰਾਂ, ਧਾਰਮਿਕ ਸਥਾਨਾਂ, ਪੀਰਾਂ ਫਕੀਰਾਂ ਦੇ ਮਜ਼ਾਰਾਂ ਤੇ ਲਗਦੇ ਹਨ ਜਿਨ੍ਹਾਂ ਵਿਚ ਲੋਕੀਂ ਸਾਮੂਹਿਕ ਤੌਰ ਤੇ ਜਾਂਦੇ ਹਨ ਅਤੇ ਮਨ ਦੀਆਂ ਖੁਸ਼ੀਆਂ ਮਨਾਉਂਦੇ ਹਨ।

ਤਿਉਹਾਰ

ਪੰਜਾਬ ਵਿਚ ਮੇਲਿਆਂ ਵਾਂਗ ਤਿਉਹਾਰਾਂ ਦੀ ਲੜੀ ਵੀ ਤੁਰੀ ਰਹਿੰਦੀ ਹੈ। ਮੇਲਿਆਂ ਵਾਂਗ ਤਿਉਹਾਰ ਵੀ ਇਥੋਂ ਦੇ ਸਭ ਵਰਗਾਂ ਦੇ ਲੋਕੀਂ ਸਾਮੂਹਿਕ ਤੌਰ ਤੇ ਮਨਾਉਂਦੇ ਹਨ ਜੋ ਇਥੋਂ ਦੀ ਭਾਈਚਾਰਕ ਸਾਂਝ ਅਤੇ ਅਫਿਰਕੂ ਸੋਚ ਦੇ ਗਵਾਹ ਹਨ। ਵਣਜਾਰਾ ਬੇਦੀ[3] ਅਨੁਸਾਰ ਤਿਉਹਾਰਾਂ ਦਾ ਮੁੱਢ ਮਨੁੱਖ ਦੀ ਸਾਮੂਹਿਕ ਵਿਕਾਸ ਦੀ ਭਾਵਨਾ ਵਿਚ ਬੱਝਿਆ ਅਤੇ ਹੌਲੇ ਹੌਲੇ ਇਨ੍ਹਾਂ ਰਾਂਗਲੀਆਂ ਚੂਲਾਂ ਦੁਆਲੇ ਜਾਤੀ ਦਾ ਸਾਰਾ ਸਮਾਜਿਕ ਧਾਰਮਕ ਤੇ ਭਾਈਚਾਰਕ ਜੀਵਨ, ਚੱਕੀ ਦੇ ਪੁੜ ਵਾਂਗ ਘੁੰਮਣ ਲੱਗਾ। ਤਿਉਹਾਰਾਂ ਨਾਲ ਅੰਦਰਲਾ ਖਿੜਦਾ ਤੇ ਮਹਿਕਦਾ ਹੈ ਅਤੇ ਲੋਕਾਂ ਵਿਚ ਨਵੀਂ ਸ਼ਕਤੀ ਉਭੱਰਦੀ ਤੇ ਨਵੇਂ ਸੰਕਲਪ ਜਾਗਦੇ ਹਨ।

ਪਿੰਡਾਂ ਦੇ ਲੋਕਾਂ ਦਾ ਵਰ੍ਹਾ ਚੇਤ ਦੀ ਏਕਮ ਤੋਂ ਆਰੰਭ ਹੁੰਦਾ ਹੈ ਜਿਸ ਦਿਨ ਪਹਿਲਾ ਤਿਉਹਾਰ 'ਨਵਾਂ ਸੰਮਤ' ਮਨਾਇਆ ਜਾਂਦਾ ਹੈ। ਬਸ ਫਿਰ ਤਿਉਹਾਰਾਂ ਦਾ ਕਾਫਲਾ ਸ਼ੁਰੂ ਹੋ ਜਾਂਦਾ ਹੈ। ਚੰਦ ਦੀਆਂ ਤਿੱਥਾਂ ਨਾਲ ਸੰਬੰਧਿਤ ਪੂਰਬ ਏਕਾਦਸ਼ੀ, ਪੂਰਨਮਾਸ਼ੀ ਤੇ ਮੱਸਿਆ, ਸੰਗਰਾਂਦ ਹਰ ਮਹੀਨੇ ਆਉਂਦੀ ਹੈ। ਵਣਜਾਰਾ ਬੇਦੀ[4] ਅਨੁਸਾਰ ''ਸੂਰਜ ਦਾ ਨਵੀਂ ਰਾਸ਼ੀ ਵਿਚ ਪੈਰ ਪਾਉਣ ਕਰਕੇ ਇਸ ਸੁੱਚੇ ਦਿਨ ਦਾ ਖਾਸ ਮਹੱਤਵ ਹੈ। ਜੇ ਇਹ ਦਿਨ ਚੰਗਾ ਲੰਘ ਜਾਵੇ ਤਾਂ ਕਹਿੰਦੇ ਹਨ ਸਾਰਾ ਮਹੀਨਾ ਸੁੱਖ ਦਾ ਬੀਤਦਾ ਹੈ।'' ਇਥੇ ਅਸੀਂ ਕੁਝ ਮਹੱਤਵਪੂਰਨ ਤਿਉਹਾਰਾਂ ਦਾ ਵਰਣਨ ਕਰਦੇ ਹਾਂ:

ਵਿਸਾਖੀ

ਵਿਸਾਖੀ ਪੰਜਾਬ ਦਾ ਇਕ ਕੌਮੀ ਤਿਉਹਾਰ ਹੈ। ਇਹ ਪੰਜਾਬ ਦੀ ਕਿਰਸਾਨੀ ਦਾ ਤਿਉਹਾਰ ਹੈ। ਇਸ ਸਮੇਂ ਕਿਸਾਨ ਦੀ ਮੁਖ ਫ਼ਸਲ ਦੀ ਮੁਖ ਫ਼ਸਲ ਕਣਕ ਬਿਲਕੁਲ ਤਿਆਰ ਹੋ ਜਾਂਦੀ ਹੈ। ਸੋਨੇ ਰੰਗੀਆਂ ਬੱਲ੍ਹੀਆਂ ਦੀ ਚਮਕ ਖੇਤਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਨਹਿਰੀ ਬਣ ਜਾਂਦੀ ਹੈ। ਜੱਟ ਖੁਸ਼ੀ ਖੁਸ਼ੀ ਵਿਸਾਖੀ ਦੇ ਮੇਲੇ ਤੁਰ ਜਾਂਦਾ ਹੈ। ਜਿਥੇ ਭੰਗੜੇ ਪਾਏ ਜਾਂਦੇ ਹਨ। ਫ਼ਸਲਾਂ ਦੀ ਰਾਖੀ ਮੁੱਕ ਚੁੱਕੀ ਹੁੰਦੀ ਹੈ:

ਜੱਟਾ ਆਈ ਵਿਸਾਖੀ
ਮੁੱਕ ਗਈ ਫ਼ਸਲਾਂ ਦੀ ਰਾਖੀ।

ਪੰਜਾਬ ਵਿਚ ਦਮਦਮੇ, ਕਰਤਾਰਪੁਰ, ਆਨੰਦਪੁਰ ਸਾਹਿਬ ਆਦਿ ਦੀ ਵਿਸਾਖੀ ਬੜੀ ਮਸ਼ਹੂਰ ਹੈ। ਲੋਕੀਂ ਨਹਿਰਾਂ, ਦਰਿਆਵਾਂ ਅਤੇ ਸਰੋਵਰਾਂ ਵਿਚ ਇਸ਼ਨਾਨ ਕਰਦੇ ਹਨ। ਜਿਥੇ ਇਹ ਇਕ ਮੌਸਮੀ ਤਿਉਹਾਰ ਹੈ ਉਥੇ ਇਹ ਧਾਰਮਿਕ ਤਿਉਹਾਰ ਵੀ ਹੈ। ਖਾਲਸਾ ਪੰਥ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਨੇ ਇਸੇ ਦਿਨ ਕੀਤੀ ਸੀ, ਜੱਲ੍ਹਿਆਂ ਵਾਲੇ ਬਾਗ਼ ਦਾ ਖ਼ੂਨੀ ਸਾਕਾ ਵੀ ਇਸੇ ਦਿਨ ਵਾਪਰਿਆ ਸੀ।

ਨਿਰਜਲਾ ਇਕਾਦਸ਼ੀ

ਇਹ ਗਰਮੀ ਦੀ ਰੁੱਤ ਦਾ ਤਿਉਹਾਰ ਹੈ। ਇਸ ਦਿਨ ਹਿੰਦੂ ਨਿਰਜਲ ਵਰਤ ਰੱਖਦੇ ਹਨ ਜੋ ਸਭ ਵਰਤਾਂ ਤੋਂ ਔਖਾ ਹੈ। ਇਸੇ ਰੁੱਤੇ ਘੜੀ ਮੁੜੀ ਮੂੰਹ ਸੁੱਕਦਾ ਤੇ ਪਿਆਸ ਲੱਗਦੀ ਹੈ। ਇਸ ਦਿਨ ਮਿੱਠੇ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ।

ਤੀਆਂ ਦਾ ਤਿਉਹਾਰ

ਤੀਆਂ ਦਾ ਤਿਉਹਾਰ ਪੰਜਾਬੀ ਮੁਟਿਆਰ ਦਾ ਸਭ ਤੋਂ ਵੱਧ ਹਰਮਨ ਪਿਆਰਾ ਤਿਉਹਾਰ ਹੈ। ਸਾਵਣ ਦੀ ਤੀਜ ਤਿੱਥ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਚਲਦਾ ਹੈ। ਇਹ ਤਿਉਹਾਰ ਮਾਲਵੇ ਵਿਚ ਵਧੇਰੇ ਪ੍ਰਚਲਿਤ ਹੈ। ਕੁੜੀਆਂ ਆਪਣੇ ਪੇਕੇ ਘਰ ਆ ਕੇ ਪੀਂਘਾਂ ਝੂਟਦੀਆਂ ਅਤੇ ਗਿੱਧੇ ਪਾਉਂਦੀਆਂ ਹਨ। ਇਸ ਮਹੀਨੇ ਘਰਾਂ ਵਿਚ ਖੀਰ, ਪੂੜੇ ਤੇ ਸੇਵੀਆਂ ਆਦਿ ਪਕਾ ਕੇ ਖਾਧੀਆਂ ਜਾਂਦੀਆਂ ਹਨ। ਇਸ ਬਾਰੇ ਇਕ ਅਖਾਣ ਬੜਾ ਪ੍ਰਸਿੱਧ ਹੈ'':

ਸਾਵਣ ਖੀਰ ਨਾ ਖਾਧਿਆਂ
ਤਾਂ ਕਿਉਂ ਜੰਮਿਉਂ ਅਪਰਾਧੀਆਂ।

ਇਹ ਪ੍ਰੇਮੀਆਂ ਦੇ ਪਿਆਰ ਦੀ ਰੁੱਤ ਦੇ ਨਾਲ ਤੀਆਂ ਕਾਰਣ ਭੈਣ ਪਿਆਰ ਦੀ ਵੀ ਰੁੱਤ ਹੁੰਦੀ ਹੈ।

ਰੱਖੜੀਆਂ ਦਾ ਤਿਉਹਾਰ

ਸਾਉਣ ਦੀ ਪੂਰਨਮਾਸ਼ੀ ਨੂੰ ਰੱਖੜੀਆਂ ਦਾ ਤਿਉਹਾਰ ਬੜਾ ਮਹੱਤਵਪੂਰਨ ਹੈ। ਇਸ ਦਿਨ ਭੈਣਾਂ ਭਰਾਵਾਂ ਨੂੰ ਰੱਖੜੀਆਂ ਬੰਨ੍ਹਦੀਆਂ ਹਨ ਅਤੇ ਭਰਾ ਭੈਣਾਂ ਨੂੰ ਰੁਪਏ ਤੇ ਤੋਹਫੇ ਦਿੰਦੇ ਹਨ। ਇਹ ਸਾਡਾ ਬੜਾ ਪੁਰਾਤਨ ਤਿਉਹਾਰ ਹੈ। ਜਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੜਾਈਆਂ ਹੁੰਦੀਆਂ ਸਨ ਭੈਣਾਂ ਭਰਾਵਾਂ ਦੇ ਹੱਥਾਂ ਨੂੰ ਗਾਨ੍ਹੇ ਬੰਨ੍ਹ ਦਿੰਦੀਆਂ ਸਨ ਕਿ ਤੁਸੀਂ ਜਾਂ ਕੇ ਰਣ ਮੈਦਾਨ ਵਿਚ ਬੀਰਤਾ ਨਾਲ ਲੜੋ। ਲਾਗੀ ਲੋਕ ਆਪਣੇ ਜਜਮਾਨਾਂ ਪਾਸੋਂ ਲਾਗ ਉਗਰਾਉਂਦੇ ਹਨ।

ਗੁੱਗਾ ਨੌਮੀ

ਗੁੱਗਾ ਨੌਮੀ ਗੁੱਗੇ ਪੀਰ ਦਾ ਤਿਉਹਾਰ ਹੈ। ਇਸ ਦਿਨ ਸੇਵੀਆਂ ਰਿੰਨ੍ਹੀਆਂ ਜਾਂਦੀਆਂ ਹਨ। ਗੁੱਗੇ ਦੇ ਕਈ ਭਗਤ ਛਪਾਰ ਵਿਚ ਗੁੱਗੇ ਦੀ ਮਾੜੀ ਉਤੇ ਜਾ ਕੇ ਮਿੱਟੀ ਕੱਢਦੇ ਹਨ। ਔਰਤਾਂ ਗੁੱਗੇ ਦੀ ਮਹਿਮਾ ਵਿਚ ਗੀਤ ਗਾਉਂਦੀਆਂ ਹਨ:

ਝੋਲ ਮੇਰੀ ਵਿਚ ਛੱਲੀਆਂ
ਮੈਂ ਗੁੱਗਾ ਮਨਾਵਣ ਚੱਲੀ ਆਂ
ਨੀ ਮੈਂ ਵਾਰੀ ਗੁੱਗੇ ਤੋਂ।
ਛੰਨਾਂ ਭਰਿਆ ਦੁੱਧ ਦਾ
ਮੇਰਾ ਗੁੱਗਾ ਮਾੜੀ ਵਿਚ ਕੁੱਦਦਾ
ਨੀ ਮੈਂ ਵਾਰੀ ਗੁੱਗੇ ਤੋਂ.

ਇਹ ਸਭ ਸੱਪਾਂ ਦੇ ਪੀਰ ਗੁੱਗੇ ਨੂੰ ਖੁਸ਼ ਕਰਨ ਦੇ ਯਤਨ ਹਨ।

ਸਰਾਧ

'ਸਰਾਧ' ਸ਼ਬਦ 'ਸ਼੍ਰਧਾ' ਤੋਂ ਬਣਿਆ ਹੈ। ਇਸ ਦਾ ਸ਼ਬਦੀ ਅਰਥ ਸ਼ਰਧਾ ਨਾਲ ਕੀਤਾ ਕੰਮ ਹੈ। ਇਹ ਇਕ ਧਾਰਮਿਕ ਰਸਮ ਹੈ। ਜੋ ਆਪਣੇ ਮਿੱਤ੍ਰਾਂ ਪ੍ਰਤੀ ਸ਼ਰਧਾ ਪ੍ਰਗਟ ਕਰਨ ਲਈ ਪੂਰੀ ਕੀਤੀ ਜਾਂਦੀ ਹੈ। ਬ੍ਰਾਹਮਣਾਂ ਨੂੰ ਭੋਜਨ ਖਵਾਇਆ ਜਾਂਦਾ ਹੈ। ਅੱਸੂ ਦੇ ਮਹੀਨੇ ਇਹ ਤਿਉਹਾਰ 15 ਦਿਨ ਚਲਦਾ ਹੈ। ਲੋਕ ਵਿਸ਼ਵਾਸ ਹੈ ਕਿ ਇਹ ਸਭ ਪਦਾਰਥ ਧਾਰਮਿਕ ਫ਼ਰਜ਼ ਬਣਦਾ ਹੈ ਕਿ ਉਹ ਸਰਾਧ ਕਰਕੇ ਪਿੱਤ੍ਰਾਂ ਦਾ ਰਿਣ ਚੁਕਾਵੇ।

ਦੁਸਹਿਰਾ ਤੇ ਸਾਂਝੀ

ਸ਼ਰਾਧਾਂ ਦੇ ਮੁੱਕਦਿਆਂ ਹੀ ਨਰਾਤੇ ਸ਼ੁਰੂ ਹੋ ਜਾਂਦੇ ਹਨ। ਪਹਿਲੇ ਨਰਾਤੇ ਹੀ ਕੁੜੀਆਂ ਤੌੜਿਆਂ ਵਾਲੀ ਘੜੌਂਜੀ ਹੇਠ, ਜਾਂ ਉੱਖਲੀ ਵਿਚ ਜਾਂ ਕੋਰੇ ਕੁੱਜੇ, ਠੂਠੇ ਤੇ ਬੱਠਲਾਂ ਵਿਚ ਰੇਤਾ ਪਾ ਕੇ ਜੌਂ ਬੀਜ ਦਿੰਦੀਆਂ ਹਨ। ਇਸ ਨੂੰ ਮਾਤਾ ਗੌਰਜਾਂ ਦਾ ਬਾਗ ਕਿਹਾ ਜਾਂਦਾ ਹੈ ਤੇ ਹਰ ਰੋਜ਼ ਸਵੇਰੇ ਉੱਠ ਕੇ ਜੌਆਂ ਦੇ ਇਸ ਬਾਗ ਨੂੰ ਮੱਥਾ ਟੇਕ ਕੇ ਪਾਣੀ ਪਾਇਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਇਹ ਫੁਟੀਆਂ ਕਰੂੰਬਲਾਂ ਕੁੜੀਆਂ ਆਪਣੇ ਭਰਾਵਾਂ ਚਾਚਿਆਂ ਦੇ ਸਿਰ ਟੰਗ ਦੇਂਦੀਆਂ ਹਨ। ਪਰ ਪੰਜਾਬ ਦੇ ਪਿੰਡਾਂ ਖਾਸ ਕਰਕੇ ਜੱਟਾਂ ਤੇ ਹਰੀਜਨਾਂ ਵਿਚ ਇਹ ਰਿਵਾਜ਼ ਨਹੀਂ ਹੈ। ਦੁਸਹਿਰੇ ਵਿਚ ਦਸਾਂ ਨਰਾਤਿਆਂ ਵਿਚ ਰਾਮ ਲੀਲ੍ਹਾ ਦਿਖਾਈ ਜਾਂਦੀ ਹੈ। ਜੋ ਰਾਮ ਅਤੇ ਰਾਵਣ ਦੇ ਸੰਘਰਸ਼ ਦਾ ਚਿੱਤਰ ਪੇਸ਼ ਕਰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੌਰਾਤਿਆਂ ਵਿਚ ਇਕ 'ਸਾਂਝੀ' ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਕੁੜੀਆਂ ਪਹਿਲੇ ਨਰਾਤੇ ਇਕ ਕੰਧ ਉਤੇ ਗੋਹਾ ਮਿਟੀ ਥੱਪ ਕੇ ਇਕ ਸਾਂਝੀ ਮਾਈ ਦੀ ਮੂਰਤੀ ਬਣਾ ਲੈਂਦੀਆਂ ਹਨ। ਮੂਰਤੀ ਵਿਚ ਕਲਾਤਮਿਕ ਸੁੰਦਰਤਾ ਭਰਨ ਲਈ, ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ। ਉਸ ਨੂੰ ਫੁੱਲਾਂ, ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵੇਲੇ ਕੀਤੀ ਜਾਂਦੀ ਹੈ। ਕੁੜੀਆਂ ਸਾਂਝੀ ਮਾਈਂ ਦੇ ਜੱਸ ਵਿਚ ਗੀਤ ਗਾਉਂਦੀਆਂ ਹਨ:

ਨੀ ਤੂੰ ਜਾਗ ਸਾਂਝੀ ਜਾਗ।
ਸਾਡੇ ਜਾਗ ਪੈਣ ਭਾਗ।
ਮੈਂ ਆਈ ਤੇਰੇ ਦਵਾਰ।
ਮੈਨੂੰ ਤਾਰ ਮਾਈ ਤਾਰ।

ਕੁੜੀਆਂ ਜੋਤਾਂ ਜਗਾ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਸ਼ੱਕਰ ਤੇ ਤਿਲਚੌਲੀ ਰਲਾ ਕੇ ਬਣਾਇਆ ਪ੍ਰਸ਼ਾਦ ਵੰਡਦੀਆਂ ਹਨ। ਦੁਸਹਿਰੇ ਵਾਲੇ ਦਿਨ, ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ ਨਾਲੇ ਵਿਚ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।

ਦੀਵਾਲੀ

ਦੀਵਾਲੀ ਰਾਮਚੰਦਰ ਦੇ ਵਾਪਸ ਅਯੁਧਿਆ ਆਉਣ ਦੇ ਸੰਦਰਭ ਵਿਚ ਮਨਾਈ ਜਾਂਦੀ ਹੈ। ਲੋਕ ਖੁਸ਼ੀ ਵਿਚ ਘਰ ਘਰ ਦੀਵੇ ਜਗਾਉਂਦੇ ਹਨ। ਦੀਵਾਲੀ ਤੋਂ ਪਹਿਲਾਂ ਲੋਕੀਂ ਘਰਾਂ ਨੂੰ ਲਿਸ਼ਕਾਉਂਦੇ ਪੋਚਦੇ ਹਨ। ਪੰਜਾਬ ਵਿਚ ਅੰਮ੍ਰਿਤਸਰ ਦੀ ਦੀਵਾਲੀ ਦੀ ਆਪਣੀ ਨਿਵੇਕਲੀ ਦਿੱਖ ਹੈ।

ਲੋਹੜੀ

ਲੋਹੜੀ ਦਾ ਤਿਉਹਾਰ ਮਾਘ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਆਉਂਦਾ ਹੈ। ਜਿਸ ਘਰ ਵਿਚ ਮੁੰਡਾ ਹੁੰਦਾ ਉਸ ਘਰੋਂ ਗੁੜ, ਪੈਸੇ ਤੇ ਹੋਰ ਖਾਣ ਪੀਣ ਦਾ ਸਾਮਾਨ ਬੱਚੇ ਤੇ ਜੁਆਨ ਮੰਗਦੇ ਹਨ। ਇਸ ਤਿਉਹਾਰ ਦਾ ਸੰਬੰਧ ਦੁੱਲਾ ਭੱਟੀ ਦੀ ਲੋਕ ਗਾਥਾ ਨਾਲ ਵੀ ਜੋੜਿਆ ਜਾਂਦਾ ਹੈ। ਛੋਟੇ ਛੋਟੇ ਬੱਚਿਆਂ ਦੀਆਂ ਟੋਲੀਆਂ ਗੀਤ ਗਾਉਂਦੀਆਂ ਬੜੀਆਂ ਪਿਆਰੀਆਂ ਲੱਗਦੀਆਂ ਹਨ :

ਕੋਠੀ ਹੋਠ ਚਾਕੂ
ਗੁੜ ਦੇਉ ਮੁੰਡੇ ਦਾ ਬਾਪੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਠੇ ਉੱਤੇ ਕਾਂ,
ਗੁੜ ਦੇਵੇ ਮੁੰਡੇ ਦੀ ਮਾਂ।

ਇਸ ਤਿਉਹਾਰ ਸੰਬੰਧੀ ਵਿਸਥਾਰ ਪੂਰਵਕ ਚਰਚਾ ਪੰਜਾਬੀ ਦੇ ਲੋਕ ਗੀਤਾਂ ਅਧੀਨ ਕੀਤੀ ਜਾ ਚੁੱਕੀ ਹੈ।

ਪੰਜਾਬ ਦੀ ਧਰਤੀ ਵਿਚ ਸਾਲ ਦੇ ਦਿਨਾਂ ਨਾਲੋਂ ਵੱਧ ਤਿਉਹਾਰ ਮਨਾਏ ਜਾਂਦੇ ਹਨ। ਜੇਕਰ ਇਸ ਦੀ ਵਿਸਥਾਰ ਚਰਚਾ ਕਰੀਏ ਤਾਂ ਇਹ ਮੇਲੇ ਤੇ ਤਿਉਹਾਰ ਮੁੱਕਦੇ ਨਹੀਂ ਹਨ। ਬਸੰਤ ਪੰਚਮੀ, ਹੋਲੀ, ਕਣਵਾ ਚੌਥ ਦੇ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਏ ਜਾਂਦੇ ਹਨ।

ਮੁੱਕਦੀ ਗੱਲ ਇਹ ਹੈ ਪੰਜਾਬ ਦੇ ਮੇਲੇ ਤੇ ਤਿਉਹਾਰ ਪੰਜਾਬੀ ਸਭਿਆਚਾਰ, ਭਾਈਚਾਰਕ ਏਕਤਾ ਤੇ ਅਲਬੇਲੇ ਸੁਭਾ ਦੇ ਪ੍ਰਤੀਕ ਹਨ। ਜੇਕਰ ਭਾਰਤ ਦੇ ਦੂਜੇ ਪ੍ਰਾਂਤਾਂ ਦੇ ਮੇਲੇ ਤੇ ਤਿਉਹਾਰਾਂ ਵਿਚ ਏਕਤਾ, ਸਾਂਝੀਵਾਲਤਾ ਦਾ ਅੰਸ਼ ਬਿਨਾਂ ਜਾਤੀ ਧਰਮ ਦੇ ਹੋਵੇ ਦਾਂ ਭਾਰਤ ਦੀ ਕੌਮੀ ਏਕਤਾ ਨੂੰ ਕੋਈ ਖ਼ਤਰਾ ਨਹੀਂ ਹੈ। ਜੇਕਰ ਕਿਸੇ ਵਿਅਕਤੀ ਨੇ ਕੌਮੀ ਏਕਤਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੱਖ ਪ੍ਰਮਾਣ ਵੇਖਣਾ ਹੋਵੇ ਤਾਂ ਉਹ ਪੰਜਾਬ ਦੇ ਮੇਲੇ ਤੇ ਤਿਉਹਾਰਾਂ ਦਾ ਅੱਖੀਂ ਵੇਖ ਕੇ ਸਰਵੇਖਣ ਕਰੇ। ਇਥੇ ਹਰ ਜ਼ਾਤ ਤੇ ਧਰਮ ਦੇ ਲੋਕੀ ਇਨ੍ਹਾਂ ਨੂੰ ਬਿਨਾਂ ਕਿਸੇ ਭਿੰਨ-ਭੇਦ ਦੇ ਮਨਾਉਂਦੇ ਦਿਸਣਗੇ।

8385

ਹਵਾਲੇ ਅਤੇ ਟਿੱਪਣੀਆਂ

1. **ਪੰਜਾਬ ਦੀ ਲੋਕਧਾਰਾ**, ਪੰਨਾ 114
2. "ਮੇਲੇ ਤੇ ਤਿਉਹਾਰ", **ਪੰਜਾਬੀ ਦੁਨੀਆ** (ਪੰਜਾਬ ਅੰਕ), ਪੰਨਾ 190
3. ਉਹੀ ਰਚਨਾ, ਪੰਨਾ 137
4. ਉਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar